Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹੱਕ ਕਰਤਾ ਦੇ ਰਾਖਵੇਂ ਹਨ ।

(੧ ੳ ਸਤਿਨਾਮੁ ਕਰਤਾ ਪੁਰਖੁ)

ਪ੍ਰਿਥਮ ਭਾਗ ਨਿਰੰਜਨੀਆਂ

ਗ੍ਰੰਥ

ਸ੍ਰੀ ਗੁਰੂ ਹੰਦਾਲ ਪ੍ਰਕਾਸ਼

ਜਿਸਨੂੰ

ਮਸੰਦ ਸਾਈਂਦਾਸ ਉਰਫ ਸੁੰਦਰ ਸਿੰਘ ਨਿਰੰਜਨੀਆਂ
ਜੰਡਿਆਲਾ ਗੁਰੂ ਨਿਵਾਸੀ ਜਿਲਾ ਸੁਧਾਸਰ (ਪੰਜਾਬ)

ਨੇਂ

ਬੜੀ ਮੇਂਹਨਤ ਨਾਲ ਸੰਮੂਹ ਸੰਗਤਿ ਦੇ ਲਾਭ ਹਿਤ
ਪ੍ਰਕਾਸ਼ਤ ਕੀਤਾ

ਸੰਮਤ ਬਿਕ੍ਰਮੀ ੨੦੧੧ — ਸੰਮਤ ਨਿਰੰਜਨੀ ੩੯੧

ਸੰਨ ਨਾਨਕ ਸ਼ਾਹੀ ੪੯੫ — ਸੰਨ ਖਾਲਸਾ ੨੫੫

ਕਹੇ ਹੰਦਾਲੁ ਹਰਿ ਭਜੁ ਮਨਾ ਤਹਿਾਂ ਦੀਪਕ ਹੋਇ ਉਜੀਆਰੁ ॥

ਭੇਟਾ ਦੋ ਰੁਪੈ

Digitized by Panjab Digital Library | www.panjabdigilib.org

Personal Collection of
Dr. Kirpal Singh

2011
57
1954

Digitized by Panjab Digital Library | www.panjabdigilib.org

ਸਭ ਹੱਕ ਕਰਤਾ ਦੇ ਰਾਖਵੇਂ ਹਨ।

(੧ ਓ ਸਤਿਨਾਮੁ ਕਰਤਾ ਪੁਰਖੁ)

ਪ੍ਰਿਥਮ ਭਾਗ ਨਿਰੰਜਨੀਆਂ

ਗ੍ਰੰਥ

ਸ੍ਰੀ ਗੁਰੂ ਹੰਦਾਲ ਪ੍ਰਕਾਸ਼

ਰੇ ਮਨਿ ਰਾਹਿ ਡਰਾਵਣੇ ਅੰਧਿ ਘੋਰ ਗੁਬਾਰੁ ॥

ਕਹੇ ਹੰਦਾਲੁ ਹਰਿ ਭਜੁ ਮਨਾ ਤਹਿਾਂ ਦੀਪਕ ਹੋਇ ਉਜੀਆਰੁ ॥

ਜਿਸਨੂੰ

ਮਸੰਦ ਸਾਈਂਦਾਸ ਉਰਫ ਸੁੰਦਰ ਸਿੰਘ ਨਿਰੰਜਨੀਆਂ
ਜੰਡਿਆਲਾ ਗੁਰੂ ਨਿਵਾਸੀ ਜਿਲਾ ਸੁਧਾਸਰ (ਪੰਜਾਬ)

ਨੇਂ

ਬੜੀ ਮੌਂਹਨਤ ਨਾਲ ਸੰਮੂਹ ਸੰਗਤਿ ਦੇ ਲਾਭ ਹਿਤ
ਪ੍ਰਕਾਸ਼ਤ ਕੀਤਾ

ਸੰਮਤ ਬਿਕ੍ਰਮੀ
੨੦੧੧ 1954

ਸੰਮਤ ਨਿਰੰਜਨੀ
੩੮੧

ਸੰਨ ਨਾਨਕ ਸ਼ਾਹੀ
੪੮੫

ਸੰਨ ਖਾਲਸਾ
੨੫੫

ਭੇਟਾ ਦੋ ਰੁਪੈ

Digitized by Panjab Digital Library | www.panjabdigilib.org

'ਗੁਰਬਾਣੀ ਪ੍ਰੈਸ' ਕਟੜਾ ਜਲ੍ਹਿਆਂ ਵਾਲਾ ਅੰਮ੍ਰਿਤਸਰ
ਵਿਚ ਸ: ਗੁਰਬਚਨ ਸਿੰਘ ਪ੍ਰਿੰਟਰ ਦੇ
ਯਤਨ ਨਾਲ ਛਪੀ।

Digitized by Panjab Digital Library | www.panjabdigilib.org

੧ ੴ ਸਤਿਨਾਮ ਕਰਤਾ ਪੁਰਖੁ

ਭੂਮਿਕਾ

ਪ੍ਰਿਥਮੇ ਏਸ ਸੰਸਾਰ ਦੀ ਉਤਪਤੀ ਦਾ ਕਾਰਨ ਇਸ ਪ੍ਰਕਾਰ ਹੈ

(੧) ਓਅੰਕਾਰ ਅਕਾਰ ਕਰ ਏਕ ਕਵਾਉ ਪਸਾਉ ਪਸਾਰਾ
(੨) ਪੰਚ ਤੱਤ ਪ੍ਰਵਾਨ ਕਰ ਘਟ ਘਟ ਅੰਦਰ ਤ੍ਰਿਭਵਨ ਸਾਰਾ
(੩) ਕਾਦਰ ਕਿਨੇ ਨ ਲਖਿਆ ਕੁਦਰਤ ਸਾਜ ਕੀਆ ਅਵਤਾਰਾ
(੪) ਇਕ ਦੂੰ ਕੁਦਰਤ ਲੱਖ ਕਰ ਲੱਖ ਬਿਅੰਤ ਅਸੰਖ ਅਪਾਰਾ
(੫) ਰੋਮ ੨ ਵਿਚ ਰਖਿਓਨ ਕਰ ਬ੍ਰਹਮੰਡ ਕਰੋੜ ਸ਼ੁਮਾਰਾ
(੬) ਇਕਸ ਇਕਸ ਬ੍ਰਹਮੰਡ ਵਿਚ ਦਸਦਸ ਕਰ ਔਤਾਰ ਉਤਾਰਾ
(੭) ਕੇਤੇ ਬੇਦ ਬਿਆਸ ਕਰ ਕਈ ਕਤੇਬ ਮੁਹੰਮਦ ਯਾਰਾ
(੮) ਕੁਦਰਤ ਇਕ ਏਤਾ ਪਸਾਰਾ ॥

੪ ਪਉੜੀ ਵਾਰ ੧ ਭਾਈ ਗੁਰਦਾਸ ਜੀ

ਓਅੰਕਾਰ–ਪ੍ਰਮਾਤਮਾ, ਅਕਾਰ–ਵਜੂਦ, ਕਵਾਉ–ਫੁਰਨਾ, ਵਾਕ।
ਸਾਰਾ–ਸਾਜਿਆ, ਤ੍ਰਿਭਵਣ–ਤਿੰਨ ਲੋਕ, ਕਾਦਰ–ਕਰਨ ਵਾਲਾ।

ਅਰਥ–(੧) ਇਕ ਪ੍ਰਮਾਤਮਾ ਨੇ ਫੁਰਨੇ ਦਾ ਵਜੂਦ ਕਰਕੇ (ਸੰਸਾਰ ਦਾ) ਪਸਾਰਾ ਪਸਾਰ ਦਿਤਾ ਹੈ। (੨) ਪਹਿਲਾਂ ਪੰਜਾਂ ਤੱਤਾਂ ਨੂੰ ਪ੍ਰਵਾਨ (ਪੈਦਾ) ਕਰਕੇ, ਤਿੰਨਾਂ ਭਵਣਾਂ, ਸੁਰਗ ਲੋਕ ੧ ਮਾਤ ਲੋਕ ੨ ਪਤਾਲ ਲੋਕ ੩ ਦੇ ਅੰਦਰ ਪੰਜਾਂ ਤੱਤਾਂ ਦੁਵਾਰਾ ਘਟ ਘਟ (ਸਾਰੇ ਸੰਸਾਰ ਨੂੰ) ਸਾਜਿਆ ਹੈ। (੩) ਕਰਨ ਵਾਲੇ ਕਾਦਰ ਨੂੰ ਕਿਸੇ ਨੇ ਭੀ ਨਹੀਂ ਲੱਖਿ (ਜਾਣਿਆ) ਅਤੇ ਆਪਣੀ ਕੁਦਰਤ (ਮਾਇਆ) ਦੁਵਾਰਾ ਉਸ ਨੇ ਸੰਸਾਰ ਨੂੰ ਉਤਪਤ (ਅਵਤਾਰਾ) ਕੀਤਾ ਹੈ। (੪) ਤਿਸ

Digitized by Panjab Digital Library | www.panjabdigilib.org

ਕੁਦਰਤ ਤੋਂ ਲੱਖਾਂ ਤੇ ਲੱਖਾਂ ਤੋਂ ਬਿਅੰਤ ਅਸੰਖ ਤੇ ਅਪਾਰ ਦੀ ਹੱਦ ਤਕ ਕੁਦਰਤ ਨੂੰ ਪੁਚਾ ਦਿਤਾ ਸੁ। (੫) ਆਪਣੇ ਇਕ ਇਕ ਰੋਮ ਵਿਖੇ ਕਰੋੜਾਂ ਦੀ ਗਿਣਤੀ ਵਿਚ (ਵਾਹਿਗੁਰੂ ਨੇ) ਬ੍ਰਹਮੰਡ ਨੂੰ ਬਨਾ ਕੇ ਰਖਿਆ ਹੋਇਆ ਹੈ। (੬) ਇਕ ਇਕ ਬ੍ਰਹਮੰਡ ਵਿਚ ਦਸ ਦਸ ਅਵਤਾਰ ਸਾਜੇ ਹੋਏ ਹਨ। (੭) ਉਨ੍ਹਾਂ ਵਿਚੋਂ ਕਈ ਬੇਦ ਬਿਆਸ ਬਨਾਏ ਹੋਏ ਹਨ, ਕਈ ਕਤਾਬਾਂ ਕਈ ਮੁਹੰਮਦ ਅਰ ਕਈ ਉਸ ਦੇ ਯਾਰ ਬਨਾ ਦਿਤੇ ਹਨ। (੮) ਪ੍ਰੰਤੂ ਇਕ ਕੁਦਰਤ ਦਾ ਏਡਾ ਵੱਡਾ ਪਸਾਰਾ* ਪਸਰਿਆ ਹੋਇਆ ਹੈ।

ਭਾਵ ਅਰਥ—ਇਸ ਪਉੜੀ ਵਿਚ ਵਾਹਿਗੁਰੂ ਦੀ ਕੁਦਰਤ ਦੇ ਪਸਾਰੇ ਦਾ ਅਤੇ ਸੰਸਾਰ ਦੀ ਉਤਪੱਤੀ ਦੇ ਕਾਰਨ ਦਾ ਵਰਨਣ ਕਰਕੇ ਦੱਸਿਆ ਹੈ ਕਿ ਅਸੀਂ ਅਕਾਲ ਪੁਰਖੁ ਦਾ ਸਰਗੁਣ ਸਰੂਪ ਕਲਪਨਾਂ ਕਰ ਲੱਈਏ ਤਾਂ ਜਿਸ ਬ੍ਰਹਮੰਡ ਨੂੰ ਅਸੀਂ ਪ੍ਰਤੱਖ ਵੇਖ ਰਹੇ ਹਾਂ ਇਸ ਪ੍ਰਕਾਰ ਦੇ ਲੱਖਾਂ ਕਰੋੜਾਂ ਤੇ ਬਿਅੰਤ ਬ੍ਰਹਮੰਡ ਉਸ ਨੇ ਇਕ ਮਾਇਆ ਦੁਵਾਰਾ ਆਪਣੇ ਰੋਮ ਰੋਮ ਵਿਖੇ ਸਾਜੇ ਹੋਏ ਹਨ।

ਪ੍ਰਿਯ ਜਨੋ ਓਸ ਈਸ਼੍ਵਰ ਨਿਰੰਕਾਰ ਨੇ ਏਸ ਸੰਸਾਰ ਨੂੰ ਚਹੁੰ ਖਾਂਣਾਂ ਵਿਚ ਰੱਚਨਾਂ ਰਚੀ ਏਸ ਰੱਚਨਾਂ ਦੇ ਵਿਚ ਹੀ ਸਾਧੂ ਭਗਤਿ, ਦਾਨੀ ਰਾਕਸ਼ ਅਨੇਕ ਪ੍ਰਕਾਰ ਦੀ ਰੱਚਨਾ ਰੱਚੀ, ਕਈਕੁ ਵਿਦਵਾਨਾਂ ਦੇ ਗ੍ਰੰਥਾਂ ਤੋਂ ਪਤਾ ਲਗਦਾ ਹੈ ਕਿ ਏਸ ਸੰਸਾਰ ਦੀ ਅਕਾਲ ਪੁਰਖ ਨੇ ਕਈ ਵੇਰ ਰਚਨਾ ਰੱਚੀ ਤੇ ਕਈ ਵਾਰ ਪ੍ਰਲਯ ਹੋ ਜਾਂਦੀ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਯੱਥਾ ਕਈ ਵਾਰ ਪਸਰਿਓ ਪਸਾਰ॥ ਸਦਾ ਸਦਾ ਇਕ ਏਕੰਕਾਰ। ਚਾਰੋਂ ਜੁਗਾਂ ਵਿਚ ਪ੍ਰਭੂ ਪ੍ਰਮਾਤਮਾਂ ਆਪ ਹੀ ਅਪਨੇ ਭਗਤਾਂ ਦੀ ਸਹਾਇਤਾ ਕਰਦਾ ਰਿਹਾ ਹੈ ਤੇ ਬੜੇ ਬੜੇ ਭਗਤਿ ਪੈਦਾ ਕਰਕੇ ਧਰਮ ਦਾ ਪ੍ਰਚਾਰ ਅਤੇ ਅਧਰਮ ਦਾ ਨਾਸ ਕਰਦਾ

---

*ਪਸਾਰਾ ਭਾਈ ਗੁਰਦਾਸ ਜੀ ਨੇ ਵਾਰ ੧ ਪਉੜੀ ੪ ਮੇ ਸੰਸਾਰ ਦੀ ਉਤਪਤੀ ਦਾ ਵਰਨਣ ਕੀਤਾ ਹੈ ਜਿਸ ਦਾ ਟੀਕਾ ਕਾਰ ਸ੍ਰੀ ਮਾਨ ਵੈਦਾਰਾਜ ਗਿਆਨੀ ਦੁਢਾ ਸਿੰਘ ਜੀ ਹਨ।

Digitized by Panjab Digital Library | www.panjabdigilib.org

ਰੇਹਾ ਹੈ ।

ਪ੍ਰਿਯ ਜਨੋ ਸ੍ਰੀ ਨਿਰੰਜਨ ਪੰਥ ਦੇ ਸਿ੍ਰ ਤਾਜ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਨੇ ਸੰਮਤ ਬਿ: ੧੬੩੦ ਨੂੰ ਜਨਮ ਧਾਰਨ ਸਾਡੇ ਪਾਪੀਆਂ ਦੇ ਉਧਾਰ ਕਾਰਨ ਕੀਤਾ । ਸਨੇ ਸਨੇ ਗੁਰੂ ਜੀ ਸਤਿ ਅਠ ਸਾਲ ਦੇ ਹੋਏ ਤਾਂ ਮਾਤਾ ਪਿਤਾ ਨੇ ਭੈਂਸਾਂ ਚਾਰਨ ਭੇਜ ਦੇਣਾ । ਇਕ ਲੜਕੇ ਦੀ ਭੈਂਸ ਨੇ ਬਾਬੇ ਗਾਜੀ ਦਾ ਖੇਤ ਖਾ ਲੈਣਾ ਤੇ ਓਹ ਲੜਕਾ ਗੁਰੂ ਜੀ ਸੇ ਡਰਦਾ ਤੇ ਗੁਰੂ ਜੀ ਨੇ ਉਸ ਲੜਕੇ ਨਾਲ ਪਿਆਰ ਕਰਨਾ ਤੇ ਗੁਰੂ ਜੀ ਦਾ ਬੜਾ ਭਾਈ ਸੁਵਾਣੀ ਨੇ ਖੇਤ ਦੇਖਨਾ ਤੇ ਗੁਰੂ ਜੀ ਨੂੰ ਚਪੇੜ ਮਾਰਨੀ ਤੇ ਗੁਰੂ ਜੀ ਨੇ ਸੁਭਾਇਕੀ ਕਹਿਣਾ ਕਿ ਜਾਹ ਮੇਰਾ ਬਦਲਾ ਕਰਤਾਰ ਲਵੇਗਾ, ਤਬ ਸੇ ਸੁਵਾਣੀ ਕੇ ਮੁਖ ਪਰ ਅਠੀਪੇਹਰੀ ਅਜਗੈਬੀ ਚੋਟ ਪਿਆ ਕਰੇ । ਫਿਰ ਗੁਰੂ ਜੀ ਬਾਰਾਂ ਬਰਸ ਦੇ ਹੋਏ ਤਾਂ ਕਰਤਾਰ ਨੇ ਯੋਗੀਸ਼ੂਰ ਦੇ ਭੇਸ ਵਿਚ ਆਨਕੇ ਨਾਥੋਂਆਣੇ ਆਣ ਧੂਣਾ* ਪਾ ਲੈਣਾ । ਤੇ ਗੁਰੂ ਜੀ ਨੂੰ ਉਪਦੇਸ਼ ਯੋਗ ਸਮਾਧੀ ਤੇ ਪੰਚ ਯਮ ਪਾਂਚ ਨਿਯਮ ਆਦਿਕ ਦਸ ਕੇ ਪ੍ਰੀ ਪੂਰਨ ਕਰਕੇ ਯੋਗੀਸ਼ੂਰ ਦਾ ਰੰਮਤਾ ਹੋ ਜਾਣਾ । ਤੇ ਗੁਰੂ ਜੀ ਨੂੰ ਵੈਰਾਗ ਹੋ ਜਾਣਾ ਤੇ ਓਸ ਜੋਗੀ ਨੂੰ ਢੂੰਢਦੇ ਢੂੰਢਦੇ ਹੀ ਸ੍ਰੀ ਗੁਰੂ ਅਰਜਨ ਸਾਹਿਬ ਨਾਲ ਗੋਸਟ ਜਾ ਹੋਣੀ । ਤੇ ਮਾਤਾ ਜੀ ਲਬਦੀ ਲਬਦੀ ਗੁਰੂ ਅਰਜਨ ਦੇਵ ਸਾਹਿਬ ਦੇ ਤਲਾ ਅੰਮ੍ਰਿਤਸਰ ਜਾ ਕੇ ਗੁਰੂ ਅਰਜਨ ਸਾਹਿਬ ਨੂੰ ਕੈਹਨਾ ਕਿ ਮੇਰੇ ਨਾਲ ਹੰਦਾਲੁ ਜੀ ਨੂੰ ਘਰ ਨੂੰ ਭੇਜ ਦੇਓ ਤਾਂ ਗੁਰੂ ਅਰਜਨ ਸਾਹਿਬ ਨੇ ਹੰਦਾਲੁ ਜੀ ਨੂੰ ਕੈਹਨਾ ਕਿ ਮਾਤਾ ਜੀ ਨਾਲ ਘਰ ਨੂੰ ਜਾਓ ਤਾਂ ਗੁਰੂ ਬਾਬਾ ਹੰਦਾਲੁ ਜੀ ਨੇ ਕੈਹਨਾ ਕਿ ਅਸੀਂ ੧੨ ਬਰਸਾਂ ਨੂੰ ਮੁੜਾਂਗੇ ਤਾਂ ਗੁਰੂ ਅਹਜਨ ਜੀ ਮਾਤਾ ਜੀ ਦੇ ਜਾਮਨ ਹੋਏ ਕਿ ਮਾਤਾ ਜੀ ਤੁਸੀਂ ਨਿਜ ਘਰਿ ਜਾਓ, ਹੰਦਾਲੁ ਜੀ ਬਾਹਾਂ ਬਰਸਾਂ ਨੂੰ ਤੁਵਾਨੂੰ ਆਨ ਮਿਲਨ ਗੇ,

---

*ਧੂਣੇ ਥੋਂ ਉਠ ਕੇ ਮੋਹਰੀ ਘਨਕਸ਼ ਯੋਗੀ ਦੇ ਕੈਹਨੇ ਨਾਂ ਲਗਾ ਤਾਂ ਘਰ ਜਾਂਦਾ ਹੀ ਤੜਪ ਤੜਪ ਕਰ ਮਰ ਗਿਆ ।

Digitized by Panjab Digital Library | www.panjabdigilib.org

ਤੇ ਮਾਤਾ ਜੀ ਬਾਰਾਂ ਬਰਸਾਂ ਦਾ ਬਚਨ ਲੇ ਕਰ ਜੰਡਿਆਲੇ ਆ ਗਈ। ਫਿਰ ਗੁਰੂ ਜੀ ਬਿਆਸ ਨਦੀ ਲੰਘ ਕੇ ਮਾਸੀ ਜੀ ਕੇ ਗਾਉਂ ਮੇਂ ਜਾਣਾ ਤੇ ਮਾਸੀ ਕੇ ਪੁਤ੍ਰ ਮੋਏ ਕੋ ਜੁਵਾਲਨਾ, ਫਿਰ ਗੁਰੂ ਜੀ ਮਾਲਵੇ ਦੇਸ ਮੇਂ ਇਕ ਗਾਉਂ ਮੇਂ ਗਏ ਉਸ ਉਜੜੇ ਹੋਏ ਗਾਓਂ ਕੋ ਵਸਾਯਾ ਤਾਂ ਓਹਨਾਂ ਲੋਕਾਂ ਨੇ ਗੁਰੂ ਜੀ ਦੇ ਨਾਉਂ ਪੁਰ ਉਸ ਨਗਰ ਕਾ ਨਾਂ ਹੰਦਾਲੂਆਣਾ ਰਖਿਆ। ਫਿਰ ਗੁਰੂ ਜਮਨਾ ਨਦੀ ਦੇ ਤਟ ਪਰ ਗਏ ਊਹਾਂ ਬੈਰਾਗੀਆਂ ਸੰਤਾਂ ਨਾਲ ਗੋਸਟ ਹੋਈ। ਫਿਰ ਗੁਰੂ ਜੀ ਨਗਰ (ਪੁੰਡਰਾ ਪੁਰ) ਮੇਂ ਦੋ ਦਿਨ ਠਹਿਰ ਕੇ ਨਰਬਦਾ ਨਦੀ ਦੇ ਪਾਰ ਤਟ ਪਰ ਸੰਨਿਆਸੀ ਸੰਤਾਂ ਸੇ ਗੋਸਟ ਹੋਈ। ਫਿਰ ਗੁਰੂ ਜੀ ਕੋ ਜਾਂਦਿਆਂ ੨ ਮਾਰਗ ਮੇਂ ਇਕ ਨਗਰ (ਭਾਗਨਗਰ) ਮੇਂ ਇਕ ਬਾਣੀਏ ਕੇ ਗ੍ਰਿਹਿ ਵਿਖੇ ਪੰਡਤ ਭਾਗਵਤ; ਔਰ ਰਾਮਾਇਣ ਕੀ ਕਥਾ ਕਰਤਾ ਥਾ; ਗੁਰੂ ਜੀ ਕੀ ਇਸ ਪੰਡਤ ਸਾਥ ਜੋ ਗੋਸਟ ਹੋਈ ਓਹ ਸਬਦ ਇਸ ਪੁਸਤਕ ਮੇਂ ਆ ਚੁਕਾ ਹੈ। ਪੁਨਾ ਗੁਰੂ ਜੀ ਜਾਂਦਿਆਂ ੨ ਸਮੁੰਦਰ ਦੇ ਤਟ ਪਰ ਇਕ ਨਗਰ (ਅਚਿੰਤਪੁਰ ਦਿਅਲ) ਆਇਆ ਏਥੇ ਸੰਤਾਂ ਨਾਲ ਗੋਸਟ ਹੋਈ। ਫਿਰ ਸੰਤ ਪ੍ਰੇਮਦਾਸ ਨਾਲ ਤਗੜੀ ਗੋਸ਼ਟ ਹੋਈ। ਪੁਨਾ ਗੁਰੂ ਜੀ ਨੇ ਸਮੁੰਦਰ ਦੇ ਕੰਡੇ ੧੧ ਬਰਸ ਤਪ ਕੀਤਾ, ਸਾਖ ਸ਼ਾਂਤ ਦਰਸਨ ਸੱਤ ਚਿਤ ਅਨੰਦ ਪ੍ਰਭੂ ਪ੍ਰਮਾਤਮਾਂ ਕਾ ਦਰਸ਼ਨ ਕੀਤਾ, ਤੇ ਸਭ ਤਰਾਂ ਦੇ ਵਰ ਅਕਾਲ ਪੁਰਖ ਤੋਂ ਪ੍ਰਾਪਤ ਕਰ ਊਹਾਂ ਸੇ ਵਿਦਾ ਹੋ ਕਰ ਆਏ। ਗੁਰੂ ਜੀ ਨੇ ਇਕ ਬ੍ਰਿਛ ਥਲੇ ਆਨ ਆਸਨ ਲਗਾਇਆ। ਤਾਂ ਸਿਧ ਮੰਡਲੀ ਜਗਨ ਨਾਥ ਦੇ ਮੇਲੇ ਜਾ ਰਹੇ ਸਨ, ਗੁਰੂ ਗੋਰਖ ਨਾਥ ਭਰਥਰੀ ਕੇ ਦਰਸਨ ਓਧਰੋ ਓਧਰੀ ਕੀਤੇ ਸਿਧ ਗੋਸਟ ਹੋਈ ਏਹ ਸਿਧ ਮੰਡਲੀ ਦੀ ਸਾਖੀ ਬਹੁਤ ਬਿਸਥਾਰ ਸੇ ਹੈ ਜਨਮ ਸਾਖੀ ਮੇਂ ਗੁਰਮੁਖੋ ਪੜ੍ਹੋ। ਪੁਨਾ ਗੁਰੂ ਜੀ ਬ੍ਰਿਛ ਤਲੇ ਤੋਂ ਉਠ ਤੁਰੇ ਰਸਤੇ ਵਿਚ ਰਹਿਬਰ ਬਣ ਮਾਰਗ ਮੇਂ ਆਯਾ ਤਾਂ ਇਕ ਸ਼ੇਰ ਗੁਰੂ ਜੀ ਕਾ ਦਰਸ ਪਰਸ ਕੇ ਗੁਰ ਚਰਨ ਚਟ ਕੇ ਸਿਰ ਨਿਵਾਕੇ ਘੋਰ ਬਣਕੋ ਸਿੰਘ ਜਾਂਦਾ ਰਹਾ। ਫਿਰ ਗੁਰੂ ਜੀ ਇਕ ਨਗਰ ਕਬੂਲਾ-

Digitized by Panjab Digital Library | www.panjabdigilib.org

ਪੁਰ ਮੇਂ ਆਏ, ਏਸ ਨਗਰ ਮੇਂ ਬੜਾ ਕਾਲ ਪਿਆ ਹੋਯਾ ਸੀ, ਏਥੇ ਗੁਰੂ ਜੀ ਨੇ ਕਨਕ ਦਾ ਮੀਂਹ ਵਰਸਾਯਾ ਸੀ ਇਕ ਧਰਮਸਾਲ ਭੀ ਸੇਵਕਾਂ ਦੇ ਕਹਿਨੇ ਪੁਰ ਪੁਵਾਈ, ਤੇ ਇਕ ਜਾਤੀ ਦੇ ਬ੍ਰਾਹਮਣ ਭਗਵਾਨ ਦਾਸ ਨੂੰ ਮੰਜੀ ਬਖਸ਼ੀ ਸਵਾ ਸਉ ਕੋਸ ਵਿਚ ਸੰਗਤ ਚਾਰ ਵਰਨ ਕੀ ਹੋਈ। ਫਿਰ ਗੁਰੁ ਜੀਨੇ ਏਸ ਨਗਰ ਕਾ ਨਾਮ ਗੁਲਜਾਰ ਪੁਰ ਰਖਿਆ, ਪਹਿਲਾ ਨਾਮ ਕਬੂਲਾਪੁਰ ਸੀ। ਫਿਰ ਗੁਰੂ ਇਥੋਂ ਤੁਰਕੇ ਇਕ ਨਗਰ ਦੇ ਬਾਹਰ ਬਾਗ ਸੁਕਾ ਹੋਯਾ ਸੀ ਗੁਰੂ ਜੀ ਏਸ ਸੁਕੇ ਹੋਇ ਬਾਗ ਵਿਚ ਆਸਨ ਲਾਯਾ, ਗੁਰੂ ਜੀਦੇ ਚਰਨ ਪੈਨ ਕਰਕੇ ਬਾਗ ਹੱਰਾ ਭੱਰਾ ਹੋ ਗਿਯਾ,ਇਸ ਨਗਰ ਵਿਖੇ ਇਕ ਗ੍ਰਹਸਤੀ ਸਾਧੂ ਰਹਿੰਦਾ ਸੀ ਇਸ ਸੰਤਕੀ ਸਪਤਨੀ ਕਾ ਨਾਮ ਚੰਪਾ ਸੀ, ਤੇ ਇਨ੍ਹੋਂ ਕੀ ਕੰਨਿਆ ਕਾ ਨਾਮ (ਰੋਹਣੀ) ਸੀ ਤੇ ਸੰਤ ਕਾ ਨਾਮ (ਨਿਰਕੇਵਲ) ਸੀ, ਗੁਰੂ ਜੀ ਨੇ ਦਿਆਲੂ ਕ੍ਰਿਪਾਲੂ ਹੋਕਰ ਭਗਤੀ ਭਾਵ ਵੇਖਕੇ ਕੰਨਿਆਂ (ਰੋਹਣੀ) ਨੂੰ ਮੰਜੀ ਬਖਸ਼ੀ ਹੈ। ਫਿਰ ਗੁਰੂ ਜੀ ਨੇ ਦਿਬ ਦ੍ਰਿਸ਼ਟੀ ਸੇ ਦੇਖਿਆ ਤਾਂ ਇਥੋਂ ੧੪ ਚਉਦਾਂ ਸਉ ਕੋਸ ਸਰਹਿੰਦ ਸ਼ਹਿਰ ਸੀ, ਸਰਹਿੰਦ ਦੇ ਬਜਾਰ ਮੇਂ ਦੇਖਿਆ ਤਾਂ ਓਹੀ ਜੋਗੀ ਜਨ ਜੋ ਯਮ* ਪਾਂਚ ਨਿਯਮ† ਪਾਂਚ ਯੋਗ ਸਮਾਧੀ ਆਦਿਕ ਦੇ ਕਰ ਜੋਗੀਸ਼੍ਵਰ ਰਮਤਾ ਹੋ ਗਿਯਾ ਥਾ ਏਥੇ ਦਰਸ਼ਨ ਪਾਯਾ, ਚਉਦਾ ਸਉ ਕੋਸ ਥਾ ਸ਼ਹਿਰ ਸੂਹੰਦਾ। ਤਹਾਂ ਪਲ ਮੇਂ ਆਏ ਹੰਦਾਲੂ ਗੋਬਿੰਦਾ।

ਸੂਹਿੰਦ ਥੋਂ, ਫਿਰ ਗੁਰੂ ਜੀ ਨੇ ਜੰਡਿਆਲੇ ਆਵਨੇ ਨੂੰ ਪਿਆਣਾ

---

*੧ ਅਹਿੰਸਾ, ਕਿਸੀ ਜੀਵ ਕੋ ਕਿਸੀਤ੍ਰਾਂ ਕਾ ਦੁਖ ਨਾ ਦੇਣਾ। ੨ ਸਤਜ, ਸੱਚੁ ਬੋਲਨਾ ਜਹਾਂ ਤੱਕ ਹੋ ਸਕੇ। ੩ ਅਸਤੇਯਹ, ਚੋਰੀ ਆਦਿਕ ਕੰਮ ਨਹੀਂ ਕਰਨਾ ਕਰੌਨਾ। ੪ ਬ੍ਰਹਮਚਰਯ, ਜਤੇਂਦਰਿ ਰਹਿਨਾ ਅਰਥਾਤਿ ਜੱਤੀ ਰਹਿਨਾ। ੫ ਅੱਪ੍ਰੀਗ੍ਰਹਿ, ਗਰਯ ਸੇ ਯਾਦਾ ਲੋਭ ਨਾ ਕਰਨਾ ਔਰਨ ਵਿਖੇ ਆਤਮਾਂ ਜਾਨਣਾ ਅਹੰਕਾਰ ਨਹੀ ਕਰਨਾ। ਏ ਪਾਂਚ ਯਮ ਹੈ। ਪਾਂਚ ਨਿਯਮ।

†੧ ਸ਼ੌਚ, ਸ਼ਰੀਰ ਦੀ ਪਵਿਤ੍ਰ ਤਾਈ ਰੱਖਨੀ। ਸੰਤੋਸ਼ ੧੨ ਅਛੇ ਕਰਮੋਂ ਕੀ ਕੋਸ਼ਸ ਕਰਨਾ ਔ ਨਫੇ ਨੁਕਸਾਨ ਮੇਂ ਗਮ ਨਾ ਕਰਨਾ। ੩ ਤਪੁ ਤਕਲੀਫ ਉਠਾਕੇ ਭੀ ਧਰਮ ਦਾ ਕੰਮ ਕਰਨਾ। ੪ ਸੁਵਾ ਧਿਆਯੇ, ਧਰਮ ਸ਼ਾਸਤ੍ਰੋ ਕਾ ਪੜਣਾ ਪੜ੍ਹਾਣਾ। ੫ ਈਸ਼੍ਵਰ ਪ੍ਰਨਿਧਾਨਾ, ਪ੍ਰਮੇਸ਼੍ਵਰ ਕੀ ਗਤਿ ਮੇਂ ਆਤਮਾਂ ਕੋ ਲਗਾਈ ਰਖਨਾ।

Digitized by Panjab Digital Library | www.panjabdigilib.org

ਕੀਤਾ, ਗੁਰੂ ਜੀ ਅਜੇ ਰਸਤੇ ਵਿਚ ਹੀ ਆ ਰਹੇ ਸਨ, ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਕਾ ਢਾਢੀਆਦਰਬਾਬੀ (ਮੁਰਾਦ) ਨਾਮੇਂ ਆਨ ਗੁਰੂ ਬਾਬਾ ਹੰਦਾਲੁ ਜੀ ਕੀ ਚਰਨੀ ਨਿੰਮਸ਼ਕਾਰੁ (ਮੁਰਾਦ) ਨੇ ਕੀਤੀ, ਅਤੇ ਬੇਣਤੀ ਕੀਤੀ ਕਿ ਮੁਝੇ ਪਤਾਲ ਦਿਖਾਈਏ, ਤਬ ਗੁਰੂ ਜੀ ਨੇ (ਮੁਰਾਦ ਰਬਾਬੀ) ਕੀ ਇਛਿਆ ਸੰਪੂਰਨ ਕੀਤੀ, ਗੁਰਾਂ ਨੂੰ ਨਿੰਮਸਕਾਰ ਕਰਕੇ (ਮੁਰਾਦ ਰਬਾਬੀ) ਜਾਂਦਾ ਰੱਹਾ।

ਸ੍ਰੀ ਸਤਿਗੁਰੂ ਜੀ ਬਾਰਾਂ ਸਾਲ ਦੀ ਅਵੱਸਥਾ ਵਿਚ ਸੰਮਤ ਬਿ: ੧੬੪੨ ਮੇ ਤੱਪੁ ਕਰਨੇ ਗਏ ਅਤੇ ਬਾਰਾਂ ਸਾਲ ਬਾਅਦ ਤੱਪੁ ਕਰਕੇ ਗੁਰੂ ਜੀ ਸੰਮਤ ਬਿ: ੧੬੫੪ ਨੂੰ ਤੱਪੁ ਕਰਕੇ ਗੁਰੂ ਜੀ ਜੰਡਿਆਲੇ ਘਰ ਆਏ ਹਨ। ਪ੍ਰਿਯ ਜਨੋਂ, ਸ੍ਰੀ ਭਗਤ ਕਬੀਰ ਸਾਹਿਬ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਨੇ ਚਹੁੰ ਵਰਨਾਂ ਨੂੰ ਉਪਦੇਸ਼ ਦੇ ਕਰ ਕਈ ਕਿਸਮ ਦੇ ਬੰਧਨਾ ਨੂੰ ਤੋੜਕੇ ਪਖੰਡਾਂ ਦਾ ਨਾਸ ਕਰਕੇ ਇਕ ਵਾਹਿਗੁਰੂ ਈਸ਼੍ਵਰ ਕਾ ਨਾਮੁ ਜਪਾਕੇ ਦੀਖਿਆ ਦੇ ਕਰਕੇ ਈਸ਼੍ਵਰ ਕੇ ਮਾਰਗ ਲਾ ਕੇ ਇਕ ਸਚੁਨਾਮੁ ਦਾ ਜਾਪੁ ਜਪਾਕੇ ਆਪਨੇ ਪੰਥ ਦਾ ਨਾਮੁ (ਨਿਰੰਜਨੀਆ) ਰੱਖਿਆ, ਔਰ ਖਣੀ† ਤੀਨ, ਤੀਨ ਆਰਤੀਆਂ, ਤੀਨ ਨਿਜ ਮੁਖਵਾਕ ਕੇ ਸ਼ਬਦ, ਤੀਨ ਵਖਤ ਮ੍ਰਜਾਦਾ ਰੱਖੀ; ਅੰਮ੍ਰਤ ਵੇਲੇ ਕਾ ਪਾਠ ਪੁਨ੍ਹਾ ਦੇੌਂਹ ਢਲਦੇ ਕਾ ਪਾਠ, ਪੁਨ੍ਹਾਂ ਸੋਤੇ ਵਕਤ ਕਾ ਪਾਠ, ਆਪ ਜਪਿਆ ਤੇ ਸੇਵਕਾਂ ਪਾਸੋਂ ਜਾਪ ਜਪਾਯਾ, ਤੇ (ਧੁਰ ਅਮਰਾ ਪੁਰ ਕਾ) ਭਾਗੀ ਨਿਜ ਸੰਗਤਿ ਨੂੰ ਬਨਾਯਾ, ਅਤੇ ਬੋਲ ਬਾਲਾ ਇਕ ਸਚੁ ਨਾਮੁ ਨਿਰੰਕਾਰ ਦਾ ਚਲਾਯਾ. ਜੋ ਆਜ ਕੇ ਦਿਨਾਂ ਤਕ ਜਾਹਰਾ ਵਰਤਿਮਾਨ ਹੋ ਰੱਹਾ ਹੈ। ਪ੍ਰਿਯ ਜਨੋਂ, ਸ੍ਰੀ ਗੁਰੂ ਬਾਬਾ ਹੰਦਾਲੁ ਜੀ ਕੀ ਜੋਤਿ ਥੋਂ ਗਿਆਰਵੀਂ ੧੧ ਜੋਤਿ ਸ੍ਰੀ ਗੁਰੂ ਚਤਰਦਾਸ, ਸ੍ਰੀ ਗੁਰੂ ਗੋਪਾਲਦਾਸ, ਸ੍ਰੀ ਗੁਰੂ ਨਿਹਾਲਦਾਸ ਜੀ।

† ਖਣ ਬਾਣੀ ਕਾ ਗੁਟਕਾ ਅਲੈਹਦਾ ਹੈ।

Digitized by Panjab Digital Library | www.panjabdigilib.org

ਆਪਨੇ ਕਰਮ ਕਾਂਡ ਤੀਨੋਂ ਖਣਿਆਰਤੀ ਤੀਨੋਂ ਵਖਤ ਹੀ ਪਾਠ ਕਰਦੇ ਰਹਿੰਦੇ ਸਨ, ਅਤੇ ਭਾਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਭੋਗ ਪਾਵਨ ਯਾ ਹੋਰ ਕੋਈ ਧਰਮ ਦਾ ਕਾਰਜ ਕਰਨਾ ਹੋਵੇ ਤਾਂ ਅਰਦਾਸਾ ਜੋ ਨਿਰੰਜਨੀਆ ਹੈ ਜਿਥੇ ਕਿਥੇ ਅਰਦਾਸੇ ਦੀ ਜਰੂਰਤ ਹੁੰਦੀ ਸੀ, ਏਹ ਤੀਨੋਂ ਗੁਰੂ ਜੋ ੧੧ ਵੇਥਾਂ ਹੋਏ ਹਨ, ਨਿਰੰਜਨੀਆ (ਅਰਦਾਸਾ) ਜੋ ਗੁਰੂ ਜੋ ਬਾਬਾ ਹੰਦਾਲੁ ਜੀਕਾ ਮੁਖਵਾਕ (ਅਰਦਾਸਾ) ਹੈ ਥਾਂ ਪ੍ਰ ਥਾਂ ਏਹੀ ਪੜਦੇ ਹੁੰਦੇ ਸਨ, ਦਾਸ ਅੱਖੀ ਦੇਖਦਾ ਰੱਹਾ ਹੈ।

ਏਹ ਤੀਨੋਂ ਗੁਰੂ ਗੋਪਾਲਦਾਸ ਜੀ ਗੁਰੂ ਨਿਹਾਲਦਾਸ ਜੀ ਗੁਰੂ ਚਤਰਦਾਸ ਜੀ ਆਪਨੇ ਵਡਿਆਂ ਸਤਿਗੁਰਾਂ ਕੀ ਤ੍ਰਾਂ ਲੰਗਰ ਭੀ ਚਲਾਉਂਦੇ ਰਹੇ ਤੇ ਅਪਨੇ ਕਰਮ, ਧਰਮ ਮੇਂ ਬੜੇ ਉਦਾਰ ਰਹੇ ਹਨ।

ਪ੍ਰਿਯਜਨੋ, ਇਸ ਪੁਸਤਕ ਮੇਂ ਸ੍ਰੀ ਗੁਰੂ ਬਾਬਾ ਹੰਦਾਲੁ ਜੀਕਾ ਸੰਖੇਪ ਜੀਵਨ ਅਤੇ ਬਾਣੀ ਦਾ ਹਵਾਲਾ ਦੇ ਕਰ ਜਿਸ ੨ ਮੌਕਾ ਪਰ ਗੁਰੂ ਜੀਨੇ ਬਾਣੀ ਉਚਾਰਨ ਕੀਤੀ ਹੈ, ਸੋ ਏਸ ਪਹਲੇ ਹਿਸੇ ਮੇ ਸੰਖੇਪ ਸੇ ਹੀ ਬਾਣੀ ਲਿਖੀ ਹੈ, ਸ੍ਰੀ ਗੁਰੂ ਜੀ ਕੀ ਬਾਣੀ ਔਰ ਵੀ ਬਹੁਤ ਹੈ ਲੇਕਨ ਏਥੇ ਸੰਖੇਪ ਸੇ ਹੀ ਲਿਖੀ ਹੈ।

ਪ੍ਰਿਯ ਜਨੋਂ ਕੇ ਪ੍ਰੱਤਿ ਪ੍ਰਾਰਥਨਾ ਹੈ ਕਿ ਪ੍ਰਿਥਮੇਂ ਸਬਦ (ਕੰਤਰੀਸਾਲੂ) ਨਾਮੇ ੧, ਪੁਨ੍ਹਾਂ ਸ਼ਬਦ (ਅਗਮ ਅਗੋਚਰ) ਨਾਮੇ ੨, ਪੁਨ੍ਹਾਂ ਸ਼ਬਦ (ਤੂੰ ਪਾਰਬ੍ਰਹਮ ਪਰਮੇਸ਼ਰ ਕਰਤਾ ਜਿਸਦੀ ਸਭ ਵਡਿਆਈ) ਨਾਮੇ ੩, ਪੁਨ੍ਹਾਂ ੪, (ਕਿਰਤੁ ਕਰਮ ਪੂਰਬ ਕਰਤੇ ਲਿਖੁ ਪਾਇਆ) ਨਾਮੇ ਏਹ ਬਾਰਹਮਾਹਾ ਗੁਰੂ ਹੰਦਾਲੁ ਜੀਕੀ ੪ ਥੀ ਜੋਤਿ ਸ੍ਰੀ ਗੁਰੂ ਆਕਲ ਦਾਸ ਸਾਹਿਬ ਜੀਕਾ ਮੁਖਵਾਕ ਹੈ, ਪੁਨ੍ਹਾ (ਆਦਿ ਸਚੁ ਜੁਗਾਦਿ ਸਚੁ) (ਅਰਦਾਸਾ ਨਿਰੰਜਨੀਆ) ਨਾਮੇ ੫ ਏਹ ਪੰਜੇ ਹੀ ੩ ਸ਼ਬਦ, ਬਾਰਹਮਾਹ ੪ ਨਿਰੰਜਨੀਆ ਅਰਦਾਸਾ ੫ ਏਹਨਾਂ ਦਾ ਟੀਕਾ ਅਰਥਾਂ ਸਹਿਤ ਇਸ ਪੁਸਤੱਕ ਮੇਂ

Digitized by Panjab Digital Library | www.panjabdigilib.org

ਲਿਖ ਦਿਤਾ ਹੈ।

ਹੋਰ ਜੋ ਬਾਣੀ ਇਸ ਗ੍ਰੰਥ ਮੇਂ ਲਿਖੀ ਗਈ ਹੈ, ਜੋ ਬਾਣੀ ਦੇ ਕਠਨ ਪਦਾਂ ਦੇ ਪ੍ਰਯਾਵਾਂ ਸਹਿਤ ਬਾਣੀ ਲਿਖੀ ਗਈ ਹੈ, ਤਾਂ ਕਿ ਹਰਿ ਏਕ ਸਜਨ ਮਾਈ ਭਾਈ ਸੌਖੇ ਪੜ੍ਹ ਸੱਕਨ।

ਨਿਰੰਜਨ ਪੰਥ ਵਿਚ ਜੋ ਸਚਿਨਾਮੁ ਦਾ ਬੋਲ ਬਾਲਾ ਬੁਲਾਯਾ ਜਾਂਦਾ ਹੈ, ਏਸ ਸਚੁਨਾਮ ਦੀ ਮਹਿਮਾਂ ਭੀ ਇਸ ਗ੍ਰੰਥ ਮੇਂ ਆ ਗਈ ਹੈ। ਪ੍ਰਿਯ ਜਨੋਂ ਬੇਨਤੀ ਹੈ ਭਾਵੇਂ ਕਿਸੀ ਮਜਹਬ ਦਾ ਚਹੁ ਵਰਨਾਂ ਵਿਚੋਂ ਕੋਈ ਭੀ ਨਰ ਨਾਰੀ ਝਲਾਘੇ ਅਸ਼ਨਾਨ ਆਦੀ ਕਰਕੇ ਅਕੰਤ ਜਗਾ ਬੈਠਕੇ ਏਸ ਪੁਸਤਕ ਵਿਚੋਂ ਬਾਣੀ ਪੜ੍ਹੇਗਾ, ਤਾਂ ਆਧਾਂ, ਬਿਆਧਾਂ ਉਪਾਧਾਂ ਪਾਠ ਕਰਨੇ ਸੇ ਟਲ ਜਾਂਦੀਆਂ ਹਨ। ਅਗਰ ਪੜ੍ਹਕੇ ਅਮਲ ਕਰੇ ਤਾਂ ਮੁਕਤੀ ਭੁਗਤੀ ਭੀ ਪਾ ਸੱਕਦਾ ਹੈ। ਜੋ ਨਿਰੰਜਨੀਆ ਗੁਰ ਸਿਖਾਂ ਦਾ ਅਰਦਾਸਾ ਹੈ ਏਸ ਅਰਦਾਸ ਨੂੰ ਹਰਿ ਏਕ ਮਾਈ ਭਾਈ ਮੂੰਹ ਜੁਬਾਨੀ ਕੰਠ ਕਰੇ, ਤੇ ਸੁਬਾ ਵਾ ਸ਼ਾਮ ਨੂੰ ਦੋ ਵੇਲੇ ਪੜ੍ਹੇ ਤਾਂ ਸਦਾ ਸੁਖ ਸੇ ਆਯੂ ਬੀਤੇ, ਜਹਾਂ ਤਹਾਂ ਅਰਦਾਸ ਦੀ ਜਰੂਰਤ ਹੈ, ਏਹ ਅਰਦਾਸ ਪੜ੍ਹੋ ਤੇ ਬੱਚੇ ਬੱਚੀਆਂ ਭੀ ਰਾਜੀ ਰਹਿਨਗੇ, ਇਸ ਗ੍ਰਿਹ ਕੀ ਸੁਵਾਂਤੀ ਹੀ ਫਿਰ ਜਾਏਗੀ, ਨਿਹਚਾ ਕਰਕੇ ਓਸ ਈਸ਼੍ਵਰ ਅਗੇ ਓਸਦੀ ਏਹ ਸਾਲਾਹ ਪੜ੍ਹੇ ਤਾਂ ਅਕਾਲ ਪੁਰਖੁ ਦਾ ਧਿਆਨ ਇਸ ਜੀਵ ਵਿਚ ਹੀ ਰੱਹੇਗਾ। ਪ੍ਰਿਯ ਜਨੋ, ਇਸ ਗ੍ਰੰਥ ਮੇਂ ਕੁਝਕੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਰੇ ਭੀ ਲਿਖਾ ਹੈ, ਔਰ ਦਸਾਂ ਗੁਰੂ ਸਾਹਿਬਾਂ ਦੇ ਅਵਤਾਰ ਧਾਰਨ, ਤੇ ਗਦੀ ਪ੍ਰਨਿਵਾਸ ਕਰਨਾ, ਤੇ ਜੋਤੀਜੋਤਿ ਸੰਮਾਵਨ ਦੇ ਸੰਮਤ ਭੀ ਦਿਤੇ ਗਏ ਹਨ। ਪਿਆਰੇ ਗੁਰਮੁਖੋ ਇਸ ਗ੍ਰੰਥ ਮੇਂ ਨਿਰੰਜਨੀਏ ਗੁਰੂ ਸਾਹਿਬਾਂ ਦੇ ਜਨਮ ਧਾਰਨ ਤੇ ਜੋਤੀ ਜੋਤਿ ਸੰਮਾਵਨ ਸੰਮਤ ਭੀ ਲਿਖੇ ਗਏ ਹਨ। ਪ੍ਰਿਯ ਜਨੋ ਜੋ ਭੀ ਜੀਵ ਇਸ ਪੁਸਤਕ ਦਾ ਆਦਿ ਸੇ ਅੰਤੁ ਤੱਕ ਗੁਰ ਬਾਣੀ ਕਾ ਪਾਠ ਕਰੇਗਾ, ਉਸ ਜੀਵਕਾ ਜਨਮ ਸੁਫਲਾ ਹੋਵੇਗਾ ਅਤੇ ਸੱਚੇ ਅੰਤਸ਼ ਕਰਨ ਸੇ ਪੜ੍ਹੇਗਾ ਤਾਂ ਓਹ

Digitized by Panjab Digital Library | www.panjabdigilib.org

ਜਮ ਕੀ ਚੋਟ ਸੇ ਭੀ ਬੱਚੇਗਾ। ਕਈ ਗੁਰਮੁਖਾਂ, ਸੰਤਾਂ, ਭਗਤਾਂ, ਮਹੰਤਾਂ,ਆਮ ਪੰਥਾਂ ਦਾ ਖਿਆਲ ਸੀ।ਕਿ ਗੁਰੂ ਹੰਦਾਲੂ ਜੀਕੀ ਕਥਾ ਬਾਰਤਾ ਜਨਮਸਾਖੀ ਛਾਪੇ ਦੀ ਯਾ ਲਿਖਤ ਦੀ ਵਿਚੋਂ ਪੜੀ ਦਾ ਹੈ, ਲੇਕਨ ਜਨਮਸਾਖੀ ਥੋਂ ਅਲੈਹਦਾ ਕੋਈ ਗੁਰੂ ਹੰਦਾਲੂ ਜੀ ਦੀ ਦੀ ਸੈਂਚੀ ਯਾ ਕੋਈ ਟ੍ਰੈਕਟ ਹੋਵੇ ਤਾਂ ਪੜ੍ਹਿਆ ਕਰੀਏ, ਆਮੁ ਸੰਤਾਂ ਮਹੰਤਾਂ ਭਗਤਾਂ ਪੰਥਾ ਦੇ ਖਿਆਲ ਨੂੰ ਲੰਦਿਆਂ ਹੋਯਾਂ ਗੁਰਮੁਖਾਂ ਦਾ ਮੰਨਸ਼ਾ ਮੰਨੋ ਕਾਮਨਾ ਸੰਪੂਰਨ ਕਰਨ ਵਾਸਤੇ ਦਾਸ ਨੇ ਬੜੀ ਮੇਹਨਤ ਸੇ ਏਹ ਗ੍ਰੰਥ ਤਿਆਰ ਸਾਧ ਸੰਗਤਿ ਕੇ ਪੜਨ ਹਿਤ ਪ੍ਰਕਾਸ਼ਤ ਕੀਤਾ ਹੈ। ਕਈ ਗੁਰਮੁਖਾਂ ਸਜਨਾਂ ਨੇ ਦਾਸਨੂੰ ਕੱਹਾ ਕਿ ਸ੍ਰੀ ਭਗਤ ਨਾਮਦੇਵ ਜੀ ਦਾ ਭੀ ਕੋਈ ਇਸ ਮੇਂ ਸ਼ਬਦ ਲਿਖ ਦੇਓ ਤਬ ਓਹਨਾਂ ਗੁਰਮੁਖਾਂ ਪਿਆਰਿਆਂ ਦੇ ਕੈਹਨ ਮੂਜਬ ਉਨ੍ਹੋਂ ਕੀ ਮੰਨੋਂ ਕਾਮਨਾ ਪੂਰੀ ਕਰਨ ਵਾਸਤੇ ਸ੍ਰੀ ਭਗਤਿ (ਨਾਮਦੇਵ) ਜੀ ਦਾ ਭੀ ਜੀਵਨ ਸੰਖੇਪ ਲਿਖ ਦਿਤਾ ਹੈ, ਸ੍ਰੀ ਭਗਤ ਨਾਮਦੇਵ ਜੀ ਨੂੰ ੭੨ ਵੇਰਾਂ ਅਕਾਲ ਪੁਰਖੁ ਦਾ ਦਰਸੰਨ ਹੋਇਆ ਹੈ ਆਂਮ ਸਿਆਨੇ ਸਾਧੂ ਤੇ ਵਿਦਮਾਨ ਗਿਆਨੀ ਗੁਨੀ ਤੇ ਬੜੇ ੨ ਗ੍ਰੰਥ ਨਾਮਦੇਵ ਜੀ ਬਾਬਤ ਦਸਦੇ ਹਨ ਕਿ ੭੨ ਵੇਰਾਂ ਇਸ ਭਗਤ ਨੂੰ ਦਰਸ਼ਨ ਹੋਯਾ ਹੈ।

ਪ੍ਰਿਯ ਜਨੋਂ ਏਸ ਪੁਸਤੱਕ ਨੂੰ ਐਨ ਸੰਭਾਲ ਰੁਮਾਲ ਵਗੈਰਾ ਦੇ ਬੜੇ ਅਦਬ ਅਦਾਬ ਨਾਲ ਰਖੋ, ਕਿਉਂਕਿ ਇਸ ਪੁਸਤਕ ਦਾ ਬਾਰੰਬਾਰ ਮਿਲਨਾ ਅਸੰਭਵ ਹੈ, ਯਾਨਿਆ ਕਿ ਘੜੀ ਮੁੜੀ ਨਹੀਂ ਏਹ ਮਿਲੇਗਾ।

★

Digitized by Panjab Digital Library | www.panjabdigilib.org

੧ ਓ ਸਚੁ ਨਾਮੁ ਕਰਤਾ ਪੁਰਖੁ

ਸਲੋਕ

ਸ੍ਰੀ ਗੁਰੂ ਨਾਨਕ ਹੰਦਾਲੁ ਗੁਰ ਬ੍ਰਹਮ ਗਿਆਨੀ ਅਵਤਾਰ ॥
ਹਉ ਦਾਸ ਹਾਂ ਏਹਨਾਂ ਗੁਰੋਂ ਕਾ ਦੋ ਕਰ ਜੋਰ ਕਰਾਂ ਜੁਹਾਰ ॥ ੧ ॥
ਭਜ ਮਨੁ ਏਹਨਾਂ ਗੁਰਾਂ ਕਉ ਜੋ ਬਿਘਨ ਬਿਨਾਸਨ ਹੇਤੁ ॥
ਪਲ ਚੱਸਾ ਬਿਲਮ ਨਹੀਂ ਲਾਂਵਦੇ ਚਾਰ ਪਦਾਰਥ ਦੇਤੁ ॥ ੨ ॥

(ਦੋਹਰਾ)

ਪੰਚਾਂਗ ਡੰਡਾਉਤ ਗੁਰ ਸੌਂ ਕਰੂ ਮਨਿ ਤਨੁ ਹਿਤ ਚਿਤ ਲਾਇ ॥
ਗੁਰ ਹੰਦਾਲੁ ਜਸ ਕਰ ਮਨਾ ਗੁਰ ਭਉਜਲ ਪਾਰ ਲੰਘਾਇ ॥
†ਇਕਾਦਸ ਗੁਰਕੋ ਬੰਦਨਾ ਕੋਟ ਵਾਰ ਪਰਨਾਂਮੁ ॥
ਨਿਯਾਇ ਸੀਸ ਗੁਰ ਪਗ ਧਰੂ ਮੁਖੋਂ ਕਹੂ ਸਚੁਨਾਂਮੁ ॥ ੪ ॥
ਇਕਾਦਸ ਗੁਰ ਪ੍ਰਸਾਦਿ ਤੇ ਲਿਖੂ ਗ੍ਰੰਥ ਬਿਚਾਰ ॥
ਬਾਂਣੀ ਨਿਰੰਜਨ ਪੰਥ ਕੀ ਲਿਖ ਕਰ ਕਰਾਂ ਤਿਆਰ ॥ ੫ ॥
ਪਾਠਕ ਸ੍ਰੋਤੇ ਉਧਰਣ ਘਣੇ ਮਧ ਬਾਂਣੀ ਕਰਨ ਪਿਆਰ ॥
ਤੀਨ ਤਾਪੁ ਸਭ ਨਸ਼ਟ ਹੋਹਿ ਜੋ ਬਾਂਣੀ ਜਪੈ ਨਰ ਨਾਰ ॥ ੬ ॥
ਮੁਕਤੀ ਭੁਗਤੀ ਨਾਮਤੇ ਫਲ ਸਭੀ ਪ੍ਰਾਪਤਿ ਹੋਇ ॥
ਪੜੇ ਬਾਣੀ ਨਿਰੰਜਨ ਪੰਥ ਕੀ ਬਿਆਧ ਨ ਬਿਆਪੇ ਕੋਇ ॥੭॥
ਏਹ ਬਾਣੀ ਨਿਰੰਜਨੀ ਗੁਰੋਂ ਕੀ ਪੜ੍ਹ ਮਿਲੋ ਨਿਰੰਜਨ ਮਾਹਿ ॥
ਬਹੁਰ ਨ ਆਵਨ ਜਾਣ ਹੋਇ ਰਲੋ ਜੋਤਿ ਨਿਰੰਜਨ ਤਾਹਿ ॥ ੯ ॥

(ਚੌਪਈ)

ਸ਼ਕਤੀ ਦੇਹ ਦੀਨਾ ਪ੍ਰਭੁ ਨਾਥ ॥ ਬਾਣੀ ਲਿਖ ਲੇਵਾ ਰਘਨਾਥ ॥
ਅਵਰ ਨ ਸੂਝਤ ਕਾਈ ਪੰਥ॥ ਤਉ ਪ੍ਰਸਾਦਿ ਏਹ ਲਿਖਾ ਗ੍ਰੰਥ ॥੯॥

---

†ਇਕਾਦਸ ਕਹੀਏ ੧੧ ਗੁਰੂ ਸ੍ਰੀ ਗੁਰੂ ਚਤਰਦਾਸ ਜ਼ੀ ਦਾਸਕੇ ਗੁਰ ਦੀਖਿਆ ਗੁਰੂ ਹੈਂ ।

Digitized by Panjab Digital Library | www.panjabdigilib.org

(ਦੋਹਰਾ)

ਆਣ ਖਲੋਵਹੁ ਹੇ ਪ੍ਰਭੂ ਬਾਣੀ ਲਿਖਾਵਹੁ ਆਪੁ ॥
ਹਉ ਕਿਆ ਕੀਟ ਪਤੰਗ ਹੂੰ ਗੁਰ ਅੰਤ੍ਰ ਜਾਮੀ ਆਪੁ ॥ ੧੦ ॥
ਲੋਚਾ ਥੀ ਕਈ ਦਿਨੋ ਕੀ ਉਰ ਮਧ ਮਨਿ ਕੇ ਮਾਹਿ ॥
ਬਾਣੀ ਨਿਰੰਜਨ ਪੰਥ ਕੀ ਮਧ ਸੰਤ ਸੇਵਕ ਪ੍ਰਗਟਾਹਿ ॥੧੧॥
ਬਾਂਣੀ ਪੜੀਓ ਸਾਧ ਸੰਗਤਿ ਕਰਕੇ ਘਣਾ ਪਿਆਰ ॥
ਜੋ ਹੋਵਹਿ ਭੁਲ ਚੁਕ ਦਾਸ ਥੋਂ ਓਹ ਲੈਣੀ ਆਪ ਸੁਧਾਰ ॥੧੨॥
ਦੀਖਿਆ ਕਾ ਮੁਝ ਗੁਰੂ ਹੈ ਇਕਾਦਸ ਗੁਰ ਏਹੁ ਜਾਨੁ ॥
ਚਤਰਦਾਸ ਗੁਰ ਨਾਮ ਹੈ ਜਾਨਹੁ ਸੁਗੜੁ ਸੁਜਾਨੁ ॥੧੩॥
ਤਪੁ ਕਰਨ ਗੁਰ ਜਾਂਵਦੇ ਸਤਿਗੁਰ ਪੁਰਖੁ ਹੰਦਾਲੁ ॥
ਤਪੁ ਸੰਪੂਰਨ ਜਬ ਭਇਆ ਭਗਵਾਨ ਆਏ ਤਤਕਾਲੁ ॥੧੪॥
ਦਰਸ ਦੀਆ ਹੰਦਾਲੁ ਕੋ ਆਪੁ ਪ੍ਰਭੂ ਨਿਰੰਕਾਰ ॥
ਤੁਮਤੇ ਹਮਰਾ ਰੂਪ ਹੈਂ ਆਪ ਕਹੈ ਕਰਤਾਰ ॥ ੧੫ ॥
ਅੰਗ ਸੰਗ ਤੁਮਰੇ ਹਉ ਰਹੂੰ ਨਿਸ਼ਚਾ ਧਰੋ ਹੰਦਾਲੁ ॥
ਤੁਮ ਜਾਵਹੁ ਨਿਜ ਗ੍ਰਿਹ ਵਿਖੈ ਪਾ ਮੰਜੀ ਬਹੋ ਦਿਆਲੁ ॥੧੬॥
ਇਕ ਮੇਰਾ ਨਾਮ ਜਪਾਇਕੇ ਚਾਰੇ ਵਰਨ ਕਰੋ ਨਿਹਾਲੁ ॥
ਬਿਲੰਮ ਨਹੀ ਅਬ ਕੀਜੀਐ ਜਾਇ ਬੈਠਹੁ ਪੁਰੀ ਜੰਡਾਲੁ ॥੧੭॥
ਐਨ ਜਾਨ ਕੇ ਮਗ ਵਿਖੇ ਜੋ ਕਉਤਕ ਕੀਓ ਹੰਦਾਲੁ ਗੁਰ ॥
ਸੋ ਹਮ ਲਿਖੇ ਸੰਛੇਪਤੇ ਸੰਗਤਿ ਪੜੀਓ ਗੌਰ ਕਰ ॥੧੮॥
ਸਗਲੀ ਸ਼ਕਤੀ ਪ੍ਰਭੂ ਸੇ ਲੈ ਕਰਿ ਆਏ ਹੰਦਾਲੁ ॥
ਉਪਦੇਸ਼ ਦੀਓ ਚਾਰ ਵਰਨ ਕੋ ਤੋੜੇ ਸਗਲ ਜੰਜਾਲੁ ॥੧੯॥ ਇਤਿ

Digitized by Panjab Digital Library | www.panjabdigilib.org

੧ ਓ ਸਚੁਨਾਮੁ ਕਰਤਾ ਪੁਰਖੁ

(ਮੁਖਵਾਕ ਸ੍ਰੀ ਬਰਨਦੇਵ ਜੀ)

*ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਹੋਸੀ ਭੀ ਸਚੁ, ਸਚਿਨਾਮੁ ਕਰਤਾ ਪੁਰਖੁ ਨਿਰਭੈ ਨਿਰਵੈਰ ਅਕਾਲ ਮੂਰਤਿ ਅਜੂਨੀ ਸੰਭਉ ਜਪੀਐ ਗੁਰਪ੍ਰਸਾਦਿ ॥ ਜਪੀਐ ਨਿਰੰਕਾਰ ॥ ੧ ॥

ਪ੍ਰਿਥਮੇਂ ਸ੍ਰੀ ਗੁਰੂ ਨਾਨਕ ਜੀ ਮਹਾਂ ਰਾਜਾਂ ਦਾ ਕੋਟਾਂਨ ਕੋਟਵਾਰ ਧੰਨ ਬਾਦ ਅਤੇ ਦੋ ਕਰ ਜੋਰ ਨਿੰਮਸ਼ਕਾਰ ਕਰਦਾ ਹਾਂ।

(ਯਥਾ ਭਾਈ ਗੁਰਦਾਸ ਜੀ)

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ।

ਸ੍ਰੀ ਮਾਨ ਪਾਠਕ ਜਨੋ ਤੇ ਸਰੋਤੇ ਜਨੋ ਸ੍ਰੀ ਸਤਿਗੁਰੂ ਨਾਨਕਦੇਵ ਜੀਨੂੰ ਕਲਜੁਗੀ ਜੀਵਾਂ ਦੁਖਆਰਿਆਂ ਦੀ ਪੁਕਾਰ ਪ੍ਰਭੂ ਨੇ ਸੁਣਕੇ ਮਾਤਲੋਕ ਵਿਚ ਸ੍ਰੀ ਗੁਰੂ ਜੀਨੂੰ ਭੇਜ ਦਿਤਾ, ਏਹਨਾਂ ਗੁਰੂ ਸਾਹਿਬਾਂ ਨੇ ਹੰਕਾਰੀਆਂ ਦੇ ਹੰਕਾਰ ਤੋੜੇ ਤੇ ਬੜੀਆਂ ਬੜੀਆਂ ਸ਼ੱਕਤੀਆਂ ਖੇਤੀ ਹਰੀ ਭਰੀ ਕਰਨੀ ਮਲਕ ਭਾਗੋ ਦੀ ਪੂਰੀਆਂ ਵਿਚੋਂ ਰਕਤ ਕੱਢ ਦਿਖੌਣੀ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁਧ ਕੱਡਨਾ ਤੇ ਬਾਵਰਸ਼ਾਹ ਦੀ ਜੇਹਲ ਦੀਆਂ ਚਕੀਆਂ ਫਿਰਨੀਆਂ ਇਤਾਦਿਕ ਅਨੇਕਾਂ ਹੀ ਗੁਰੂ ਜੀ ਨੇ ਅਕਾਲੁ ਪੁਰਖੁ ਦੇ ਹੁਕਮ ਨਾਲ ਕਰਾਮਾਤਾਂ ਦਿਖਾਈਆਂ ਅਤੇ ਭੁਲੇ ਹੋਏ ਲੋਕਾਂ ਨੂੰ ਸਿਧੇ ਮਾਰਗ ਲਾਯਾ, ਅਤੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਬਾਲਜਾ ਅਵੱਸਥਾ ਤੇ ਹੀ ਭਗਤੀ ਔ ਵੈਰਾਗ ਨਾਮੁ ਗਿਯਾਨ ਆਦੀ ਗੁਨਾਂ ਕਾ ਉਪਦੇਸ਼ ਜਗਾਂਤ ਮੇ ਪਸਾਰਿਆ, ਪੁਨ੍ਹਾ

---

*ਆਦਿ ਸਚੁ ਸੇ ਨਿਰੰਕਾਰ ਤੱਕ ਏਹ ਨਿਰੰਜਨ ਪੰਥ ਕਾ ਮੂਲ ਮੰਤ੍ਰ ਜੋ ਸ੍ਰੀ ਬਰਨਦੇਵ ਜੀਨੇਂ ਨਿਰੰਜਨ ਪੰਥ ਦੇ ਸ੍ਰਿਤਾਜ ਸ੍ਰੀ ਗੁਰੂ ਬਾਬਾ ਹੰਦਾਲੁ ਜੀਨੂ ਏਹ ਗੁਰ ਦੀਖਿਆ ਮੂਲ ਮੰਤ੍ਰ ਦਿਤਾ ਸੀ ਇਸ ਮੂਲ ਮੰਤ੍ਰ ਦੀ ਵਿਆਖਿਆ ਵਾਰਤਕ ਵਿਚ ਕੀਤਾ ਜਾਏ ਤਾਂ ਇਕਤ੍ਰਾਂ ਨਿਰੰਕਾਰ ਦਾ ਯਾ ਗੁਰਾਂ ਦਾ ਮੰਗਲਾ ਚਰਨ ਹੈ।

Digitized by Panjab Digital Library | www.panjabdigilib.org

*ਸੁਲਤਾਨਪੁਰ ਵੇਂਈ ਨਦੀ ਮੇਂ ਚੁੱਭੀ ਲਾਕੇ ਜਲਸਾਂਈ ਸ੍ਰੀ ਭਗਵਾਨ ਜੀ ਪਾਸ ਗੁਰੂ ਜੀ ਗਏ। ਤਬ ਭਗਵਾਨ ਜੀ ਕਹਿਆ ਗੁਰੂ ਜੀ ਕੋ ਗੁਰ ਸਿਖੀ ਕੀ ਰੀਤ ਚਲਾਈ ਹੈ, ਕਿ ਅਜੇ ਨਹੀ ਤਬ ਗੁਰੂ ਜੀ ਕਹਿਆ ਮਾਤਲੋਕ ਕੀ ਮ੍ਰਜਾਦਾ ਹੈ।

ਗੁਰਮੁਖ ਉਪਦੇਸ਼ ਸੁਨੇ ਬਿਨਾਂ ਉਪਦੇਸ਼ ਕਰਨੇ ਕਾ ਅਧਿਕਾਰ ਨਹੀਂ, ਇਸ ਮ੍ਰਜਾਦਾ ਰਖਨ ਕੇ ਨਮਿੱਤ ਆਪਕੇ ਪਾਸ ਉਪਦੇਸ਼ ਲੇਨੇ ਆਏ ਹੈਂ, ਤਬ ਮਹਾਰਾਜ ਬਡੇ ਸਤਿਕਾਰ ਸੇ ਗੁਰੂ ਜੀ ਕੋ ਸਤਿਨਾਮੁ ਮੰਤ੍ਰ ਉਪਦੇਸ ਕੀਆ ॥ ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥ ਏਹ ਗੁਰ ਮੰਤ੍ਰ ਗੁਰੂ ਜੀ ਜਲਸਾਂਈ ਭਗਵਾਨ ਸੇ ਸੁਨਕੇ ਫੇਰ ਜਲ ਸੇ ਬਾਹਰ ਆਏ, ਗੁਰ ਸਿਖੀ ਕੀ ਰੀਤ ਸੰਸਾਰ ਮੇਂ ਚਲਾਈ ॥ ਜੋ ਜਲ ਸਾਂਈ ਯਾ ਭਗਵਾਨ ਯਾ ਬਰਨਦੇਵ ਜੀ ਯਾ ਬਿਸ਼ਨੂੰ ਭਗਵਾਨ ਯਾ ਬਾਬਾ ਜਿੰਦਾ ਏਕ ਨਾਮੁ ਸਹੰਸੀ ਨਾਈ ਜੋਤੀ ਸ੍ਵਰੂਪ ਓਹੀ ਅਕਾਲ ਪੁਰਖੁ ਹੀ ਸ੍ਰੀ ਸਤਿ ਗੁਰੂ ਨਾਨਕ ਦੇਵ ਜੀਕਾ (ਗੁਰੂ ਹੈ) ਪੁਨ੍ਹਾ ਸ੍ਰੀ ਗੁਰੂ ਜੀ ਨੇ ਚਾਰ ਉਦਾਸੀਆਂ ਵਿਚ ਤਿੰਨਾਂ ਲੋਕਾਂ, ਸੱਤਾਂ ਦੀਪਾਂ, ਕਾ ਗਮਨ ਕਰਕੇ ਲੰਕਾ, ਅਸਾਮ, ਆਫਗਾਨ ਸਤਾਂਨ, ਅਰਬਸਤਾਂਨ ਕਸ਼ਮੀਰ, ਕਈਆਂ ਟਾਪੂਆਂ, ਆਦਿਕ ਮੇਂ ਬਿਚਰ ਕੇ ਬੜੇ ਬੜੇ ਰਾਜੇ ਮਹਾਂ ਰਾਜਿਆ, ਕੋ ਸਿਖਸ਼ਾਂ ਦੇ ਕਰਕੇ ਅਤੇ ਸਤਿਨਾਮੁ ਮੰਤ੍ਰ ਅਰਥਾਤਿ ਗੁਰ ਦੀਖਿਆ ਦੇਕੇ ਮੁਕਤ ਕੀਤਾ, ਪੁਨ੍ਹਾ, ਇਸੀਤ੍ਰਾਂ ਸੰਸਾਰ ਮੇਂ ਬਿਚਰ ਬਿਚਰ ਕੇ ਕਈਆਂ ਮੁਲਕਾਂ, ਕਈਆਂ ਟਾਪੂਆ ਦਾ ਸੈਲਾ ਕੀਤਾ, ਅਤੇ ਧਰਮ ਦਾ ਪ੍ਰਚਾਰ ਕੀਤਾ, ਕਈਆਂ ਪੀਰਾਂ, ਫਕੀਰਾਂ, ਸੱਯਦਾਂ, ਸਾਧੂਆਂ, ਸਿਧ ਮੰਡਲੀ ਆਦਿਕ ਨਾਲ ਗੋਸਟਾਂ ਕੀਤੀਆਂ, ਤੇ ਉਨ੍ਹਾਂ ਨੂੰ ਸਤਿਨਾਮੁ ਤੇ ਅਕਾਲ ਪੁਰਖੁ ਦਾ ਸਿਮਰਨ ਦਸਿਆ ॥ ੧ ॥

---

*ਸਾਖੀ ਪ੍ਰਮਾਣ ਦਾ ਪੰਨਾ ੩ ਪੁਰ ਦੇਖਹੁ ਰਚੱਤ ਸੰਤ ਆਤਮਾ ਸਿੰਘ ਗਿਯਾਨੀ ਜੀ ਕਾ ਬਨਾਯਾ ਹੋਯਾ ਜੋ ਸਤਵੀ ਵਾਰਗੁਰ ਖਾਲਸਾ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ ਹੈ।

Digitized by Panjab Digital Library | www.panjabdigilib.org

ੴ ਸਤਿਨਾਮ ਕਰਤਾ ਪੁਰਖੁ

ਜੋ ਬੜੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀਕੀ ਭਾਈ ਬਾਲੇ ਵਾਲੀ ਸੰਮਤ ਨਾਨਕ ਸ਼ਾਹੀ ੪੨੭ ਮੁਫੀਦ ਆਮ ਪ੍ਰੈਸ ਲਹੌਰ ਮੇਂ ਛੱਪੀ ਹੈ, ਉਸ ਮੇਂ ਸ੍ਰੀ ਨਿਰੰਜਨ ਪੰਥ ਦੇ ਸ੍ਰਿਤਾਜ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਹੋਏ ਹਨ, ਇਨ੍ਹੋਂ ਕੇ ਪ੍ਰਤਿ ਸ੍ਰੀ ਗੁਰੂ ਨਾਨਕ ਦੇਵ ਜੀ ਨਿਜ ਮੁਖਾਰ ਬਿੰਦ ਸੇ ਅਕਾਲ ਪੁਰਖੁ ਕੀ ਪਰੇਰਨਾ ਸੇ ਭਵਿਖਤ ਸ਼ਬਦ ਇੰਵ ਕਹਿੰਦੇ ਹਨ।

(ਭਵਿਖਤ ਸ਼ਬਦ ਸ੍ਰੀ ਗੁਰੂ ਨਾਨਕ ਜੀ ਵਾਚ)

ਸ੍ਰੀ ਸਤਿਗੁਰੂ ਜੀ ਪ੍ਰਹਿਲਾਦਿ ਭਗਤਿ ਪਾਸ ਗਏ ਹਰਿ ਚਰਚਾ ਕਰਨੇ ਲਗੇ, ਤਬ ਕੋਲੋਂ ਮ੍ਰਦਾਨੇ ਨੇ ਪ੍ਰਹਲਾਦਿ ਭਗਤਿ ਪਾਸ ਬਿਨਤ ਕੀਤੀ, ਹੇ ਪ੍ਰਹਿਲਾਦਿ ਭਗਤਿ ਹਰੀ ਕੇ ਏਕ ਸੰਸਾ ਮੇਰੇ ਉਰ ਮੇਂ ਹੈ, ਤਾਂ ਪ੍ਰਹਿਲਾਦਿ ਭਗਤਿ ਨੇਂ ਕਹਾ ਜੋ ਸੰਸਾ ਹੈ ਕਹੁ ਮਰਦਾਨਾ, ਤਬ ਮਰਦਾਨੇ ਕਹਾ ਕੋਈ ਹੋਰ ਏਥੇ ਤੱਕ ਆਯਾ ਹੈ, ਕਿ ਨਾਨਕ ਤੱਪਾ ਹੀ ਆਯਾ ਹੈ, ਤਬ ਪ੍ਰਹਿਲਾਦਿ ਭਗਤਿ ਕਹਾ ਆਗੇ ਇਕ ਕਬੀਰ ਭਗਤ ਗਿਯਾ ਹੈ, ਦੂਜਾ ਕੋਈ ਨਹੀ ਆਯਾ, ਅਤੇ ਜਾਂ ਗੁਰੂ ਨਾਨਕ ਏਥੇ ਦਰਸੰਨ ਦਿਖਾਯਾ ਹੈ, ਤਾਂ ਫੇਰ ਮਰਦਾਨੇ ਕਹਾ ਸੁਨੋ ਸੰਤ ਪ੍ਰਮ ਗਿਆਨੀ ਜੀ ਕੋਈ ਹੋਰ ਭੀ ਜਗਤਿ ਮੇਂ ਹੋਵੇਗਾ, ਜੋ ਏਥੇ ਤੱਕ ਪੌਹਚੇਗਾ, ਪ੍ਰਹਿਲਾਦਿ ਭਗਤਿ ਜੀ ਕਹਾ ਸੁਨ ਮਰਦਾਨਾ ਮੇਰਾ ਬਚਨ ਪੰਜਾਬ ਦੇਸ ਮੇਂ ਪ੍ਰਗਨੇ*ਬਟਾਲੇ ਦੇ ਮਧ ਸੰਤੁ ਪੂਰਨ ਪੁਰਖੁ ਹੰਦਾਲੁ ਹੋਵੇਗਾ, ਓਹ ਏਥੇ ਤੱਕ ਆਵੇਗਾ, ਹੋਰ ਕਿਸੇ ਕੀ ਸ਼ਕਤੀ ਨਹੀ ਔਣੇਕੀ,

*ਬਟਾਲੇ ਦਾ ਜਿਲਾ ਓਹਨਾਂ ਦਿਨਾ ਮੇਂ ਜੰਡਿਆਲੇ ਨੂੰ ਲਗਦਾ ਸੀ, ਅਜ ਕੱਲ ਜਿਲਾ ਅੰਮ੍ਰਿਤਸਰ ਜੰਡਿਆਲੇ ਨੂੰ ਲਗਦਾ ਹੈ-

Digitized by Panjab Digital Library | www.panjabdigilib.org

ਓਹ ਬੜਾ ਭਗਤਿ ਹੋਵੇਗਾ, ਹਰਿ ਕੀ ਭਗਤਿ ਵਿਚ ਬੜਾ ਸੂਰਮਾ ਹੋਵੇਗਾ, ਏਹਨਾ ਤੀਨਾ ਬਗੈਰ ਬਿਨਾ ਹੋਰ ਕੋਈ ਨਹੀਂ ਆਸੀ, ਹੇ ਜਗਯਾਸੂ ਮੇਰਾ ਬਚਨ ਸੁਨ, ਸੌ ੧੦੦ ਬਰਸਾਂ ਨਾਨਕ ਦੇ ਪਿਛੋਂ ਹਰਿ ਕੀ ਭਗਤਿ ਵਿਚ ਪ੍ਰਬੀਨ ਹੋਵੇਗਾ, ਤਾਂ ਮਰਦਾਨੇ ਨਿੰਮਸ਼ਕਾਰ ਕੀਆ, ਅਤੇ ਕਹਾ ਆਪ ਨਿਹਕਾਂਮੁ ਸੰਤੁ ਹੋ, ਜਿਨ੍ਹੋਂ ਨੇ ਮੇਰੇ ਹਿਰਦੇ ਦਾ ਭਰਮ ਨਿਵਾਰਨ ਕੀਆ, ਆਪ ਜੀ ਕੋ ਮੇਰੀ ਬਾਰੰਬਾਰ ਨਿੰਮਸ਼ਕਾਰ ਹੈ ॥ ੧ ॥ ॥ ੨ ॥

ਪੁਨ੍ਹਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਗਵਨ ਕਰ ਧ੍ਰੂਅ ਭਗਤਿ ਕੇ ਮੰਡਲ ਵਿਖੇ ਜਾ ਪ੍ਰਾਪਤਿ ਹੋਏ, ਅਗੇ ਧ੍ਰੂਅ ਭਗਤਿ ਹਰਿ ਜੀ ਦੇ ਗੁਨ ਗਾਇ ਰਹੇ ਹਨ, ਤਹਾਂ ਗੁਰੂ ਜੀ ਚਲੇ ਗਏ, ਤਬ ਧ੍ਰੂਅ ਭਗਤਿ ਗੁਰੂ ਜੀ ਨੂੰ ਦੇਖ ਕੇ ਬੜਾ ਅੱਚਰਜ ਰਿਹਾ, ਏਥੇ ਤਾਂ ਆਦਮੀ ਆਣੇਕੀ ਗੰਮਤਾ ਨਹੀਂ, ਏਹ ਤੂੰ ਮਾਨਸ ਕੈਸੇ ਆਏ ਹੈਂ, ਤਬ ਧ੍ਰੂਅ ਭਗਤਿ ਨੇ ਗੁਰੂ ਜੀ ਪਾਸ ਬਚਨ ਕਹਾ, ਆਗੇ ਹੋਈ ਹੈ, ਅਬ ਨਹੀਂ ਹੋਇ, ਇਕ ਕਬੀਰ ਭਗਤਿ ਬਿਨਾ ਕੋਈ ਨਹੀਂ ਪੌਹਿਚਆ, ਕਬੀਰ ਜੀ ਨੇ ਐਸੇ ਸਾਧਨ ਕੀਆ ਹੈ ਕਿ ਰਾਮੁ ਕੇ ਨਾਮੁ ਕਾ ਹੀ ਬਨਾ ਹੈ ਉਨ ਕਾ ਸਰੀਰ, ਤਬ ਗੁਰੂ ਨਾਨਕ ਜੀ ਨੇ ਕਹਾ ਸੁਨੋ ਧ੍ਰੂ ਸੰਤ ਗਿਆਨੀ, ਅਗੇ ਹੋਈ ਅਬ ਭੀ ਹੋਵੇਗੀ, ਇਕ ਭਗਤਿ ਕਬੀਰ, ਦੂਜਾ ਨਾਨਕ, ਤੀਜਾ ਹੰਦਾਲੁ ਜਟੇਟਾ, ਇਕ ਨਿਰੰਜਨ ਕਾ ਹੀ ਉਪਾਸ਼ਕ ਹੋਵੇਗਾ, ਕਿਸੇ ਕੀ ਕਾਂਣ ਨਹੀਂ ਰਖੇਗਾ, ਇਕ ਸਚੁਨਾਮੁ ਉਸ ਕਾ ਨਿਸ਼ਾਨ ਹੋਵੇਗਾ, ਦੇਖਹੁ ਗੇ ਜਬ ਪੈਦਾ ਹੋਵੇਗਾ, ਤਬ ਏਕ ਪਲਕ ਮੇਂ ਏਥੇ ਪੌਹੁਚੇਗਾ, ਜਬ ਗੁਰੂ ਨਾਨਕ ਜੀ ਨੇ ਏਹ ਬਚਨ ਕਹੇ, ਤਬ ਧ੍ਰੂਅ ਭਗਤਿ ਗੁਰੂ ਜੀ ਕੀ ਚਰਨੀ ਪਿਆ ਅਰ ਕਹਿਆ ਸਤਿ ਸਤਿ ਆੱਪੁ ਕਾ ਕੈਹਣਾ ਹੈ, ਆਪ ਕੇ ਬਚਨ ਅਟਲ ਹੈਂ, ਆਪਸ ਮੇਂ ਬੰਦਨਾ ਕਰਕੇ, ਪੁਨ੍ਹਾ ਸ੍ਰੀ ਸਤਿ ਗੁਰੂ ਸੱਚ ਖੰਡ ਮੇਂ ਪਹੁੰਚ ਕਰ ਸ੍ਰੀ ਜੋਤੀ ਸ੍ਰੂਪ ਨਿੰਰਕਾਰ ਜੀ ਕਾ ਦਰਸ਼ਨ ਕਰ, ਫਿਰ ਸਤਿਗੁਰੂ ਸੰਸਾਰ ਮੇਂ ਆ ਕਰਿ

Digitized by Panjab Digital Library | www.panjabdigilib.org

ਮਾਤਲੋਕ ਮੇਂ ਬਿਚਰ ਕੇ ਕਈ ਪਤਤਿ ਪਾਹਨ ਕੋ ਤਾਰਿਯਾ ॥੨॥੩॥

ਇਸੀ ਤਰਾਂ ਜਬ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਕਾਬਲ ਮੇਂ ਦੀਨਾ ਨਾਥ ਦਿਆਲ ਜੀਨੂੰ ਜਾ ਦਰਸ਼ਨ ਦਿਤਾ, ਅਤੇ ਜਬ ਗੁਰੂ ਜੀ ਦੀਨਾ ਨਾਥ ਦਿਆਲ ਨਾਲ ਗੋਸਟ ਕਰ ਚੁਕੇ, ਤਾਂ ਦੀਨਾਨਾਥ ਦਿਆਲ ਜੀ ਨੇ ਗੁਰੂ ਜੀ ਪਾਸ ਬਿਨਜ ਕੀਤੀ, ਕਿ ਆਪ ਤਾਂ ਮੇਰੇ ਪਾਸੋਂ ਚਲੇ ਹੋ, ਤੇ ਮੇਰਾ ਭੀ ਛੁਟਕਾਰਾ ਕਰ ਜਾਓ, ਮੇਰੀ ਦੇਹ ਕਬ ਛੁਟੇਗੀ, ਤਬ ਸਤਿਗੁਰੂ ਜੀ ਨੇ ਕਹਿਆ ਤੇਰੀ ਦੇਹ ਮੈਥੋਂ ਪਿਛੋਂ ੧੦੦ ਸਉ ਵੱਰ੍ਹਾ ਪਾਛੇ ਦੇਹ ਛੁਟੇਗੀ, ਵਟਾਲੇ ਦੇ ਪ੍ਰਗਨੇ ਮੇਂ ਮੈਥੋਂ ਪਿਛੋਂ ਇਕ ਹੰਦਾਲੁ ਸੰਤੁ ਪਰੀ ਪੂਰਨ ਹੋਵੈਗਾ, ਤੇ ਹੰਦਾਲੁ ਜੀ ਦਾ ਇਕ ਸੇਵਕ ਛਬੀਲ ਦਾਸ ਤੇਰੇ ਪਾਸ ਆਵੇਗਾ, ਤੇ ਤੁਵਾਨੂੰ ਹੰਦਾਲੁ ਜੀ ਦਾ ਪ੍ਰਗਟ ਹੋਣਾ ਆਨ ਕੇ ਛਬੀਲ ਦਾਸ ਦਸੇਗਾ, ਤੇ ਤੁਸੀਂ ਦੀਨਾ ਨਾਥ ਦਿਆਲੁ ਜੀ ਓਸ ਸਿਖ ਨੂੰ ਕਿਛ ਪ੍ਰਸਾਦਿ ਵਜੋਂ ਹੰਦਾਲੁ ਜੀ ਨੂੰ ਭੇਜੋਗੇ, ਤਬ ਛਬੀਲ ਦਾਸ ਹੰਦਾਲੁ ਜੀ ਪਾਸ ਅਤੇ ਓਹਨਾਂ ਦੇ ਚਰਨਾਂ ਪੁਰ ਤੁਮਾਰਾ ਪ੍ਰਸ਼ਾਦਿ ਰਖ ਕੇ ਤੁਮਾਰੀ ਨਿੰਮਸ਼ਕਾਰ ਕਰੇਗਾ, ਤਬ ਹੰਦਾਲੁ ਮੇਵਾ ਮੁਖਮੇਂ ਪਾਕਰ ਕਹੇਂਗੇ, ਕਿ ਦੇਹ ਛੁਟੀ ਔਹ ਦੀਨ ਦਿਆਲ, ਇਸੀ ਤਰ੍ਹਾਂ ਤਿੰਨ ਵੇਰਾਂ ਹੰਦਾਲੁ ਜੀ ਅਪਨੇ ਮੁਖਾਰ ਬਿੰਦ ਸੇ ਕਹੇਂਗੇ, ਹੇ ਦੀਨਾ ਨਾਥ ਦਿਆਲ ਤਬ ਤੇਰੀ ਦੇਹ ਛੁਟੇਗੀ, ੧੬੫ ਇਕ ਸਉ ਪੈਂਠਸ ਸਾਲ ਦੇ ਹੋ ਕੇ ਤੇਰੀ ਦੇਹ ਛੁਟੇਗੀ, ਤਬ ਸ੍ਰੀ ਸਤਿਗੁਰੂ ਨਾਨਕਦੇਵਜੀ ਦੀਨਾਨਾਥ ਦਿਆਲ ਜੀ ਪਾਸੋਂ ਵਿਦਾ ਹੋਏ ॥ ੩ ॥ ੪ ॥

ਪੁਨ੍ਹਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਜਾਂਦੇ ਜਾਂਦੇ ਦੀਪਾਲੁ ਸ਼ੈਹਰ ਦੇ ਬਾਹਰ ਵਾਰ ਸਵਾ ਕੋਸ ਦੇ ਸ਼ਹਿਰਦੇ ਬਾਹਰ ਬਾਗ ਮੇਂ ਡੇਰਾ ਕੀਆ, ਏਹ ਸਾਖੀ ਘੋਹੇ ਜੱਟ ਦੀ ਬੌਹੁਤ ਬਿਸਥਾਰ ਸੇ ਹੈ, ਏਥੇ ਸੰਖੇਪ ਨਾਲ ਲਿਖੀ ਜਾਂਦੀ ਹੈ, ਜੋ ਗੁਰੂ ਹੰਦਾਲੁ ਜੀ ਦੀ ਬਾਬਤ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇਂ ਘੋਂਹੇ ਜਟ ਨਾਲ ਭਵਿਖੱਜਸ਼ਤ ਸ਼ਬਦ ਕਹੇ ਹੈਂ ਸੇ ਲਿਖੇ ਜਾਂਦੇ ਹਨ। ਤਾਂ ਗੁਰੂ ਨਾਨਕ ਜੀ ਕਹਿਆ ਭਾਈ

Digitized by Panjab Digital Library | www.panjabdigilib.org

ਘੋਹਾ ਤੈਨੂੰ ਖਬਰ ਹੋਸੀ ਕਿ ਨਾ ਹੋਸੀ, ਤਾਂ ਭਾਈ ਘੋਹੇ ਨੇ ਕਹਿਆ ਜੀ ਮੈਨੂੰ ਤਾਂ ਖਬਰ ਕਾਈ ਨਹੀ ਜੀ, ਤਾਂ ਫੇਰ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਤੇਰੇ ਬੇਟੇ ਨੇ ਤੇਰੇ ਨਾਲੋਂ ਭੀ ਤਪੁ ਭਾਰੀ ਕੀਤਾ ਆਹਾ, ਪਰ ਇਕ ਵਿਚ ਖੋਟ ਹੋਯਾ ਹੈ, ਉਸਤੋਂ ਇਸਨੂ ਤਿੰਨ ਜਨਮ ਵਿਛੜੇ ਨੂੰ ਹੋਏ ਹਨ, ਸੋ ਹੁਣ ਤੇਰੇ ਘਰਿ ਤੱਪ ਕਰੇ, ਅਤੇ ਸਾਡੇ ਸਤਵੇਂ ਜਾਂਮੇ ਪਾਸੋਂ ਏਨ ਉਧਰਨਾ ਹੈ, ਤਾਂ ਘੋਹੇ ਨੇ ਅਰਦਾਸ ਕੀਤੀ ਜੀ ਮੇਹਰ ਵਾਂਨ ਤੱਪ ਇਸ ਕਾ ਪੂਰਾ ਹੋਯਾ ਤਾਂ ਏਹ ਮੁਕਤ ਕਿਉਂ ਨਾ ਹੋਇਆ, ਤੇ ਕਸਰ ਕੀ ਰੈਹ ਗਈ ਆਹੀ, ਅਤੇ ਜਨਮ ਏਹ ਤਿੰਨ ਜਾਮੇ ਕਿਸ ਦੇ ਹੋਇਆ, ਸੋ ਕਿਰਪਾ ਕਰਕੇ ਦਸੀਏ, ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਕਿ ਭਾਈ ਘੋਹਾ ਤਿੰਨ ਜਨਮ ਏਹ ਤਖਾਣ ਦੇ ਘਰਿ ਰਹਿਆ, ਤੇ ਭਗਤਿ ਵਿਚ ਰਹਿਆ, ਪਹਲੇ ਜਨਮ ਉਦੇ ਸਿੰਘ ਕਾ ਬੇਟਾ, (ਬੀਰਮਦੇਉ) ਕਾ ਭਾਈ ਸੋ ਦੋਨੋ ਬੀਰਮਦੇਉ, ਅਤੇ ਇਸਦਾ ਨਾਉਂ ਨਰਸਿੰਘ ਥਾ, ਪਰ ਏਸਨੇਂ ਉਸਕੀ ਬਾਰਾਬਰੀ ਕਰੀ ਥੀ, ਅਤੇ ਬੀਰਮ ਦੇਉ ਪਿਛਲੇ ਜਨਮੋਂ ਕਾ ਉਤਮ ਥਾ, ਤਉਸਕੇ ਮੁਖਤੇ ਆਵਾਜ ਨਿਕਲੀ ਰੇ ਕਿਉਂ ਬਾਢੀਆਂ ਕੀ ਤਰਹਿ ਵਿੰਗਚੜ੍ਹਾਵਤਾ ਹੈ, ਸੋ ਇਸ ਕਰਕੇ ਇਸਕਾ ਤੱਪ ਘਟਿ ਰਹਿਆ, ਅਰ ਫੇਰ ਵਹੁ ਤੋ ਰਾਜਾ ਜਨਕ ਕਾ ਦਮਾਦ ਹੂਆ, ਅਰ ਉਸਕੇ ਵਿਵਾਹ ਵਿਖੇ ਇਸ ਕੋ ਭੀ ਹਮ ਨੇ ਦੇਖਿਆ ਪਰ ਇਸਕੇ ਮੁਖਕੀ ਸੋਭਾ ਮਾੜੀ ਜੈਸੀ ਹੋ ਗਈ, ਕਿਉਂਕਿ ਏਕ ਤੋ ਸਾਂਈ ਲੋਕਾਂ ਕਾ ਸ੍ਰਾਪ ਅਰ ਦੂਸਰਾ ਏਹ ਕ੍ਰੋਧ ਬਹੁਤ ਕਰਤਾ ਥਾ, ਇਸ ਕਰਕੇ ਇਸਕੇ ਮੁਖ ਕੀ ਸੋਭਾ ਦੂਰ ਹੋ ਗਈ ਥੀ, ਤਬ ਉਹ ਬੀਰਮਦੇਉ ਕਿਤਨਾ ਕੁ ਚਿਰ ਰਹਿ ਕਰ ਫੇਰ ਓਹ ਗੁਰੂ ਕੇ ਤੁਲ ਹੋ ਗਿਆ, ਅਤੇ ਮਾਤਲੋਕ ਮਾਝੇ ਵਿਚ ਦਰਸੇ ਨੂੰ ਤਿਖਾਣ ਦੇ ਘਰਿ ਜਨਮ ਹੋਯਾ, ਪਰ ਭਾਈ ਭਜਨ ਦਾ ਬੀਜ ਜਾਂਦਾ ਨਹੀ ਫੇਰ ਤੇਰ ਘਰਿ ਤਦ ਪੈਇਦੇ ਹੋਇਆ ਸੋ ਕਮਾਈ ਕਰਸੀ ਫੇਰ ਉਧਰਸੀ, ਤਾਂ ਘੋਹੇ ਨੇ ਕਹਿਆ ਜੀ ਹੁਣ ਬੀਰਮਦੇਉ ਕਿਸਕੇ ਜਨਮੇਗਾ, ਤਾਂ ਗੁਰੂ

Digitized by Panjab Digital Library | www.panjabdigilib.org

ਨਾਨਕ ਜੀ ਕਹਿਆ ਜੱਟ ਦੇ ਘਰਿ ਜਨਮੇਗਾ, ਤੇ ਨਾਉ ਹੰਦਾਲੁ ਹੋਸੀ, ਅਤੇ ਭਾਰੀ ਸੰਤ ਹੋਸੀ, ਤੇ ਵਡਾ ਗੁਰਮੁਖ ਹੋਸੀ, ਅਤੇ ਤੇਰੇ ਬੇਟੇ ਦੇ ਤ੍ਰੈਹੁ ਜਨਮ ਤ੍ਰਿਖਾਣ ਦਿਆਂ ਦਾ ਨਾਮੁ ੧ ਬਾਲੂ, ੨ ਹਰੀਆ, ੩ ਦਰਿਬਾਰੀ, ਅਤੇ ਹੁਣ ਦਰਸਾ ਹੈ, ਤਾਂ ਗੁਰੂ ਨਾਨਕ ਜੀ ਕਹਿਆ, ਓਹ ਸੱਤਲੁਦ੍ਰ ਜੋ ਨਦੀ ਹੈ ਤਿਸਕੇ ਕਨਾਰੇ ਏਕ ਪਿੰਡ ਬੜਾ ਕਸਬਾ ਹੋਵੇਗਾ, ਸੋ ਓਥੇ ਇਸ ਨੂੰ ਆਸਾਡੇ ਅਉਤਾਰ ਦਾ ਦਰਸ਼ਨ ਹੋਸੀ, ਤੇ ਖੱਤ੍ਰੀ ਜਨਮ ਏਹ ਭੀ ਹੋਸੀ, ਪਰ ਉਸ ਦੀ ਇਸ ਉਪਰ ਬਹੁਤ ਕ੍ਰਿਪਾ ਹੋਸੀ, ਅਰ ਬਾਲਕ ਜਾਮੇਂ ਵਿਚ ਇਸ ਦੇ ਨਾਲ ਬਹੁਤ ਸੰਗ ਵਿਚ ਰਹਿਆ ਕਰੇਗਾ, ਅਰ ਸੰਗ ਹੀ ਓਹ ਇਸ ਨੂੰ ਰਖੇਗਾ, ਤੇ ਭਾਈ ਵਹੁ ਬੜਾ ਗੁਰਮੁਖ ਹੋਸੀ, ਜੇ ਤੂੰ ਕਹਿੰਦਾ ਹੋਵੇਂ ਜੋ ਗੁਰੂ ਭੀ ਜਨਮ ਵਿਰ ਆਂਵਦਾ ਹੈ, ਤਾਂ ਏਹ ਜਾਣ ਜੋ ਓਹ ਰੰਚਕ ਜੋ ਉਸ ਕੀ ਅੰਸ ਹੋਤੀ ਹੈ, ਓਹ ਵਿਸਤਾਰ ਕਰਕੇ ਪਸਰ ਜਾਂਦੀ ਹੈ, ਤੇ ਇਂਵ ਜਾਣ ਕੇ ਭਰਮਣਾ ਨਹੀਂ, ਭਾਈ ਘੋਹਾ ਕਲਜੁਗ ਵਿਚ ਬਡੇ ਸ਼ਬਦ ਬਿਨਾ ਕਿਸੇ ਨੂੰ ਨਹੀਂ ਜਾਨਣਗੇ, ਜਨਮ ਸਾਖੀ ਸ੍ਰੀ ਗੁਰੂ ਨਾਨਕ ਜੀ ਕੀ ਵਿਚੋਂ ਘੋਹੇ ਜੱਟ ਦੀ ਸਾਖੀ ਪੰਨਾ ੪੨੬-੪੨੭ ਨਾਨਕ ਸ਼ਾਹੀ ੪੪੩, ਈਸਵੀ ੧੯੧੨ ਜੋ ਲਹੌਰ ਮੇਂ ਛਪੀ ਹੈ ਪੜ੍ਹ ਦੇਖਹੁ ॥ ੪ ॥ ੫ ॥

ਨਾਨਕ ਸ਼ਾਹੀ ੪੨੭ ਵਿਚ ਜੋ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਛੱਪੀ ਹੈ ਓਸ ਮੇਂ ਚੌਂਹੁ ਪੰਜਾਂ ਸਾਖੀਆਂ ਮੇਂ ਸ੍ਰੀ ਸਤਿਗੁਰੂ ਹੰਦਾਲੁ ਜੀ ਦਾ ਪ੍ਰਗਟ ਹੋਣਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਵਿਖਸ਼ਤ ਸ਼ਬਦੋਂ ਮੇਂ ਹੱਛੀ ਤਰਾਂ ਖੋਹਲ ਕੇ ਦਸਿਆ ਹੈ, ਅਤੇ ਪੁਰਾਣੀਆਂ ਜਨਮ ਸਾਖੀਓਂ ਮੇਂ ਏਹਨਾਂ ਪੰਜਾਂ ਸਾਖੀਓਂ ਮੇਂ ਸ੍ਰੀ ਗੁਰੂ ਹੰਦਾਲੁ ਜੀ ਦੀ ਮਹਿਮਾ ਕਿਸ ਤੌਰ ਤੇ ਰੌਸ਼ਨੀ ਪਾਈ ਜਾਂਦੀ ਹੈ।

ਪ੍ਰਹਿਲਾਦਿ ਭਗਤਿ ਵਾਲੀ ਸਾਖੀ ੧, ਤੇ ਧ੍ਰੂਅ ਭਗਤਿ ਵਾਲੀ ਸਾਖੀ ੨, ਤੇ ਪੰਡਤ ਦੀਨਾ ਨਾਥ ਦਿਆਲੀ ਵਾਲੀ ਸਾਖੀ ੩, ਅਤੇ ਘੋਹੇ ਜੱਟ ਵਾਲੀ ਸਾਖੀ ੪, ਤੇ ਸਿਧਾਂ ਵਾਲੀ ਝੰਗਰਨਾਥ ਕੀ ਸਾਖੀ ੫,

Digitized by Panjab Digital Library | www.panjabdigilib.org

ਹੋਰ ਲਿਖਤ ਦੀਆਂ ਪੁਰਾਣੀਆਂ ਜਨਮ ਸਾਖੀਆਂ ਏਹਨਾਂ ਪੰਜਾਂ ਹੀ ਸਾਖੀਆਂ ਵਿਚ ਗੁਰੂ ਹੰਦਾਲੁ ਜੀ ਦਾ ਪ੍ਰਗਟ ਹੋਣਾ ਸ੍ਰੀ ਗੁਰੂ ਨਾਨਕ ਜੀ ਦਸ ਰਹੇ ਹਨ, ਹੋਰ ਇਕ ਪੁਰਾਣੀ ਜਨਮ ਸਾਖੀ ਲਿਖਤ ਦੀ ਮਹੰਤ ਬੂੜੀ ਦਾਸ ਉਦਾਸੀ ਪਿੰਡ ਚੱਕੋ ਕੇ ਦੇ ਪਾਸ ਹੈ ਏਹ ਜਨਮ ਸਾਖੀ ਬਹੁਤ ਹੀ ਪੁਰਾਤਮੀ ਭਾਈ ਮੁੰਨਛਾ ਸਿੰਘ ਨਿਵਾਸੀ ਬੋਪਾਰਾਇ ਕੀ ਮਾਰਫਤ ਪੜ ਕੇ ਦੇਖੀ ਜੋ ਏਸ ਪੁਰਾਣੀ ਜਨਮ ਸਾਖੀ ਦਾ ਪੰਨਾ ੩੨੮–੨੯੧–੨੯੦–੨੯੪ ਮੇਂ ਪੜ੍ਹ ਦੇਖਹੁ ਡਾਕਖਾਨਾ ਖਾਸ ਚਕੋ ਕੇ ਬਰਾਸਤਾ ਢਿਲਵਾਂ ਰਿਆਸਤ ਕਪੂਰਥੱਲਾ।

ਅਜ ਕਲ ਏਹਨਾਂ ਜਨਮ ਸਾਖੀਆਂ ਵਿਚੋਂ ਛਪਨ ਛਾਪਨ ਵੇਲੇ ਸ੍ਰੀ ਗੁਰੂ ਹੰਦਾਲੁ ਜੀ ਦਾ ਨਾਮੁ ਕੱਡੀ ਜਾਂਦੇ ਹਨ,ਤੇ ਜਿਥੋਂ ਨਾਮ ਨਹੀਂ ਨਿਕਲਦਾ ਜਾਪਦਾ ਓਥੇ ਥੱਲੇ ਹਾਂਛੀਏ ਪੁਰ ਨੋਟ ਦੇ ਦੇਂਦੇ ਹਨ, ਕਿ ਏਹ ਸਾਖੀ ਕਿਸੇ ਨੇ ਗੁਰੂ ਹੰਦਾਲੁ ਜੀ ਦੀ ਬਾਬਤ ਲਿਖ ਦਿਤੀ ਹੈ, ਖਵਰੇ ਓਹਨਾਂ ਸੱਜਨਾਂ ਪਿਆਰਿਆਂ ਨੂੰ ਗੁਰੂ ਹੰਦਾਲੁ ਜੀ ਦਾ ਨਾਮੁ ਯਾ ਨਿਰੰਜਨੀਆਂ ਗੁਰੂਆਂ ਦੀ ਮਹਿਮਾ ਕਿਉਂ ਬੁਰੀ ਲਗਦੀ ਹੈ, ਨਿਰੰਜਨੀਏ ਗੁਰੂ ਯਾ ਨਿਰੰਜਨੀਏ ਸਿਖ ਸਾਧ ਸੰਤ ਦਸਾਂ ਗੁਰੂ ਸਾਹਿਬਾਂ ਨੂੰ ਗੁਰੂ ਬਾਬਾ ਹੰਦਾਲੁ ਜੀ ਦਾ ਹੀ ਸ੍ਵਰੂਪ ਕਰ ਮੰਨਦੇ ਹਨ, ਫਿਰ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਨਾਲ ਈਰਸ਼ਾ ਦ੍ਵੈਸ਼ ਕਰਕੇ ਤੇ ਓਹਨਾਂ ਮਹਾਂ ਪੁਰਖਾਂ ਦਾ ਨਾਮ ਜਨਮ ਸਾਖੀਆਂ ਵਿਚੋਂ ਨਾਮ ਕਡਨੇ ਕਰਕੇ ਓਹਨਾਂ ਗੁਰਮੁਖਾਂ ਦੇ ਪਲੇ ਯਾ ਕੀ ਹਥ ਔਂਦਾ ਹੈ, ਸਗੋਂ ਨਿਰੰਜਨੀਏ ਗੁਰੂ ਯਾ ਨਿਰੰਜਨੀਏ ਸਿਖ ਸੇਵਕ ਦਸਾਂ ਗੁਰੂਆਂ ਨੂੰ ਗੁਰੂ ਬਾਬਾ ਹੰਦਾਲੁ ਜੀ ਨਾਲੋਂ ਵਧ ਕੇ ਅਦਬ ਅਦਾਬ ਰਖਦੇ ਅਤੇ ਮੰਨਦੇ ਹਨ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਪਿਆਰ ਤੇ ਕਾਰ ਵਿਹਾਰ ਕਰਦੇ ਕਰਾਉਂਦੇ ਹਨ, ਨਿਰੰਜਨੀਏ ਗੁਰੂ ਯਾ ਨਿਰੰਜਨੀਏ ਸਿਖ ਸੰਤ ਮੇਰ ਤੇਰ ਅਤੇ ਦੂਜਾ ਭਾਵ ਨਹੀਂ ਜਾਨਦੇ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਰਸਨਾਂ ਤੋਂ ਜੋ ਭੀ ਭਵਿਖਸ਼ਤ

Digitized by Panjab Digital Library | www.panjabdigilib.org

ਸ਼ਬਦ ਨਿਕਲਿਆ ਹੈ ਓਹ ਧੁਰ ਅੰਮਰਾ ਪੁਰੋ ਆਯਾ ਸੰਮਝਨਾ ਚਾਹੀਏ, ਦੇਖਹੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਦੇ ਹਨ, ਯੱਥਾ-

ਹਉ ਆਪਹੁ ਬੋਲ ਨ ਜਾਣਦਾ ਮੈ ਕਹਿਆ ਸਭ ਹੁਕਮਾਉ ਜੀਉ ॥

(ਮ: ੫ ਪੰਨਾ ੭੬੩)

ਸ੍ਰੀ ਸਤਿਗੁਰੂ ਨਾਨਕ ਜੀ ਨੇ ਅਪਨੇ ਮੁਖਾਰ ਬਿੰਦ ਸੇ ਜੋ ਭਵਿਖਸ਼ੱਤ ਸ਼ਬਦ ਅਕਾਲ ਪੁਰਖ ਕੀ ਪ੍ਰੇਰਨਾ ਸੇ ਸ੍ਰੀ ਗੁਰੂ ਹੰਦਾਲੂ ਜੀ ਕੇ ਪ੍ਰਤਿ ਬਚਨ ਕਹੇ ਹੈ ਉਸੀ ਤਰਾਂ ਹੋਏ। ਪੰਚਮ ਪਾਤਿ ਸਾਹਿਬ ਜੀ ਦਸਦੇ ਹਨ, ਕਿ ਗੁਰਾਂ ਦੇ ਯਾ ਸੰਤਾਂ ਦੇ ਯਾ ਮਹਾਂਪੁਰਖਾਂ ਰਿਖੀ ਬਿਆਸ ਜੀ ਵਰਗਿਆਂ ਦੇ ਜੋ ਅੰਮ੍ਰਤਰਸ ਦੇ ਭਰੇ ਹੋਇ ਬਚਨ ਅਸਥਿਰ ਸਤਿ, ਅੰਮਰ, ਅਟੱਲ, ਅਜਰ ਹੁੰਦੇ ਹਨ, ਸ੍ਰੀ ਗੁਰੂ ਪੰਚਮ ਜੀ ਸਾਰੰਗ ਰਾਗ ਦੇ ਵਿਚ ਕਥਨ ਇੰਞ ਕਰਦੇ ਹਨ, ਸਬਦ ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥ ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕੰ ਗਾਂਠਰੀ ਬਾਧਾ ॥ ੧ ॥ ਰਹਾਉ ॥ ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਯਟਲਾਧਾ ॥ ੧ ॥ ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥ ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥ ਦ੍ਰਿਸ਼ਟਿ ਮਾਨ ਹੈ ਸਗਲ ਬਿਨਾਸੀ ਇਕੁ ਸਾਧ ਬਚਨ ਅਗਾਧਾ ॥੩॥ ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲ ਦਿਖਾਧਾ ॥ ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥ ਐਸੇ ਰਸ ਦੇ ਭਿਜੇ ਹੋਏ ਅੰਮ੍ਰਿਤ ਰੂਪੀ ਗੁਰ ਬਚਨਾਂ ਨੂੰ ਮਨ ਰੂਪੀ ਹਿਰਦੇ ਵਿਚ ਘੁਟਿਕੇ ਗੱਠ ਦੇ ਲੈਨੀ ਚਾਹੀਏ।

ਏਸ ਸ਼ਬਦ ਮੇਂ ਸ੍ਰੀ ਗੁਰੂ ਪੰਚਮ ਪਾਤਿਸ਼ਾਹ ਜੀ ਨੇ ਵਰਨਣ ਇਉਂ ਕੀਤਾ ਹੈ, ਰਾਤ, ਦਿਨ, ਤਾਰਾ ਮੰਡਲ, ਸੂਰਜ, ਚੰਦਰਮਾਹ, ਪਹਾੜ, ਧਰਤੀ, ਜਲ, ਪਵਨ, ਅੰਡਜ, ਜੇਰਜ, ਉਤਭੁਜ, ਸੇਤਜ,

Digitized by Panjab Digital Library | www.panjabdigilib.org

*ਚਾਰ ਬੇਦ, †ਛੇ ਸ਼ਾਸਤ੍ਰ, ਤਿੰਨ ਗੁਨ ਰਜੋਗੁਨ, ਤਮੋਗੁਨ, ਸਤੋਗੁਨ, ਏਹ ਜਿਤਨੀਆਂ ਭੀ ਵਸਤੂ ਰਾਜ ਦਰਬਾਰ ਆਦਿਕ ਦ੍ਰਿਸ਼ਟੀ ਆਵਨ ਵਾਲੀਆਂ ਹਨ, ਏਹ ਸਭ ਨਾਸਵਾਨ ਹਨ, ਕਦਾਚਿਤ ਹੀ ਅਸਥਿਰ ਨਹੀਂ ਹਨ, ਅਤੇ ਸੰਤਾਂ ਗੁਰਾਂ ਦਾ ਜੋ ਮੁਖਵਾਕ ਹੈ, ਏਹ ਸਦਾ ਹੀ ਅਟਲ ਹੈ, ਜੋ ਸ੍ਰੀ ਗੁਰੂ ਨਾਨਕਦੇਵ ਜੀ ਨੇ ਭਵਿਖਤ ਬਚਨ ਕਹੇ, ਉਸੀਤਰਾਂ ਭਾਈ ਬਾਲੇ ਨੇ ਸ੍ਰੀ ਗੁਰੂ ਅੰਗਦਦੇਵ ਜੀਨੂ ਸੁਨਾਉਂਦਾ ਗਿਯਾ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਭਾਈ ਪੈੜੇ ਨੂੰ ਦਸਕੇ ਜਨਮਸਾਖੀ ਗੁਰੂ ਨਾਨਕ ਜੀਦੀ ਲਿਖਾਈ ਜਿਸਤ੍ਰਾਂ ਸ੍ਰੀ ਗੁਰ ਅੰਗਦ ਦੇਵ ਜੀ ਭਾਈ ਬਾਲੇ ਦੀ ਜੁਬਾਨੀ ਦਸੀ ਗਏ ਉਸੀਤਰਾਂ ਸ੍ਰੀ ਗੁਰੂ ਜੀ ਭਾਈ ਪੈੜੇ ਮੋਖੇ ਪਾਸੋ ਜਨਮ ਸਾਖੀ ਲਿਖਾਈ ਗਏ, ਅਤੇ ਸ੍ਰੀ ਗੁਰੂ ਹੰਦਾਲੁਜੀ ਦੀ ਬਾਬਤ ਜਿਸਤਰਾਂ ਭਾਈਬਾਲੇ ਨੇ ਦਸਿਆ ਉਸੀਤਰਾਂ ਸ੍ਰੀ ਗੁਰੂ ਅੰਗਦਦੇਵ ਜੀਨੇ ਸ੍ਰੀ ਗੁਰੂ ਹੰਦਾਲੁ ਜੀਦਾ ਜਿਕਰ ਪੰਜਾਂ ਸਾਖੀਆਂ ਵਿਚ ਲਿਖਾਯਾ, ਤੇ ਅਜ ਕਲ ਗੁਰੂਹੰਦਾਲੁਦਾ ਨਾਮ ਜਨਮਸਾਖੀਆਂ ਵਿਚੋਂ ਛਾਂਟੀ ਜੋ ਕਰਕੇ ਛਾਪਦੇ ਛਪਾਉਂਦੇ ਹਨ, ਓਹਨਾਂ ਸਜਨਾਂ ਦੀ ਸਖਤ ਭੁਲ ਤੇ ਦੁਰਮਤ ਹੈ, ਸਾਨੂੰ ਚਾਹੀਦਾ ਹੈ ਜਿਸਤ੍ਰਾਂ ਬਿਆਸ ਰਿਖੀ ਦਾ ਭਵਿਖਤ ਬਚਨ ਗੁਰੂ ਨਾਨਕ ਦੇਵ ਜੀ ਦੀ ਬਾਬਤ ਸਤਿ ਕਰਕੇ ਮੰਨਦੇ ਹਨ, ਏਸੇ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੀ ਭਵਿਖਤ ਬਚਨ ਸ੍ਰੀ ਗੁਰੂ ਹੰਦਾਲੁ ਜੀ ਬਾਬਤ ਕਹਿਆ ਹੋਯਾ ਸਤਿਕਰ ਮੰਨਣਾ ਚਾਹੀਏ, ਸ੍ਰੀ ਸਤਿਗੁਰੂ ਨਾਨਕਜੀ ਦਾ ਧੰਨ ਧੰਨ ਧੰਨ ਕਰਕੇ ਕੋਟਾਂਨ ਕੋਟ ਵਾਰ ਧੰਨਬਾਦ ਕੀਤਾ ਜਾਂਦਾ ਹੈ ਅਤੇ ਨਿਸ ਬਾਸਰ ਆਠੋਜਾਂਮੁ ਨਿੰਮਸ਼ਕਾਰ ਬਾਰੰਬਾਰ ਪ੍ਰਨਾਮੁ ਹੈ, ਜਿਨ੍ਹੋਂ ਨੇ ਐਸੇ ਸਉ

---

*ਬੇਦ, ਰਿਗ, ਸ਼ਾਂਮ, ਜੁਜਰ ਅਥਰਬਣ; ਈਸ੍ਵਰ ਪ੍ਰੇਰਨਾ ਸੇ ਬ੍ਰਹਮਾ ਕ੍ਰਿਤ ਹੈ।

†ਸ਼ਾਸਤ੍ਰ ਛੇ ਰਿਖੀਆਂ ਛੇਆਂ ਦੇ ਰੱਚਤ ਹੈਂ, ਨਿਯਾਯ ਰੱਚਤ ਗੋਤਮ ਰਿਖੀ ਕਾ ਹੈ, ੧। ਮੀਮਾਂਸਾ ਰੱਚਤ ਜੈਮਨੀ ਰਿਖੀ ਕਾ ਹੈ ੨॥ ਵਿਦਾਂਤ ਰੱਚਤ ਬਿਆਸ ਰਿਖੀ ਕਾ ਹੈ ॥੩॥ ਸੰਖਯ ਰੱਚਤ ਕਪਲ ਰਿਖੀ ਕਾ ਹੈ॥੪॥ ਵੈਸ਼ੇਖਕ ਰਚਿਤ ਕਣਾਦ ਮੁਨੀ ਕਾ ਹੈ॥੫॥ ਜੋਗ ਰੱਚਤ ਪਤੰਜਲ ਰਿਖੀ ਕਾ ਹੈ ॥੬॥

Digitized by Panjab Digital Library | www.panjabdigilib.org

ਬਰਸ ੧੦੪ ਪਹਿਲੇ ਹੀ ਕੈਹ ਦਿਤਾ ਭਵਿਖਸ਼ਤ ਬਚਨ ਕਿ ਇਕ ਹੰਦਾਲੁ ਪਰੀ ਪੂਰਨ ਹੋਸੀ ਤਾਂ ਬੜਾ ਗੁਰਮੁਖ ਹੋਸੀ ਤੇ ਭਾਰੀ ਸੰਤ ਹੋਸੀ ।

ਸ੍ਰੀ ਗੁਰੂ ਨਾਨਕਦੇਵ ਜੀਦੇ ਭਵਿਖਤ ਬਚਨੋਂ ਕੀ ਸੰਮਾਪਤੀ ॥ਇਤਿ॥

ਪਿਆਰੇ ਸਜਨੋਂ ਤੇ ਗੁਰਮੁਖੋ ਜਿਸ ਕਾ ਜਿਕਰ ਪਹਿਲੇ ਗੁਰੂ ਬਾਬਾ ਹੰਦਾਲੁ ਜੀ ਦਾ ਲਿਖਾ ਹੈ।

ਏਹ ਨਿਰੰਜਨ ਪੰਥ ਦੇ ਸਿਰਤਾਜ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਦਸਾਂ ਗੁਰੂ ਸਾਹਿਬਾਂ ਥੋਂ ਤੋਂ ਸੁਤੰਤ੍ਰ ਹੋਏ ਹਨ, ਜਾਨਿਆ ਅਲੈਹਦਾ, ਯਾ ਨਿਆਰੇ, ਯਾ ਅਜਾਦ, ਯਾ ਖੁਦ ਮੁਖਤਾਰ ਕਹੀਏ ਮੰਜੀਆਂ ਬਖਸ਼ਨ ਵਿਚ ਸਾਮਰਥ ਸਨ, ਏਹਨਾਂ ਦੀ ਜਨਮ ਸਾਖੀ ਪੜੀਏ ਸੁਨੀਏਂ ਤਾਂ ਏਹਨਾਂ ਗੁਰਾਂ ਨੇ ਕਈ ਥਾਂਈ ਮੰਜੀਆਂ ਬਖਸ਼ੀਆਂ ਹਨ, ਤੇ ਇਕ ਮੰਜੀ ਭਾਈ ਨਿਹਾਲਦਾਸ ਜੀ ਪਿੰਡ ਜੌੜੇ ਸੰਗੀਏ ਨੂੰ ਬਖਸ਼ ਕੇ ਸੰਗਤ ਦਾ ਸਤਿਗੁਰੂ ਬਨਾਯਾ, ਏਹ ਪਿੰਡ ਜੌੜਾ ਸੰਗਾ ਵਟਾਲੇ ਦੇ ਲਾਗੇ ਜਿਲੇ ਗੁਰਦਾਸ ਪੁਰ ਵਿਚ ਹੈ । ਏਹਨਾਂ ਜਉੜੇ ਸੰਗੀਏ ਗੁਰੂ ਨਿਹਾਲਦਾਸ ਜੀ ਦੀ ਸਿਖੀ ਸੇਵਕੀ ਮਾਝੇ, ਰਿਆੜਕੀ ਵਿਚ, ਦੁਆਬੇ, ਤੇ ਸੀਰਵਾਲ, ਤੇ ਮਾਲਵੇ ਏਹਨਾਂ ਦੇਸਾਂ ਵਿਚ ਅਨੇਕਾਂ ਹੀ ਪਿੰਡ ਗੁਰੂ ਬਾਬਾ ਹੰਦਾਲੁ ਜੀ ਦੀ ਬਖਸ਼ੀਸ਼ ਬਖਸ਼ੀ ਹੋਈ ਹੈ, ਸ੍ਰੀ ਬਾਬੇ ਨਿਹਾਲਦਾਸ ਜੀਦੀ ਗਦੀ ਪੁਰ ਚੰਗੇ ਚੰਗੇ ਮਹਾਂ ਪੁਰਸ਼ ਬੈਠਦੇ ਰਹੇ ਹਨ, ਏਹਨਾਂ ਵਿਚੋਂ ਇਕ ਬਾਬਾ ਸ੍ਰੀ ਦਿਆਲਦਾਸ ਜੀ ਬੜੇ ਜੱਤ ਸੱਤ ਬੜੇ ਵਿਦਵਾਂਨ ਤੇ ਰਿਧੀ ਸਿਧੀ ਵਾਲੇ ਤੇ ਆਯੂ ਭੀ ਇਹਨਾਂ ਨੇ ਚੰਗੀ ਭੋਗੀ ਹੈ, ਤੇ ਅਪਨੀ ਸਿਖੀ ਸੇਵਕੀ ਮੇਂ ਨਾਮ ਦੇ ਖੁਲੇ ਗਫੇ ਬਖਸ਼ ਕੇ ਨਿਜ ਸਿਖਾਂ ਨੂੰ ਨਿਹਾਲ ਕਰਦੇ ਰਹੇ ਤੇ ਨਾਮ ਜਪਾਉਂਦੇ ਰਹੈ ਤੇ ਨਿਜ ਸਿਖਾਂ ਨੂੰ ਮੁਕਤੀ ਦਾਨ ਬਖਸ਼ ਕੇ ਪ੍ਰਚਾਰ ਹੱਛਾ ਸੋਹਣਾ ਕਰਦੇ ਰਹੇ ਹਨ, ਏਹਨਾ ਮਹਾਂ ਪੁਰਖਾਂ ਨੇ ਇਕ ਸਮੇਂ ਹਜੂਰ ਸਾਹਿਬ ਜੀਕਾ ਦਰਸਨ ਕੀਤਾ ਤੇ ਸ੍ਰੀ ਹਜੂਰ ਸਾਹਿਬ

Digitized by Panjab Digital Library | www.panjabdigilib.org

ਥੋਂ ਅੰਮ੍ਰਤ ਛੱਕ ਕੇ ਦਿਆਲਦਾਸ ਜੀ ਥੋਂ ਬਾਬਾ ਸ੍ਰੀ ਦਿਆਲ ਸਿੰਘ ਜੀ ਹੋ ਆਏ ਸਨ, ਇਕ ਸਮੇਂ ਏਹਨਾਂ ਦੇ ਪਾਸ ਇਕ ਸੰਤ ਜਨੋਂ ਨੇ ਆਕੇ ਨਿੰਮਸ਼ਕਾਰ ਕਰਕੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਜੀ ਆਪਨੂੰ ਏਹ ਗਦੀ ਗੁਰਆਈ ਦੀ ਕਿਸਤਰਾਂ ਮਿਲੀ ਔਰ ਗਦੀ ਕਿਥੋਂ ਚਲੀ ਹੈ, ਕ੍ਰਿਪਾ ਕਰਕੇ ਦਸੀਏ, ਤਬ ਬਾਬਾ ਗੁਰੂ ਦਿਆਲ ਦਾਸ ਜੀ ਇੰਵ ਬੋਲੇ । ਦੋਹਰਾ

ਅਨਿਹਦ ਸ਼ਬਦ ਧੁਨ ਜਹ ਤੇ ਉਪਜੈ ਸੋ ਕਹੀਏ ਹੰਦਾਲੁ ॥
ਸ੍ਰੀ ਸਤਿਗੁਰ ਪੁਰਖੁ ਹੰਦਾਲੁ ਤੇ ਹੋ ਆਏ ਦਾਸ ਨਿਹਾਲੁ ॥

ਏਹ ਦੋਹਾ ਸੁਣਕੇ ਸੰਤ ਜਨ ਪ੍ਰਸਿੰਨ ਹੋਕੇ ਨਿੰਮਸ਼ਕਾਰ ਕਰਕੇ ਰਮਦੇ ਰਹੇ।

ੴ ਸਤਿਨਾਮੁ ਕਰਤਾ ਪੁਰਖੁ

ਸ੍ਰੀ ਮਾਨ ਪਿਆਰੀ ਸਾਧ ਸੰਗਤਿ ਪ੍ਰਤਿ ਬੇਨਤੀ ਹੈ ਕਿ ਸ੍ਰੀ ਮਾਨ ਸ੍ਰਦਾਰ ਕਰਮ ਸਿੰਘ ਹਿਸਟੋਰੀਅਨ ਜੀ ਅਪਨੀ ਬਨਾਈ ਇਕ ਪੋਥੀ (ਕਤਕਿ ਵਿਸਾਖ) ਨਾਮੇ ਦੇ ਪੰਨਾ ੪੬ ਪਰ ਇੰਵ ਲਿਖਦੇ ਹਨ।

ਕਈ ਸੱਜਨ ਕਹਿੰਦੇ ਹਨ, ਕਿ ਏਹ ਮਿਲਾਵਟਾਂ ਜੰਡਿਆਲੇ ਵਾਲੇ ਨਿਰੰਜਨੀਆਂ ਨੇ ਮਿਲਾ ਦਿਤੀਆਂ ਹਨ, ਪਰ ਵੇਖਣਾ ਏਹ ਹੈ ਨਿਰੰਜਣੀਏਂ ਐਸਾ ਕੰਮ ਕਰ ਸਕਦੇ ਵੀ ਸਨ, ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਜਨਮ ਸਾਖੀ ਗੁਰੂ ਅੰਗਦ ਜੀ ਨੇ ਲਿਖਵਾਈ । ਉਪ੍ਰੰਤ ਸ੍ਰੀ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਉਹ ਜਾਂ ਤਾਂ ਗੁਰੂ ਜੀ ਦੀ ਸੰਤਾਨ ਪਾਸ ਰਹੀ, ਜਾਂ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਲੈ ਗਏਸੋ ਜੇਕਰ ਖਡੂਰ ਸਾਹਿਬ ਰਹੀ ਮੰਨੀਏ ਤਾਂ ਕਿਸੇ

Digitized by Panjab Digital Library | www.panjabdigilib.org

ਤਰਾਂ ਵੀ ਨਿਰੰਜਨੀਆਂ ਨੂੰ ਨਹੀਂ ਮਿਲ ਸਕਦੀ ਸੀ, ਕਿਉਂਕਿ ਤ੍ਰੇਹਣ-ਸਾਹਿਬਜ਼ਾਦੇ ਗੁਰ ਗੱਦੀ ਨੂੰ ਹੱਥੋਂ ਗੁਵਾ ਕੇ ਗੁਰੂ ਜੀ ਦੀ ਇਕੋ ਇਹ ਨਿਸ਼ਾਨੀ ਕਦੇ ਦੂਜੇ ਦੇ ਹੱਥ ਸੌਂਪ ਸੱਕਦੇ ਸਨ ? ਨਾਲ ਹੀ ਇਹ ਗੱਲ ਹੈ ਕਿ ਬਾਬਾ ਹੰਦਾਲ ਜੀ ਨੇ ਜਦ ਸੇਵਾ ਇਨ੍ਹਾਂ ਸਾਹਿਬਜ਼ਾਦਿਆਂ ਦੀ ਕੀਤੀ ਹੀ ਨਹੀਂ ਤਦ ਓਹ ਕਿਸਤਰਾਂ ਜਨਮ ਸਾਖੀ ਲੈ ਸਕਦੇ ਸਨ, ਜੇਕਰ ਜਨਮ ਸਾਖੀ ਗੋਇੰਦਵਾਲ ਆ ਗਈ ਮੰਨ ਲਈਏ, ਤਦ ਵੀ ਨਿਰੰਜਣੀਆਂ ਦੇ ਹੱਥ ਆਉਣੀ ਕਠਨ ਜਾਪਦੀ ਹੈ, ਕਿਉਂਕਿ ਭਲੇ ਸਾਹਿਬਜ਼ਾਦੇ ਐਸੇ ਕੱਚੇ ਨਹੀਂ ਸਨ, ਕਿ ਗੁਰੂ ਜੀ ਦੀ ਏਹ ਯਾਦਿਗਾਰ ਕਿਸੇ ਹੋਰਸ ਨੂੰ ਦੇ ਦੇਂਦੇ। ਗੁਰੂ ਅਰਜਨ ਦੇਵ ਜੀ ਕਿਨ੍ਹਾਂ ਮੁਸ਼ਕਲਾਂ ਨਾਲ 'ਸੈਂਚੀਆਂ' ਜਾ ਕੇ ਲਿਆਂਦੀਆਂ ਸਨ, ਪਰ ਓਦੋਂ ਵੀ ਉਨ੍ਹਾਂ ਦੇਣ ਲਗਿਆਂ ਇਹ ਇਕਰਾਰ ਕਰਵਾ ਲਿਆ ਸੀ ਕਿ ਸਭ ਸੈਂਚੀਆਂ ਵਾਪਸ ਕੀਤੀਆਂ ਜਾਣਗੀਆਂ। ਜਦ ਗੁਰੂ ਅਰਜਨਦੇਵ ਨਾਲ ਇਹ ਸਲੂਕ ਸੀ, ਤਦ ਨਿਰੰਜਣੀਆਂ ਦੀ ਕੀ ਪਾਇਆਂ ਸੀ ਕਿ ਭੱਲੇ ਸਾਹਿਬਜਾਦਿਆਂ ਪਾਸੌਂ ਜਨਮਸਾਖੀ ਲੈ ਸਕਦੇ, ਪਰ ਸਾਡੀ ਹੈਰਾਨੀ ਹੋਰ ਵੀ ਵਧ ਜਾਂਦੀ ਹੈ ਜਦ ਅਸੀਂ ਦੇਖਦੇ ਹਾਂ ਕਿ ਨਿਰੰਜਣੀਏਂ ਸਿਖਾਂ ਦੀ ਸਾਖਹੀ ਨਹੀਂ ਹਨ, ਬਲਕਿ ਇਕ ਅੱਡ ਹੀ ਫ਼ਿਰਕਾ ਹੈ। ਸਿਖ ਇਤਿਹਾਸਾਂ ਵਿਚ ਲਿਖਿਆ ਹੈ ਕਿ ਬਾਬਾ ਹੰਦਾਲ ਜੀ ਸਤਿਗੁਰੂ ਅਮਰਦਾਸ ਜੀ ਦੇ ਲੰਗਰ ਦੀ ਸੇਵਾ ਕਰਦੇ ਹੁੰਦੇ ਸਨ ਜਿਸ ਸੇਵਾ ਤੋਂ ਪ੍ਰਸਿੰਨ ਹੋਕੇ ਗੁਰੂ ਅਮਰਦਾਸ ਜੀ ਨੇ ਬਾਬਾ ਹੰਦਾਲ ਜੀ ਨੂੰ ਇਕ 'ਮੰਜੀ' ਦਿਤੀ ਸੀ, ਹਾਲਾਂਕਿ ਏਹ ਮੂਲੋਂ ਹੀ ਅੱਸਤ ਹੈ, ਸੱਤ ਨਹੀਂ ਹੈ, ਕਿਉਂਕਿ ਬਾਬਾ ਹੰਦਾਲ ਜੀਦਾ ਜਨਮ ਵਿਸਾਖ ਸੁਦੀ ਪੂਰਨਮਾਸੀ ਸੰਮਤ ਬਿ: ੧੬੩੦ ਨੂੰ ਹੋਇਆ ਹੈ। ਸੁ ਪਾਠਕ ਵਿਚਾਰ ਲੈਣ ਕਿ ਉਹ ਤੀਜੀ ਪਾਤਿਸ਼ਾਹੀ ਜੀਦੇ ਲੰਗਰ ਦੀ ਸੇਵਾ ਕਿਸਤਰਾਂ ਕਰ ਸੱਕਦੇ ਸਨ। ਇਹ ਜਰੂਰ ਹੈ ਕਿ ਨਿਰੰਜਨੀਆਂ ਦੀਆਂ ਰਸਮਾਂ ਪੁਰਾਤਨ ਸਿੱਖਾਂ ਵਾਲੀਆਂ ਹੀ ਹਨ। ਉਹ ਕ੍ਰਿਆ ਕਰਮ ਨਹੀਂ ਕਰਾਉਂਦੇ, ਕਿਸੇ ਦੇ

Digitized by Panjab Digital Library | www.panjabdigilib.org

ਮਰਨ ਵੇਲੇ ਸ਼ੋਕ ਦੀ ਥਾਂ ਕੜਾਹ ਪ੍ਰਸ਼ਾਦਿ ਕਰਦੇ ਹਨ, ਸੂਤਕ ਪਾਤਕੀ ਮੱੜ੍ਹੀ ਮਸਾਣ ਨੂੰ ਨਹੀਂ ਮੰਨਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਖਾਂ ਵਾਂਙ ਹੀ ਮੰਨਦੇ ਹਨ। ਪਰ ਇਨ੍ਹਾਂ ਗੱਲਾਂ ਤੋਂ ਏਹ ਸਿੱਧ ਨਹੀਂ ਹੁੰਦਾ ਕਿ ਉਹ ਸਿਖਾਂ ਦੀ ਸ਼ਾਖ ਹਨ। ਜੋ ਸਜਨ ਇਨ੍ਹਾਂ ਦਾ ਇਤਿਹਾਸ ਚੰਗੀ ਤਰਾਂ ਪੜ੍ਹੇਗਾ ਉਸਨੂੰ ਜ਼ਰੂਰ ਹੀ ਮੰਨਣਾ ਪਵੇਗਾ ਕਿ ਏਹ ਇਕ ਅੱਡ ਹੀ ਫਿਰਕਾ ਹੈ ਜਿਸਦਾ ਸਿਖਾਂ ਨਾਲ ਕੋਈ ਸਬੰਧ ਨਹੀਂ। ਹੈਰਾਨੀ ਕਿ ਜਦ ਉਹ ਸਾਡੀ ਸਾਖਹੀ ਨਹੀਂ, ਨਾਂ ਭੱਲੇ ਅਤੇ ਨਾਂ ਤ੍ਰੇਹਨ ਸਾਹਿਬ ਜਾਂਦਿਆਂ ਦੀ ਉਨ੍ਹਾਂ ਸੇਵਾ ਨਹੀਂ ਕੀਤੀ ਹੈ, ਤਦ ਕਿਸਤਰਾਂ ਸੰਭਵ ਹੋ ਸਕਦਾ ਹੈ ਕਿ ਗੁਰੂ ਅੰਗਦ ਜੀ ਦੀ ਲਿਖਾਈ ਹੋਈ ਜਨਮਸਾਖੀ ਵਰਗੀ ਅਮੋਲਕ ਪੁਸਤੱਕ ਨਿਰੰਜਣੀਆਂ ਦੇ ਹਥ ਆ ਜਾਂਦੀ। ਅਗੇ ਚਲਕੇ ਏਸੇ ਪੋਥੀ 'ਕਤਕਿ ਵਿਸਾਖ' ਦੇ ਪੰਨੇ ੨੩੯ ਦੇ ਉਤੇ ਇੰਵ ਲਿਖਦੇ ਹਨ—

ਨਿਰੰਜਣੀਆਂ ਦੀਆ ਜਨਮ ਸਾਖੀਆਂ ਇਸ ਗਲ ਨੂੰ ਮੰਨਦੀਆਂ ਕਿ ਬਾਬਾ ਹੰਦਾਲੁ ਜੀ ਸੰਮਤ ੧੭੦੫ ਵਿਚ ਸੰਮਾਏ। ਓਹਨਾਂ ਦੇ ਮਗਰੋਂ ਓਹਨਾਂ ਦੇ ਸਪੁੱਤ੍ਰ ਬਾਬਾ ਬਿਧੀ ਚੰਦ ਜੀ ਗੱਦੀ ਦੇ ਮਾਲਕ ਬਣੇ ਅਤੇ ਹੰਦਾਲੁ ਹੋਰਾਂ ਦੀ (ਪਰਚੀ) ਲਿਖਵਾਈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜੋ ਕੁਝ ਅਜ ਕਲ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਲਿਖਿਆ ਹੋਇਆਂ ਅਸੀਂ ਵੇਖ ਰਹੇ ਹਾਂ ਇਸਦਾ ਮੁੱਢ ਬਾਬਾ ਬਿਧੀ ਚੰਦ ਜੀਨੇ ਬਧਾ ਸੀ। ਆਪ ਗੁਰੂ ਹਰਿ ਰਾਇ ਸਾਹਿਬ ਜੀ ਦੇ ਸਮੇਂ ਵਿਚ ਹੀ ਸਮਾਏ ਹਨ। ਆਪ ਜੀ ਦੇ ਮਗਰੋਂ ਆਪ ਜੀਦੇ ਸਪੁੱਤ੍ਰ ,ਬਾਬਾ ਦਈ ਦਾਸ, ਜੀ ਹੋਏ ਜਿਨ੍ਹਾਂ ਤੋਂ ਮਗਰੋਂ ਬਾਬਾ ਆਕਲ ਦਾਸ ਜੀ। ਨਿਰੰਜਣੀਆਂ ਦੇ ਚਉਥੇ ਗੁਰੂ ਬਾਬਾ ਆਕਲਦਾਸ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਹੋਏ ਹਨ।

ਕਤਕਿ ਵਿਸਾਖ ਪੰਨਾ ੨੩੯ ਸੇ ਪੰਨਾ ੨੪੦ ਤੱਕ।

Digitized by Panjab Digital Library | www.panjabdigilib.org

੧ ਓ ਸਤੁਨਾਮ ਕਰਤਾ ਪੁਰਖੁ

ਪ੍ਰਿਥਮੇਂ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀਦੇ ਪ੍ਰਗਟਿ ਹੋਣ ਥੋਂ ਪਹਿਲੇ ਗੁਰੂ ਜੀਦੀ ਕੁਲ ਦਾ ਵਰਨਣ ਕੀਤਾ ਜਾਂਦਾ ਹੈ ਕਿ ਏਸ ਕੁਲ ਵਿਚੋਂ ਪ੍ਰਗਟਿ ਹੋਏ ਹਨ।

(ਗੁਰੂ ਜੀਦੀ ਕੁਲ ਬੰਸਾਵਲੀ ਇਸ ਪਕਾਰ ਹੈ)

ਰੱਘਬੰਸੀ ਖਾਂਨਦਾਨ ਵਿਚੋਂ ਇਕ ਰਾਜਾ ਜੈਇਧਾਂਮੁ ਹੋਇਆ ਹੈ, ਓਹ ਬੜਾ ਧਰਮਾਤਮਾਂ ਅਤੇ ਜੋਧਾ ਸੀ, ਕਈ ਰਾਜੇ ਓਸਦੇ ਮਤੈਹਤ ਸੇ, ਓਹ ਬਿਨਾਂ ਪ੍ਰਮੇਸ਼ਰ ਦੇ ਹੋਰ ਕਿਸੇ ਅਗੇ ਗਰਦਨ ਨਹੀਂ ਸੀ ਨਿਵਾਉਂਦਾ, ਕਿਉਂਕਿ ਭਾਸ਼ਾ ਵਿਚ ਗਰਦਨ ਨੂੰ ਨਾਰ ਆਖਦੇ ਹਨ, ਇਸ ਵਾਸਤੇ ਉਸਦਾ ਨਾਮ (ਨਾਰੂ) ਪੈ ਗਿਆ, ਨਾਰੂ ਰਾਜਪੂਤ ਓਸੇ ਦੀ ਅਉਲਾਦ ਹਨ। ਫੇਰ ਓਸ ਰਾਜੇ ਦੀਆਂ ਕਈਆਂ ਪੁਸਤਾ ਬਾਅਦ ਇਕ ਰਾਜਾ (ਮੱਮਪਾਲ) ਹੋਇਆ, ਓਹ ਬੜਾ ਬਹਾਦਰ ਤੇ ਸੂਰਬੀਰ ਰਾਜਾ ਸੀ, ਇਕ ਦੱਫਾ, ਓਸਨੇਂ ਕਿਸੇ ਗਨੀਮ ਉਤੇ ਚੜ੍ਹਾਈ ਕੀਤੀ, ਕਈ ਦਿਨ ਲੜਾਈ ਕਰਕੇ ਫਤੇ ਪਾਈ, ਜਦ ਕਿਲੇ ਵੱਲ ਆਏ ਤਾਂ ਕਿਲੇ ਨੂੰ ਬੜਾ ਭਾਰੀ ਕੁਲਫ ਲੱਗਾ ਹੋਇਆ ਸੀ, ਨਜੂਮੀਆਂ ਦੇ ਕਹਿਣ ਮੂਜਬ ਮਹਾਂਰਾਜੇ ਹਾਥੀ ਤੋਂ ਉਤ੍ਰ ਕੇ ਘਣਾਂ ਨਾਲ ਆਪ ਓਹ ਕੁਲਫ ਤੋੜਿਆ, ਉਸ ਦਿਨ ਥੋਂ ਉਸਦਾ ਨਾਮੁ ਘਣਕੱਸ਼ ਪੈ ਗਿਆ, ਉਸਦੇ ਦੋ ਪੁਤ੍ਰ ਹੋਏ ਇਕ (ਜੱਸਪਾਲ) ਤੇ ਦੂਜਾ (ਧਨਪਾਲ) ਹੋਇਆ (ਧਨਪਾਲ) ਨੇ ਇਕ ਪਿੰਡ ਆਪਣੇ ਨਾਮ ਉਤੇ ਬਾਂਗਰ ਵਿਚ ਬਧਾ, ਓਸ ਪਿੰਡ ਦਾ ਨਾਮ (ਧਨਾਣਾ) ਰਖਿਆ, ਤੇ ਜਸਪਾਲ ਦੀ ਸੰਤਾਨ ਵਿਚੋਂ ਇਕ ਸ਼ਾਹਜਾਦਾ (ਜੰਡੋ) ਹੋਇਆ ਓਹ ਕਿਸੇ

Digitized by Panjab Digital Library | www.panjabdigilib.org

ਬਾਤ ਥੋਂ ਨਿਰਾਜ ਹੋਕੇ ਪੰਜਾਬ ਵੱਲ ਆ ਗਿਆ, ਏਥੇ ਆਕੇ ਆਪਣੇ ਨਾਮ ਉਤੇ ਇਕ ਪਿੰਡ ਬੱਧਾ, ਜਿਸਦਾ ਨਾਮੁ ਜੰਡਿਆਲਾ ਰੱਖਿਆ, ਓਸਦਾ ਬੇਟਾ (ਅਨੰਦਪਾਲ) ਹੋਇਆ, ਤੇ ਅਨੰਦ ਪਾਲਦਾ (ਖੀਵਾ) ਹੋਇਆ, ਤੇ ਖੀਵੇ ਦਾ (ਖੋਖਰ) ਹੋਇਆ, ਤੇ ਖੋਖਰ ਦਾ (ਸਾਹਨ) ਹੋਇਆ, ਤੇ ਸਾਹਨ ਦਾ (ਅਜਿਤ) ਹੋਇਆ, ਅਤੇ ਅਜਿਤ ਦਾ (*ਦਾਤਾ) ਹੋਇਆ, ਏਹ ਸੂਵਰੀਆ ਹੋ ਗਿਯਾ ਸੀ, ਅਤੇ (ਦਾਤਾ) ਜੀ ਦੇ ਸਪੁੱਤ੍ਰ ੩ ਹੋਏ ਕੱਲੂ, ਮੱਲੂ, ਤੇ ਬਾਬਾ (ਗਾਜ਼ੀ) ਹੋਏ, ਕੱਲੂ, ਮੱਲੂ, ਤੇ ਗਾਜੀ ਏਹਨਾਂ ਤਿੰਨਾਂ ਭਾਈਆਂ ਦੀਆਂ ੩ ਪੱਤੀਆਂ ਘਣਕਸ਼ਾਂ ਦੀਆਂ ਜੁਦਾ ਜੁਦਾ ਨੰਬਰਦਾਰੀਆਂ ਤਿੰਨਾਂ ਪੱਤੀਆਂ ਦੀ ਬੰਸ ਜਿਮੀਦਾਰ ਵਸਦੇ ਹਨ, ਜੰਡਿਆਲਾ ਗੁਰੂ ਵਿਚ। ਅਤੇ ਬਾਬਾ ਗਾਜੀ ਦੇ ਸਪੁੱਤਰ ੨ ਬੜਾ ਬਾਬਾ ਸੂਵਾਂਣੀ, ਤੇ ਛੋਟਾ ਸ੍ਰੀ ਸਤਿਗੁਰੂ ਬਾਬਾ †ਹੰਦਾਲੁ ਜੀ ਜੋ ਨਿਰੰਜਨ ਪੰਥ ਦੇ ਸਿਰਤਾਜ ਹੋਏ ਹਨ।

ਸ੍ਰੀਮਾਨ ਗੁਰਮੁਖੋ ਦਾਸ ਦਾ ਦੇਸ ਦਿਸ਼ਾਂਤ੍ਰੋਂ ਕੇ ਫਿਰਨੇ ਸੇ ਉਰਦੂ ਬੋਲੀ ਤੇ ਪੰਜਾਬੀ ਰਲੀ ਮਿਲੀ ਰਸਨਾ ਪਰ ਘਰ ਕਰ ਗਈ ਹੈ ਦਾਸ ਪਰ ਖਿਮਾ ਕਾ ਦਾਨ ਬਖਸ਼ਨਾ ਕੋਈ ਭੁਲ ਚੂਕ ਲਿਖਨੇ ਮੇਂ ਰਹਿ ਗਈ ਹੋਵੇ ਤਾਂ ਦਾਸ ਨੂੰ ਅਬੋਧ ਸੰਮਝ ਕੇ ਕ੍ਰੋਧ ਨਹੀਂ ਕਰਨਾ ਵਿਚਾਰ ਕੇ

---

*ਤੇ ਬਾਬਾ ਦਾਤਾ ਦੇ ੩ ਸਪੁਤ੍ਰ (ਕਲੂੋ) (ਮਲੂੋ) ਤੇ (ਗਾਜੀ) ਬਾਬਾ ਗਾਜੀ ਜੀ ਦੇ ਦੋ ਸਪੁਤ੍ਰ ਬੱੜਾ ਬਾਬਾ (ਸੂਵਾਣੀ) ਅਤੇ ਛੋਟਾ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਹੋਏ ਏਹਨਾਂ ਗੁਰਾਂ ਦੇ ਨਾਮਤੇ ਜੰਡਿਆਲਾ ਗੁਰੂ ਕਾ ਸਦੀ ਦਾ ਹੈ, ਤੇ ਕਲੂੋ ਤੇ ਮਲੂੋ ਦੀ ਬੰਸ ਜੰਡਿਆਲਾ ਗੁਰੂ ਮੇਂ ਵੱਸਦੀ ਹੈ। ਅਤੇ ਬਾਬਾ (ਸੂਵਾਣੀ) ਦੀ ਬੰਸ ਨੰਬ੍ਰਦਾਰ ਬਿਸ਼ਨ ਸਿੰਘ ਵਗੈਰਾ ਵਸਦੀ ਹੈ,

†ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਜੰਡਿਆਲਾ ਮੇਂ ਪ੍ਰਗਟ ਹੋਣ ਕਰਕੇ ਇਸ ਕਾਰਨ ਜੰਡਿਆਲਾ ਗੁਰੂ ਕਾ ਸੱਦਿਆ ਸਦਾਇਆ ਜਾਂਦਾ ਹੈ। ਸ੍ਰੀ ਗੁਰੂ ਜੀ ਦੀ ਗਦੀ ਪਰ ਚੌਥੀ ਪਾਤਿਸ਼ਾਹੀ ਸ੍ਰੀ ਗੁਰੂ ਆਕਲ ਦਾਸ ਜੀ ਸਨ, ਅਤੇ ਮਰਾਸੀ ਲੋਕਾਂ ਨੂੰ ਪੁਛੀਏ ਏਹ ਕੀਹਦਾ ਜੰਡਿਆਲਾ ਹੈ ਮਰਾਸੀ ਲੋਕ ਜੰਡਿਆਲਾ ਗੁਰੂ ਆਕਲ ਦਾਸ ਵਾਲਾ ਜੰਡਿਆਲਾ ਦਸਨਗੇ, ਕਾਰਨ ਏਹ ਗੁਰੂ ਆਕਲ ਦਾਸ ਜੀ ਨੇ ਮਿਰਾਸੀ ਲੋਕਾਂ ਨੂੰ ਬੜਾ ਬਿਅੰਤ ਦਾਨ ਘੋੜੇ, ਦੁਛਾਲੇ, ਰੁਪੈਇ ਆਦਿਕ ਦਾਨ ਦਿਤਾ ਸੀ।

Digitized by Panjab Digital Library | www.panjabdigilib.org

ਆਪ ਪੜ੍ਹ ਲੈਣਾ, ਭੁਲਨ ਅੰਦਰ ਸਭੁ ਕੋ ਅਭੁਲ ਗੁਰੂ ਕਰਤਾਰ, ਏਹ ਜੀਵ ਸਦਾ ਹੀ ਭੁਲਨ ਵਾਲਾ ਹੈ ।

੧ ਓ ਆਦਿ ਸੁਚੁ ਜੁਗਾਦਿ ਸਚੁ ਹੈਭੀ ਸਚੁ, ਹੋਸੀ ਭੀ ਸਚੁ ਸਚੁ ਨਾਮ ਕਰਤਾ ਪੁਰਖੁ ਨਿਰਭੈ ਨਿਰਵੈਰ ਅਕਾਲ ਮੂਰਤਿ ਅਜੂਨੀ ਸੰਭਉ ਜਪੀਏਸਤਿਗੁਰ ਪ੍ਰਸਾਦਿ ਜਪੀਏ ਨਿਰੰਕਾਰ ।

ਪਿਆਰੀ ਸਾਧ ਸੰਗਤਿ ਪਾਠਕ ਜਨੋਂ ਤੇ ਸ੍ਰੋਤੇ ਜਨੋਂ ਅਬ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਦਾ ਪ੍ਰਗਟਿ ਹੋਣਾ ਤੇ ਜੀਵਨ ਸੰਖੇਪ ਸੇ ਸੰਖੇਪ ਲਿਖਦੇ ਹਾਂ । ਜਬ ਸੰਸਾਰ ਮੇਂ ਘਨੇਂ ਪਾਪਾਂ ਦੇ ਹੋਣ ਕਾਰਨ ਧਰਮ ਛਿਪ ਜਾਂਦਾ, ਤੇ ਪਾਪਾਂ ਨਾਲ ਸਭ ਪਲੇ ਜੀਆਂ ਦੇ ਭਰ ਜਾਂਦੇ ਹਨ, ਤੇ ਪਾਪੁ ਉਪਦਰਵ ਘੋਰ ਘੁਪ ਘੋਰ ਹੋ ਜਾਂਦਾ ਹੈ ਤਦੋਂ ਹੀ ਪ੍ਰਮਾਤਮਾਂ ਨੈਆ ਸ਼ਰੀਰ ਧਾਰਨ ਕਰ ਮਹਾਨ ਸ਼ਕਤੀ ਪਾਕੇ ਜਗਤਿ ਦੇ ਉਧਾਰ ਕਰਨ ਵਾਸਤੇ ਅਵਤਾਰ ਭੇਜ ਦੇਂਦਾ ਹੈ, ਦੇਖਹੁ ਗੀਤਾ ਮੇਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਫੁਰਮਾਉਂਦੇ ਹਨ । ਸਲੋਕ ॥ ਯਦਾ ਯਦਾ ਹੀ ਧਰਮਸਯ ਗਿਲਾ ਨਿਰ ਭਵਤੀ ਭਾਰਤ ॥ ਅਭਯੂ ਤਥਾਨਮ ਧਰਮਸਯ ਤਦਾਤ ਮਾਨੰ ਸ੍ਰਿਜਾਮਯ ਹਮ ॥ (ਆਦਿ: ੪ ਸ: ੭)

ਓਹ ਮਹਾਂ ਪੁਰਖ ਸੰਸਾਰ ਮੇਂ ਆਨ ਕੇ ਧਰਮ ਦਾ ਪ੍ਰਚਾਰ ਅਤੇ ਅਧਰਮ ਦਾ ਤੇ ਪਾਪਾਂ ਦਾ ਨਾਸ ਕਰਕੇ ਜਗਤ ਦੇ ਉਧਾਰ ਵਾਸਤੇ ਇਕ ਸਿਧੀ ਸੜਕ ਬੰਨ ਕੇ ਲੋਕਾਂ ਨੂੰ ਸਿਧੇ ਮਾਰਗ ਲਾ ਕੇ ਮੋਖਸ਼ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਨੇ ਲੋਕਾਂ ਨੂੰ ਅੰਮਰਾ ਪੁਰ ਕਾ ਭਾਗੀ ਬਨਾ ਕੇ ਮੁਕਤੀ ਦਾ ਦਾਨ ਦੇਂਦੇ ਹਨ, ਈਸ਼੍ਵਰ ਕਾ ਨਾਮੁ ਜਪੁਦੇ ਤੇ ਔਰਨ ਕੋ ਜਪਾਉਂਦੇ ਹਨ, ਓਹ ਧੰਨ ਧੰਨ ਪ੍ਰਭੂ ਪ੍ਰਮਾਤਮਾਂ ਹੈ ਸਾਡੇ ਪਾਪੀਆਂ ਦੇ ਉਧਾਰ ਵਾਸਤੇ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਨੂੰ ਮਾਤ ਲੋਕ ਮੇਂ ਪ੍ਰਗਟ ਕੀਤਾ । ਉਸ ਵਕਤ ਏਸ ਹਿੰਦੁਸਤਾਨ ਵਿਚ ਰਾਜ ਅਕਬਰ ਬਾਦਸ਼ਾਹ ਦਾ ਸੀ,

Digitized by Panjab Digital Library | www.panjabdigilib.org

157382.

ਸੰਮਤ ਬਿ: ੧੬੩੦ ਵਿਸਾਖ ਸੁਦੀ ਪੂਰਨਮਾਸ਼ੀ ਸੁਵਾਂਤੀ ਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ ॥

ਦੋਹਰਾ—
ਸੰਮਤ ਬਿਕ੍ਰਮਜੀਤ ਕਾ ਸੋਲਾ ਸਉ ਅਰ ਤੀਸ ॥
ਵਿਸਾਖ ਸੁਦੀ ਪੂਰਨਮਾਸ਼ੀ ਜਨਮ ਲੀਓ ਗੁਰਈਸ ॥

ਗੁਰਜੀਦੇ ਪਿਤਾ ਜੀ ਦਾ ਨਾਮ (ਗਾਜੀ)ਤੇ ਮਾਤਾ ਜੀ ਦਾ ਨਾਮ(ਸੁਖੀ) ਤੇ ਜੰਡਿਆਲਾ ਗਰਾਂਮੁ ਹੈ,ਓਸੇ ਵੇਲੇ ਯਾ ਓਸ ਸਮੇਂ ਮੱੜ੍ਹੀ,ਮਲੇਛਾਂ ਦੀ ਪੂਜਾ ਦਾ ਬੜਾ ਜੋਰ ਸ਼ੋਰ ਤੇ ਕੋਈ ਵਿਰਲਾ ਹੀ ਭਗਵਾਨ ਦਾ ਨਾਮੁ ਜਪੁਦਾ ਸੀ, ਅਤੇ ਦੇਵੀ, ਜੁਵਾਲਾ, ਸਰਵਰ ਦੇ ਆਂਮੁ ਚਾਲੇ ਤੇ ਸੰਗ ਅਕੱਤ੍ਰ ਹੋ ਕਰ ਢਾਣੀਆਂ ਦੀਆਂ ਢਾਣੀਆਂ ਬੱਝ ਬੱਝ ਕੇ ਨਿਗਾਹੇ ਨੂੰ ਮਸੰਦ ਸਖੀ ਸੁਲਤਾਨ ਦੇ ਲੈ ਜਾਂਦੇ ਸਨ।

ਜਬ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਦਾ ਜਨਮ ਹੋਇਆ ਤਾਂ ਪਿਤਾ (ਗਾਜੀ) ਪ੍ਰੋਹਤ ਸੁਖਾਨੰਦ ਦੇ ਘਰ ਜਾਕੇ ਆਖਿਆ ਪੰਡਤ ਜੀ ਬਾਲਕ ਪਾਇਦੇ ਹੋਯਾ ਹੈ, ਚਲਕੇ ਮਹੂਰਤ ਦੇਖਹੁ ਤੇ ਨਾਮੁ ਰਖੋ, ਤਾਂ ਪੰਡਤੁ ਸੁਖਾਨੰਦ ਬਾਬੇ ਗਾਜੀ ਨਾਲ ਆਯਾ ਆਕੇ ਮਹੂਰਤ ਨਛੱਤ੍ਰ ਦੇਖ ਕੇ ਆਖਨ ਲੱਗਾ, ਹੇ ਬਾਬਾ ਗਾਜੀ ਬਾਲਕ ਭਲੇ ਮਹੂਰਤ ਜਨ-ਮਿਆ ਹੈ, ਰਿਧ ਸਿਧ ਬਹੁਤ ਹੋਵੇਗੀ ਪਰ ਮੈਂ ਇਸ ਦਾ ਨਾਮ ਧੁਮਾਂਣ ਥੋਂ ਬਾਅਦ ਦਰਸ਼ਨ ਦੇਖਕੇ ਰਖਾਂ ਗਾ, ਤਾਂ ਬਾਬੇ (ਗਾਜੀ) ਕਹਾ ਭਲਾ ਜੀ ਪੰਡਤ ਆਪਣੇ ਘਰਿ ਆ ਗਿਯਾ, ਜਦ ਧੁਮਾਣ ਹੋ ਚੁਕਾ ਤਾਂ ਬਾਬਾ (ਗਾਜੀ) ਫੇਰ ਪੰਡਤ ਦੇ ਘਰਿ ਗਿਯਾ, ਆਖਿਆ ਸੁ ਪੰਡਤ ਜੀ ਚਲ ਕੇ ਬਾਲਕਾ ਦਾ ਨਾਮੁ ਰੱਖੋ, ਤਾਂ ਪੰਡਤ ਗਾਜੀ ਦੇ ਨਾਲ ਆਯਾ, ਬਾਬਾ ਗਾਜੀ ਨੇ ਚਉਕੀ ਵਿਛਾਇ ਦਿਤੀ ਪੰਡਤ ਜੀ ਬੈਠ ਗਏ, ਅਤੇ ਆਖਿਆ ਨੇ ਗਾਜੀ ਬਾਲਕ ਨੂੰ ਬਾਹਰ ਲੈ ਆਓ, ਤਾ ਗਾਜੀ ਪਿਤਾ ਬਾਲਕ ਨੂੰ ਗੋਦੀ ਵਿਚ ਚੱਕ ਲਿਆਇਆ, ਤਾਂ ਪੰਡਤਿ ਜੀ ਨੇ ਡਿਠਾ ਜੋ ਬਾਲਕਾ ਦਾ ਤੇਜ ਸੂਰਜ ਦੀ ਨਿਆਂਈ ਹੈ, ਅਗਹੁ ਉਠ ਖੜਾ ਹੋਯਾ ਤੇ ਫੇਰ ਬੈਠ ਗਿਯਾ, ਅਤੇ ਆਖਣ ਲਗਾ ਹੇ ਗਾਜੀ ਏਹ ਤੇਰੇ

Digitized by Panjab Digital Library | www.panjabdigilib.org

ਘਰਿ ਪ੍ਰਮੇਸ਼ਰ ਦਾ ਭਗਤਿ ਪਾਇਦੇ ਹੋਯਾ ਹੈ, ਤੇਰੀ ਸਾਰੀ ਕੁਲ ਦਾ ਉਧਾਰ ਕਰੇਗਾ, ਅਤੇ ਇਸਦੇ ਸੰਗ ਅਨੇਕਾਂ ਹੀ ਜੀਆਂ ਦਾ ਉਧਾਰ ਹੋਵੇਗਾ। ਇਕ ਸ਼ਾਇਰ ਏਥੇ ਛੰਦਾ ਬੰਦਾਂ ਵਿਚ ਇੰਞ ਕਹਿੰਦਾ ਹੈ,

ਦੋਹਰਾ— ਗਾਜੀ ਹਮਰੀ ਬਾਤ ਸੁਨ ਬਡ਼ਾ ਭਗਤਿ ਤੁਮ ਪੂਤ ॥
ਯਾ ਸਮ ਦੂਸਰ ਕੋ ਨਹੀਂ ਸ਼ਿਵ ਬ੍ਰੰਚ ਪਰਹੂਤ ॥

॥ ਕਬਿਤ ॥

ਭਯੋ ਹੈ ਭਗਤਿ ਤਾਂਤੇ ਤਰੇਗਾ ਜਗਤਿ ਐਸਾ ਹੋਊਗਾ ਸ਼ਕਤਵਾਨ ਗਾਜੀ ਤੇਰੋ ਬਾਲਕਾ ॥ ਕਈ ਪਤਿਤ ਉਧਾਰੂ ਦੁਖ ਦੀਨ ਕੋ ਨਿਵਾਰੂ ਭੈ ਭਰਮੁ ਪਾਪੁ ਟਾਰੂ ਤੇ ਜਪਾਊ ਨਾਮੁ ਮਾਲਕਾ ॥ ਯਾਕੋ ਪੂਤ ਕਹਿ ਨ ਜਾਨੀ ਯੇਹ ਹੈ ਬਡ਼ੋ ਸੁਰ ਗਿਯਾਨੀ ਮੇਰੀ ਬਾਤ ਸਾਚ ਮਾਨੀ ਏਹ ਭਗਤਿ ਹੈ ਗੋਪਾਲਕਾ ॥ ਕਹਿਓ ਬਿਪ੍ਰ ਗਾਜੀ ਤਾਈ ਮੇਰੋ ਕਹਿਓ ਖਾਂਮ ਨਾਹੀਂ ਹੋਗਾ ਤੀਨ ਲੋਕ ਮਾਹੀ ਜਸ ਦੇਖੀਓ ਹੰਦਾਲੁ ਕਾ।

(ਜਨਮ ਸਾਖੀ ਚੋਂ ਪੰਨਾ ੭)

ਹੇ ਗਾਜੀ ਏਹ ਬਾਲਕ ਐਸੇ ਸ਼ੁਭ ਨਿਛੱਤ੍ਰ ਵਿਚ ਜਨਮਿਆ ਹੈ, ਏਸ ਨੂੰ ਰਿਧ ਸਿਧ ਬਹੁਤ ਹੋਵੇਗੀ, ਅਤੇ ਹੇ ਗਾਜੀ ਏਹ ਭੀ ਜਾਨ ਜੋ ਸਾਰੇ ਸੰਸਾਰ ਨੂੰ ਹੰਕਾਰ ਨੇ ਦੁਖਤ ਕਰ ਛਡਿਆ ਹੈ, ਪ੍ਰੰਤੂ ਤੇਰਾ ਪੁਤ੍ਰ ਭਲੀ ਪ੍ਰਕਾਰ *ਹੰਕਾਰਨੂੰ ਦਲੇਗਾ, ਇਸ ਵਾਸਤੇ ਇਸਦਾ ਨਾਮੁ ਹੰਦਾਲੁ ਹੋਵੇਗਾ, ਜੋ ਹੰਕਾਰ ਨੂੰ ਦਲੇ ਸੋ ਕਹੀਏ ਹੰਦਾਲੁ, ਪੰਡਤਿ ਜੀ ਬਾਬੇ ਗਾਜੀ ਕੋਲੋਂ ਵਿਦਿਆ ਹੋਕੇ ਆਪਨੇ ਘਰਿ ਨੂੰ ਚਲੇ ਗਏ, ਪੰਡਤਿ ਜੀ ਜਾਂਦੇ ਵਕਤ ਇਉਂ ਕਹਿ ਗਏ, ਸੁਣ ਬਾਬਾ ਗਾਜੀ ਤੇਰੇ ਘਰਿ ਏਹ ਭਗਤਿ ਗੋਪਾਲ ਦਾ ਹੋਇਆ ਹੈ, ਪੂਰਬਲੇ ਕਰਮ ਏਸ ਦੇ ਸ਼ੁਭ ਹਨ, ਏਸ ਤੇ

---

*ਚੌਪਈ ॥ ਯੱਥਾ ॥ ਹੰਦਾਲੁ ਸੋ ਜਿਨ ਅਹੰਦਲੀ, ਸੁਰ ਨਰ ਮਨਿ ਜਨ ਸਭ ਤੇ ਬਲੀ, ਦੇਹ ਆਦਿਕ ਅਭੀਮਾਨ ਗਿਰਾਵੇ, ਅਪਨਾ ਨਿਆਰੋ ਰੂਪ ਲਖਾਵੇ, ਪਾਂਚ ਭੂਤ ਦਸ ਇੰਦ੍ਰੇ ਜੋਈ, ਮਨ ਅਰ ਪੰਜ ਤਜ ਮਾਤ੍ਰਾ ਹੋਈ, ਏਹ ਹੰਕਾਰ ਕੇ ਕਾਰਜ ਜੇਤੇ, ਇਨਕਾ ਜਿਨ ਹੈ ਕੀਓ ਬਿਬੇਕੇ, ਤਿਸਕੇ ਕਹੋਂ ਦਲਾ ਹੰਕਾਰ, ਜਿਨ ਦਲਿਆ ਹੰਦਾਲੁ ਬਿਚਾਰ ॥

Digitized by Panjab Digital Library | www.panjabdigilib.org

ਰਾਮੁ ਜੀ ਬੜਾ ਦਿਆਲ ਹੋਯਾ ਹੈ, ਪ੍ਰਭੂ ਪਾਸੋਂ ਸ੍ਰਬ ਤਰਾਂ ਦੀਆਂ ਕਲਾ ਲੈ ਕੇ ਆਯਾ ਹੈ, ਏਹ ਹੰਕਾਰ ਨੂੰ ਦਲੇਗਾ ਤੇ ਕੀਚ ਰੱਸਮਾਂ ਨੂੰ ਤੋੜੇਗਾ, ਇਸ ਤਰਾਂ ਕਰਕੇ ਗੁਰੂ ਜੀ ਦਾ ਨਾਮੁ ਹੰਦਾਲੁ ਜੀ ਰੱਖਿਆ, ਔਰ ਘਰਿ ਦੇ ਲੋਕ ਸੁਨ ਕੇ ਬੜੇ ਖੁਸ਼ੀ ਹੋਏ, ਮਾਤਾ ਜੀ ਬੜੀ ਖੁਸ਼ੀ ਹੋਈ ਕਿ ਮੇਰੇ ਘਰ ਭੀ ਰਾਂਮੁ ਨੇ ਬਾਲ ਦਿਤਾ ਹੈ, ਮੇਰੇ ਭਾਗ ਜਾਗੈ ਹਨ ਪੂਰਬ ਜਨਮ ਦਾ ਕੋਈ ਕਰਮ ਸਫਲਾ ਹੋਇਆ ਹੈ, ਮੇਰੇ ਘਰਿ ਚਰਾਗ ਉਪਜਿਆ ਹੈ, ਉਸਨੂੰ ਪਾਲਦੀ ਪੋਸਦੀ ਤੇ ਲਾਡ ਕਰਦੀ ਹੈ। ਸਨੇ ਸਨੇ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਦੀ ਆਯੂ ਸਤਿ ਸਾਲ ਦੀ ਹੋਈ, ਤਾਂ ਨਿਜ ਘਰਿ ਦੀਆਂ ਗਾਂਈਆਂ ਮਹੀਆਂ ਚਾਰ ਕੇ ਦਿਨ ਬਿਤੀਤ ਕਰਕੇ ਆਪਨੇ ਪੈਲੀ ਬੰਨਿਓ ਰਾਤ ਨੂੰ ਘਰਿ ਆ ਜਾਂਦੇ ਹਨ, ਕਈਕੁ ਦਿਨ ਯਾ ਚਿਰ ਇਸੇਤ੍ਰਾਂ ਗੁਰੂ ਜੀ ਰਹੇ ਤੇ ਚਿੱਤ ਦੀ ਬਿਰਤੀ ਉਦਾਸ ਤੇ ਪਸੂ ਚਰਾਉਂਦੇ ਰਹੈ।

ੴ ਸਚੁਨਾਮੁ ਕਰਤਾ ਪੁਰਖੁ

*ਆਪਿ ਨਾਰਾਇਣੁ ਕਲਾ ਧਾਰਿ ਜਗਿ ਮਹਿ ਪ੍ਰਵਰਿਓ,

ਸ੍ਰੀ ਗੁਰੂ ਗ੍ਰੰਥ ਪੰਨਾ ੧੩੯੫

ਓਸ ਸਮੇ ਕਰਤਾਰ ਦਾ ਹੀ ਸ੍ਵਰੂਪ ਇਕ ਮਹਾਂ ਪੁਰਖੁ ਜੰਡਿਆਲੇ (ਜੋਗੀ) ਜਨ ਆ ਗਏ ਏਹ ਜੋਗੀਸ਼੍ਵਰ ਯਾਂ ਜੋਗੀ ਨਰਾਇਣ ਦਾ ਹੀ ਅਵਤਾਰਹੋ ਆਏ ਸਨ ਤਾਂ ਇਸ ਜੁਗੀਸ਼੍ਵਰ ਜੀ ਬਾਹਰ ਟੋਭੇ ਨਥੋਂਆਣੇ ਆਨਕੇ ਨਾਥੋਂਆਣੇ ਦੇ ਕਨਾਰੇ ਆਸਨ ਲਗਾਇਆ, ਅਸਲ ਵਿਚ ਏਸ

*ਜਬ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੀਂ ਜੋਤ ਆਪਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰ ਗੱਦੀ ਪਰ ਸ਼ਸ਼ੋਭਤ ਹੋਣੇ ਕੇ ਵਕਤ ੧੧ ਗਿਆਰਾ ਭੱਟਾ ਨੇ ਜੁਦਾ ਜੁਦਾ ਪੰਜਵੀਂ ਜੋਤ ਦੀ ਸਿਫਤ ਕੀਤੀ ਏਹਨਾਂ ਭੱਟਾ ਵਿਚੋਂ ਇਕ (ਜਾਲਪ)ਭੱਟ ਨੇ ਕਹਿਆ ਕਿ ਹੇ ਮਹਾਰਾਜ ਆਪੁ ਨਰਾਇਣ ਦਾ ਹੀ ਅਵਤਾਰ ਆਏ ਹੋ, ਇਸੀ ਤਰਾਂ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਭੀ ਨਾਰਾਇਣ ਦਾ ਅਵਤਾਰ ਹੀ ਮੰਨੇ ਜਾਂਦੇ ਹਨ। ਗੁਰੂ ਪ੍ਰਮੇਸ਼ਰ ਇਕ ਹੀ ਹਨ, ਯਥਾ ਗੁਰਪ੍ਰਮੇਸ਼ਰ ਏਕੋ ਜਾਨ। ਪੁਨਾ ਪਾਰਬ੍ਰਹਮ ਗੁਰ ਨਾਹੀ ਭੇਦ। ਏਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਹਨ।

Digitized by Panjab Digital Library | www.panjabdigilib.org

ਕਾ ਨਾਮੁ ਪੁਰਾਤਮੀ ਨਾਥੋਂਆਣਾ ਹੈ, ਏਥੇ ਪੁਰਾਣੇ ਜਮਾਨੇ ਤ੍ਰੇਤਾ ਜੁਗ ਵਿਖੇ ਭੀ ਨਾਥੋਂਆਣਾ ਮਸ਼ਹੂਰ ਸੀ, ਤ੍ਰੇਤਾ ਜੁਗ ਵਿਖੇ ਉਜੈਨ ਰਿਖੀ ਜੋ ਤੱਪੁ ਕਰਦਾ ਸੀ ਓਸਦਾ ਤੱਪ ਖੰਡਨ ਕਰਨੇ ਇੰਦ੍ਰ ਨੇ ਅਪੱਛਰਾ ਮੋਹਨੀ ਰੂਪ ਧਾਰਕੇ (ਉਜੈਨ) ਰਿਖੀ ਪਾਸ ਆਕੇ ਰਿਖੀ ਦਾ ਤੱਪੁ ਔ ਭਗਤੀ ਖੰਡਨ ਕੀਤੀ, ਤਾਂ ਰਿਖੀ ਨੇ ਸਰਾਫ ਦਿਤਾ ਕਿ ਜਾਹਾ ਸਿਲਾ ਰੂਪ ਹੋਵੇ ਗੀ, ਤਬ ਓਸ ਅਪੱਛਰਾ ਨੇ ਰਿਖੀ ਪਾਸ ਬੇਨਤੀ ਕੀਤੀ ਕਿ ਹੇ ਰਿਖੀ ਜੀ ਆਪ ਕਾ ਬਚਨ ਤੋ ਅਟੱਲ ਹੋਣਾ ਹੈ, ਮੇਰੇ ਕੋ ਸਿਲਾ ਤੋ ਬਨਾਯਾ, ਹੇ ਸ੍ਵਾਮੀ ਜੀ ਮੇਰਾ ਉਧਾਰ ਕਬ ਕਰੋ ਗੇ, ਅਤੇ ਸਿਲਾ ਕੀ ਜੂਨ ਮੇਰੀ ਕਬ ਕਾਟੋਗੇ, ਬਾਰੰਬਾਰ ਬੇਨਤੀ ਕਰਦੀ ਸੁਨ ਕੇ ਉਜੈਨ ਰਿਖੀ ਕਹਿਆ ਕਿ ਪੰਜਾਬ ਮੇਂ (ਵਟਾਲੇ ਅਚਲ ਦੇ ਪ੍ਰਗਨੇ) ਵਿਚ ਇਕ ਟੋਬਾ ਨਾਥੋਂਆਣਾ ਹੈ, ਓਸ ਟੋਬੇ ਵਿਚ ਨਿਵਾਸ ਕਰਕੇ ਪੈ ਰਹੁ, ਕਲਜੁਗ ਵਿਚ ਮੈਂ ਹੰਦਾਲ ਦਾ ਅਵਤਾਰ ਆਵਾਂਗਾ, ਫੇਰ ਤੇਰਾ ਉਧਾਰ ਕਰਾਂਗੇ, ਏਸ ਕਾਰਨ ਨਾਥੋਂਆਣਾ ਪੁਰਾਤਨੀ ਗੁਪਤ ਤੀਰਥ ਹੈ ਏਹਸਾਖੀ ਬਹੁਤ ਬਿਸਥਾਰ ਸੇ ਹੈ ਪੰਨਾ ੧੬੦ ਪਰ ਜਨਮਸਾਖੀ ਮੇਂ ਪੜ੍ਹੋ, ਏਥੇ ਬਹੁਤ ਸੇ ਬਹੁਤ ਹੀ ਸੰਖੇਪ ਲਿਖੀ ਹੈ । ਨਾਥੋਂਆਣੇ ਦੇ ਕਨਾਰੇ ਜੋਗੀ ਨੇ ਆਸਨ ਲਾਯਾ ਹੋਯਾ ਸੀ, ਸ੍ਰੀ ਗੁਰੂਬਾਬਾ ਹੰਦਾਲਜੀ ਓਸ ਜੋਗੀ ਦੇ ਪਾਸ ਦੀ ਆਯਾ ਜਾਯਾ ਕਰਨ ਅਪਨੇ ਪਸ਼ੂਆਂ ਦੇ ਮਗਰ ਗੁਰੂ ਜੀ ਨੇਂ ਔਣਾ ਜਾਣਾ ਤੇ ਜੋਗੀ ਪੁਰਖ ਨੂੰ ਬਲਾਉਣਾ ਨਹੀਂ, ਜੋਗੀ ਦਾ ਰੋਜ ਨਿਤਨੇਮੁ ਏਹੁ ਸੀ ਕਿ ਡੇਢ ਪੈਹਰ ਰਾਤ ਰਹਿੰਦੀ ਅਸਨਾਨ ਕਰਕੇ ਬਦਨ ਪੁਰ ਭਭੂਤੀ ਰਮਾ ਲੈਣੀ ਤੇ ਭਜਨ ਪਰ ਬੈਠਕੇ ਲਿਵ ਪ੍ਰਭੂ ਮੇਂ ਲੀਨ ਕਰ ਲੈਣੀ, ਇਕ ਦਿਨ ਪਾਲਾ ਬੜਾ ਪੈਨ ਕਾਰਨ ਇਕ ਆਦਮੀ ਜਿਸਕਾ ਨਾਮੁ (ਮੋਹਰੀ) ਘਣਕੱਸ ਜਿਮੀਂਦਾਰ ਜੋਗੀ ਦੇ ਧੂਏਂ ਪੁਰ ਹਾਥ ਸੇਕਨ ਲੱਗਾ ਬੈਠਕੇ ਤੇ ਜੋਗੀ ਜਨ ਦਾ ਮਗਨ ਸਮਾ ਬੀਤ ਦਾ ਜਾਂਦਾ ਸੀ, ਅਤੇ ਜੋਗੀ ਜਨ ਗੁਪਤ ਅਸ਼ਨਾਨ ਕਰਨਾ

Digitized by Panjab Digital Library | www.panjabdigilib.org

ਤੇ ਗੁਪਤ ਹੀ ਤਨ ਪ੍ਰ ਭਭੂਤੀ ਚਾਹੜ ਲੇਵਨੀ, ਓਸ ਮੋਹਰੀ ਨੂੰ ਜੋਗੀ ਜਨ ਬਥੇਰਾ ਕੈਹਨ ਕਿ ਜਾਹ ਭਾਈ ਅਪਨੇ ਘਰ ਨੂੰ, ਮੋਹਰੀ ਨਾ ਮੰਨਿਯਾ, ਅਖੀਰ ਜੋਗੀ ਨੇ ਕਹਿਆ ਭਾਈ ਤੂੰ ਸਾਡਾ ਕੈਹਨਾ ਨਹੀਂ ਮੰਨਦਾ ਜਾਹ ਘਰ ਮੇਂ ਜਾ ਕੇ ਚਿਚਲਾ ਚਿਚਲਾ ਅਰਥਾਤਿ ਤੜਪ, ਤੜਪ, ਮਰੇਗਾ, ਤਬ ਓਹ ਮੋਹਰੀ ਕਰਮਾਂ ਦਾ ਹੀਣਾ, ਜੋਗੀਸ਼੍ਵਰ ਦਾ ਸਰਾਫ ਲੈ ਕਰਕੇ ਅਪਨੇ ਘਰ ਨੂੰ (ਮੋਹਰੀ) ਘਣਕਸ਼ ਚਲਾ ਗਿਆ, ਘਰ ਜਾ ਕੇ ਇਕ ਦਮ ਜਿਮੀ ਪਰ ਡਿਗਦੇ ਸਾਰ ਹੀ ਮੋਹਰੀ ਕੀ ਜਾਨ ਤੜਪ ਤੜਪ ਮੋਹਰੀ ਮਰ ਗਿਯਾ। ਇਕ ਦਿਨ ਸ੍ਰੀ ਗੁਰੂ ਜੀ ਅਪਨੇ ਗਾਈਆਂ, ਮੱਹੀਆਂ ਚਾਰ ਕੇ ਜੋਗੀ ਦੇ ਕੋਲ ਦੀ ਲੰਘੇ, ਤਾਂ ਜੋਗੀਸ਼੍ਵਰ ਨੇ ਗੁਰੂ ਜੀ ਨੂੰ ਕਹਾ ਹੇ ਬਾਲਕੇ ਆਜ ਹਮ ਕੋ ਦੂਧ ਪਿਲਾਓ, ਸ੍ਰੀ ਗੁਰੂ ਜੀ ਨੇ ਓਸੇ ਵਕਤ ਹੀ ਘਰੋਂ ਦੁਧ ਚੁਵਾ ਕੇ ਜੋਗੀ ਜਨ ਨੂੰ ਲਿਆ ਦਿਤਾ, ਓਸ ਦਿਨ ਸੇ ਗੁਰੂ ਜੀ ਦੀ ਜੋਗੀ ਨਾਲ ਬੜੀ ਪ੍ਰੀਤੀ ਹੋ ਗਈ, ਗੁਰੂ ਜੀ ਜੰਗਲ ਵਿਚੋਂ ਏਰਨੇ ਚੁਗ ਕੇ ਧੂਣੀ ਭੀ ਪਾ ਦੇਵਨ, ਤੇ ਪ੍ਰਸਾਦਿ ਆਦਿ ਭੀ ਛਕਾਯਾ ਕਰਨ, ਤਬ ਜੋਗੀਸ਼੍ਵਰ ਨੇ ਸੋਚਿਆ ਕਿ ਮੈਂ ਤਾਂ ਏਸ ਨੂੰ ਉਪਦੇਸ਼ ਦੇਨ ਵਾਸਤੇ ਆਯਾ ਹਾਂ, ਤੇ ਏਸ ਨੇ ਸੇਵਾ ਭੀ ਬਹੁਤ ਕੀਤੀ ਹੈ, ਅਬ ਇਸ ਕੋ ਉਪਦੇਸ ਦੇਈਏ, ਗੁਰੂ ਜੀ ਨੂੰ ਸੰਤ ਸੁਭਾਵ ਤੇ ਵੈਰਾਗ ਵਾਨ ਦੇਖ ਕੇ, ਤਬ ਗੁਰੂ ਜੀ ਨੂੰ ਈਸ਼੍ਵਰ ਭਗਤੀ ਦਾ ਉਪਦੇਸ਼ ਕੀਤਾ, ਅਤੇ ਯੋਗ ਸਮਾਧੀ ਦਾ ਭੇਦ ਦਸਿਆ,*ਯੰਮ ਨਿਯਮ ਆਦਿ ਸਾਧਨ ਦੱਸੇ ਗੁਰੂ ਜੀ ਪਿਛਲੇ ਜਨਮਾਂ ਦੇ ਭਗਤਿ ਸੇ, ਇਸ ਵਾਸਤੇ ਥੋੜੇ ਹੀ ਕਾਲ ਵਿਚ ਯੋਗ ਸਮਾਧੀ ਵਿਚ ਪੂਰਨ ਹੋ ਗਏ। ਫਿਰ ਸ੍ਰੀ ਸਤਿਗੁਰੂ ਜੀ ਆਪਨੇ ਖੇਤੋਂ ਮੇਂ ਨਿਜ ਘਰ

---

*ਯਮ ਨਿਯਮ ਅਰਥਾਤਿ ਭਗਤੀ ਧਰਮਦੇ ਅੰਗ। ਯੱਥਾ ਚੌਪਈ॥ ਅਹਿੰਸਾ ਤਿਆਗ ਦਯਾ ਸੇ ਪ੍ਰੀਤ॥ ਸਚੁ ਸੇ ਪਿਆਰ ਜੋ ਧਾਰੇ ਨੀਤ॥ ਜਤਿੰਦ੍ਰ ਰਹੇ ਜੱਤ ਕੋ ਪਾਲੇ॥ ਚੋਰੀ ਤਿਆਗੇ ਖੋਟੇ ਚਾਲੇ॥ ਧਨ ਮਾਯਾ ਸੇ ਮਨਿ ਕੋ ਮਾਰੇ॥ ਅੰਤਰ ਬਾਹਰ ਸੌਂਚ ਬਿਚਾਰੇ॥ ਸੰਤੋਖ ਟੇਕ ਲੈ ਤੱਪੁ ਕੋ ਧਾਰੇ॥ ਗੁਰ ਉਪਦੇਸ ਜਪੁ ਮੁਖੋਂ ਉਚਾਰੇ॥ ਆਤਮ ਦਉਲਤ ਸੱਭਪ੍ਰਵਾਰਾ॥ ਈਸ਼੍ਵਰ ਊਪਰ ਦੇਵੇਂ ਵਾਰਾ॥ ਇਨਕੋ ਹੀ ਯਮ ਨਿਯਮ ਬਤਾਵੇ॥ ਭਗਤੀ ਕੇ ਸਭ ਅੰਗ ਕਹਾਵੇਂ॥

Digitized by Panjab Digital Library | www.panjabdigilib.org

ਦੀਆਂ ਗਾਂਈਆਂ ਮਹੀਆਂ ਆਪਨਾ ਮਾਲ ਚਾਰਨ ਲਗਿ ਗਏ ਤਾਂ ਗੁਰੂ ਜੀ ਹਰੀਭਜਨ ਮੇਂ ਬੈਠੇ ਰਹੇ ਤਾਂ ਇਕ ਬਾਲਕੇ ਦੀ ਭੈਂਸ ਨੇ ਬਾਬੇ ਗਾਜੀ ਦਾ ਖੇਤ ਖਾ ਲੀਆ ਜਾਂ ਸਤਿਗੁਰੂ ਜੀ ਦੀ ਸਮਾਧੀ ਖੁਲੀ ਤਾਂ ਕਿਆ ਦੇਖਨ ਖੇਤ ਖਾਧਾ ਹੋਯਾ ਦੇਖਿਆ ਤਾਂ ਗੁਰੂ ਜੀ ਨੇ ਲੜਕੇ ਨੂੰ ਖੇਤ ਵਿਚੋਂ ਭੈਂਸ ਮੋੜਦਾ ਭੀ ਦੇਖਿਆ, ਤਾਂ ਗੁਰੂ ਜੀ ਓਸ ਲੜਕੇ ਵੱਲ ਗਏ ਤਾਂ ਉਹ ਲੜਕਾ ਅਪਨੇ ਡਰ ਸੇ ਹੀ ਰੋਣੇ ਲਗ ਪਿਆ ਕਿ ਮੈਨੂੰ ਹੰਦਾਲੁ ਜੀ ਮਾਰਨ ਨਾਂ, ਤੇ ਓਹ ਲੜਕਾ ਅਪਨੇ ਹੀ ਭੈ ਸੇ ਡਰਤਾ, ਕਾਂਪਤਾ, ਥਰ ਥਰ ਕਾਂਪਤਾ ਜਾਤਾ ਹੈ, ਤਬ ਸ੍ਰੀ ਸਤਿਗੁਰੂ ਜੀ ਨੇ ਓਸ ਲੜਕੇ ਦੇ ਆਂਸੂ ਪਲੇ ਨਾਲ ਪੂੰਜੇ, ਤੇ ਲੜਕੇ ਨੂੰ ਪਿਆਰ ਦਿਲਾਸਾ ਦੇਕੇ ਅਪਨੇ ਨਾਲ ਘਰ ਲੈ ਆਏ ਤਾਂ ਚੌਂਕੀ ਪਰ ਲੜਕੇ ਨੂੰ ਬਹਾ ਕੇ ਮਾਤਾ ਜੀ ਨੂੰ ਕਹਿਆ ਹੇ ਮਾਤਾ ਜੀ ਰੋਟੀ ਤਿਆਰ ਕਰੋ, ਮਾਤਾ ਜੀਨੇ ਝੱਟ ਹੀ ਰੋਟੀ ਤਿਆਰ ਕਰੀ, ਤਾਂ ਗੁਰੂ ਜੀ ਨੇਂ ਓਸ ਲੜਕੇ ਨੂੰ ਪ੍ਰਸਾਦਿ ਘੀਉ ਮਿਠਾ ਪਾ ਕਰ ਖੂਬ ਭਾ ਪ੍ਰੇਮ ਸੇ ਛਕਾਯਾ, ਜਬ ਲੜਕੇ ਨੇ ਭੋਜਨ ਪਾ ਲਿਆ, ਤਾਂ ਗੁਰੂ ਜੀਨੇਂ ਮਾਤਾ ਜੀਨੂੰ ਕਹਿਆ ਮਾਤਾ ਜੀ ਇਕ ਬਸਤ੍ਰ ਦੇਉ, ਮਾਤਾ ਜੀ ਨੇ ਸੋਹਣਾ ਮੰਜੀਠ ਰੰਗਦਾ ਖੇਸ ਲਿਆ ਦਿਤਾ, ਤਾਂ ਗੁਰੂ ਜੀਨੇਂ ਖੇਸ ਓਸ ਲੜਕੇ ਨੂੰ ਦੇਕੇ ਕਹਿਆ ਹੇ ਲੜਕੇ ਤੂੰ ਤਿੰਨ ਵੇਰ ਕਹੁ ਮੈਂ ਬਖਸ਼ਾ ਬਖਸ਼ਿਓ ਕਰਤਾਰ, ਤਿੰਨ ਵੇਰਾਂ ਓਸ ਲੜਕੇ ਨੇ ਕਹਿ ਦਿਤਾ, ਤਾਂ ਉਚਰਾਂ ਨੂੰ ਗੁਰੂ ਜੀਦਾ ਬੜਾ ਭਾਈ ਸੂਵਾਂਣੀ ਬਾਹਰੋਂ ਖੇਤ ਖਾਧਾ ਹੋਇਆ ਦੇਖਕੇ ਘਰ ਨੂੰ ਆਯਾ, ਤੂੰ ਓਸ ਲੜਕੇ ਦੀ ਸੇਵਾ ਕੀਤੀ ਹੈ, ਪੈਹਲੇ ਤਾਂ ਲੜਕੇ ਦੀ ਭੈਂਸ ਨੇ ਖੇਤ ਖਾਧਾ, ਤੇ ਫੇਰ ਓਸ ਲੜਕੇ ਨੂੰ ਭੋਜਨ ਛਕਾਉਂਦਾ ਤੇ ਬਸਤ੍ਰ ਆਦਿਕ ਦੇਕੇ ਉਲਟੀ ਓਸਦੀ ਸੇਵਾ ਕਰਦਾ ਹੈ, ਗੁਰੂ ਜੀਦੇ ਮੁਖ ਪਰ ਏਕ ਚਪੇੜ ਮਾਰਕੇ ਸੂਵਾਣੀ ਕੈਹਿੰਦਾ ਹੈ, ਚਲ ਖਾਂ ਮੇਰੇ ਨਾਲ ਤੁਝੇ ਹਾਲ ਦਿਖਾਊ ਖੇਤ ਕਾ, ਸਭ ਉਜੜਾ

Digitized by Panjab Digital Library | www.panjabdigilib.org

ਪਿਆ ਹੈ, ਜਾਂ ਬਾਹਰ ਗੁਰੂ ਜੀ ਨੂੰ ਖੇਤ ਦਿਖਾਲਨ ਸੂਵਾਂਣੀ ਲੈ ਗਿਆ, ਜਾਂ ਖੇਤ ਦੇਖਿਆ ਤਾਂ ਸੂਵਾਣੀ ਨੂੰ ਖੇਤ ਹਰਿਆ, ਭਰਿਆ, ਨਿਗ੍ਹਾ ਆਯਾ, ਤਾਂ ਬਾਬਾ ਸਰਵਾਂਣੀ ਨਿਉਤ੍ਰ ਹੋ ਗਿਯਾ, ਤਾਂ ਗੁਰੂ ਜੀ ਨੇ ਬੜੇ ਭਾਈ ਸੂਵਾਣੀ ਨੂੰ ਆਖਿਆ, ਹੇ ਭਾਈ ਜੋ ਮੈਨੂੰ ਚਪੇੜ ਮਾਰੀ ਹੈ, ਇਸ ਚਪੇੜ ਕਾ ਬਦਲਾ ਕਰਤਾਰ ਲਵੇਗਾ, ਤਾਂ ਅਠ ਪੈਹਰੀ ਭਾਈ ਸੂਵਾਂਣੀ ਨੂੰ ਅਜਗੈਬੀ ਚਪੇੜ ਪਿਆ ਕਰੇ, ਇਕ ਪੈਹਰ ਬਿਸੁਧ ਪਿਆ ਰਹਿਆ ਕਰੇ, ਫੇਰ ਸ੍ਰੀ ਗੁਰੂ ਜੀ ਦੇ ਮਾਤਾ ਪਿਤਾ ਜੀ ਨੇ ਆਖਿਆ, ਹੇ ਬੇਟਾ ਏਹ ਤੇਰਾ ਬੜਾ ਭਾਈ ਸੂਵਾਂਣੀ ਹੈ, ਅੱਠੀ ਪੈਹਰੀ ਇਕ ਪੈਹਰ ਬੜਾ ਦੂਖ ਪਾਊਂਦਾ ਹੈ, ਜਬ ਇਨ੍ਹੇ ਤੈਨੂੰ ਚਪੇੜ ਮਾਰੀ ਹੈ, ਤਬ ਸੇ ਹੀ ਇਸਕੋ ਅਜਗੈਬੀ ਚੋਟ ਪੈਂਦੀ ਹੈ, ਤਬ ਸ੍ਰੀ ਗੁਰੂ ਜੀਨੇ ਦਿਆਲੂ ਕ੍ਰਿਪਾਲੂ ਹੋਕੇ ਕਹਾ ਹੇ ਭਾਈ ਸੂਵਾਣੀ ਏਹ ਚੋਟ ਅੱਠੀ ਪੈਹਰੀ ਨਹੀ ਪਿਆ ਕਰੇਗੀ, ਸਾਲ ਬਾਅਦ ਜਬ ਏਹ ਦਿਨ ਆਯਾ ਕਰੇਗਾ, ਤਬ ਏਕ ਪੈਹਰ ਤੈਨੂੰ ਇਸੀਤ੍ਰਾਂ ਦੂਖ ਸਹਾਰਨਾ ਪਵੇਗਾ, ਕਿਉਂਕਿ ਸੰਤਾਂ ਗੁਰਾਂ ਦਾ ਸ੍ਰੀ ਮੁਖਵਾਕ ਅਟਲ ਹੁੰਦਾ ਹੈ। ਤਬ ਗ੍ਰੰਥਾ ਕਾਰ ਜੀ ਇੰਞ ਕਹਿੰਦੇ ਹਨ ॥ ਸਵੈਯਾ ॥ ਬਾਹਰ ਖੇਤ ਕੋ ਹਾਲ ਸਭੀ ਨਿਜ ਨੈਨ ਸੇ ਦੇਖ ਆਇਓ ਸੂਵਾਣੀ ॥ ਕਰੋਧ ਸੇ ਰੋਖ ਬੱਢਿਓ ਮਨ ਮੇਂ ਘਰਿ ਆਵਤ ਹੀ *ਸਿਸ ਦੇਖ ਹੈਰਾਨੀ ॥ ਗਹਿ ਕਰ ਹਾਥ ਲੀਓ ਗੁਰਕਾ ਅਰ ਬੈਨ ਕਹੇ ਮੁਖ ਤੇ ਅਭਿਮਾਨੀ ॥ ਬਾਹਰ ਖੇਤ ਖਵਾਏ ਸਭੇ ਫੁਨ ਬਾਲਕ ਟੈਹਿਲ ਕਰੇਂ ਉਲਟਾਨੀ ॥ (ਸਾਧ ਸੰਗਤ ਜੀ ਏਹ ਸਾਖੀ ਬਿਸਥਾਰ ਸੇ ਹੈ (ਜਨਮਸਾਖੀ ਮੇਂ ਪੜੋ ਪੰਨਾ ੯ ਮੇਂ) ਫਿਰ ਓਹ ਜੋਗੀਸ਼੍ਵਰ ਜੀ ਕੁਛਕ ਕਾਲ ਟਿਕ ਕਰਕੇ ਰਮਤੇ ਰਹੈ, ਜਹਾਂ ਸੇ ਆਏ ਤਹਾਂ ਜੋਗੀਸ਼੍ਵਰ ਜੀ ਚਲਦੇ ਰਹੇ, ਜਾਂ ਸਤਿਗੁਰੂਜੀ ਜੋਗੀ ਦੇ ਧੂਣੇ ਪ੍ਰ ਗਏ ਤਾਂ ਆਸਨ ਖਾਲੀ ਪੱੜਾ ਹੈ ਮਾਲਮ ਨਹੀ ਜੋਗੀ ਕਹਾਂ ਗਏ, ਅਰਥਾਪਿ ਗੁਪਤ ਹੋ ਗਏ ਢੂਢਨੇ ਜੋਗ ਨਹੀ ਰਹੈ। ਸਤਿਗੁਰੂ ਜੀ

*ਸਿਸ ਕਹੀਏ ਬਾਲਕਾ।

Digitized by Panjab Digital Library | www.panjabdigilib.org

ਉਦਾਸ ਹੋ ਗਏ, ਲਗੇ ਜੋਗੀ ਕੀ ਪੱੜਤਾਲ ਕਰਨ, ਇਰਦ ਗਿਰਦ ਦੇ ਨੱਗਰਾਂ ਦੀ ਭਾਲ ਕਰਦੇ ਕਰਦੇ ਆਪਨਾ ਘਰਿ ਬਾਰ ਤਿਆਗ ਕੇ ਵੈਰਾਗ ਵਾਨ ਹੋ ਕੇ ਬਾਰਾਂ ਬਰਸ ਦੀ ਅਵੱਸਥਾ ਵਿਚ ਸੰ: ਬਿ:੧੬੪੨ ਮੇਂ ਬਾਹਰ ਨਿਕਲ ਤੁਰੇ, ਪਹਿਲੇ ਪਹਿਲ *ਰਾਮੁਦਾਸਪੁਰੇ ਪਿੰਡ ਗੁਰੂ ਅਰਜਨਦੇਵ ਜੀ ਦੇ ਤਾਲਦੇ ਇਕਸ ਕਨਾਰੇ ਜਾ ਬੈਠੇ, ਗੁਰੂ ਜੀ ਦੇ ਸਿਰ ਤੇ ਇਕ ਛੋਟਾ ਜੇਹਾ ਸੁਫੈਦ ਦਸਤਾਰਾ ਸੀ, ਗਲ ਕੁੜਤਾ, ਤੇੜ ਕੁਪੀਨ, ਤੇ ਹੱਥ ਮੇਂ ਪੂਨਾ ਸੀ, ਜਾਂ ਦੋ ਦਿਨ ਗੁਜਰ ਗਏ, ਤਾਂ ਕਿਸੇ ਮਾਤਾ ਸੁਖਾਂ ਜੀਨੂੰ ਆਨ ਦਸਿਆ, ਕਿ ਹੇ ਮਾਤਾ ਜੀ ਤੇਰਾ ਪੁਤ੍ਰ ਮੈਂ ਗੁਰੂ †ਅਰਜਨਦੇਵ ਜੀ ਦੇ ਤਾਲ ਉਤੇ ਬੈਠਾ ਦੇਖਿਆ ਹੈ, ਤਾਂ ਮਾਤਾ ਜੀ ਓਸੇ ਵੇਲੇ ਗੁਰੂ ਅਰਜਨਜੀ ਦੇ ਤਾਲ ਅੰਮ੍ਰਿਤਸਰ ਨੂੰ ਦੌੜੀ ਆਈ, ਜਾਂ ਦੇਖੇ ਤਾਂ ਹੰਦਾਲੁ ਜੀ ਬੈਠਾ ਹੈ, ਹਰੀ ਧਿਆਨ ਮੇਂ ਲੱਗਾ ਹੋਇਆ ਹੈ, ਮਾਤਾ ਜੀ ਨੇ ਪਿਛੋਂ ਹੋਕੇ ਅੰਗੋ ਵਿਚ ਲੀਤਾ, ਅਤੇ ਮੂੰਹ ਸਿਰ ਚੁੰਮਿਆਂ, ਅਤੇ ਆਖਣ ਲੱਗੀ ਹੇ ਪੁਤ੍ਰ ਮੈਂ ਤੇਰੇ ਬਿਨਾਂ ਬਹੁਤ ਦੁਖੀ ਹੋਈ ਹਾਂ, ਹੇ ਪੁਤ੍ਰ ਅਜੇ ਤਾਂ ਤੇਰੀ ਉਮਰ ਬਹੁਤ ਛੋਟੀ ਕੁਲ ੧੨ ਬਰਸਾਂ ਦੀ ਹੈ, ਤੈਨੂੰ ਕਿਸ ਕਹਿਆ ਹੈ, ਕਿ ਮਾਤਾ ਪਿਤਾ ਨੂੰ ਛੋਡ ਦੇਹ, ਤੂੰ ਜਿਉ ਜਾਣੇ ਮੇਰੇ ਨਾਲ ਘਰਿ ਚੱਲ, ਓਥੇ ਬੈਹਕੇ ਗੋਬਿੰਦ ਚਿਤ ਕਰਿ, ਉਜਾੜਾਂ ਵਿਚ ਕੀ ਪਿਆ ਹੈ, ਤਾਂ ਸ੍ਰੀ ਸਤਿਗੁਰੂ ਜੀ ਕੱਹਿਆ, ਅਬ ਮੈਂ ਘਰਿ ਨਹੀ ਜਾਂਦਾ, ਆਪਣੇ ਜੁਗੀਸ਼੍ਵਰ ਗੁਰੂ ਨੂੰ ਢੂੰਢਕੇ ਘਰਿ ਆਵਾਂਗਾ, ਹੇ ਮਾਤਾ ਜੀ ਸਾਨੂੰ ਕਿਛ ਨਾ ਆਖੁ ਤਾਂ ਸ੍ਰੀ ਮਾਤਾ ਜੀ ਕੱਹਿਆ ਤੁਝ ਬਿਨਾਂ ਮੈ ਮਰ ਜਾਵਾਂਗੀ, ਤਾਂ ਭਲੀ ਗਲ ਹੋਵੇਗੀ, ਮਾਤਾ ਪਿਤਾ ਪਹਿਲੇ ਗੁਰੂ ਹਨ, ਕਿਸ ਕੇਹਾ ਹੈ ਕਿ ਮਾਤਾ ਪਿਤਾ ਨੂੰ ਛੱਡ। ਤਾਂ ਗੁਰੂ ਜੀ ਕੱਹਿਆ ਮਾਤਾ ਪਿਤਾ ਖਾਣੇ ਅਰ

---

*ਰਾਮਦਾਸ ਪੁਰਾ ਥੋਂ ਮੁਰਾਦ ਅਜ ਕਲ ਸ੍ਰੀ ਅੰਮ੍ਰਿਤਸਰ ਜੀ ਦੇ ਨਾਮੁ ਨਾਲ ਪ੍ਰਸਿਧ ਹੈ,

†ਗੁਰੂ ਅਰਜਨਦੇਵਜੀ ਅਪਣੇ ਪਿਤਾ ਜੀ ਸ੍ਰੀ ਗੁਰੂ ਰਾਮੁਦਾਸਜੀ ਦੇ ਉਸ ਵਕਤ ਸਰੋਵਰ ਦੀ ਸੇਵਾ ਕਰਵਾ ਰਹੇ ਸਨ।

Digitized by Panjab Digital Library | www.panjabdigilib.org

ਪੈਹਰਨੇਂ ਕੋ ਦੇਂਦੇ ਹਨ, ਸ਼ਰੀਰ ਕੀ ਪਾਲਨਾ ਕਰਤੇ ਹੈਂ, ਅਰ ਗੁਰੂ ਜੀ ਉਪਦੇਸ਼ ਕਰਕੇ ਮੁਕਤਿ ਕਰਤੇ ਹੈਂ, ਗੁਰੂ ਕੇ ਸਮਾਨ ਮਾਤਾ ਪਿਤਾ ਨਹੀਂ, ਤਬ ਮਾਤਾ ਜੀ ਨੇਂ ਕੱਹਿਆ ਜਾਂ ਮੈਂ ਬਿਲਪਾਂ ਗੀ, ਤਾਂ ਤੈਨੂੰ ਮੇਰਾ ਸਰਾਪੁ ਲੱਗੇਗਾ,ਤੂੰ ਮੇਰੇ ਨਾਲ ਘਰਿ ਚੱਲ,ਮਾਤਾ ਪਿਤਾ ਦਾ ਕਹਿਣਾ ਪੁਤ੍ਰ ਮੰਨਦੇ ਹਨ, ਤਾਂ ਸ੍ਰੀ ਗੁਰੂ ਜੀਨੇਂ ਕੱਹਿਆ ਹੇ ਮਾਤਾ ਜੀ ਜੋ ਪ੍ਰਮੇਸ਼ਰ ਦੀ ਸ਼ਰਨ ਆਉਂਦਾ ਹੈ, ਤਿਸਨੂੰ ਸਰਾਪੁ ਕੋਈ ਨਹੀਂ ਲੱਗਦਾ, ਕੋਟ ਸਰਾਪੁ ਮਿਟ ਜਾਂਦੇ ਹਨ, ਮਾਤਾ ਜੀ ਤੁਸੀਂ ਘਰਿ ਜਾਓ, ਮੈਨੂੰ ਚੁਕੀ ਨਾ ਦੇਓ ਏਹ ਮਾਨੁਖ ਜਨਮ ਦੁਰਲੱਭ ਹੈ, ਬਾਰੰਬਾਰ ਹਥਿ ਨਹੀਂ ਆਉਂਦਾ, ਇਸ ਨਾਲ ਸਭੇ ਕੰਮ ਛੱਡਕੇ ਗੋਬਿੰਦ ਭਜਨ ਕਰਿ ਲੀਜੇ, ਕਿਆ ਜਾਂਣੇ ਏਹ ਦੇਹ ਕਿਸ ਵੇਲੇ ਬਿਨਸ ਜਾਏ, ਤਾਂ ਮਾਤਾ ਜੀ ਉਥੋਂ ਉਠ ਖੜੀ ਹੋਈ, ਫਿਰ ਪ੍ਰਸਾਦਿ ਲੈਕੇ ਸ੍ਰੀ ਗੁਰੂ ਅਰਜਨਦੇਵ ਜੀ ਅਗੇ ਜਾਇ ਮੱਥਾ ਟੇਕਿਆ, ਗੁਰੂ ਅਰਜਨ ਜੀ ਪੁਛਿਆ ਮਾਤਾ ਜੀ ਤੁਸੀਂ ਕੇਹੜੇ ਪਿੰਡੋਂ ਆਏ ਹੋ, ਤਾਂ ਮਾਤਾ ਜੀ ਬੋਲੀ ਜੰਡਿਆਲਾ ਮੋਰ ਗਰਾਂਉ ਹੈ, ਓਥੋਂ ਆਈ ਹਾਂ, ਮੇਰਾ ਪੁਤ੍ਰ ਹੰਦਾਲੁ ਹੈ, ਉਦਾਸ ਹੋਕੇ ਤੇਰੇ ਤਾਲ਼ ਤੇ ਆਇ ਬੈਠਾ ਹੈ, ਮੈਂ ਬਹੁਤੇਰਾ ਕਹਿ ਰਹੀ ਹਾਂ, ਘਰਿ ਚਲਦਾ ਨਾਹੀਂ, ਮੇਰੀ ਏਹੁ ਅਰਦਾਸ ਹੈ ਮੇਰੇ ਨਾਲ ਘਰਿ ਨੂੰ ਘੱਲ ਦੇਵੋ ਜੀ, ਮੇਰੀ ਬਾਰੰਬਾਰ ਏਹ ਅਰਜ ਹੈਜੀ, ਤਾਂ ਸ੍ਰੀ ਗੁਰੂ *ਅਰਜਨ ਜੀ ਵਿਚਾਰ ਕੀਤਾ ਜੋ ਪਰਮੇਸ਼ਰ ਦੀ ਪ੍ਰੀਤ ਵਾਸਤੇ ਘਰੋਂ ਨਿਕਲਿਆ ਹੈ, ਤਿਸਨੂੰ ਫੇਰਨਾ ਜੋਗ ਨਹੀਂ ਅਤੇ ਉਸ ਸਾਡੇ ਆਖੇ

---

*ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਿਚਾਰ ਕੀਤੀ ਕਿ ਜੋ ਸ੍ਰੀ ਗੁਰੂ ਅੰਗਦਦੇਵ ਜੀ ਨੇ ਜੋ ਜਨਮਸਾਖੀ ਬਾਲੇਵਾਲੀ ਵਿਚ "ਗੁਰੂ ਨਾਨਕ ਜੀ ਨੇ ਭਵਿਖਸ਼ਤ ਬਚਨ ਕਹੇ ਹਨ ਹੰਦਾਲੁ ਜੀ ਦੀ ਬਾਬਤ ਕਿ ਇਕ ਹੰਦਾਲੁ ਪ੍ਰੀਪੂਰਨ ਸੰਤ ਗੁਰਮੁਖ ਮੈਥੋਂ ੧੦੦ ਸੌ ਬਰਸਾਂ ਪਿਛੋਂ ਹੋਸੀ ਸੋ ਸਾਡੇ ਵਡੇ ਸ੍ਰੀ ਗੁਰੂ ਨਾਨਕ ਜੀ ਦੇ ਕਹੇ ਹੋਏ ਭਵਿਖਸ਼ਤ ਬਚਨ ਅਟਲ ਹੋਏ, ਜੈਸੇ ਗੁਰੂ ਨਾਨਕ ਜੀ ਕਹਿ ਗਏ ਸਨ ਉਸੀ ਤਰਾਂ ਹੀ ੧੦੦ ਇਕ ਸਉ ਚਾਰ ਬਰਸਾਂ ਬਾਅਦ ਹੰਦਾਲੁ ਜੀ ਜਪੀ, ਤਪੀ, ਤੇ ਬੜੇ ਗੁਰਮੁਖ ਹੋਏ ਤੇ ਸ੍ਰੀ ਗੁਰੂ ਨਾਨਕ ਜੀ ਦੇ ਕਹੇ ਹੋਏ ਭਵਿਖਤ ਬਚਨ ਪੂਰੇ ਹੋਏ।

Digitized by Panjab Digital Library | www.panjabdigilib.org

ਮੁੜਨਾ ਭੀ ਨਾਹੀਂ, ਕਿਆ ਕਰੀਏ, ਤਾਂ ਗੁਰੂ ਅਰਜਨ ਜੀ ਆਖਿਆ ਮਾਤਾ ਜੀ ਤੁਸੀਂ ਆਪਨੇ ਘਰਿ ਜਾਓ, ਓਹ ਆਪੇ ਹੀ ਤੁਸਾਂ ਪਾਸ ਆਵੇਗਾ, ਤੁਸੀਂ ਖਾਤਰੇ ਜਮਾਂ ਕਰੋ, ਅਤੇ ਪ੍ਰਮੇਸ਼ਰ ਚਿਤ ਕਰੋ,ਵਿਰਲਾਪ ਨਾ ਕਰੋ। ਸ੍ਰੀ ਗੁਰੂ ਅਰਜਨ ਜੀ ਬਹੁਤੇਰਾ ਸੰਮਝਾਇ ਰਹੈ, ਪਰ ਮਾਵਾਂ ਦਾ ਮੋਹ ਮੰਨੇ ਨਾਹੀ, ਤਾਂ ਸ੍ਰੀ ਗੁਰੂ ਅਰਜਨ ਜੀ ਸਮਝਾਇਆ ਹੁਣ ਜਰੂਰ ਮਾਤਾ ਦਾ ਕਹਿਆ ਮੰਨੀਏ, ਜੋ ਏਹ ਭੀ ਰਾਜੀ ਹੋਵੇ ਤਾਂ ਗੁਰੂ ਅਰਜਨ ਜੀ ਇਕ ਸਿਖ ਨੂੰ ਬਚਨ ਕੀਤਾ ਭਾਈ ਸਿਖਾ ਤੂੰ ਹੰਦਾਲੁ ਪਾਸ ਜਾਇ ਕਰ ਆਖ ਅਰਜਨ ਜੀ ਤੁਵਾਨੂੰ ਸੱਦ ਦੇ ਹਨ, ਤਾਂ ਸੇਵਕ ਬਚਨ ਮੰਨਕੇ ਹੰਦਾਲੁ ਜੀ ਪਾਸ ਗਿਯਾ, ਅਤੇ ਅਰਿਦਾਸ ਕੀਤੀ ਐਜੀ ਹੰਦਾਲੁ ਪੁਰਖੁ ਜੀ ਤੁਸਾਨੂੰ ਗੁਰੂ ਅਰਜਨ ਜੀ ਬਲਾਉਂਦੇ ਹਨ, ਚਲੋ ਢਿਲ ਨ ਕਰੋ, ਤਾਂ ਗੁਰੂ ਹੰਦਾਲੁ ਜੀ ਨੇਂ ਕੱਹਿਆ ਸੁਣ ਸੇਵਕ ਅਸਾਡੀ ਵਲੋਂ ਜਾਇ ਕੇ ਮਥਾ ਟੇਕ ਅਤੇ ਅਰਦਾਸਿ ਆਖਿ ਜੋ ਅਸਾਨੂੰ ਕਾਮਨਾਂ ਕਾਈ ਨਾਹੀਂ ਬਿਨਾ ਪ੍ਰਮੇਸਰ ਅਸੀਂ ਬੈਠੇ ਹਾਂ ਏਹ ਆਖਿ, ਤਾਂ ਸਿਖ ਮੁੜ ਆਇਆ, ਅਤੇ ਮਥਾ ਟੇਕਿਆ ਸੋ ਕਿ ਅਸਾਨੂੰ ਕਾਂਮਨਾਂ ਕਾਈ ਨਾਹੀ ਬਿਨਾ ਪ੍ਰਮੇਸ਼ਰ ਅਸੀਂ ਬੈਠੇ ਹਾਂ, ਤਾਂ ਸ੍ਰੀ ਗੁਰੂ ਅਰਜਨ ਜੀ ਫੇਰ ਓਸ ਸਿਖ ਨੂੰ ਬਚਨ ਕੀਤਾ ਭਾਈ ਸਿਖਾ ਤੂੰ ਜਾ ਕੇ ਅਸਾਡੀ ਵਲੋਂ ਆਖੁ ਜੀ ਕ੍ਰਿਪਾ ਕਰਕੇ ਦਰਸ਼ਨ ਦੇਹੋ, ਤੁਸਾਂ ਜਹੇ ਨਿਹਕਾਂਮੀ ਪੁਰਖਾਂ ਦੇ ਦਰਸ਼ਨ ਤੋਂ ਕਲਯਾਨ ਹੁੰਦੀ ਹੈ, ਤਾਂ ਸਿਖ ਨੇ ਏਸੇ ਤਰਾਂ ਜਾਇ ਆਖਿਆ, ਤਾਂ ਗੁਰੂ ਹੰਦਾਲੁ ਜੀ ਅਧੀਨਗੀ ਸੁਣ ਕਰਿ ਸਿਖ ਦੇ ਨਾਲ ਉਠ ਆਏ, *ਗੁਰੂ ਅਰਜਨ ਜੀ ਉਠ ਕੇ ਗਲ ਮਿਲੇ ਅਤੇ ਇਕਸੇ ਸਤਰੰਜੀ ਤੇ ਬੈਠ ਗਏ,ਸ੍ਰੀ ਗੁਰੂਅਰਜਨ ਜੀ ਬੋਲੇ ਹੇ ਹੰਦਾਲੁ ਪੁਰਖੁ ਜੀ ਅਜ ਅਸੀ ਨਿਹਾਲ ਹੋਏ, ਤੁਸਾਡੇ ਚਰਨ ਅਸਾਡੇ ਮੰਦਰ ਵਿਚ ਆਏ, ਤੁਸਾਂ ਜੇਹੇ ਨਿਹਕਾਂਮੀ ਪੁਰਖਾਂ ਨੇ

---

*ਗੁਰੂ ਅਰਜਨਦੇਵ ਜੀਨੂੰ ਭਾਈ ਬਾਲੇ ਵਾਲੀ ਜਨਮਸਾਖੀ ਦੇ ਗੁਰੂ ਨਾਨਕ ਜੀਦੇ ਭਵਿਖਸ਼ਤ ਬਚਨ ਗੁਰੂ ਹੰਦਾਲੁ ਜੀ ਬਾਬਤ ਕਹੇ ਹੋਏ ਯਾਦ ਆ ਗਏ।

Digitized by Panjab Digital Library | www.panjabdigilib.org

ਜਿਨ੍ਹਾਂ ਨੂੰ ਬਿਨਾ ਪ੍ਰਮੇਸ਼ਰ ਹੋਰ ਪ੍ਰੀਤਿ ਨਾਂਹੀਂ, ਦਰਸ਼ਨ ਦਿਤਾ ਅਸੀਂ ਨਿਹਾਲ ਹੋਏ ਜੀ, ਇਕ ਅਸਾਡੀ ਅਰਦਾਸਿ ਹੈ, ਤੁਸਾਂ ਮਹਾਂ ਪੁਰਖਾਂ ਨੂੰ ਤਾਂ ਆਖਿਣਾ ਜੋਗ ਨਾਹੀ; ਪੂਜੀ ਤੁਸਾਡੀ ਮਾਤਾ ਜੀ ਆਖਦੀ ਹੈ ਜੋ ਘਰਿ ਨੂੰ ਚਲੋ ਅਤੇ ਬਹੁਤ ਬਿਲਪ ਦੀ ਹੈ, ਅਗੇ ਜਿਉ ਰਜਾਇ ਤੁਸਾਡੀ, ਤਾਂ ਸ੍ਰੀ ਗੁਰੂ ਹੰਦਾਲੁ ਜੀ ਆਖਿਆ ਹੇ ਗੋਬਿੰਦ ਲੋਕ ਘਰਾਂ ਵਿਚ ਰਹਿੰਦਿਆਂ ਕਈ ਜਨਮ ਗੁਜਰੇ ਪ੍ਰ ਕਲਆਣ ਨ ਹੋਈ, ਏਹ ਘਰਿ ਬਾਰ ਸਭੁ ਸੁਪਨੇਂ ਦੀ ਸਮੱਗਰੀ ਹੈ, ਇਸ ਨਾਲ ਮੋਹ ਨਹੀ ਚਾਹੀਦਾ ਜੋ ਮਾਨੁਖ ਦੇਹ ਦੁਰਲੱਭ ਹਥਿ ਆਈ ਹੈ, ਤਾਂਤੇ ਇਕਾਂਤ ਹੋਇ ਕਰ ਭਜਨ ਗੋਬਿੰਦ ਦਾ ਕੀਜੇ, ਕਿਆ ਜਾਣੀਏ ਏਹ ਦੇਹ ਕਿਸ ਵੇਲੇ ਛੁਟ ਜਾਏ, ਤੁਸੀ ਭੀ ਗੁਰਮੁਖੁ ਹੋ, ਜੀ ਵਿਚ ਵਿਚਾਰ ਦੇਖਹੁ ਤਾਂ ਗੁਰੂ ਅਰਜਨ ਜੀ ਕੱਹਿਆ ਸਤਿ ਜੀ ਸਤਿ, ਤਾਂ ਸ੍ਰੀ ਗੁਰੂ ਹੰਦਾਲੁ ਜੀ ਆਖਿਆ ਤੁਸਾਡਾ ਕੱਹਿਆ ਸੁਟਣਾ ਭੀ ਨਾਹੀ, ਅਸੀ ਹੁਣ ਬਾਹਰਾਂ ਬਰਸਾਂ ਨੂੰ ਆਵਾਂਗੇ, ਬਾਹਰਾਂ ਬਰਸਾਂ ਦਾ ਬਚਨ ਮਾਤਾ ਜੀ ਨਾਲ ਸ੍ਰੀ ਗੁਰੂ ਅਰਜਨਦੇਵ ਜੀ ਦੇ ਰੋਬਰੂ ਕੀਤਾ, ਮਾਤਾ ਜੀ ਨੂੰ ਧੀਰਯ ਦਿਤੀ ਮਾਤਾ ਜੀ ਆਪਣੇ ਘਰਿ ਨੂੰ ਆਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਨੇ ਲਾਂਗਰੀ ਸਿਖ ਬਹੋੜੇ ਨੂੰ ਕਹਾ ਭਾਈ ਬਹੋੜ ਦਾਸਾ ਲੰਗਰ ਸੇ ਪ੍ਰਸ਼ਾਦਿ ਲਿਆ ਕੇ ਗੁਰੂ ਹੰਦਾਲੁ ਜੀਨੂੰ ਜਲਦੀ ਨਾਲ ਛਕਾਓ ਤਬ *ਬਹੋੜੇ ਸੇਵਕ ਨੇ ਗੁਰੂ ਹੰਦਾਲੁ ਜੀ ਨੂੰ ਪ੍ਰਸ਼ਾਦਿ ਛਕਾਯਾ, ਜਬ ਗੁਰੂ ਹੰਦਾਲੁ ਜੀ ਨੇ ਭੋਜਨ ਪਾ ਲਿਆ, ਤਾਂ ਸ੍ਰੀ ਗੁਰੂ ਅਰਜਨਦੇਵ ਜੀ ਨੇ ਅਪਨੇ ਮਨਿ ਮੇ ਵਿਚਾਰ ਕੀਤੀ ਕਿ ਏਹ ਪ੍ਰਭੂ ਦਾ ਭਗਤਿ ਜਾਗਿਆ ਹੋਇਆ ਦ੍ਰਿਸ਼ਟੀ ਔਦਾ ਹੈ, ਇਸ ਸੰਗ ਕਛ ਗੋਸ਼ਟ ਕਰੀਏ, ਸੰਤਾਂ ਭਗਤਾਂ ਸੇ ਗੋਸਟ ਕਰੀਏ ਤਾਂ ਕਸ ਮਲ ਦੂਰ ਹੋ ਜਾਂਦੇ ਹਨ, ਐਸ ਵਿਚਾਰ ਸੇ ਸ੍ਰੀ ਗੁਰੂ ਅਰਜਨਦੇਵ ਜੀ ਬੋਲੇ, ਸ੍ਰੀ ਗੁਰ ਅਰਜਨੋ ਵਾਚ॥ ਕੌਨ ਨਿਤ ਕੌਨ ਅਨਿਤ॥ ਕੌਨ ਭ੍ਰਮਾਵੇ ਕੌਨ ਅਸਥਿਤ॥ ਕੈ ਤਤੋਂ ਕੀ

*ਬਹੋੜਾ ਸੇਵਕ ਜਾਤੀ ਦਾ ਕੁੰਬੋਇਜ਼ ਸੀ, ਕੰਬੋ ਭੀ ਕਹਾ ਜਾਤਾ ਹੈ,

Digitized by Panjab Digital Library | www.panjabdigilib.org

ਸੂਖਮ ਦੇਹ ॥ ਭਿੰਨ ਭਿੰਨ ਸਗਲੀ ਕਰਿ ਏਹ ॥ ਮਨ ਅਰ ਚਿਤ ਬੁਧ ਹੰਕਾਰ ॥ ਇਨ ਮੇਂ ਆਤਮ ਕੌਨ ਬਿਚਾਰ ॥ ਕਹੇ ਅਰਜਨ ਸੁਨ ਪ੍ਰਸ਼ਨ ਹੰਦਾਲੁ ॥ ਹਮਕੋ ਉਤ੍ਰ ਕਹੋ ਬਿਸਾਲ ॥ ੧ ॥ ਗੁਰ ਹੰਦਾਲੋ ਵਾਚ ॥ ਦੇਹ ਅਨਿਤ ਆਤਮਾਂ ਨਿਤ ॥ ਅਗਿਆਨ ਭ੍ਰਮਾਵੇ ਗਿਆਨ ਅਸਥਿਤ ॥ ਸਤਰਾਂ ਤਤੋਂ ਕੀ ਸੂਖਮ ਦੇਹ ॥ ਸੋ ਹਮਤੇ ਸਗਲੀ ਸੁਨ ਲੇਹ ॥ ਦਸ ਇੰਦਰੇ ਗਿਆਰਵਾ ਮਨਿ ॥ ਪਾਂਚ ਪ੍ਰਾਣ ਸੰਗ ਬੁਧੀ ਗਨਿ ॥ ਮਨਿ ਅਰ ਚਿਤ ਬੁਧ ਹੰਕਾਰ ॥ ਆਤਮ ਇਨ ਤੇ ਪਰੇ ਬਿਚਾਰ ॥ ਕਹੇ ਹੰਦਾਲੁ ਸੁਨ ਅਰਜਨ ਦਾਸ ॥ ਉਤ੍ਰ ਕਹਿਆ ਹਮੇਂ ਸੁਖ ਰਾਸ॥੨॥ਗੁਰ ਅਰਜਨੋਂ ਵਾਚ ॥ ਕੈ—ਵਸਤੂ ਕੀ ਦੇਹ ਸਥੂਲ ॥ ਕੌਨ ਵਸਤ ਹੈ ਇਨਕਾ ਮੂਲ ॥ ਕੌਨ ਤੱਤ ਕੇ ਇੰਦ੍ਰੇ ਕੌਨ ॥ ਗਿਆਨ ਇੰਦ੍ਰੇ ਕਰਮ ਇੰਦ੍ਰੇ ਜੌਨ ॥ ਕਿਤਨੇ ਕੋਸ਼ ਅਵਸਤਾ ਕੇਤੀ ॥ ਸੋ ਹਮ ਪੈ ਤੁਮ ਭਾਖੋ ਤੇਤੀ ॥ ਭਿੰਨ ਭਿੰਨ ਕਹਿ ਇਨ੍ਹੇ ਸੰਭਾਲੁ ॥ ਕਹੇ ਅਰਜਨ ਸੁਨ ਪ੍ਰਸ਼ਨ ਹੰਦਾਲੁ ॥ ੩ ॥ ਗੁਰ ਹੰਦਾਲੋ ਵਾਚ ॥ ਤੇਈ ਵਸਤੁ ਕੀ ਦੇਹ ਅਸਥੂਲ ॥ ਅਵਯੱਕਤ ਪ੍ਰਕ੍ਰਿਤੀ ਇਨ ਕਾ ਮੂਲ ॥ ਮਹਤ ਤੱਤ ਪ੍ਰਿਥਮੇਂ ਸੁਨ ਲੀਜੇ ॥ ਅਹੰਕਾਰ ਦੂਜੇ ਕਹਿ ਦੀਜੇ ॥ ਪੰਜ ਤਨ ਮਾਤ੍ਰਾ ਅਰ ਫੁਨ ਮਨੁ ॥ ਦਸ ਇੰਦ੍ਰੇ ਸੰਗਿ ਤਾਂ ਕੇ ਗਨੁ ॥ ਮਹਾਂ ਭੂਤ ਪਾਚੋਂ ਸੁਨ ਲੇਹ ॥ ਇਨ ਵਸਤੂ ਕਾ ਬਨਿਆ ਦੇਹ ॥ ਇੰਦ੍ਰੀਆਂ ਕਾ ਵਿਰਵਾ ਸੰਮਝਾਊਂ ॥ ਇਕ ਤੱਤ ਤੇ ਦੋ ਇੰਦ੍ਰੇ ਗਾਂਊ ॥ ਅਕਾਸ ਤੱਤ ਕੇ ਇੰਦ੍ਰੇ ਦੋਇ ॥ ਗਿਆਨ ਇੰਦ੍ਰੇ ਕ੍ਰਮ ਇੰਦ੍ਰੇ ਸੋਇ ॥ ਗਿਆਨ ਇੰਦਰਾ ਸੋ ਸ੍ਰਵਣ ਕਹਾਵੈ ॥ ਕਰਮ ਇੰਦ੍ਰਾ ਜੇਹਵਾ ਕੋ ਗਾਵੈ ॥ ਪਉਨ ਤੱਤ ਕੀ ਇੰਦ੍ਰੀ ਗਿਆਨ ॥ ਤੁਚਾ ਨਾਮੁ ਤਾਂਕਾ ਪਹਿਚਾਨ ॥ ਕਰਮ ਇੰਦਰਾ ਸੋ ਪਾਂਨ ਕਹਾਵੈ ॥ ਪਵਨ ਦੇਵਤਾ ਤਿਨ ਕਾ ਗਾਵੈ ॥ ਨੇਤਰ ਗਿਆਨ ਇੰਦ੍ਰੀ ਕਹੀਏ ॥ ਕ੍ਰਮ ਇੰਦ੍ਰੀ ਪਾਦ ਬਤਈਏ ॥ ਅਗਨ ਤੱਤ ਤੇ ਉਪਜੇ ਜੋਊ ॥ ਗੁਰ ਕ੍ਰਿਪਾ ਤੇ ਭਾਖੇ ਸੋਊ ॥ ਆਪੁ ਤਤੁ ਇੰਦ੍ਰੀ ਰਸਨਾ ਗਿਯਾਨ ॥ ਕ੍ਰਮ ਇੰਦ੍ਰੀ ਲਿੰਙ ਬਖਾਨ ॥ ਪ੍ਰਿਥਵੀ

Digitized by Panjab Digital Library | www.panjabdigilib.org

ਤਤੁ ਕੀ ਇੰਦ੍ਰੀ ਗਿਯਾਨ ॥ ਘ੍ਰਾਣ ਨਾਮ ਤਾਂਕਾ ਪਹਚਾਨ ॥ ਕਰਮ ਇੰਦ੍ਰੀ ਸੁ ਗੁਦਾ ਕਹਾਵੈ ॥ ਗੁਰੁ ਪੂਰਨ ਸਭਿ ਭੇਦ ਬਾਤਾਵੈ ॥ ਪਾਂਚ ਕੋਸ਼ ਅਵੱਸਥਾ ਤੀਨ ॥ ਸੋ ਹਮ ਤੇ ਸੁਨ ਪ੍ਰਗਟਿ ਪ੍ਰਬੀਨ ॥ ਭਿੰਨ ਭਿੰਨ ਸਭ ਕਹਾ ਬਰਤੰਤ ॥ ਕਹੇ ਹੰਦਾਲੁ ਸੁਨ ਅਰਜਨ ਸੰਤ॥ ੪ ॥

ਦੋਹਰਾ— ਉਤ੍ਰ ਸੁਨ ਅਰਜਨ ਗੁਰੂ ਮਨਿ ਮੇਂ ਅਤ ਹਰਖਾਇ ॥
ਅੰਗੇਾਂ ਮੇਂ ਹੰਦਾਲੁ ਲੈ ਬੋਲੈ ਤਬ ਸਤਿ ਭਾਇ ॥
ਧੰਨ ਓ ਪੁਰਖਾ ਧੰਨ ਤੂੰ ਪ੍ਰਮ ਵਿਵੇਕੀ ਕੋਇ ॥
ਹਮ ਨਿਹਾਲ ਸੁਨ ਕਰ ਭਏ ਧੰਨ ਗੁਰੂ ਹੈ ਤੋਹਿ ॥
ਗੁਰ ਅਰਜਨ ਹੰਦਾਲੁ ਗੁਰ ਬਿਬ ਸਰੂਪ ਇਕ ਮੰਤ ॥
ਕਰ ਆਪਸ ਮੇਂ ਬੰਦਨਾਂ ਬਿਦਾ ਭਏ ਤਬ ਸੰਤ ॥

ਨਿਰੰਜਨੀਯ ਜਨਮਸਾਖੀ ਪੰਨਾ ੧੫–੧੬ ॥

ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਓਧਰੋਂ ਓਧਰੀ ਰਾਮ ਰਮੱਈਆ ਕਰਕੇ ਸ੍ਰੀ ਗੁਰੂ ਹੰਦਾਲੁ ਜੀ ਵਿਦਿਆ ਹੋਏ, ਤਬ ਸਤਿਗੁਰੂ ਜੀ ਨੇ ਉਦਾਸੀ ਰੂਪੀ ਦਾ ਘੋੜਾ ਤੇ ਜੱਤ ਸੱਤ ਦੇ ਘੋੜੇ ਪਰ ਜੀਨ ਪਾਕੇ ਪ੍ਰੇਮ ਰੂਪੀ ਕੋਰੜਾ ਮਨਰੂਪੀ ਘੋੜੇ ਨੂੰ ਦੌੜਾਉਨ ਵਾਸਤੇ ਬਨਾਂ ਦੇ ਬਿਚਰਨੇ ਨੂੰ ਤਿਆਰ ਹੋਏ, ਅਤੇ ਗੁਰੂ ਜੀਨੇ ਖਿਆਲ ਦਿਲ ਮੇਂ ਏਹ ਧਾਰਨ ਕੀਆ ਹੋਯਾ ਸੀ, ਕਿ ਆਪਣੇ ਗੁਰੂ ਜੁਗੀਸ਼੍ਰਰ ਜੀ ਨੂੰ ਢੂਢੀਏ, ਇਸ ਖਿਆਲ ਮੇਂ ਗੁਰੂ ਜੀ ਚਲੇ ਜਾ ਰਹੇ ਹਨ, ਤਬ ਮਾਰਗ ਮੇਂ ਬਿਆਸ ਨਦੀ ਆਈ, ਤਬ ਗੁਰੂ ਜੀ ਨੇਂ (ਦਰਯਾ) ਦੇ ਤੱਟ ਪਰ ਖੜੇ ਹੋ ਕਰ ਉਚੀ ਉਚੀ ਮਲਾਹ ਨੂੰ ਵਾਜਾਂ ਮਾਰੀਆਂ, ਤਾਂ ਮਲਾਹ ਨੇ ਆਖਿਆ ਮੇਰੀ ਨਉਕਾ ਦਰਯਾ ਦੇ ਅੱਧ ਵਿਚ ਚਲ, ਗਈ ਹੈ, ਅਬ ਸ਼ਾਮਾਂ ਪੈ ਗਈਆਂ ਹਨ, ਕੱਲ੍ਹ ਸਵੇਰੇ ਪੈਹਲੇ ਪੂਰ ਮੈ ਤੁਝੇ ਲੰਘਾਂ ਦੇਆਂਗਾ, ਅਬ ਮੈਂ ਨਹੀਂ ਆ ਸਕਦਾ, ਜਬ ਮਲਾਹ ਨੇਂ ਐਸੇ ਜੁਬਾਬ ਦੀਏ, ਤਬ ਸ੍ਰੀ ਸਤਿਗੁਰੂ ਰਾਂਮੁ ਦਾ ਨਾਮੁ ਲੈਕੇ ਦਰਯਾ ਮੇਂ ਕੂਦ ਪਰੇ, ਤਬ ਨਾਉਕਾ ਵਾਲੇ ਲੋਕਾਂ ਸਨੇ ਮਲਾਹ

Digitized by Panjab Digital Library | www.panjabdigilib.org

ਦੇ ਛੋਰ ਮਚਾਯਾ ਕਿ ਏਹ ਲੜਕਾ ਕੂਦ ਪੜਾ ਹੈ ਕਿਤੇ ਡੂਬ ਨ ਜਾਏ ਅਜੇ ਬੇੜੀ ਵਾਲੇ ਲੋਕ ਐਸੇ ਰੌਲਾ ਹੀ ਪਾਉਂਦੇ ਸਨ, ਤਬ ਗੁਰੂ ਜੀ ਫੌਰਨ ਬੇੜੀ ਪਾਰ ਲਗਨ ਥੋਂ ਪੈਹਲੇ ਹੀ ਪਾਰ ਜਾ ਲੱਗੇ, ਤਬ ਮਲਾਹ ਨੇ ਗੁਰੂ ਜੀ ਪਾਸੋਂ ਮਾਫੀ ਮੰਗੀ ਤੇ ਸਾਰੇ ਲੋਕ ਬੇੜੀ ਵਾਲੇ ਕੈਹਨੇ ਲਗੇ ਏਹ ਤਾਂ ਕੋਈ ਔਲੀਆ ਈਸ਼੍ਵਰ ਕਾ ਭਗਤਿ ਥਾ। ਆਗੇ ਗੁਰੂ ਜੀ ਕੀ ਮਾਸੀ ਕਾ ਇਕ ਪਿੰਡ ਆਯਾ ਗੁਰੂ ਜੀ ਮਾਸੀ ਕੇ ਘਰ ਗਏ, ਮਾਸੀ ਜੀ ਨੇ ਪਿਆਰ ਦਿਤਾ, ਤੇ ਚਾਰਪਾਈ ਡਾਹਕੇ ਸੁਹਾਨਾ ਚੁਤੱਹੀ ਵਿਛਾ ਦਿਤੀ, ਗੁਰੂ ਜੀ ਪੁਜੰਕ ਪੁਰ ਬੈਠ ਗਏ, ਗੁਰ ਮਾਸੀ ਜੀਨੇਂ ਪਾਣੀ ਤੱਤਾ ਕੀਤਾ ਤੇ ਗੁਰੂ ਜੀ ਦੇ ਪਾਉਂ ਧੁਵਾਏ, ਅਤੇ ਬੜੇ ਭਾ ਪ੍ਰੇਮ ਸੇ ਭੋਜਨ ਤਿਆਰ ਕਰਕੇ ਗੁਰੂ ਜੀ ਕੋ ਛਕਾਯਾ, ਤੇ ਗੁਰੂ ਕਾ ਭਾਈ ਮਾਸੀ ਕਾ ਪੁਤ੍ਰ ਬਾਹਰੋਂ ਛੋਟਾ ਜੇਹਾ ਖੇਡਕੇ ਆਯਾ ਆਤੇ ਵਕਤ ਹੀ ਗੁਰੂ ਜੀ ਕੋ ਆਪਨੇ ਦਾਂਤ ਖਿਜਾਈ ਜਾਏ, ਤੇ ਕੋਈ ਢੀਂਮ ਯਾ ਰੋੜਾ ਹਾਥ ਮੇਂ ਆਏ ਗੁਰੂ ਜੀਕੋ ਮਾਰੀ ਜਾਏ, ਤਬ ਗੁਰੂ ਜੀ ਬੜੇ ਭਾ ਪ੍ਰੇਮ ਸੇ ਉਸਕੋ ਮਨ੍ਹਾਂ ਕਰਤੇ ਹੈ, ਪਰ ਓਹ ਲੜਕਾ ਬਾਝ ਨਹੀਂ ਆਤਾ, ਸਗੋਂ ਗੁਰੂ ਜੀਕੋ ਏਕ ਰੋੜਾ ਐਸਾ ਮਾਰਾ, ਮਾਰਤੇ ਸਾਰ ਹੀ ਰਕਤ ਵਹਿ ਗਈ, ਤਬ ਸ੍ਰੀ ਗੁਰੂ ਜੀਨੇ ਕਹਾ ਮਰ ਪਾਪੀ ਤੁਝ ਖਾਏਗਾ ਕਾਲ, ਜਬ ਗੁਰੂ ਜੀਨੇ ਐਸੇ ਕਹਿਆ, ਤਬ ਉਸੀ ਵਕਤ ਗਸ਼ ਖਾਕੇ ਜਮੀਨ ਪੁਰ ਡਿਗ ਪਿਆ, ਤੇ ਆਪਨੇ ਆਪ ਦੀ ਬਾਲਕ ਕੋ ਤਨ, ਮਨ, ਕੀ ਸੁਧ ਨਾ ਰਹੀ ਤਬ ਲੜਕੇ ਕੀ ਮਾਤਾ ਜੀ ਕੋ ਪਤਾ ਲੱਗਾ ਕਿ ਏਹ ਤਾਂ ਗੁਰੂ ਹੰਦਾਲੁ ਜੀ ਕਾ ਵਾਕ ਇਸ ਮੇਰੇ ਬੱਚੇ ਕੋ ਇਸਤ੍ਰਾਂ ਲੱਗਾ ਹੈ, ਜਿਸਤ੍ਰਾਂ ਕਿਸੇ ਨੂੰ ਬਾਂਨ ਲਗ ਜਾਂਦਾ ਹੈ, ਤਬ ਗੁਰ ਮਾਸੀ ਜੀ ਨੇ ਆਪਨੇ ਬੱਚੇ ਨੂੰ ਚੱਕ ਕੇ ਆਪਨੀ ਗੋਦ ਵਿਚ ਪਾਲਿਆ ਤੇ ਬਾਰੰਬਾਰ ਗੁਰੂ ਜੀ ਕੇ ਚਰਨਾਂ ਪੁਰ ਮਥਾ ਟੇਕੇ, ਤੇ ਬਾਲਕੇ ਨੂੰ ਗੁਰੂ ਜੀ ਦੇ ਚਰਨਾਂ ਪੁਰ ਲਿਟਾਕੇ ਅਪਨੇ ਗਲ ਵਿਚ ਪੱਲਾ ਪਾਕੇ ਗੁਰੂ ਜੀ ਅਗੇ ਪ੍ਰਾਰਥਨਾਂ

Digitized by Panjab Digital Library | www.panjabdigilib.org

ਕਰਦੀ ਹੈ, ਤੇ ਮੁਖੋਂ ਪੁਕਾਰਤੀ ਹੈ, ਹੇ ਪ੍ਰਭੂ ਹੇ ਸੰਤ ਜੀ ਏਹ ਬੱਚਾ ਨਿਦਾਨ ਹੈ, ਤੇਰਾ ਭੇਦ ਏਸ ਨੇ ਜਾਤਾ ਨਹੀ, ਕ੍ਰਿਪਾ ਕਰਕੇ ਇਕੋ ਮੇਰਾ ਬਾਲਕਾ ਤੇਰਾ ਏਹ ਭਾਈ ਹੈ, ਇਸਕੋ ਲੇਹੁ ਜੁਵਾਇ, ਤਬ ਸ੍ਰੀ ਸਤਿ ਗੁਰੂ ਹੰਦਾਲੁ ਜੀ ਦਿਆਲੂ ਕ੍ਰਿਪਾਲੂ ਹੋਕੇ ਓਸ ਬੱਚੇ ਦੇ ਸਿਰ ਮੂੰਹ ਪੁਰ ਪਿਆਰ ਦੇ ਕੇ ਆਖਿਆ ਤੇ ਭੁਜਾ ਸੇ ਪਕੜ ਕਰ ਉਠਾ ਕੇ ਕੱਹਾ ਹੇ ਭਾਈ ਤੁਮ ਇਤਨਾ ਕਿਓ ਸੋਇਆ ਹੈ, ਤੁਮਾਰੀ ਮਾਤਾ ਰੋਤੀ ਹੈ, ਹੇ ਭਾਈ ਤੁਮ ਉਠਕੇ ਖੇਲੋ, ਜਬ ਗੁਰੂ ਜੀ ਨੇ ਐਸੇ ਕਹਾ, ਤਬ ਬਾਲਕ ਨੇ ਅੱਖ ਉਘਾੜੀ ਤਬ ਮਾਤਾ ਜੀਨੇ ਗੋਦ ਮੇ ਲਿਆ ਤੇ ਸਿਰ ਮੂੰਹ ਚੁੰਮ ਕੇ ਪਿਆਰ ਮਾਤਾ ਨੇ ਦਿਤਾ, ਤਬ ਬਾਲਕ ਉਠ ਕੇ ਖੇਲਨ ਲੱਗ ਪਿਆ, ਤਬ ਮਾਤਾ ਜੀ ਮਨ ਮੇ ਬੜੀ ਨਿਹਾਲ ਹੋਈ, ਗੁਰੂ ਜੀ ਦੇ ਬਾਰੰਬਾਰ ਬਲਹਾਰੇ ਜਾਂਦੀ ਹੈ, ਹੇ ਗੁਰੂ ਜੀ ਆਪ ਨੇ ਸਾਡੇ ਪ੍ਰ ਬੜੀ ਕ੍ਰਿਪਾ ਕੀਨੀ ਹੈ, ਐਸੇ ਸਤਿਗੁਰੂ ਹੰਦਾਲੁ ਜੀ ਹਨ, ਜਿਨ੍ਹਾਂ ਦੇ ਨਾਂਮੁ ਲੇਨੇ ਸੇ ਕਾਲ ਨਹੀ ਪੌਂਹਦਾ। ਤਬ ਸਤਿਗੁਰੂ ਮਾਸੀ ਜੀ ਕੇ ਨਗਰ ਸੇ ਰਮਤੇ ਰਹੇ। ਫਿਰ ਸਤਿਗੁਰੂ ਜੀ ਮਾਲਵੇ ਮੇਂ ਗਏ ਇਕ ਪਿੰਡ ਦੇ ਨਿਕਟ ਜਾਕੇ ਆਪਨਾ ਆਸ ਲਾਕੇ ਗੁਰੂ ਜੀ ਬੈਠ ਗਏ, ਤਬ ਸੰਤ ਦਾ ਸੂਰੂਪ ਵੇਖਕੇ ਨਰ ਨਾਰੀਆਂ ਆਨਕੇ ਨਿਮਸ਼ਕਾਰ ਕਰਕੇ ਬੇਨਤੀ ਕੀਤੀ ਹੇ ਸੰਤ ਜੀ ਸਾਡੇ ਨਗ੍ਰ ਨੂੰ ਕਿਸੇ ਸੰਤ ਨੇ ਸਰਾਫ ਦਿਤਾ ਹੋਯਾ ਹੈ, ਸਾਡਾ ਨਗਰ ਮੌਤ ਨੇ ਉਜਾੜ ਦਿਤਾ ਹੈ ਸੌ ਸੌ ਆਦਮੀ ਨਰ ਨਾਰੀ ਦਿਨ ਵਿਚ ਮਰਤੇ ਹੈਂ ਬਹੁਤ ਹੀ ਹਧੀਨ ਹੋ ਕਰ ਲੋਗੋਹੁ ਨੇ ਮਿਨਤ ਅਤੇ ਬੇਨਤੀ ਕੀਤੀ, ਤਬ ਗੁਰੂ ਜੀ ਨੇ ਉਨ ਲੋਗੋਂ ਕੀ ਬੇਨਤੀ ਸੁਨਕੇ ਉਨ ਲੋਗੋਂ ਪੁਰ ਗੁਰੂ ਜੀ ਕੋ ਦਯਾ ਆਈ, ਤਬ ਸਤਿ ਗੁਰੂ ਜੀ ਨੇ ਨਿਜ ਮੁਖਾਰ ਬਿੰਦ ਸੇ ਕਹਿਆ ਜਾਹੋ ਭੱਈਆ ਤੁਮਾਰਾ ਦੁਖ ਕਾਟਿਆ, ਜੋ ਸੰਤਾਂ ਨੇ ਸਰਾਫ ਦੀਆ ਹੂਯਾ ਥਾ, ਸੰਤ ਕਾ ਸਰਾਫ ਸੰਤ ਹੀ ਟਾਲਦਾ ਹੈ, ਸ੍ਰੀ ਸਤਿ ਗੁਰੂ ਬਾਬਾ ਹੰਦਾਲੁ ਜੀ ਨੇ ਕਹਿਆ ਆਏ ਸਾਧੂ ਸੰਤ ਕੀ ਸੇਵਾ ਕਰਾ ਕਰੋ, ਤੁਵਾਡੇ ਨਗਰ ਨੂੰ ਕੋਈ ਦੁਖ ਤਕਲੀਫ

Digitized by Panjab Digital Library | www.panjabdigilib.org

ਨਹੀ ਹੋਵੇਗੀ ਤੁਸੀ ਜੱਗ ਕਰਿਆ ਕਰੋ, ਗ੍ਰੀਬਾਂ, ਗਊਆਂ, ਸੰਤਾਂ, ਦੀ ਤਨ, ਮਨ, ਧਨ, ਸੇ ਸੇਵਾ ਕਰਨੀ, ਤਾਂ ਸਾਰੇ ਨਗਰ ਦੇ ਲੋਕਾਂ ਨੇ ਗੁਰੂ ਜੀ ਦਾ ਧੰਨਬਾਦ ਕੀਤਾ, ਗੁਰੂ ਜੀ ਨੇ ਉਜੜੇ ਨਗਰ ਕੋ ਫੇਰ ਵਸਾਯਾ, ਤਬ ਉਨ੍ਹੋ ਲੋਕਾਂ ਨੇ ਗੁਰੂ ਜੀ ਦੇ ਨਾਮ ਪੁਰ ਅਪਨੇ ਨੱਗਰ ਦਾ ਨਾਉਂ ਹੰਦਾਲੁਆਣਾ ਰਖਿਆ।

ਦੋਹਰਾ—ਹੰਦਾਲੁਆਣਾ ਉਸ ਨਗਰ ਕਾ ਉਸ ਦਿਨ ਥੀ ਹੈ ਨਾਮੁ॥
ਦੇਸ ਮਾਲਵੇ ਕੇ ਵਿਖੇ ਬਸਤਾ ਹੈ ਵੁਹ ਗਰਾਮੁ॥
(ਜਨਮ ਸਾਖੀ ਪੰਨਾ ੧੮)

ਤਾਂ ਫਿਰ ਸਤਿ ਗੁਰੂ ਜਾਂਦੇ ਜਾਂਦੇ ਨਗਰਾਂ ਆਦਿਕ ਢੂੰਢ ਢੂੰਢ ਕੇ ਜੰਗਲਾਂ ਵਿਚ ਜੋਗੀਸ਼੍ਵਰ ਨੂੰ ਲਬਦੇ ਲਬਦੇ ਜਮਨਾਂ ਨਦੀ ਦੇ ਤਟ ਪ੍ਰ ਬੈਰਾਗੀਆ ਸੰਤਾਂ ਨਾਲ ਗੁਰੂ ਜੀ ਕੀ ਗੋਸਟ ਹੋਈ। ਫਿਰ ਸ੍ਰੀ ਸਤਿਗੁਰੂ ਜੀ ਆਗਰਾ ਮੇਂ ਇਕ ਰਾਤ ਰੈਹ ਸੰਤਾਂ ਨਾਲ ਕਥਾ ਬਾਰਤਾ ਸੁਨਤੇ ਸੁਨਾਤੇ ਆਗਰਾ ਸੇ ਵਿਦਾ ਹੋਏ। ਫਿਰ ਸਤਿਗੁਰੂ ਜੀ ਨਗਰ (ਪੌਡਰਪੁਰ) ਨਾਮੇ ਆਯਾ ਊਹਾਂ ਗੁਰੂ ਜੀ ਠਾਕਰ ਦੁਵਾਰੇ ਜਾ ਉਤਰੇ ਓਥੇ ਬੈਰਾਗੀ ਸੰਤ ਰਹਿੰਦੇ ਸਨ, ਤਬ ਉਨ੍ਹੋਂ ਸੰਤ ਬੈਰਾਗੀਆਂ ਨਾਲ ਕਥਾ ਕੀਰਤਨ ਕੀ ਗੋਸਟ ਹੋਈ, ਏਹ ਓਹ ਪੌਡਰ ਪੁਰ ਨਗਰ ਸੀ, ਜਹਾਂ ਸ੍ਰੀ ਨਾਮਦੇਵ ਕਾ ਮੰਦ੍ਰ ਫੇਰਕੇ ਮੰਦ੍ਰ ਕੀ ਪਿਠ ਤੋ ਪਾਂਡਿਆਂ ਵਲ ਕੀਤੀ ਅਤੇ ਨਾਮਦੇਵ ਵਲ ਦੇਹਰੇ ਯਾ ਮੰਦਰ ਕਾ ਮੂੰਹ ਭਗਵਾਨ ਨੇਂ ਨਾਮਦੇਵ ਵਲ ਕਰ ਦਿਤਾ ਸੀ। ਏਥੇ ਸ੍ਰੀ ਸਤਿਗੁਰੂ ਜੀ ਦੋ ਦਿਨ ਰਹਿ ਕਰ ਆਗੇ ਕੋ ਰਮਤੇ ਹੋਏ। ਫਿਰ ਸਤਿਗੁਰੂ ਉਜੈਨ ਆਦੀ ਗਰਾਵਾਂ ਥੋਂ ਹੁੰਦੇ ਹੋਏ। ਫਿਰ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਸਾਹਿਬ ਜੀ ਨਰਬਦਾ ਨਦੀ ਦੇ ਕਨਾਰੇ ਸੰਤ ਸੰਨਯਾਸੀ ਰੈਹਤੇ ਸਨ, ਏਹਨਾਂ ਸੰਤਾਂ ਨਾਲ ਗੋਸਟ ਹੋਈ, ਈਹਾਂ ਸੇ ਸੰਤਾਂ ਕੇ ਸੰਗ ਗੋਸਟ ਕਰਿ ਸਤਿਗੁਰੂ ਜੀ ਆਗੇ ਰਮਤੇ ਰਹੇ।

Digitized by Panjab Digital Library | www.panjabdigilib.org

ਫਿਰ ਸ੍ਰੀ ਸਤਿਗੁਰੂ ਜਾਂਦੇ ਜਾਂਦੇ ਇਕ ਸ਼ੈਹਰ (ਭਾਗਨਗਰ) ਆਯਾ, ਏਥੇ ਇਕ ਬਾਣੀਆਂ ਬੜਾ ਭਾਇ ਪ੍ਰੇਮੀ ਆਪਨੇ ਘਰਿ ਕਥਾ ਭਾਗਵਤ ਪੁਰਾਨ ਕੀ ਅਤੇ ਰਮਾਇਣ ਕੀ ਇਕ ਪੰਡਤ ਪਾਸੋਂ ਕਰਵਾਉਂਦਾ ਹੁੰਦਾ ਸੀ, ਏਹ ਬਾਣੀਆਂ ਸਤਿਗੁਰੂ ਹੰਦਾਲੁ ਜੀਨੂੰ ਆਪਣੇ ਘਰਿ ਲੈ ਗਿਯਾ, ਜਾ ਕਥਾ ਹੋ ਚੁਕੀ ਤਾਂ ਸਤਿਗੁਰੂ ਕੀ ਅਤੇ ਪੰਡਤਿ ਕੀ ਆਪਸ ਮੇਂ ਗਿਆਨ ਗੋਸਟ ਹੋਈ ਜੋ ਉਸ ਮੌਕਾ ਪੁਰ ਗੁਰੂ ਜੀ ਬਾਂਣੀ ਸ਼ਬਦ ਬੋਲਿਆ ਹੈ, ਸੋ ਏਸ ਪੋਥੀ ਮੇਂ ਲਿਖਾ ਗਿਆ ਹੈ।

ਫਿਰ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਸਾਹਿਬ ਜੀ ਜਾਂਦਿਆਂ ਜਾਂਦਿਆਂ ਸਮੁੰਦਰ ਦੇ ਸਮੀਪ ਇਕ ਨਗਰ ਅਚਿੰਤਪੁਰ ਦਿਆਲ ਆਯਾ, ਉਥੇ ਦੇ ਰਹਿਨ ਵਾਲੇ ਲੋਕ ਬੜੇ ਭਾਇ ਪ੍ਰੇਮੀ ਤੇ ਕਥਾ ਕੀਰਤਨ ਕਰਨ ਵਾਲੇ ਬੜੇ ਗਿਆਨ ਵਾਨ ਸੀ, ਸਾਧੂ ਚੰਗੇ ਚੰਗੇ ਬ੍ਰਹਮ ਵੇਤਾ ਤੇ ਬੇਦਾਂ ਸ਼ਾਸਤ੍ਰਾਂ ਦੇ ਵੱਕਤਾ ਸੀ।

ਹੰਦਾਲੁ ਭਗਤਿ ਕੋ ਪੂਛਿਓ ਇਕ ਸਾਧ॥ ਕਹਾਂ ਸੋ ਆਏ ਪੁਰਖ ਅਗਾਧ॥ ਨਾਮ ਆਪਨਾ ਹਮੇਂ ਬਤਾਵੋ ॥ ਤਾਤ ਕਾਲ ਤੁਮ ਕਹ ਪ੍ਰਗਟਾਵੋ॥ ਜਬ ਯੇਹ ਬਚਨ ਸਾਧ ਪ੍ਰਗਟਾਇਓ ॥ ਤਬ ਹੰਦਾਲੁ ਕਹਿ ਬਚਨ ਸੁਨਾਇਓ ॥ ਦੇਸ ਪੰਜਾਬ ਤੇ ਆਏ ਦਿਆਲੁ ॥ ਹੰਦਾਲੁ ਪੁਰਖ ਯੇਹ ਨਾਮ ਸੰਭਾਲੁ ॥ ਸਾਧੂ ਵਾਚ ॥ ਇਸਕਾ ਉਤ੍ਰ ਦੀਜੇ ਮੁਝੇ ॥ ਏਕ ਪ੍ਰਸ਼ਨ ਹਮ ਕਰਤੇ ਤੁਝੇ॥ ਹਰਿ ਮੰਦਰ ਕੋ ਕਿਉ ਕਰ ਜਾਈਏ॥ ਕੌਨ ਸੀਢੀ ਜਹਾਂ ਪਾਉ ਟਿਕਾਈਏ॥ ਕੇਤੀ ਸੀਢੀ ਤਿਸਕੇ ਨਾਓ ਬਤਾਵੋ॥ ਸੀੜ੍ਹੀ ਕਾ ਕਿਆ ਹੈ ਨਾਵੋ॥ ਕੇਤੀ ਸੀੜੀ ਸੰਖਿਆ ਗਾਓ॥ ਭਿੰਨ ਭਿੰਨ ਕਰ ਅਰਥ ਸੁਨਾਓ ॥ ਮੰਦਰਿ ਕੌਣ ਜਹਾਂ ਏਹੁ ਜਾਏ॥ ਤਿਸ ਮੰਦਰਿ ਮਹਿ ਕੌਣ ਰਹਾਏ॥ ਦੀਪਕ ਮੰਦਰ ਮੈਂ ਕੌਣ ਜਗਾਏ॥ ਕਉਣ ਜੋਤਿ ਉਹਾਂ ਠਹਿਰਾਏ॥ ਕੌਣ ਅਧਾਰ ਏਹੁ ਮੰਦਰ ਰਹੇ॥ ਥੰਭਾ ਕੌਣ ਤਾਸਕੋ ਦਏ॥ ਤਿਸ ਮੰਦਰ ਮਹਿ ਜੋਤਿ ਹੈ ਕੌਣ॥ ਸਗਲ ਬਤਾਵੋ

Digitized by Panjab Digital Library | www.panjabdigilib.org

ਕਰਣਾ ਭਉਣ ॥ ਜਾਨੇ ਵਾਲਾ ਪੁਰਖ ਸੁਨਾਵੇ ॥ ਜੋ ਇਸ ਮੰਦਰ ਪਰ ਪਹੁੰਚਾਵੋ ॥ ਮੰਦਰਿ ਕੌਣ ਨਾਮ ਕਹਿ ਦੇਹੁ ॥ ਇਸ ਪ੍ਰਸ਼ਨ ਕਾ ਉੱਤ੍ਰ ਦੇਹੁ ॥ ਗੁਰੂ ਹੰਦਾਲੁ ਜੀ ਵਾਚ ॥ ਹਰਿਕਾ ਮੰਦਰ ਆਖੀਏ ਕਾਯਾਂ ਕੋਟ ਗੜ ॥ ਸੀੜੀ ਤਾਂਕੀ ਸੁਨ ਸਾਧ ਜਨ ਚਿਤ ਧਰ ॥ ਪ੍ਰਿਥਮ ਸੀੜੀ ਪ੍ਰਭੁ ਪ੍ਰੀਤ ਪਛਾਨ ॥ ਦੂਜੀ ਸੀੜੀ ਵੈਰਾਗ ਕੋ ਜਾਨ ॥ ਤੀਜੀ ਸੀੜ੍ਹੀ ਹੈ ਵੀਚਾਰ ॥ ਚਉਥੀ ਸੀੜੀ ਸਤਿਸੰਗ ਨਿਰਾਧਾਰ ॥ ਸੀੜੀ ਸੰਤੋਖ ਪੰਚਮ ਸੁਨਾਊਂ ॥ ਸ਼ਮ ਸੀੜ੍ਹੀ ਛਟਵੀਂ ਕਹਿ ਗਾਊਂ ॥ ਸਪਤਮ ਸੀੜ੍ਹੀ ਗੁਰ ਸ਼ਬਦ ਕਮਾਵੋ॥ ਅਸ਼ਟਮ ਸੀੜ੍ਹੀ ਅਭਮਾਨ ਤਜਾਵੋ॥ਨਾਵੀ ਸੀੜ੍ਹੀ ਤੁਮੇਂ ਸੁਨਾਊਂ ॥ ਸਰਨ ਸ਼ਰਨ ਚਿਤ ਚਰਨ ਲਗਾਊਂ ॥ ਦਸਮੀ ਸੀੜ੍ਹੀ ਸੁਨੋ ਸੰਤ ਮੀਤ ॥ ਕੋਹਨ ਸੁਨਨ ਤੇ ਰਹੇ ਅਤੀਤ ॥ ਨੌਉ ਸੀੜ੍ਹੀ ਹੈ *ਨੌਧਾ ਭਗਤਿ ॥ ਸੀੜ੍ਹੀ ਦਸ ਅਰ ਨੌ ਅਨ ਰਕਤ ॥ ਬੀਸਮ ਸੀੜ੍ਹੀ ਤੁਮੇਂ ਸੁਨਾਊਂ ॥ ਪ੍ਰੇਮ ਲਖਨਾਂ ਭਗਤਿ ਬਤਾਊਂ ॥ ਸੀੜ੍ਹੀ ਇਕੀਸ ਏਕਤਾ ਲਹੀਏ ॥ ਤਤੁ ਵਿਤ ਕੋ ਤਹਾਂ ਝੜੀਏ ॥ ਮੰਦਰ ਕਾਂਯਾ ਨਗਰ ਬਤਾਇਆ ॥ ਰਵਸੱਸ ਦੀਪਕ ਤਹਾਂ ਠਹਿਰਾਇਆ ॥ ਪੌਣ ਅਸਥੰਭਾ ਤਾਸ ਕਉ ਲਾਯਾ ॥ ਸਵਾ ਸੇਰ ਕੀਨ ਵਰਖਾਯਾ ॥ ਸਾਢੇ ਤ੍ਰੈ ਹਥਿ ਇਸ ਮੰਦਰ ਕੀ ਸੀਵ ॥ ਅੰਤ੍ਰ ਗਤ ਤੁਮ ਸਾਧ ਲਖੀਵ ॥ ਪ੍ਰਸ਼ਨ ਪੂਛਿਓ ਤੁਮ ਸਾਧ ਦਿਆਲੁ ॥ ਉਤ੍ਰ ਦੀਆ ਤੁਝੇ ਹੰਦਾਲੁ ॥ ਤਬ ਸਾਧ ਪੁਰਖ ਨੇ ਕਰੀ ਜੁਹਾਰ ॥ ਹੰਦਾਲੁ ਲੀਓ ਤਿਸ ਸੀਸ ਕਰ ਧਾਰ ॥ ਧੰਨ ਹੰਦਾਲੁ ਧੰਨ ਤੇਰੀ ਬੁਧ ॥ ਸਤਿਗੁਰ ਤੇ ਤੁਝ ਉਪਜੀ ਸੁਧ ॥ ਆਪੁ ਆਪੁ ਮੈ ਭਏ ਪ੍ਰਸਿੰਨ ॥ ਦਿਆਲ ਪੁਰਖੁ ਅਰ ਦਿਆਲ

---

*ਨੌਧਾ ਨਉ ਪ੍ਰਕਾਰ ਕੀ ਭਗਤੀ, ਸ੍ਵਰਨ ੧ ਕੀਰਤਨ ੨ ਸਿਮਰਨ ੩ ਪਾਦਸੇਵਨ ੪ ਅਰਚਨ ੫ ਦਾਸ ਭਾਵ ੬ ਮਿਤ੍ਰਤਾ ੭ ਬੰਦਨਾਂ ੮ ਆਤਮ ਨਿਵੇਦਨ ੯ ।

ਖਾਲਸਾ ਭੇਦ ਇਸ ਪ੍ਰਕਾਰ ਹੈ:– ੧ ਇਸ਼ਟ ਦੇਵਤਾ ਦੀ ਮੂਰਤੀ ਅਸ਼ਨਾਨ ਕਰਾਉਨਾ, ੨ ਚੰਦਨ ਪੁਸ਼ਪ ਚੜ੍ਹਾਉਨੇ, ੩ ਧੂਪ ਦੀਪ ਤੇ ਆਰਤੀ ਕਰਨੀ, ੪ ਨਿਰਤ ਕਰਨੀ, ੫ ਵਾਜਾ ਵਜਾ ਕੇ ਭਜਨ ਗਾਉਨੇ, ੬ ਭੋਗ ਲਗੌਨਾ, ੭ ਸੈਨ ਕਰਾਉਨਾ, ੮ ਗੁਨਾਂ ਦਾ ਵਰਨਣ ਕਰਨਾ, ੯ ਧਿਆਨ ਕਰਨਾ, (ਕਥਾ ਉਪਦੇਸ ਸਾਗਰ ਪੰਨਾ ੨੮)

Digitized by Panjab Digital Library | www.panjabdigilib.org

ਅਨਿੰਨ ॥ ਤਿਸ ਨਗਰੀ ਕੇ ਔਰ ਸੰਤੁ ਜੋਈ ॥ ਚਲ ਆਇ ਹੰਦਾਲੁ ਪੈ ਸੋਈ ॥ ਸਭਨੇ ਆਨ ਕਰੀ ਪ੍ਰਨਾਮੁ ॥ ਹੰਦਾਲੁ ਪੁਰਖੁ ਸਭ ਕੋ ਦੀਓ ਮਾਨ ॥ ਹੰਦਾਲੁ ਪੁਰਖੁ ਤਬ ਬਿਨਜ ਉਚਾਰੀ ॥ ਸਭੀ ਸੰਤ ਲੈ ਹਿਰਦੇ ਧਾਰੀ ॥ ਆਪਸ ਮੇ ਬਹੁਤ ਮਿਲ ਗਏ ॥ ਏਕ ਮੇਵ ਘਿਰਿ ਖਿਚਰੀ ਭਏ ॥ ਚਰਚਾ ਹਰਿ ਕੀ ਕਰਨੇ ਲਾਗੇ ॥ ਹੰਦਾਲੁ ਪੁਰਖੁ ਅਰ ਸੰਤ ਬਡ ਭਾਗੇ ॥ ਏਕ ਸੰਤ ਪੂਛਿਓ ਕਰ ਜੋਰ ॥ ਹੰਦਾਲੁ ਪੁਰਖੁ ਜੀ ਸਰਨ ਹਮ ਤੋਰ ॥ ਪ੍ਰੇਮਦਾਸ ਤਿਸ ਨਾਮੁ ਬਤਾਇਆ ॥ ਸੀਸ ਹੰਦਾਲੁ ਕੀ ਚਰਨੀ ਲਾਇਆ ॥ ਪੁਰਖੁ ਹੰਦਾਲੁ ਜੀ ਪੂਛਤ ਹੌਂ ਤੋਹ ॥ ਕਰਿ ਕ੍ਰਿਪਾ ਉਤਰ ਦੇਹ ਮੋਹ ॥ ਪ੍ਰੇਮਦਾਸੋ ਵਾਚ ॥ ਕੌਨ ਬਸਤ ਕਾ ਦੇਹ ਬਨਾਇਆ ॥ ਸੋ ਮੁਝਕੋ ਤੁਮ ਦੇਹ ਸੰਮਝਾਇਆ ॥ ਇੰਦ੍ਰੀ ਕਾ ਵਿਰਵਾ ਸੰਮਝਾਵੋ ॥ ਭਿੰਨ ਭਿੰਨ ਕਰ ਮੋਹ ਬਤਾਵੋ ॥ ਗੁਰੂ ਹੰਦਾਲੁ ਜੀ ਵਾਚ ॥ ਆਦਿ ਪੁਰਖੁ ਤੇ ਫੁਰਨਾ ਭੱਯਾ ॥ ਪ੍ਰਕ੍ਰਿਤ ਨਾਮੁ ਤਾ ਹੀ ਕਹਿ ਦੱਯਾ ॥ ਤਿਸ ਤੇ ਉਪਜਿਓ ਮਹਿਤੱਤ ਅਹੰਕਾਰ ॥ ਤੀਨ ਪ੍ਰਕਾਰ ਅਹੰਕਾਰ ਨਿਰ ਧਾਰ ॥ ਤਾਮਸ ਅਹੰਕਾਰ ਤੇ ਪਾਂਚੋ ਭੂਤ ॥ ਉਤ ਪਤ ਭਏ ਆਦ ਅੱਧਭੂਤ ॥ ਪ੍ਰਿਥਵੀ, ਅਪਿ, ਤੇਜ, ਵਾਇ, ਅਕਾਸ਼ ॥ ਪੰਚੋ ਮਿਲ ਕੀਨਾ ਬਪੁ ਰਾਸ ॥ ਰਾਜਸ ਤੇ ਦਸ ਇੰਦ੍ਰੇ ਭਏ ॥ ਸੋ ਇਸ ਤਨਕੇ ਭੀਤ੍ਰ ਛਏ ॥ ਮਨ, ਚਿਤ, ਬੁਧ, ਅਹੰਕਾਰ, ਚਾਰ ਏਹ ॥ ਰਾਜਸ ਤੇ ਦਸ ਹੂੰ ਸੁਨ ਲੇਹ ॥ ਸਾਤਕ ਅਹੰਕਾਰ ਤੇ ਦੇਵ ਬਨਾਏ ॥ ਚੌਦਾਂ ਹੀ ਕੇ ਸੰਗ ਲਗਾਏ ॥ ਇੰਦ੍ਰੀਆਂ ਕਾ ਵਿਰਵਾ ਸੰਮਝਾਊ ॥ ਕਿਸ ਕਿਸ ਤਤੁ ਤੇ ਪ੍ਰਗਟਿ ਬਤਾਊਂ ॥ ਏਕ ਏਕ ਤਤੁ ਤੇ ਇੰਦ੍ਰੇ ਦੋਏ ॥ ਗਿਯਾਨ ਇੰਦ੍ਰੇ ਕਰਮ ਇੰਦ੍ਰੇ ਸੋਏ ॥ ਅਬ ਕਰਮ ਸੁਨੋ ਹੇ ਸੰਤ ਸੁਜਾਨ ॥ ਇਕ ਇਕ ਤਤੁ ਦੋਇ ਇੰਦ੍ਰੀ ਮਾਨ ॥ ਪ੍ਰਿਥਮ ਇੰਦ੍ਰੀ ਸ੍ਰਵਨ ਸੁਨ ਲੀਜੇ ॥ ਗਿਯਾਨ ਇੰਦ੍ਰੀ ਯਾਂਕੋ ਕਹਿ ਦੀਜੇ ॥ ਬਾਣੀ ਜਿਹਬਾ ਸੋ ਕਹਿ ਦੀਜੇ ॥ ਕਰਮ ਇੰਦ੍ਰੀ ਦੂਜੀ ਸੁਨ ਲੀਜੇ ॥ ਦਿਗਪਾਲ ਦੇਵਤਾ ਤਾਂਕਾ ਕਹੀਏ ॥ ਗੁਰ ਗਮ ਤੇ ਐਸੇ ਕਰਮ ਕਹੀਏ ॥ ਸੇ ਪ੍ਰਸ਼ ਇੰਦ੍ਰੀ ਤੁਚਾ ਸੁਨ ਲੇਹੁ ॥ ਗਿਆਨ ਇੰਦ੍ਰੀ ਏਹ ਜਾਨੋ ਤੇਹੁ ॥

Digitized by Panjab Digital Library | www.panjabdigilib.org

ਕ੍ਰਮ ਇੰਦ੍ਰੀ ਸੁ *ਪਾਂਨ ਕਹਾਵੇ ॥ ਪਵਨਦੇਵ ਸੰਗ ਤਾਂਕਾ ਲਾਵੋ॥ਤੀਜੀ ਇੰਦ੍ਰੀਗਿਯਾਨ ਤੇਜ† ਤੇ ਭਈ ॥ ਨੇਤ੍ਰ ਨਾਮੁ ਤਾਸ ਕੋ ਕਹੀ॥ਪਗ ਕਰਮ ਇੰਦ੍ਰੀ ਸੁਨ ਲੀਜੇ ॥ ਸੂਰਜ ਸੰਗ ਦੇਵਤਾ ਦੀਜੇ ॥ §ਅਪੁ ਤੱਤ ਕੀ ਇੰਦ੍ਰੀ ਗਿਯਾਨ ॥ ਰਸਨਾ ਨਾਮ ਤਾਸ ਕੋਮਾਂਨ ॥ ਕਰਮ ਇੰਦ੍ਰੀ ਲਿੰਙ ਕੋ ਜਾਨੋ ॥ ਬਰਨ ਦੇਵਤਾ ਸੰਗ ਤਾਕੋਂ ਮਾਨੋਂ ॥ ਪ੍ਰਿਥਵੀ ਤਤੁ ਕੀ ਇੰਦ੍ਰੀ ਗਿਆਨ ॥ ਘ੍ਰਾਂਨ ਨਾਮ ਤਾਂਕਾ ਪਹਿਚਾਨ ॥ ਕ੍ਰਮ ਇੰਦ੍ਰੀ ਗੁਦਾ ਕੋ ਜਾਨੋ ॥ ਯਮ ਦੇਵਤਾ ਸੰਗ ਤਾਂਕੇ ਮਾਨੋ ॥ ਮਨ ਕਾ ਦੇਵਤਾ ਚੰਦ ਪਛਾਨ ॥ ਬੁਧ ਦੇਵਤਾ ਬ੍ਰਹਮਾਂ ਜਾਂਨ ॥ ਚਿਤ ਦੇਵਤਾ ਬਸ ਦੇਵ ਬਤਈਏ ॥ ਗੁਰ ਪ੍ਰਸਾਦਿ ਤੇ ਯੇਹ ਮਤ ਪਈਏ ॥ ਅਹੰਕਾਰ ਦੇਵਤਾ ਰੁਦ੍ਰ ਕਹਾਵੈ ॥ ਗੁਰ ਗਮ ਤੇ ਐਸੇ ਸੰਮਝਾਵੈ ॥ ਤੇਈਸ ਕਰ ਬਾਂਧੀ ‡ਬਪੁ ਧਰਨ ॥ ਇਨਕਾ ਠਾਠ ਬਾਠ ਸਭ ਧਰਮ ॥ ਪ੍ਰੇਮਦਾਸੋ ਵਾਚ ॥ ਪ੍ਰੇਮਦਾਸ ਬੋਲਿਓ ਤਬ ਸੰਤ ॥ ਧੰਨ ਹੰਦਾਲੁ ਤੁਮ ਪ੍ਰਮ ਮਹੰਤ ॥ ਐਸਾ ਗਿਯਾਨ ਪ੍ਰਾਪਤਿ ਤੁਝੇ ॥ ਉਤ੍ਰ ਦੀਨਾ ਅਦਭੁਤ ਮੁਝੇ ॥ ਉਠ ਕਰ ਖਰਾ ਭਯੋ ਵੁਹ ਸੰਤ ॥ ਕਰਿ ਜੋੜੈ ਮੁਖ ਬਿਨੇ ਉਚਰੰਤ ॥ ਏਕ ਪ੍ਰਸ਼ਨ ਪੂਛਤ ਹੋ ਔਰ ॥ ਤੁਮ ਪ੍ਰਮ ਦਿਆਲ ਕ੍ਰਿਪਾ ਕੀ ਠੌਰ ॥ ਤਬ ਗੁਰ ਹੰਦਾਲੁ ਨੇ ਬਚਨ ਉਚਾਰਾ ॥ ਪੂਛੀਏ ਜੀ ਤੁਮ ਸੰਤ ਪਿਆਰਾ ॥ ਪ੍ਰੇਮਦਾਸੋ ਵਾਚ ॥ ਪੂਛੇ ਸੰਤ ਹੰਦਾਲੁ ਜੀ ਪਾਸ ॥ ਤੁਮਰੇ ਹਿਰਦੇ ਪ੍ਰਭੁ ਕੀਓ ਨਿਵਾਸ ॥ ਅਨਾਤਮ ਆਤਮ ਪ੍ਰਮਾਤਮ ਕੌਨ ॥ ਮੁਝੇ ਬਤਾਵੋ ਕਰਣਾ ਭੌਨ ॥ ਭਿੰਨ ਭਿੰਨ ਕਰ ਮੁਝੇ ਸੁਨਾਵਹੁ ॥ ਸੰਸਾ ਹਮਰਾ ਸਗਲ ਮਿਟਾਵਹੁ ॥ ਗੁਰ ਹੰਦਾਲੋ ਵਾਚ ॥ ਧੰਨ ਧੰਨ ਤੁਮ ਸੰਤ ਸੁਜਾਨ ॥ ਪ੍ਰੇਮ ਦਾਸ ਤੂੰ ਬਹੁ ਸੁਰ ਗਿਯਾਨ ॥ ਉੱਤ੍ਰ ਕਹੋ ਸੁਨ ਰਿਦਾ ਲਗਾਇ ॥ ਅੰਤ੍ਰ ਕੇ ਸ੍ਰਵਨ ਚਿਤ ਲਾਇ ॥ ਇਕਾਗ੍ਰ ਮਨ ਹੋਇ ꞉ਅਮਿਉ ਸੁਨੀਜੇ ॥ ਅਮਿਉ ਸਮਾਨ ਏਹ ਉੱਤਰ ਲੀਜੇ ॥ ਮਿਥਿਆ ਜੜ੍ਹ ਛਿਨ ਭੰਗ੍ਰ ਦੇਹ ॥

---

*ਪਾਨ ਕਹੀਏ ਹੱਥ, †ਤੇਜ ਕਹੀਏ ਅਗਨੀ, §ਅਪੁ ਕਹੀਏ ਪਾਣੀ, ‡ਬਪੁ ਕਹੀਏ ਸ਼ਰੀਰ, ꞉ਅਮਿਉ ਕਹੀਏ ਅੰਮ੍ਰਿਤ,

Digitized by Panjab Digital Library | www.panjabdigilib.org

ਅਸਤ ਮਾਸ ਸੌਂ ਪੂਰਨ ਏਹੁ ॥ ਜੋ ਇਸਕੋ ਜਾਨਤ ਸਤ ਦੇਹੁ ॥ ਇਸ ਸੌਂ ਕ੍ਰਤ ਪ੍ਰੀਤ ਅਰ ਨੇਹ ॥ ਏਹ ਅਨਾਤਮ ਰੂਪ ਪਛਾਂਨ ॥ ਤੀਨ ਕਾਲ ਨਹੀਂ ਸਤ ਯੇਹ ਜਾਨ ॥ ਏਹ ਅਨਾਤਮ ਜੜ੍ਹ ਹੈ ਦੇਹੁ ॥ ਇਸ ਸੌਂ ਕਦੇ ਕੀਜੇ ਨੇਂਹੁ ॥ ਦੇਹ ਅਭਮਾਨੀ ਸੋ ਜੀਵ ਕਹਾਵੇ ॥ ਇਸਕੇ ਸੰਗ ਮਿਲ ਆਪ ਬੰਧਾਵੇ ॥ ਨਰਕ ਸੁਰਗ ਇਸਕੇ ਸੰਗ ਲਹੈ ॥ ਜੀਵ ਆਤਮਾ ਯਾਂਕੋ ਕਹੈ ॥ ਪ੍ਰੇਮਦਾਸੋਵਾਚ ॥ ਜੀਵ ਆਤਮਾ ਰੂਪ ਬਤਾਇ ॥ ਤੁਮ ਹੋ ਗੁਰ ਮੈਂ ਸਿਖ ਕਹਾਇ ॥ ਤਬ ਸਤਿਗੁਰ ਜੀ ਭਏ ਦਿਆਲ ॥ ਸੁਨ ਪ੍ਰੇਮਦਾਸ ਤੁਝ ਕਹੇ ਹੰਦਾਲੁ ॥ ਖਟ ਊਰਮ ਸੰਜੁਗਤ ਪਛਾਨ ॥ ਤੀਨ *ਤਾਪ ਕਰਿ ਤਪਿਆ ਜਾਨ ॥ ਪੰਚ ਕਲੇਸ਼ ਸੋ ਬਿਸ਼ਟਤ ਮਾਨ ॥ ਖਟ ਵਿਕਾਰ ਸੰਜੁਗਤ ਪਛਾਨ ॥ ਤੀਨ †ਗੁਨਾਂ ਕੇ ਭੀਤ੍ਰ ਆਯਾ ॥ ਪੰਚ ‡ਕੋਸ਼ ਕੇ ਬੀਚ ਸਮਾਯਾ ॥ ਤੀਨ ਕਰਮ ਕਰਿ ਬੰਧਿਆ ਜਾਨ ॥ ਤੌ ਛੂਟੇ ਜੌ ਉਪਜੇ ਗਿਯਾਨ ॥ ਪ੍ਰੇਮਦਾਸੋ ਵਾਚ ॥ ਅਰਥ ਜੀਵ ਕਾ ਖੋਹਲ ਸੁਨਾਈਏ ॥ ਭਿੰਨ ਭਿੰਨ ਕਰ ਮੁਝੇ ਬਤਾਈਏ ॥ ਖਟ ਊਰਮ ਕਾ ਅਰਥ ਸੁਨਾਓ ॥ ਕਰ ਕਿਰਪਾ ਮੁਝ ਦੇਹੁ ਸੰਮਝਾਓ ॥ ਗੁਰ ਹੰਦਾਲੋ ਵਾਚ ॥ ਸੁਨੋਂ ਪ੍ਰੇਮਦਾਸ ਸੁਰ ਗਿਜਾਨ ॥ ਭਲੇ ਪ੍ਰਕਾਰ ਨੀਕੇ ਪਹਿਚਾਨ ॥ ਭੂਖ ਤ੍ਰਿਖਾ ਪ੍ਰਾਣਾਂ ਕੋ ਲਾਗੇ ॥ ਹਰਖ ਸੋਗ ਮਨਿ ਕੋ ਉਠ ਪਾਗੇ ॥ ਜੰਮਨ ਮਰਨ ਦੇਹ ਕੋ ਜਾਨ ॥ ਯੇਹ ਖਟ ਊਰਮ ਕਾ ਅਰਥ ਪਛਾਨ ॥ ਤਾਪ ਤੀਨ ਸੁਨ ਹੋ ਜਨ ਭਾਈ ॥ ਭਿੰਨ ਭਿੰਨ ਕਰ ਦੇਊ ਬਤਾਈ ॥ ਤਨ ਪੀੜਾ ਅਰ ਤਾਪ ਸਰਾਹੁ ॥ ਅੰਗ ਰੋਗ ਸੌਂ ਜਾਨ ਉਮਾਹੁ ॥ ਅਧਿਆਤਮਕ ਤਾਪ ਤਾਂਹ ਤੁਮ ਜਾਨੋਂ ॥ ਚਿੰਤ ਰੋਗ ਸੌਂ ਗੁਸਿਆ ਮਾਨੋਂ ॥ ਪਸੂ ਆਦਿ ਤੇ ਜੋ ਦੁਖ ਹੋਇ ॥ ਅਧੀ ਭੂਤਕ ਜਾਨਹੁ ਤੁਮ ਸੋਏ ॥ ਉਸਨ ਸੀਤ ਤੇ

---

*ਤਾਪ ਤੀਨ–ਆਧ, ਬਿਆਧ, ਉਪਾਧ, ਅਧੀਭੂਤਕ, ੧ ਅਧੀ ਦੇਵਕ ੨ ਅਧਿਯਾਤਮਿਕ ੩।
‡ਪੰਚ ਕੋਸ, ਅੰਨ ਮੈ ਕੋਸ ੧, ਪ੍ਰਾਣ ਮੈਂ ਕੋਸ਼ ੨, ਮਨੋਂ ਮੈਂ ਕੋਸ਼ ੩, ਬੁਧ ਗਿਆਨ ਮੈਂ ਕੋਸ਼ ੪, ਅਨੰਦ ਮੈਂ ਕੋਸ਼ ੫। †ਤੀਨ ਗੁਨ, ਰਜੋ, ਤਮੋਂ, ਸਤੋ।

Digitized by Panjab Digital Library | www.panjabdigilib.org

ਜੋ ਦੁਖ ਪਾਇ ॥ ਗੜ ਗੋੜਾ ਜੋ ਤੁਮੇ ਸਤਾਏ ॥ ਅਧੀਦੇਵਕ ਤਾਪ ਤਾਸ ਕੋ ਜਾਨ ॥ ਸੰਮਝ ਲੇਹੁ ਤੁਮ ਸੰਤ ਸੁਜਾਨ ॥ ਪੰਚ ਕਲੇਸ਼ ਕਾ ਅਰਥ ਸੁਨਾਊ ॥ ਅਵਿਦਯਾ ਅਰਯਾਨ ਕੇ ਗਾਊ ॥ ਬੁਧ ਅਰ ਚਿਤ ਆਦਿ ਜੋ ਕਹੀਏ ॥ ਇਨ ਕੋ ਅਪਨਾ ਰੂਪ ਲਖਈਏ ॥ ਝੂਠ ਦੇਹ ਕੋ ਸਤਿ ਕਰ ਮਾਨੇ ॥ ਅਸਮੱਤਾ ਅਰਥ ਨਾਮ ਯੇਹ ਜਾਨੇ ॥ ਰਾਗ ਨਾਮ ਹੈ ਸੁਖ ਸੇ ਪ੍ਰੀਤ ॥ ਦ੍ਵੇਖ ਨਾਮ ਦੁਖ ਸੇ ਵਿਪ੍ਰੀਤ ॥ ਮਰਨੇ ਕਾ ਹੈ ਨਿਸ ਦਿਨ ਭੈ ॥ ਯੇਹ ਤਨ ਮੇਰੋ ਹੋਇ ਨਾ ਖੈ ॥ ਇਸੀ ਚਿੰਤ ਮੇਂ ਨਿਸ ਦਿਨ ਰਹਿਓ ॥ ਅਭੀ ਨਿਵੇਸ ਕਾ ਅਰਥ ਬਤਇਓ ॥ ਖੱਟ ਵਿਕਾਰ ਕਾ ਸੁਨੋਂ ਵਿਵੇਕ ॥ ਪ੍ਰੇਮਦਾਸ ਤੁਮ ਸ੍ਵਨ ਦੇਕ ॥ ਦੋਹਰਾ ॥ ਜਨਮਨਾ ਅਰ ਬੜ੍ਹਨਾ ਪੁਨਾ ਬਾਲ ਯੁਵਾ ਯੇਹ ਚਾਰ ॥ ਬਿਰਧ ਹੋਇ ਅਰ ਮਰਨ ਪੁਨ ਯੇਹ ਖਟ ਕਹੇ ਵਿਕਾਰ ॥ ਚੌਪਈ ॥ ਖਟ ਵਿਕਾਰ ਕਾ ਅਰਥ ਸੁਨਾਯਾ ॥ ਸਰੀਰ ਦਿਸ਼ਾ ਇਹ ਕਹਿ ਪ੍ਰਗਟਾਯਾ ॥ ਕਰਮ ਤੀਨ ਪ੍ਰਕਾਰ ਏਹ ਜਾਨ ॥ ਸੰਚਤ ਕ੍ਰਮ ਬਹੁਤ ਜਨਮ ਕੇ ਆਨ ॥ ਪ੍ਰਾਲਭਦ ਕ੍ਰਮ ਦੀਓ ਦੇਹ ਨਿਦਾਨ ॥ ਜੋ ਇਸ ਜਨਮ ਭੋਗਤਾ ਆਨ ॥ ਕ੍ਰਿਯਾ ਮਾਨ ਜੋ ਕਰ ਹੈ ਨਿੱਤ ॥ ਤੀਨ ਕ੍ਰਮ ਕਾ ਅਰਥ ਸੁਨ ਮਿਤ ॥ ਪੰਚ ਕੋਸ਼ ਕਾ ਅਰਥ ਸੁਨ ਲੇਹ ॥ ਪਾਂਚ ਮਿਆਂਨ ਮੋਂ ਆਯੋ ਏਹ ॥ ਅੰਨ ਮੇ ਕੋਸ਼ ਕੇ ਬੀਚ ਸਮਾਇਆ ॥ ਅੰਨ ਬਿਨਾਂ ਪ੍ਰਾਣੀ ਮਰ ਜਾਇਆ ॥ ਦੂਜਾ ਕੋਸ਼ ਪ੍ਰਾਂਣ ਮੇਂ ਕਹੀਏ ॥ ਪ੍ਰਾਂਣ ਬਿਨਾ ਕੈਸੇ ਜਗ ਰਹੀਏ ॥ ਤੀਜਾ ਕੋਸ਼ ਮਨੋਂ ਮੇਂ ਜਾਨ ॥ ਮਨਿ ਸਿਉ ਆਠ ਪਹਿਰ ਗਿਯਾਨ । ਚਉਥਾ ਕੋਸ਼ ਬੁਧ ਗਿਯਾਨ ਮੈਂ ਜਾਨ ॥ ਜੋ ਨਿਸਚੇ ਕਰੇ ਸੋਈ ਪਰਮਾਨ ॥ ਪਾਂਚਮ ਕੋਸ਼ ਆਨੰਦ ਮੈਂ ਜਾਨ ॥ ਸਭੁ ਸੁਖ ਕੋ ਚਾਹੇ ਸੁਰ ਗਿਯਾਨ ॥ ਦੋਇ ਕੋਸ਼ ਜਾਗ੍ਰਤ ਮੇਂ ਜਾਨੋਂ ॥ ਅੰਨ ਮੈਂ ਪ੍ਰਾਣ ਮੇ ਤਾਸ ਕੋ ਮਾਨੋਂ ॥ ਦੋਇ ਕੋਸ਼ ਸੁਪਨਾ ਮਹਿ ਲਹੀਏ ॥ ਮਨਿ ਅਰ ਬੁਧ ਜਸਕੋ ਕਹੀਏ ॥ ਏਕ ਕੋਸ਼ ਸਖੋਪਤ ਮੇ ਮਾਂਨ ॥ ਸੁਖ ਮੇ ਰੂਪ ਅਨੰਦ ਬਿਸ੍ਰਾਮ ॥ ਪਾਂਚ ਕੋਸ ਕਾ ਕੀਆ ਬਿਬੇਕ ॥ ਜਾਨ ਲੇਹੁ ਤੁਮ ਬੁਧ ਬਿਸੇਖ ॥ ਸਭ ਪ੍ਰਸਨੋਂ ਕਾ

Digitized by Panjab Digital Library | www.panjabdigilib.org

ਉਤ੍ਰ ਕਹਾ ॥ ਪ੍ਰੇਮਦਾਸ ਲੈ ਹਿਰਦੇ ਗਹਾ ॥ ਹੰਦਾਲ ਗੁਰੂ ਕੇ ਚਰਨ ਲਗਾਨਾ ॥ ਮਨਿ ਤਨ ਧਨ ਦੇ ਬਹੁ ਬਿਗਸਾਨਾ ॥ ਬਹੁਤ ਬਿਨੈ ਕੀਨੀ ਗੁਰ ਪਾਸ ॥ ਹੋਇ ਅਧੀਨ ਜਗ ਛਾਡੀ ਆਸ ॥ ਏਸ ਪ੍ਰਸ਼ਨ ਕਾ ਉਤ੍ਰ ਦੇਹ ॥ ਜਨਮ ਸੁਫਲ ਹਮਰਾ ਕਰ ਦੇਹ ॥ ਇਨ ਸੌਂ ਮਿਲੇ ਜੀਵ ਬਤਾਯਾ ॥ ਪ੍ਰਮਾਤ ਕੌਨ ਸੋ ਕਹੁ ਪ੍ਰਗਟਾਯਾ ॥ ਮਿਥਿਆ ਸ਼ਰੀਰ ਅਭਿਮਾਨੀ ਜੋਈ ॥ ਜੀਵ ਨਾਮੁ ਕਹੀਅੱਤ ਹੈ ਸੋਈ ॥ ਇਸਤੇ ਭਿੰਨ ਪ੍ਰਮਾਤਮ ਕੌਨ ॥ ਮੁਝੇ ਬਤਾਵਹੁ ਕਰਨਾ ਭੌਨ ॥ ਮੈ ਤੁਮਰੀ ਸਰਨਾਗਤਿ ਆਯਾ ॥ ਪ੍ਰਮਾਤਮ ਰੂਪ ਮੁ ਦੇਹ ਬਤਾਯਾ ॥ ਗੁਰ ਹੰਦਾਲੋਵਾਚਿ ॥ ਸੱਤ ਚਿਤ ਆਨੰਦ ਬਪੁ ਹੈ ਜੋਈ ॥ ਪ੍ਰਮਾਤਮ ਕਹੀਅਤ ਹੈ ਸੋਈ ॥ ਤੀਨ ਕਾਲ ਜਿਉ ਕਾ ਤਿਉਂ ਪਈਏ ॥ ਸੋ ਪ੍ਰਮਾਤਮ ਅਦ੍ਵੈ ਕਹੀਏ ॥ ਸਭ ਕੇ ਭੀਤ੍ਰ ਬਾਹਰ ਜੋਤਿ ॥ ਸ੍ਰਬ ਵਿਆਪੀ ਹੈ ਉਤ ਪੋਤ ॥ ਅਬਨਾਸੀ ਆਵੇ ਨਹੀਂ ਜਾਇ॥ ਬ੍ਰਹਮ ਕੋਟ ਸਬ ਵਹੁ ਰਹਿਆ ਸਮਾਇ ॥ ਅਕਾਸ਼ ਜਿਵੇਂ ਵਹੁ ਸ੍ਰਵੇ ਠੌਰ ॥ ਸਭ ਕੇ ਆਗੇ ਕਛ ਨਹੀ ਔਰ ॥ ਏਕ ਜੋਤਿ ਕੀਟੀ ਹਸਤੀ ਮੇਂ ॥ ਏਕ ਜੋਤਿ ਬ੍ਰਹਮਾ ਹਮ ਤੈਂ ਮੇਂ ॥ ਸਭ ਕਾ ਸਾਖੀ ਸਭ ਕੇ ਸੰਗ ॥ ਅਕ੍ਰੈ ਰੂਪ ਹੈ ਸਦਾ ਅਨੰਗ ॥ ਪ੍ਰੇਮਦਾਸੋ ਵਾਚ ॥ ਹੇ ਗੁਰਦੇਵ ਆਤਮ ਨਿਹਰੂਪ ॥ ਨਿਰਗੁਨ ਅਕ੍ਰੈ ਸੁਧ ਸਰੂਪ ॥ ਚੇਤਨ ਸਾਖੀ ਦ੍ਰਿਸ਼ਟਾ ਜੋਤਿ ॥ ਬਾਹਰ ਭੀਤ੍ਰ ਹੈ ਉਤ ਪੋਤ ॥ ਨਿਰਾਵੈਵ ਹੈ ਰਹਿਤ ਵਿਕਾਰੀ ॥ ਅਜ ਅਬਨਾਸ਼ੀ ਰੈਹਤ ਨਿਰਾਰੀ ॥ ਆਤਮ ਕੋ ਤੁਮ ਐਸਾ ਕਹਿਓ ॥ ਨਿਰ ਵਿਕਾਰ ਅਨਾਸੀ ਲਹਿਓ॥ਯੇਹ ਸ਼ਰੀਰ ਅਤਯੰਤ ਜੜਾਨ ॥ ਮਿਥਿਆ ਨਾਸਰ ਝੂਠਾ ਜਾਨ॥ ਨਰਕ ਸੁਰਗ ਭੋਗਤ ਹੈ ਕੌਨ ॥ ਦੁਖ ਸੰਤਾਪ ਸਹਿਤ ਹੈ ਜੌਨ ॥ ਯੇਹ ਭ੍ਰਮ ਸੰਦੇਹ ਮਿਟਾਵਹੁ ਮੇਰਾ ॥ ਗੁਰ ਹੰਦਾਲ ਹਮ ਤੁਮਰਾ ਚੇਰਾ ॥ ਕਰਿ ਕ੍ਰਿਪਾ ਮੁਝ ਉਤ੍ਰ ਦੇਹ ॥ ਏਹ ਸੰਦੇਹ ਨਵਿਰਤ ਕਰ ਦੇਹ ॥ ਗੁਰ ਹੰਦਾਲੋ ਵਾਚ ॥ ਸੁਨੌਂ ਪ੍ਰੇਮਦਾਸ ਤੁਝ ਕਹੌਂ ॥ ਦ੍ਰਿਸ਼ਟਾਂਤ ਸਹਿਤ ਤੋਹ ਸੰਸਾ ਦਹੌਂ ॥ ਇਕ ਮੰਦ੍ਰ ਕੇ ਰਖਵਾਰੇ ਦੋਇ ॥ ਇਕ ਬੋਲਤ

Digitized by Panjab Digital Library | www.panjabdigilib.org

ਇਕ ਮੋਨੀ ਸੋਇ ॥ ਬੋਲ ਚਲਤ ਘਰਿ ਕਾਂਮੁ ਚਲਾਵੈ॥ ਮੋਨੀ ਦ੍ਰਿਸ਼ਟਾ ਰੂਪ ਲਖਾਵੈ ॥ ਬੋਲਨ ਵਾਲੇ ਕੇ ਸਿਰ ਭਾਰ॥ ਕਰਜ ਚੜ੍ਹਿਓ ਤਿਸ ਬਹੁਤ ਅਪਾਰ ॥ ਦੂਸਰ ਜੋ ਬੋਲਤ ਨਹੀਂ ਮੋਨੀਂ ॥ ਲੇਤ ਨ ਦੇਤ ਨਾ ਖਾਤ ਅਜੋਨੀਂ ॥ ਵੋਹ ਹੈ ਕੌਨ ਜਿਨ ਕਰਜ ਉਠਾਯਾ॥ ਅਹੰਕਾਰ ਸੋ ਬੰਧ ਰਹਾਯਾ ॥ ਧਰਮ ਰਾਜ ਨੇ ਫੌਜ ਚੜ੍ਹਾਈ ॥ ਤਿਸ ਬੰਧੂਏ ਕੋ ਪਕੜ ਲਿਆਈ ॥ ਵਾਸਨਾ ਜੇਵੜੀ ਸੋ ਬੰਧ ਲੀਨਾ॥ ਸੰਪਤ ਉਸ ਘਰਿ ਕੀ ਲੁਟ ਲੀਨਾ ॥ ਖਾਲੀ ਕਰਿ ਮੰਦਰ ਛਡ ਆਏ ॥ ਪ੍ਰੇਤ ਪ੍ਰੇਤ ਕਹੇ ਤਿਸੇ ਬੁਲਾਏ ॥ ਚਾਰ ਦਿਵਾਰ ਅਰ ਬੀਚ ਅਕਾਸ਼॥ ਪੀਛੇ ਕਰਿਓ ਔਰ ਸਭੁ ਨਾਸ ॥ ਦਿਵਾਰ ਮਾਨਸ ਕੀ ਦੇਹ ਬਤਾਈ ॥ ਮੋਨੀ ਕੀ ਠਉਰ ਅਕਾਸ਼ ਲਗਾਈ॥ ਲੌਂਗਨ ਦੇਹ ਕੋ ਦੀਓ ਜਲਾਈ॥ ਅਕਾਸ ਮੋਨੀ ਤੇ ਆਤਮ ਭਾਈ॥ ਅਵੈ ਅਬਨਾਸ਼ੀ ਆਵੈ ਨਹੀਂ ਜਾਈ ॥ ਅਕਾਸ਼ ਜਿਵੇਂ ਬਿਯਾਪਕ ਸਭ ਠਾਈ ॥ †ਪ੍ਰੇਮਦਾਸੋਂ ਵਾਚ ॥ ਧੰਨ ਧੰਨ ਗੁਰ ਦੇਵ ਹੰਦਾਲੁ॥ ਸੰਸਾ ਮੇਟ ਹਮ ਕੀਏ ਨਿਹਾਲ ॥ ਹੌ ਬਲਿਹਾਰੀ ਸਤਿ ਗੁਰ ਤੋਰੇ॥ ਸਕਲ ਬਿਕਲ ਭ੍ਰਮ ਕਾਟੇ ਮੋਰੇ ॥ ਤੁਮਰੀ ਕ੍ਰਿਪਾ ਤੇ ਭਯੋ ਉਧਾਰ॥ ਹੰਦਾਲੁ ਪੁਰਖ ਤੁਮ ਪਰ ਉਕਾਰ ॥ ਦਾਸ ਪ੍ਰੇਮ ਗੋਸ਼ਟ ਹੰਦਾਲੁ॥ ਪੂਰਨ ਭਈ ਪ੍ਰਭ ਭਏ ਦਿਆਲੁ ॥ ਇਤਿ॥

(ਜਨਮ ਸਾਖੀ ਪੰਨਾ ੨੪ ਸੇ ੨੯ ਤਕ)

---

*ਪ੍ਰੇਮਦਾਸ ਸੰਤ ਏਹ ਸੰਨਯਾਸੀ ਮਹਾਤਮਾਂ ਸੀ ਏਹ ਪ੍ਰੇਮੀ ਬਹੁਤ ਸੀ ਏਸਕਾ ਪ੍ਰੇਮ ਵੇਖਕੇ ਗੁਰੂ ਜੀ ਪ੍ਰੇਮਦਾਸ ਕਹਿਕੇ ਬਲਾਉਂਦੇ ਰਹੇ ਤੇ ਅਸਲ ਏਸ ਸੰਤ ਸੰਨਯਾਸੀ ਕਾ ਨਾਮ (ਅਭੈਗਿਰ ਸੀ) ਏਹ ਸੰਤ ਪ੍ਰੇਮ ਮੈਂ ਬਹੁਤ ਰੱਤਾ ਹੋਯਾ ਸੀ।

Digitized by Panjab Digital Library | www.panjabdigilib.org

੧ ੴਸਤਿਨਾਮੁ ਕਰਤਾ ਪੁਰਖੁ

ਪਿਆਰੀ ਸਾਧ ਸੰਗਤਿ ਜੀ, ਫਿਰ ਸਤਿਗੁਰੂ ਜੀਨੇਂ ਵਿਚਾਰ ਕੀਤੀ ਕਿ ਓਹ ਜੋਗੀਸ਼੍ਵਰ ਢੂਂਢਣੇ ਸੇ ਨਹੀਂ ਮਿਲੇਗਾ, ਜੋ ਜੋਗੀ ਜਨ ਮੁਝੇ ਉਪਦੇਸ ਅਰਥਾਤਿ ਜੋਗ ਦੇ ਸਾਧਨ ਤੇ ਯਮ ਨਿਯਮ ਭਜਨ ਕਰਨਾ ਦਸ ਗਏ ਹਨ, ਹੇਮਨਿ ਅਬ ਤੂ ਭਜਨ ਕਰ ਸਾਧਨਾ ਸਾਧੋ, ਇਕ ਨਿਰਿੰਕਾਰ ਕਾ ਭਜਨ ਕਰੀਏ, ਤਬ ਗੁਰੂ ਜੀਨੂੰ ਦਖਨ ਹੈਦਰਾ ਬਾਦ ਸਮੁੰਦਰ ਦੇ ਤਟ ਪਰ ਇਕ ਗੁਰੂ ਜੀਕੋ ਜੰਗਲ ਵਿਚ ਇਕ ਉਤਮ ਅਸਥਾਨ ਇਕ ਕੁਟੀਆ ਮਿਲੀ, ਗੁਰੂ ਜੀਨੇਂ ਇਕਾਂਤ ਅਸਥਾਨ ਦੇਖਕੇ ਜੰਗਲ ਵਿਚ ਗੁਰੂ ਜੀਨੇਂ, ਓਥੇ ਸ੍ਰੀ ਭਗਵਾਂਨ ਕੀ ਭਗਤੀ ਪਰਾਰੰਭ ਕਰਨੀ ਸ਼ੁਰੂ ਕੀਤੀ, ਇਕ ਮਨਿ ਚਿਤ ਇਕਾਰਕ ਕਰਿ ਓਅੰ ਸੋਹੰ ਪ੍ਰਣਵ ਜਾਪੁ ਜਪਕੇ ਅਕਾਲ ਮੂਰਤਿ ਦਾ ਨਿਜ ਹਿਰਦੇ ਵਿਚ ਧਿਆਨ ਕੀਤਾ, ਏਹ ਭਗਤਿ *ਅਨਿੰਨ ਧਾਰਨ ਕਰਿ ਦੇਹ ਇੰਦ੍ਰੀ ਦੀ ਜੋ ਸੁਰਤਿ ਥੀ ਓਹ ਭੁਲਾ ਦਿਤੀ, †ਇਕਾਦਸ ਬਰਸ ਭਗਤੀ ਕਰੀ ਅਤੇ ਹਿਰਦੇ ਰੂਪੀ ਗੁਫਾ ਮੇਂ ਸੱਤ, ਚਿੱਤ, ਅਨੰਦ, ਪ੍ਰਮਾਤਮਾਂ ਦਾ ਸਾਖ ਸ਼ਾਤ ਦਰਸੰਨ ਪਾਯਾ । ਤਬ ਗੁਰੂ ਜੀ ਕੋ ਅਗਮ ਨਿਗਮ ਕੀ ਸੋਝੀ ਹੋ ਗਈ ਕੁਪਾਟ ਖੁਲ ਗਏ ਗਿਯਾਨ ਸਰੂਪੀ ਪ੍ਰਮਾਤਮਾਂ ਕੇ ਦਰਸ਼ਨ ਬ੍ਰਹਮ ਗਿਆਨ ਕੀ ਪ੍ਰਾਪਤੀ ਹੋ ਗਈ ।

(ਸ੍ਰੀ ਭਗਵਾਨ ਜੀ ਵਾਚ)

ਹੇ ਹੰਦਾਲੁ ਤੇਰੀ ਭਗਤਿ ਸੰਪੂਰਨ ਭਈ ਅਬ ਤੂੰ ਜੀਂਉਦਾ ਹੀ ਮੁਕਤ ਹੈਂ, ਜਾਹਾ ਸੰਸਾਰੀ ਜੀਵਾਂ ਦਾ ਉਧਾਰ ਕਰ, ਓਹਨਾਂ ਨੂੰ ਕੇਵਲ ਮੇਰੀ ਭਗਤੀ ਦਾ ਉਪਦੇਸ ਕਰ, ਤਬ ਗੁਰੂ ਜੀ ਨੇ ਇਕ ਸ਼ਬਦ ਰਾਗ

*ਅਨਿੰਨ ਕਹੀਏ ਪ੍ਰੇਮਾ ਭਗਤੀ †ਇਕਾਦਸ ਕਹੀਏ ੧੧ ਬਰਸ,

Digitized by Panjab Digital Library | www.panjabdigilib.org

ਆਸਾ ਮੌਂ ਤੂੰ ਪਾਰਬ੍ਰਹ ਪ੍ਰਮੇਸ਼ਰ ਕਰਤਾ ਜਿਸਦੀ ਸਭੁ ਉਪਾਈ॥ ਨਾਮੇ ਏਹ *ਸ਼ਬਦ ਨਿਰੰਕਾਰ ਭਗਵਾਨ ਜੀ, ਕੀ ਭੇਟਾ ੪ ਪਉੜੀ ਕਾ ਉਚਾਰਕੇ ਕੀਤਾ, ਫਿਰ ਸਤਿ ਗੁਰੂ ਬਾਬਾ ਹੰਦਾਲੂ ਜੀ ਨੇ ਸ੍ਰੀ ਭਗਵਾਂਨ ਜੀ ਨੂੰ ਨਿੰਮਸ਼ਕਾਰ ਡੰਡਾਉਤ ਉਸ ਵੱਕਤ ਇਸਤ੍ਹਾਂ ਕਰੀ ਥੀ, ਕਿ ਦੋਨੋਂ ਘੁਟਨੇ ਜਮੀਨ ਪੁਰ ਲਗਾ ਕਰ ਮਸਤੱਕ ਭੀ ਜਮੀਨ ਪੁਰ ਲਗਾ ਕਰ ਦੋਨੋਂ ਭੁਜਾ ਪੀਠ ਪਰ ਰੱਖ ਲਈਆਂ,ਇਸਕਾ ਤਾਤ ਪਰਜ ਇਹ ਹੈ ਕਿ ਗੁਰੂ ਜੀ ਨੇ ਉਸ ਵੱਕਤ ਮਨਿ ਮੌਂ ਏਹ ਵਿਚਾਰ ਕੀਤੀ, ਕਿ ਮਾਨੁਖ ਦੇਹ ਸਰੀਰ ਦੇ ਚਾਰ ਹਿੱਸੇ ਹਨ, ਜਿਸਦੇ ਵਿਚ ਸੀਸ ਤਾਂ ਬ੍ਰਹਮਣ ਦੇ ਸਮਾਂਨ ਹੈ, ਕਿਉਂਕਿ ਗਿਯਾਨ ਇੰਦ੍ਰੀਆਂ ਸਭ ਇਸੇ ਵਿਚ ਹਨ, ਅਤੇ ਦੋਨੋਂ ਭੁਜਾ ਛੱਤ੍ਰੀ ਦੇ ਸਮਾਨ ਕਿਉਂਕਿ ਭੁਜਾਂ ਨਾਲ ਹੀ ਸਾਰੇ ਸਰੀਰ ਦੀ ਰਖਿਆ ਹੁੰਦੀ ਹੈ, ਅਤੇ ਜੰਙਾਂ ਵੈਸ, ਤੇ ਪੈਰ ਸ਼ੂਦ੍ਰ, ਦੇ ਸਮਾਨ ਹੈ, ਸੋ ਜਦ ਸੀਸ ਗੁਰੂ ਅੱਥਵਾ ਈਸ਼੍ਵਰ ਦੇ ਅਰਪਨ ਕੀਤਾ, ਤਾਂ ਜੋ ਭੁਜਾ ਛੱਤ੍ਰੀ ਵੱਤ ਹੈਨ, ਸਾਰੇ ਸਰੀਰ ਦਾ ਬਲ ਤੇ ਅਭਿਮਾਨ ਭੀ ਏਹਨਾਂ ਨਾਲ ਹੀ ਹੈ, ਸੋ ਏਹਨਾਂ ਨੂੰ ਮੋੜਕੇ ਪਿਛਾਂਹ ਕਰਨ ਨਾਲ ਬੜੀ ਨਿਰਅਭਿਮਾਨਤਾ ਤੇ ਨਿੰਮ੍ਰਤਾ ਪ੍ਰਗਟ ਹੁੰਦੀ ਹੈ, ਜੈਸੇ ਆਪਨੇ ਸਰੀਰ ਦੀਆਂ ਮੁਛਕਾਂ ਬੰਨਕੇ ਡਾਲਿਆ ਜਾਵੇ॥ ਇਸ ਵਾਸਤੇ ਇਹ ਡੰਡਉਤ ਬੜੀ ਨਿਰਅਭਿਮਾਨ ਤੇ ਉਤਮ ਹੈ, ਇਸ ਡੰਡਉਤ ਨੂੰ ਪੰਚਾਂਗ ਕਹਿਆ ਜਾਂਦਾ ਹੈ,ਇਸ ਵਾਸਤੇ ਸ੍ਰੀਸਤਿਗੁਰੂ ਜੀਨੇ ਅਪਨੇ ਸੇਵਕਾਂ ਨੂੰ ਏਹ ਡੰਡਉਤ ਕਰਨੇ ਵਾਸਤੇ ਹੁਕਮ ਦਿਤਾ, ਜੋ ਬਤੌਰ ਸਿਕੇ ਦੇ ਜਾਰੀ ਹੈ, ਜਿਸਤ੍ਹਾਂ ਵੈਸ਼ਨੋ ਸਾਧੂ ਅਸ਼ਟਾਂਙ ਡੰਡਉਤ ਸਾਰੇ ਸਰੀਰ ਨੂੰ ਜਮੀਨ ਉਤੇ ਸਿਧਾ ਲੰਬਾ ਪਾਕੇ ਕਰਦੇ ਹਨ, ਇਸੀਤ੍ਹਾਂ ਨਿਰੰਜਨੀਆਂ ਪੰਥਿ ਵਿਚ ਏਹ ਪੰਚਾਂਗ ਡੰਡਉਤ ਜਾਰੀ ਹੈ, ਜਾਂ ਸ੍ਰੀ ਗੁਰੂ ਜੀ ਨੇ ਇਸਤ੍ਹਾਂ ਡੰਡਉਤ

---

*ਸ਼ਬਦ ਤੂੰ ਪਾਰ ਬ੍ਰਹਮ ਪ੍ਰਮੇਸਰ ਕਰਤਾ ਜਿਸਦੀ ਸਭ ਉਪਾਈ ਏਹ ਸ਼ਬਦ ੪ ਪਉੜੀ ਕਾ ਉਚਾਰ ਕੇ ਸ੍ਰੀ ਗੁਰੂ ਜੀ ਨੇ, ਸ੍ਰੀ ਭਗਵਾਨ ਜੀ ਕੀ ਭੇਟਾ ਕੀਤਾ ਹੈ, ਏਹ ਸ਼ਬਦ ਸਾਰਾ ਅਰਥਾਂ ਸਹਿਤ ਅਗੇ ਲਿਖਾ ਗਿਆ ਹੈ।

Digitized by Panjab Digital Library | www.panjabdigilib.org

ਕੀਤੀ, ਤਾਂ ਸ੍ਰੀ ਭਗਵਾਨ ਜੀ ਨੇ ਕਹਿਆ, ਹੇ ਹੰਦਾਲੁ ਜੇਹੜਾ ਭੀ ਏਹ ਡੰਡਉਤ ਜੀਵ ਕਰੇਗਾ, ਜਿੰਨਾ ਚਿਰ ਭੀ ਡੰਡਉਤ ਕਰੀ ਰੱਖੇਗਾ, ਓਤਨਾ ਚਿਰ ਮੇਰਾ ਧਿਆਨ ਓਸ ਜੀਵ ਮੈਂ ਰਹਿੰਦਾ ਹੈ, ਏਹ ਡੰਡਉਤ ਮੇਰੇ ਕੋ ਬ੍ਰਹਮਾਂ ਦਾ ਪੁਤ੍ਰ ਨਾਰਦ ਭਗਤਿ ਕਰਦਾ ਹੁੰਦਾ ਸੀ, ਜੈਸਾ ਕ੍ਰਿਸੀ ਸਾਧੂ ਨੇ ਪੰਚ ਅਗਨੀ ਧੂਣੀ ਤੱਪੀ ਕਾ ਤੈਸਾ ਹੀ ਏਸ *ਪੰਚਾਂਗ ਡੰਡਉਤ ਦਾ ਫਲਾ ਦੇਸ਼ ਹੈ ॥ ਚੌਪਈ ॥ ਪੁਨ ਉਚਰੀ ਸਤਿਗੁਰ ਸਾਲਾਹ ॥ ਅਥਰਬਨ ਅਫੁਰੋ ਬੇਪ੍ਰਵਾਹ ਸਾਤੋਤ੍ਰ ਬਰਨਿਓ ਗੁਰ ਹੰਦਾਲੁ ॥ ਉਸਤਤਿ ਕੀਨੀ ਪ੍ਰਭ ਦਿਆਲ ॥ ਜਬ ਸਤਿਗੁਰ ਯੇਹ ਭਾਖੀ ਬਾਣੀ ॥ ਅਤ ਪ੍ਰਸਿੰਨ ਭਏ ਸਾਰੰਗ ਪਾਣੀ ॥ ਧੰਨ ਹੰਦਾਲੁ ਧੰਨ ਤੇਰੀ ਸ਼ਗਤਿ ॥ ਕਲਜੁਗ ਮੈਂ ਜਿਨ ਧਾਰੀ ਭਗਤਿ ॥ ਅਨਿੰਨ ਭਗਤ ਮਮ ਪ੍ਰਾਪਤਿ ਭਯੋ ॥ ਰੂਪਹਿ ਰੂਪ ਅਭੇਦ ਹ੍ਵੈ ਗਯੋ ॥ ਅਬ ਤੁਮ ਜਾਵਹੁ ਜਗਤ ਉਧਾਰੋ ॥ ਦੇ ਉਪਦੇਸ਼ ਸਗਲ ਕੋ ਤਾਰੋ ॥ ਤਬ ਸਤਿਗੁਰ ਜੀ ਊਠ ਸਧਾਏ ॥ ਅਤ ਅਨੰਦ ਮਨੁ ਬਹੁ ਹਰਖਾਏ ॥ ਪਰਮ ਅਨੰਦ ਕੋ ਪ੍ਰਾਪਤਿ ਭਏ ॥ ਜਗਤ ਸੁਖ ਤੁਛ ਕਰ ਤਜ ਦਏ ॥ ਅਤ ਪ੍ਰਸਿੰਨ ਸਤਿਗੁਰ ਹੰਦਾਲੁ ॥ ਕਲੁ ਮੈਂ ਤਪੁ ਧਾਰਿਓ ਚਿਰੰਕਾਲ ॥

(ਜਨਮਸਾਖੀ ਪੰਨਾ ੩੧)

ਦੋਹਰਾ— ਤਪੁਤੇ ਸਤਿਗੁਰ ਅਪ੍ਰਾਂਤ ਹੋਇਆ ਏ ਠਾਹਰ ਏਕੁ ॥
ਬ੍ਰਿਛ ਤਲੇ ਬੈਠੇ ਗੁਰੂ ਮਨਿ ਮੈਂ ਧਰਯੋ ਬਿਬੇਕੁ ॥

ਜਬ ਸਤਿਗੁਰੂ ਜੀ ਤਪੁ ਕਰਕੇ ਸਾਰੰਗ ਪਾਣੀ ਕੋ ਪ੍ਰਸਿੰਨ ਕੀਆ ਤਬ ਸਤਿਗੁਰੂ ਪਰਸਾਰੰਗ ਪਾਣੀ ਪ੍ਰਸਿੰਨ ਹੋਏ ਅਤੇ ਗੁਰੂ ਜੀ ਕੋ ਵਰ ਦੀਏ ਕਿ ਤੁਮਾਰਾ ਤੱਪੁ ਸੰਪੂਰਨ ਭਇਆ ਹੈ, ਅਬ ਤੁਮ ਚਹੁ

---

*ਪੰਚਾਂਗ ਡੰਡਉਤ ਜੋ ਏਹ ਹੈ, ਸਭ ਡੰਡਉਤਾਂ ਨਾਲੋਂ ਉਤਮ ਤੇ ਇਸ ਕਾ ਫਲਾ ਦੇਸ ਤੇ ਮਹਾਤਮ ਹੈ ਕਥਨ ਦੁਕਨ ਥੋਂ ਬਾਹਰਾ ਤੇ ਅਧਕ ਤੇ ਅਨੰਤ ਬਿਅੰਤ ਹੈ ਏਹੀ ਡੰਡਉਤ ਪਿਠ ਪੁਰ ਹੱਥ ਰਖਕੇ ਕਰਨੀ ਚਾਹੀਏ। ਜੋ ਨਿਰੰਜਨ ਪੰਥ ਮੈਂ ਜਾਰੀ ਤੇ ਚਲ ਰਹੀ ਹੈ।

Digitized by Panjab Digital Library | www.panjabdigilib.org

ਵਰਨਾ ਕੋ ਕੇਵਲ ਮੇਰੀ ਭਗਤੀ ਦਾ ਉਪਦੇਸ਼ ਦੇਕੇ ਜਗਤ ਦਾ ਉਧਾਰ ਕਰੋ, ਤਦ ਸਤਿਗੁਰੂ ਜੀ ਤੱਪੁ ਥੋਂ ਅਪਰਾਂਤ ਹੋਕਰ, ਇਕ ਬ੍ਰਿਛ ਤਲੇ ਆਸਨ ਆਨ ਲਗਾਯਾ, ਗੁਰੂ ਗੋਰਖਨਾਥ ਜੀ ਸਨੇ ਚੇਲਿਆਂ ਸ੍ਰੀ ਜਗਨ ਨਾਥ ਦੇ ਮੇਲੇ ਜਾ ਰਹੇ ਸਨ, ਤਬ ਗੋਰਖਨਾਥ ਜੀਨੇ ਭਰਥਰੀ ਨੂੰ ਕਹਿਆ ਇਕ ਪੂਰਨ ਪੁਰਖੁ ਤੁਝੇ ਦਿਖਾਉਂਦੇ ਹਾਂ, ਏਹ ਪੂਰਨ ਪੁਰਖੁ ਤਪੁ ਕਰਕੇ ਅਬੀ ਆ ਰਿਹਾ ਹੈ। ਇਸਕੋ ਨਾਰਾਇਣ ਜੀਨੇ ਦਰਸ਼ਨ ਦਿਤਾ ਹੈ ਏਹ ਮਹਾਪੁਰਖ ਪ੍ਰੀਪੂਰਨ ਹੈ, ਪਹਿਲੇ ਜੋਗੀਸ਼੍ਵਰ ਪਾਸੋਂ ਭਜਨ ਇਸਨੇ ਲੀਆ ਹੈ, ਪੂਰਬਲੇ ਕਰਮੋਂ ਕਾ ਏਹ ਭਗਤਿ ਹੈ, ਅਬ ਇਸਕਾ ਸੰਸਕਾਰ ਖੁਲਾ ਹੈ ਨਿਰੰਕਾਰ ਨੇ ਅਭੇਦ ਗਿਯਾਨ ਦਿਤਾ ਹੈ, ਅਬ ਏਹ ਜੀਵਨ ਮੁਕਤ ਭਯੋ ਹੈ, ਏਕ ਨਿਰੰਜਨ ਘਟਿ ਬਸ ਰਹਿਆ ਹੈ, ਅਸਲ ਨਿਰੰਜਨੀਆ ਏਹ ਜਾਨ, ਇਸਕਾ ਪੰਥ ਬੜਾ ਬਲਵਾਨ ਚਲੇਗਾ, ਜਬ ਇਸ ਤਰਾਂ ਦੇ ਬਚਨ ਗੁਰ ਗੋਰਖ ਨੇਂ ਭਰਥਰੀ ਜੀਕੋ ਸੁਨਾਏ, ਤਬ ਭਰਥਰੀ ਨੇ ਕਹਿਆ, ਆਗਿਆ ਹੋ ਤਬ ਏਸਕੇ ਸਾਥ ਕੁਛਕ ਗੋਸਟ ਕਰ ਆਵਾਂ, ਤਬ ਗੁਰ ਗੋਰਖ ਕਹਾ ਤੁਮਰੀ ਰਜਾਇ, ਪਰ ਯੇਹ ਪੂਰਨ ਸੰਤ ਬ੍ਰਹਮ ਸੁਭਾਇ ਹੈ, ਤਬ ਭਰਥਰੀ ਨੇ ਗੋਸ਼ਟ ਗੁਰੂ ਹੰਦਾਲ ਜੀ ਨਾਲ ਪ੍ਰਸ਼ਨ ਉਤਰ ਦੁਵਾਰਾ ਕੀਤੀ, ਫਿਰ ਗੋਰਖ ਗੁਰ ਜੀ ਭੀ ਆ ਅਦੇਸ ਬੁਲਾਯਾ ਤੇ ਏਧਰੋਂ ਉਧਰੀ ਅਦੇਸ਼ ਬੁਲਾਕੇ ਗੋਸ਼ਟ ਹਛੀਤਰਾਂ ਕਰਕੇ ਗੁਰੂ ਗੋਰਖਨਾਥ ਭੀ ਅਪਨੇ ਡੇਰੇ ਨੂੰ ਗਏ, ਗੋਰਖਨਾਥ ਨੇ ਅਪਨੇ ਡੇਰੇ ਆਨਕੇ ਕਹਿਆ ਅਜ ਅਸੀਂ ਇਕ ਮਹਾਂਪੁਰਖੁ ਕਾ ਦਰਸ਼ਨ ਪਾ ਕਰ ਕਰਤਾਰਥ ਭਏ ਹਾਂ, ਏਹ ਬਚਨ ਸੁਨਕੇ ਗੋਰਖ ਨਾਥ ਜੀਕੇ ਸਾਰੇ ਚੇਲੇਂ ਵਾਰੋਵਾਰੀ ਦਰਸ ਪ੍ਰਸਕੇ ਆਪਨੇ ਡੇਰੇ ਜਾਂਦੇ ਰਹੇ, ਏਹ ਸਿਧ ਮੰਡਲੀ ਕੀ ਗੋਸਟ ਬਹੁਤ ਬਿਸਥਾਰ ਸੇ ਹੈ ਜਨਮ ਸਾਖੀ ਪੰਨਾ ੩੧ ਸੇ ੩੬ ਤਕ ਪੜ੍ਹੋ ॥ ਪ੍ਰਿਯ ਜਨੋ ਜਬ ਸਿਧ ਮੰਡਲੀ ਕੀ ਗੋਸਟ ਹੋ ਚੁਕੀ, ਤਬ ਸਤਿਗੁਰੂ ਉਸ ਬ੍ਰਿਛ ਤਲਿਓ ਉਠ ਤੁਰੇ

Digitized by Panjab Digital Library | www.panjabdigilib.org

ਇਕ ਗਹਿਬ੍ਰ ਬਨ ਦੇ ਵਿਚੋਂ ਦੀ ਡੰਡੀਏ ਡੰਡੀ ਪਿਆਨਾ ਕੀਆ, ਜਾ ਅਗੇ ਗੁਰੂ ਜੀ ਡੰਡੀ ਵਿਖੇ ਜਾ ਰਹੇ ਹਨ, ਤਾਂ ਇਕ ਬੜਾ ਭਾਰੀ ਸ਼ੇਰ ਸਤਿਗੁਰੂ ਜੀ ਕੀ ਵਲ ਆਯਾ, ਤਬ ਸਤਿਗੁਰੂ ਜੀਨੇ ਅਪਨਾ ਚਰਨ ਆਗੇ ਕਰਾ ਤਬ ਓਸ ਸ਼ੇਰ ਨੇ ਗੁਰੂ ਜੀ ਕੇ ਅਗੇ ਅਪਨਾ ਸਿਰ ਝੁਕਾਇਆ ਅਤੇ ਗੁਰੂ ਜੀਕੇ ਜੇਹਬਾ ਕੇ ਸਾਥ ਚਰਨ ਚਾਟੇ ਜਬ *ਕੇਹਰ ਚਰਨ ਚਾਟਨੇ ਲੱਗਾ ਤਬ ਗੁਰੂ ਜੀ ਨੇ ਕੇਹਰ ਕੇ ਸਿਰ ਪੁਰ ਹਥ ਰਖਕੇ ਮੁਖ ਸੇ ਕਹਾ ਜਾਹਾ ਰੇ ਤੇਰਾ ਦੁਖ ਕਾਟਿਓ ਦੇਵ ਦੇਹੀ ਪਾਇਗਾ, ਗੁਰੂ ਜੀ ਕੇ ਚਰਨ ਕਵਲ ਚਾਟ ਕਰ ਗਹਿਬ੍ਰ ਬਨ ਵਿਖੇ ਜਾ ਧਸਿਓ, ਜਿਨਾਂ ਗੁਰਾਂ ਦੇ ਮਨ ਕਰਕੇ ਬਚਨ ਕਰਕੇ ਕਰਮ ਕਰਕੇ ਅਹਿੰਸਾ ਨਹੀ ਓਹਨਾਂ ਨੂੰ ਸਰਪ ਸਿੰਘ ਆਦਿਕ ਭੀ ਕਬੀ ਦੁਖ ਨਹੀ ਦੇ ਸੱਕਦੇ, ਸਤਿਗੁਰੂ ਜੀ ਆਤਮ ਦਰਸੀ ਹੈਂ ਅਤੇ ਕੀਟੀ ਸੇ ਹਸਤੀ ਔ ਸਰਬੱਗ ਮੇ ਸਮ ਦ੍ਰਿਸ਼ਟੀ ਪੇਖਤੇ ਹੈਂ, ਸਤਿਗੁਰਾਂ ਦੇ ਰਿਧੀਆਂ ਸਿਧੀਆਂ ਚਰਨਾ ਤਲੇ ਹੈਂ ਅਰਥਾਤ ਗੁਰਾਂ ਦੀ ਸੇਵਾ ਕਰਦੀਆਂ ਹਨ, ਅਤੇ ਹੁਕਮ ਵਿਚ ਹੀ ਰਹਿੰਦੀਆਂ ਹਨ। ਜੋ ਭੀ ਸਤਿਗੁਰੂ ਜੀਕਾ ਦਰਸ ਪਰਸ ਦੇ ਹਨ, ਸੋਈ ਨਿਹਾਲ ਹੋ ਜਾਂਦੇ ਹਨ। (ਅਬ ਏਥੇ ਸਤਿਗੁਰੂ ਜੀ ਕਨਕ ਦਾ ਮੀਂਹ ਤੇ ਪਾਣੀ ਵਰਸਾਉਨ ਗੇ)

ਪੁਨਾ ਸਤਿਗੁਰੂ ਜੀ ਇਕ ਠਾਹਰ ਆ ਕਰ ਇਕ ਗ੍ਰਾਮ ਕੇ ਨਿਕਟ ਠੌਹਰ ਜਾਂਦੇ ਹਨ, ਏਸ ਗ੍ਰਾਮੁ ਕੋ ਕਿਸੀ ਸੰਤ ਰਿਖੀ ਨੇਂ ਸ੍ਰਾਪ ਦਿਤਾ ਹੋਯਾ ਸੀ, ਸਾਰੇ ਲੋਕ ਅਤ ਦੀਰਘ ਦੁਖੀ ਹੈਂ ਸੁਖੀ ਕੋਈ ਨਹੀ, ਬਰਖਾ ਬਿਨਾ ਸਰਬ ਜੀਵ ਦੁਖੀ ਹੈਂ, ਕਾਲ ਪੈ ਗਿਆ ਅੰਨ ਬਿਨਾਂ ਭੁਖੇ ਮਰਤੇ ਹੈਂ, ਘਰਿ ਘਰਿ ਅੰਦਰ ਸੋਗ ਬਿਆਪਿਆ ਹੋਯਾ ਹੈ, ਆਦਮ ਆਦਮ ਕੋ ਕੱਟ ਕੱਟ ਖਾਂਦੇ ਹਨ, ਮਾਇ ਬਾਪ ਪੁਤ੍ਰਾਂ ਨੂੰ ਖਾਂਦੇ ਹਨ, ਤਿਰੀਆ ਭਰਤੇ ਨੂੰ ਮਾਰ ਖਾਂਦੀ ਹੈ, ਭੈਣ ਭਾਈ ਕੋ ਮਾਰ ਖਾਂਦੀ ਹੈ, ਐਸੇ ਲੋਗ ਹਾਲ ਥੋਂ ਬਿਹਾਲ ਹੋਏ ਹੋਏ ਹਨ, ਮਹਾਂ ਦੁਖੀ ਦੀਰਘ

---

*ਸ਼ੇਰ

Digitized by Panjab Digital Library | www.panjabdigilib.org

ਕਾਲ ਪੈ ਰੱਹਾ ਹੈ, ਗੁਰੂ ਜੀ ਏਸ ਨਗਰੀ ਥੋਂ ਬਾਹਰ ਆਸਨ ਲਗਾਈ ਬੈਠੇ ਹਨ,ਦੋਂਹ ਆਦਮੀਆਂ ਨੇਂ ਦੇਖਿਆ ਕਿ ਔਹ ਨਗਰੋ ਬਾਹਰ ਇਕ ਆਦਮੀ ਬੈਠਾ ਹੈ ਉਸ ਕੋ ਮਾਰ ਕੇ ਰਸੋਈ ਕਰੀਏ ਤੇ ਖਾ ਕੇ ਤ੍ਰਿਪਤ ਹੋਈਏ, ਏਹ ਮਤਾ ਪਕਾ ਕੇ ਗੁਰੂ ਜੀਕੋ ਖਾਂਣ ਆਏ, ਜਬ ਗੁਰੂ ਜੀ ਕੇ ਨਿਕਟ ਆਏ ਤਾਂ ਦੋਨੋ ਨਰ ਅੰਧੇ ਹੋ ਗਏ, ਪਾਛੇ ਹਟਿ ਜਾਨ ਤਾਂ ਸਭ ਕਛ ਦੇਖਦੇ ਹਨ, ਗੁਰੂ ਸਾਹਿਬ ਕੀ ਤੁਫ਼ ਖਾਣੇ ਕਾ ਇਰਾਦਾ ਧਾਰ ਕੇ ਔਂਦੇ ਹਨ ਤਾਂ ਇਕ ਦਮ ਅੰਧੇ ਹੋ ਜਾਂਦੇ ਹਨ,ਤਬ ਸਤਿਗੁਰੂ ਜੀ ਜਾਣੀ ਜਾਨਣਹਾਰੇ ਗੁਰੂ ਜੀ ਕੋ ਓਹਨਾ ਜੀਆਂ ਉਤੇ ਦੱਯਾ ਆਈ, ਤਬ ਗੁਰੂ ਜੀ ਓਹਨਾ ਨੂੰ ਬੋਲਦੇ, ਹੇ ਭਈਯਾ ਤੁਸੀ ਕਿਸਤ੍ਰਾਂ ਆਏ, ਸਾਰਾ ਪ੍ਰੋਜੇਜਨ ਕਹੀਏ, ਤਬ ਵੋਹ ਦੋਨੋ ਨਰ ਗੁਰੂ ਜੀ ਕੇ ਅਗੇ ਠਾਡੇ ਹੋ ਕਰ ਗਲ ਵਿਚ ਅੰਚਲਾ ਪਾ ਕਰ ਦੋਨੋ ਕਰ ਜੋੜ ਕੇ ਅਧੀਨ ਹੋ ਕੇ ਨਿੰਮਸ਼ਕਾਰ ਕਰਕੇ ਅਰਜ ਔ ਅਰਦਾਸ ਕਰਦੇ ਹਨ, ਹੇ ਮਹਾਂ ਪੁਰਖ ਜੀ ਅਸੀ ਬੜੇ ਪਾਪੀ ਲੋਗ ਹਾਂ, ਤੁਵਾਨੂੰ ਮਾਰ ਕੇ ਖਾਨ ਵਾਸਤੇ ਆਏ ਸਾਂ, ਜਬ ਆਪਕੇ ਨਿਜੀਕ ਔਂਦੇ ਹਾਂ ਅੰਧੇ ਹੁੰਦੇ ਹਾਂ ਜਬ ਪਿਛੇ ਹੱਟਦੇ ਹਾਂ ਤਬ ਸੁਜਾਖੇ ਹੁੰਦੇ ਹਾਂ, ਮਹਾ ਪੁਰਖ ਜੀ ਅਸੀ ਬੜੇ ਪਾਪੀ ਹਾਂ, ਭੁਖ ਦੇ ਹਥੋਂ ਆਤੁ ਹੋ ਕਰ ਅਸੀ ਬੜੇ ਪਾਪੁ ਕਰਦੇ ਹਾਂ ਜੀਆਂ ਨੂੰ ਮਾਰ ਕੇ ਖਾਂਦੇ ਹਾਂ, ਹਮ ਪਰ ਨਾਨਾ ਬਿਪਤ ਪੜੀ ਹੈ, ਅੰਨ ਥੋਂ ਬਿਨਾ ਸਗਲਾ ਨਗਰ ਦੁਖੀ ਹੈ, ਸਾਨੂੰ ਤੁਸੀ ਸੰਤਰੂਪ ਨਜਰੀ ਆਏ, ਜਬ ਸਾਡਾ ਰਿਦਾ ਸਿਧਾ ਹੋਯਾ ਹੈ ਤਦੀ ਅਸੀ ਸੁਜਾਖੇ ਹੋਏ ਹਾਂ, ਹੇ ਸੰਤ ਰੂਪ ਮੁਰਾਰੀ ਸਾਡੇ ਪੁਰ ਕਾ ਸਰਾਪ ਉਤਾਰੋ, ਤਬ ਸਤਿਗੁਰੂ ਜੀ ਕੇ ਮਨ ਮੇਂ ਦੱਯਾ ਆਈ, ਉਨ ਦੋਨੋ ਆਦਮੀਓ ਕੇ ਸਾਥ ਗੁਰੂ ਜੀ ਨਗਰ ਬੀਚ ਗਏ ਤਾਂ ਨਗਰ ਕਾ ਹਾਲ ਗੁਰੂ ਜੀ ਨੇ ਦੇਖਿਆ ਤਾਂ ਹੈਰਾਨ ਹੋ ਗਏ, ਤਬ ਸਤਿਗੁਰੂ ਜੀ ਨੇ ਕਹਾ ਹੇ ਪ੍ਰਭੂ ਏਸ ਨਗਰ ਨੇ ਕੀ ਪਾਪ ਕਮਾਇਆ, ਇਨ੍ਹੋ ਲੋਗੋ ਪ੍ਰ ਬੜੀ ਨਾਨਾ ਬਿਪਤਾ ਪੜੀ ਹੈ, ਏਹ ਬਾਤਾਂ ਸੁਨ ਕੇ ਨਗਰ ਦੇ ਨਰ ਨਾਰੀ ਸਭ ਗੁਰੂਜੀ ਕੀ ਚਰਨੀ

Digitized by Panjab Digital Library | www.panjabdigilib.org

ਆਂਨ ਲਗੇ, ਅਬ ਸਤਿਗੁਰੂ ਜੀ ਨਗਰ ਪਰ ਦੱਯਾ ਕਰਨ ਲਗੇ ਹਨ, ਜਾਓ ਭਾਈ ਨਿਜ ਨਿਜ ਘਰਾਂ ਕੋ ਜਾਓ, ਅਸੀਂ ਓਸ ਅਕਾਲਪੁਰਖ ਅਗੇ ਬੇਨਤੀ ਕਰਦੇ ਹਾਂ, ਜਬ ਤੁਵਾਡੇ ਘਰੋਂ ਮੇਂ ਅਨਾਜ ਬੂਦਾਂ ਵਾਂਗੂ ਵਰੇਗਾ ਤਬ ਤੁਸਾਂ ਅਨਾਜ ਕੱਠਾ ਕਰ ਲੈਣਾ, ਪੰਦਰਾਂ ਰੋਜ ਕਾ ਅਨਾਜ ਰੱਖ ਲੈਣਾ ਬਾਕੀ ਤੁਸਾਂ (ਬੀ) ਬੀਜਨ ਵਾਸਤੇ ਰਖ ਲੈਣਾ, ਤਬ ਸਤਿਗੁਰੂ ਜੀ ਨੇ ਅਰਜ ਕਰੀ ਹੇ ਪ੍ਰਭੂ ਏਕ ਪਲ ਘੜੀ ਮੇਘ ਅਨਾਜ ਦਾ ਵਰਸਾਓ ਤਬ ਸਤਿਗੁਰੂ ਬਾਬਾ ਹੰਦਾਲੁ ਜੀ ਦੇ ਹੁਕਮ ਸੇ ਹੀ ਓਸ ਕਰਨ ਕਾਰਣ ਪ੍ਰਭੂ ਨੇ ਅਨਾਜ ਦਾ ਮੀਹ ਕਨਕ ਦਾ ਵਰਸਾਇਓ, ਅਨਾਜ ਬੂਦ ਨਗਰ ਮੇਂ ਵੱਰੀ, ਲੋਗੋ ਪਕੜ ਅਕੱਠੀ ਕਰੀ, ਜਿੰਨਾ ਲੋਭ ਲੋਭ ਭਰ ਲਈ ਬੁਖਾਰੀ, ਅਖਸਰ ਨੀਰ ਹੋਇਓ ਸਭ ਖਾਰੀ ॥ ਫਿਰ ਸਤਿਗੁਰੂ ਜੀਨੇ ਕਹਾ ਹੇ ਪ੍ਰਭੂ ਦੇ ਪਿਆਰਿਓ ਅਬ ਆਪੋ ਆਪਨਾ ਵੱਟ ਬੰਨਾ ਬੰਨ ਲਵੋ ਐ ਦੇਖਹੁ ਬਾਰਸ਼ ਆ ਰੱਹੀ ਹੈ, ਸਤਿਗੁਰੂ ਜੀਦੇ ਹੁਕਮ ਨਾਲ ਬਾਰਸ਼ ਬਹੁਤ ਹੀ ਹੋਈ, ਜਬ ਨਗਰ ਬਹੁਤ ਸੁਖ ਔਰ ਅਰਾਮ ਚੈਨਸੇ ਬਸਨੇ ਲੱਗਾ।

(ਤਬ ਸੰਗਤਿ ਅਕੱਤ੍ਰ ਹੋ ਕਰ ਗੁਰੂ ਜੀ ਪਾਸ ਬੇਨਤੀ ਕਰਦੀ ਹੈ)

ਹੇ ਗੁਰੂ ਜੀ ਸਾਨੂੰ ਦੀਖਿਆ ਦੇਓ ਤੇ ਭਜਨ ਗੁਰ ਮੰਤ੍ਰ ਦੇਓ ਜਿਸਤਰਾਂ ਭਗਵਾਨ ਨੂੰ ਪਾ ਲਈਏ, ਤੇ ਮੁਕਤ ਹੋਨੇ ਕਾ ਮਾਰਗ ਬਤਾਈਏ, ਤਬ ਸਤਿਗੁਰੂ ਜੀ ਨੇ ਕਹਾ ਹਮਾਰਾ ਉਪਦੇਸ ਕਠਨ ਹੈ ਸੋ ਤੁਵਾਡੇ ਪਾਸੋਂ ਸਾਡਾ ਉਪਦੇਸ ਕਮਾਇਆ ਨਹੀਂ ਜਾਣਾ, ਤਬ ਓਹਨਾਂ ਲੋਗਾਂ ਨੇ ਬਾਰੰਬਾਰ ਬੇਨਤੀ ਕੀਤੀ, ਕਿ ਹੇ ਸਤਿਗੁਰੂ ਜੀ ਜਿਸਤ੍ਰਾਂ ਆਪ ਕਹੋ ਗੇ ਅਸੀਂ ਉਸੀਤ੍ਰਾਂ ਮੰਨਾਂਗੇ, ਤਬ ਸਤਿਗੁਰੂ ਜੀ ਨੇ ਉਪਦੇਸ ਸੁਨਾਇਆ ਹੈ ਉਪਦੇਸ ਹਰਿ ਸੰਗਤ ਪ੍ਰਤਿ ਏਕ ਹੀ ਹੈ ਸੋ ਉਪਦੇਸ ਅਗੇ ਬਾਣੀ ਮੇਂ ਆ ਚੁਕਾ ਇਸੀ ਪੋਥੀ ਮੇਂ ਹੈ, ਜੇਹੜਾ ਉਪਦੇਸ਼ ਏਸ ਸੰਗਤ ਨੂੰ ਦਿਤਾ ਹੈ ਏਹੀ ਉਪਦੇਸ ਜੰਡਿਆਲੇ ਦੀ ਸੰਗਤ ਕੁਲ ਯਾ ਭਾਈ ਚਾਰੇ ਨੂੰ ਦਿਤਾ ਹੈ, ਪ੍ਰਿਯ ਜਨੋ ਊਹਾ ਸੇ

Digitized by Panjab Digital Library | www.panjabdigilib.org

ਪੜ ਲਵੇ, ਏਸ ਨਗਰ ਕਾ (ਨਾਮ ਕਬੂਲਾਪੁਰ) ਸੀ, ਸਭੀ ਸੰਗਤਿ ਨੇ ਉਪਦੇਸ ਗੁਰੂ ਜੀਕਾ ਸੁਨਾ ਔਰ ਨਿਹਚਾ ਕੀਆ ਔਰ ਦੀਖਿਆ ਗੁਰੂ ਜੀ ਸੇ ਭਜਨ ਮੂਲ ਮੰਤ੍ਰ ਲੇਕਰ ਪੱਕੇ ਪਾਰਬ੍ਰਹਮ ਕੇ ਸੇਵਕ ਨਿਰੰਜਨੀਏ ਬਣ ਗਏ, ਪਿਛਾੜੀ ਹੱਥ ਧਰਕੇ ਪੰਚਾਂਗ ਡੰਡਉਤ ਕਰਨੇ ਲੱਗ ਪਏ, ਆਮਲੋਕੀ ਦੂਰੋਂ ਦੂਰੋਂ ਆਨਕੇ ਚਾਰ ਵਰਨ ਗੁਰੂ ਜੀ ਦੇ ਪੱਕੇ ਭਰੋਸੇਦਾਰ ਸਿਖ ਨਿਰੰਜਨੀਏ ਬਣੇ ਜਨਮ ਸਾਖੀ ਮੇਂ ਲਿਖਾ ਹੈ ਸਵਾ ਸਉ ਕੋਸ ਵਿਚ ਅਕੱਤੀ ਜੋਜਨ ਵਿਚ ਖੱਤ੍ਰੀ, ਬ੍ਰਹਮਨ, ਵੈਸ਼, ਸ਼ੂਦਰ ਗੁਰੂ ਜੀ ਕੀ ਸੰਗਤ ਸਿੰਧ ਦਖਨ ਹੈਦਰਾ ਬਾਦ ਨਗਰ (ਕਬੂਲਾਪੁਰ) ਵਿਚ ਹੋਈ ਪਹਿਲੇ ਏਸਕਾ ਨਾਮ (ਕਬੂਲਾਪੁਰ ਸੀ) ਫਿਰ ਸਤਿਗੁਰੂ ਜੀ ਨੇ ਕਬੂਲਾ ਪੁਰ ਕਾ ਨਾਮ (ਗੁਲਜਾਰਪੁਰ) ਨਾਮ ਰੱਖਿਆ, ਸੋਰਠਾ।

(ਯੱਥਾ) ਕਬੂਲਾਪੁਰ ਥਾ ਨਾਂਮੁ ਪ੍ਰਿਥਮੇਂ ਨਗਰੀ ਉਸਕਾ ॥
ਭਈ ਗੁਲਜਾਰ ਤੁਮਾਮ ਗੁਲਜਾਰ ਪੁਰਾ ਗੁਰ ਨਾਮ ਧਰਿਓ ॥

ਸੰਗਤਿ ਦੇ ਕੈਹਨੇ ਅਨੁਸਾਰ ਗੁਰੂ ਜੀ ਨੇ ਇਕ ਧਰਮਸਾਲ ਬਨ-ਵਾਈ ਬੜੀ ਸੋਹਨੀ ਧਰਮਸਾਲ ਚੂਨੇ ਗਚ ਕਰਵਾਈ ਏਸ ਧਰਮਸਾਲ ਯਾ ਏਹ ਜੋ ਮੰਦਰ ਗੁਰੂ ਜੀ ਨੇ ਉਹਾ ਬਨਵਾਇਓ ਹੈ, ਏਸ ਮੰਦਰ ਕੀ ਮਹਿਮਾਂ ਕਥਨ ਬਕਨ ਸੇ ਨਿਆਰੀ ਹੈ, ਫਿਰ ਸਤਿਗੁਰੂ ਜੀ ਨੇ ਇਕ ਸੇਵਕ ਨੂੰ ਅਪਨਾ ਮਸੰਦ ਜਾਤੀ ਦਾ ਬ੍ਰਹਮਨ ਭਗਵਾਨ ਦਾਸ ਨੂੰ ਸਭ ਤ੍ਰਾਂ ਦਾ ਨਿਤਨੇਮ ਭਜਨ ਗੁਰ ਮੰਤ੍ਰ ਮੂਲਮੰਤ੍ਰ ਬ੍ਰਹਮ ਗਿਆਨ ਦਰੜਾ ਕਰ ਉਸ ਸੰਗਤਿ ਦਾ ਮਹੰਤ ਯਾ ਗੁਰੂ ਬਨਾਇਆ, ਸਭ ਸੰਗਤ ਨੂੰ ਭਗਵਾਨਦਾਸ ਕੀ ਪੈਰੀ ਪਾਯਾ, ਤੇ ਹੁਕਮ ਸੰਗਤ ਨੂੰ ਕੀਤਾ ਕਿ ਏਹ ਤੁਵਾਡਾ ਗੁਰੂ ਹੈ, ਤੇ ਗੁਰੂ ਜੀ ਨੇ ਕੱਹਾ ਇਸ ਮੰਦਰ ਇਕ ਮੱਟੀ ਯਾ ਮੱਟ ਬਨਾਓ ਇਸ ਮੱਟੀ ਮੇ ਅਸੀ ਸਮਾਧ ਲਗੌਨੀ ਹੈ ਜਬ ਹਮ ਸਮਾਧੀ ਲਾਂਵੇਗੇ ਤੁਸੀ ਮੱਟੀ ਕਾ ਦਰਵਾਜਾ ਚੂਨੇ ਗੱਚ ਕਰਨਾ ਅਤੇ ਏਕ ਛੋਟੀ ਜੈਸੀ ਝੀਤ ਰਖਨੀ, ਤਬ ਸੰਗਤ ਨੇ ਏਹ ਬਾਤਾਂ ਸੁਨ

Digitized by Panjab Digital Library | www.panjabdigilib.org

ਕੇ ਬੜੇ ਗਮਨਾਕ ਹੋਏ, ਕਿ ਗੁਰੂ ਜੀ ਕੋ ਅਸੀ ਅੰਦਰ ਦੇ ਕਰ ਦਰ ਚਿਨ ਦਈਏ, ਅਸੀ ਬੜੇ ਪਾਪੀ ਜੀਵ ਬਨਾਂਗੇ, ਅਸੀ ਗੁਰੂ ਜੀ ਕੋ ਅੰਦਰ ਦਈਏ ਤਾਂ ਸਾਨੂੰ ਬੜੀ ਹੱਤਿਆ ਲਗੇਗੀ, ਗੁਰੂ ਜੀ ਏਹ ਸਾਥੋ ਪਾਪ ਨਾ ਕਰਾਓ ਤਬ ਗੁਰੂ ਜੀ ਨੇ ਗਿਆਨ ਕੀਆਂ ਬਾਤਾ ਨਾਲ ਸੇਵਕਾਂ ਨੂੰ ਭਰੋਸਾ ਦਿਤਾ ਧੀਰਜ ਦਿਲਾ ਕਰ ਸੇਵਕਾਂ ਦੇ ਹਿਰਦਿਓ ਮੇਂ ਗਿਯਾਨ ਦੜ੍ਹਾਕੇ ਸੰਗਤ ਨੂੰ ਮੰਨਾ ਲਿਆ, ਤਬ ਸੰਗਤਿ ਨੇ ਗੁਰੂ ਜੀ ਕੇ ਕੈਹਿਨੇ ਅਨੁਸਾਰ ਹਰਿ ਮੰਦਰ ਮੇਂ ਏਕ ਛੋਟੀ ਜੇਹੀ ਮੱਟੀ ਬਨਵਾਈ, ਅਤੇ ਇਕ ਛੋਟੀ ਸ਼ੀਤ ਰਖੀ ਗੁਰੂ ਜੀ ਨੇ ਏਸ ਮੱਟੀ ਮੇ ਸਮਾਧੀ ਲਾਈ, ਸੇਵਕਾਂ ਦਰਵਾਜਾ ਮੱਟੀ ਕਾ ਚਿੰਨ ਦੀਆ, ਗੁਰੂ ਜੀ ਦ੍ਰਿਸ਼ਟ ਆਵਨੋਂ ਰਹੇ ਗਏ ਤਾਂ ਸੇਵਕ ਬਿਬੋਲਿਕੇ ਹੋਏ,ਤੇ ਵੈਰਾਗ ਵਿਚ ਆਨਕੇ ਸੇਵਕਾਂ ਦੇ ਨੈਨਾ ਵਿਚੋ ਜਲ ਔਨੇ ਤੇ ਪ੍ਰੇਮ ਵਿਚ ਆਨਕੇ ਸੇਵਕਾਂ ਦੀਆਂ ਚੀਕਾਂ ਨਿਕਲੀਆਂ, ਗੁਰੂ ਜੀ ਨੇ ਸੁਨਕੇ ਸੇਵਕਾਂ ਨੂੰ ਕਹਿਆ, ਮੈ ਤਾਂ ਈਹਾਂ ਹੀ ਹਾਂ ਕਹੀਂ ਪ੍ਰਦੇਸ ਨਹੀ ਗਿਯਾ, ਤੁਮ ਧੀਰਯ ਧਾਰਨ ਕਰੋ ਛਾਂਨਤੀ ਪਕਰੋ ਤੁਮ ਪ੍ਰਸ਼ਾਦਿ ਕਰਕੇ ਈਹਾਂ ਆਂਨ ਧਰੋ ਮਸੰਦ ਪਾਸੇ ਅਰਦਾਸ ਕਰਾਓ ਜਬ ਸਾਡਾ ਪੰਜਾ ਪ੍ਰਸ਼ਾਦਿ ਪੁਰ ਲਗ ਜਾਊ ਤਬ ਪ੍ਰਸ਼ਾਦਿ ਵਰਤਾਇਓ, ਸੰਗਤ ਨੇ ਪ੍ਰਸ਼ਾਦਿ ਮੰਦਰ ਮੇ ਆਂਨ ਰੱਖਿਆ ਰੁਮਾਲਾ ਪਾਕੇ ਮਸੰਦ ਭਗਵਾਂਨਦਾਸ ਜੀ ਨੇ ਅਰਦਾਸ ਕੀਤੀ, ਜਾਂ ਰੁਮਾਲ ਚੁਕ ਕੇ ਦੇਖਿਆ ਪੰਜਾ ਗੁਰਾਂ ਦਾ ਲੱਗਾ ਹੋਯਾ ਸੰਗਤ ਨੇ ਦੇਖਿਆ, ਤਾਂ ਸੰਗਤਿ ਨੂੰ ਪੱਕਾ ਭਰੋਸਾ ਹੋਯਾ ਕਿ ਗੁਰੂ ਬਾਬਾ ਹੰਦਾਲੁ ਜੀ ਏਸ ਮਟ ਯਾ ਮੱਟੀ ਮੇਂ ਹੀ ਹੈਨ, ਅਤੇ ਪ੍ਰਸਾਦ ਬਾਂਟਾ ਗਿਯਾ, ਏਸ ਮੱਟੀ ਵਿਚੋ ਅਠਵੇ ਰੋਜ ਅਵਾਜ ਆਵਦੀ ਰਹੀ, ਤਬ ਸੰਗਤਿ ਨੇ ਜਾਨਿਆ ਕਿ ਗੁਰੂ ਅੰਦਰ ਹੀ ਹਨ।

ਯੱਥਾ ਚੋਪਈ ॥ *ਮਾਰਤ ਰੂਪ ਗੁਰੂ ਤਬ ਧਾਰਿਓ ॥
ਕੈ ਬਿਧ ਨਿਕਸੇ ਨਹੀ ਬਿਚਾਰਿਓ ॥

*ਮਾਰਤ ਕਹੀਏ ਪਉਨ,

Digitized by Panjab Digital Library | www.panjabdigilib.org

ਤਿਨ ਹੌਂ ਨਾ ਪਾਇਓ ਗੁਰ ਕਾ ਭੇਵ ॥
ਗੁਰ ਪੂਰਨ ਹੈ ਅਲਖ ਅਭੇਵ ॥

ਮਾਰਤ ਕਹੀਏ ਪਉਨ ਕਾ ਰੂਪ ਧਾਰਕੇ ਗੁਰੂ ਜੀ ਬਾਹਰ ਮੱਟੀ ਸੇ ਆ ਗਏ, ਕਿਉਕਿ ਏਧਰ ਕਾ ਜੋ ਗੁਰੂ ਅਰਜਨ ਸਾਹਿਬ ਦੇ ਸਾਹਮਣੇ ੧੨ ਬਰਸ ਕਾ ਅਕਰਾਰ ਮਾਤਾ ਨਾਲ ਕਰਿ ਗਏ ਸੀ ਕਿ ਅਸੀ ਪੰਜਾਬ ਨੂੰ ਬਾਰਾਂ ਬਰਸਾਂ ਨੂੰ ਮੁੜਾਂਗੇ, ਏਧਰ ਭੀ ਛੇਤੀ ਔਨੇ ਕੀ ਮਾਤਾ ਜੀ ਕੋ ਉਡੀਕ ਸੀ,ਪ੍ਰਿਯ ਜਨੋਂ ਏਹ ਸਾਖੀ ਬੜੀ ਬਿਸਥਾਰ ਸੇ ਹੈ ਦਾਸ ਨੇਂ ਏਹ ਸਾਖੀ ਸੰਖੇਪ ਸੇ ਹੀ ਲਿਖੀ ਹੈ, ਸਾਰਾ ਪ੍ਰਸੰਗ ਪੜਨਾ ਹੈ ਤਾ ਜਨਮਸਾਖੀ ਪੰਨਾ ੩੬ ਸੇ ੪੨ ਤਕ ਪੜੋ।

ਦੋਹਰਾ— ਪਉਨ ਰੂਪਕਾ ਧਾਰਕੇ ਤਜ ਮੱਟੀ ਆਏ ਦਿਆਲੁ ॥
ਪਿਆਣਾ ਕੀਆ ਪੰਜਾਬ ਕੋ ਬਹੁ ਉਠ ਚਲੇ ਹੰਦਾਲੁ ॥

ਤਾਂ ਇਕ ਨਗਰੀ ਦੇ ਬਾਹਰ ਆਸਨ ਗੁਰੂ ਜੀਨੇ ਆਨ ਲਾਯਾ, ਸਤਿਗੁਰੂ ਜੀਨੇ ਨਗਰੋਂ ਬਾਹਰ ਜਿਥੇ ਆਸਨ ਲਾਯਾ ਸੀ, ਏਹ ਬਾਗ ਕਬੀ ਕਾ ਸੁਕਾ ਹੋਯਾ ਸੀ, ਗੁਰੂ ਜੀ ਕੇ ਆਸਨ ਲਉਨੇ ਸੇ ਏਹ ਬਾਗ ਹਰਾ ਭਰਾ ਹੋ ਗਿਯਾ ਸੀ।

ਦੋਹਰਾ— ਕਬ ਕਾ ਸੂਕਾ ਬਾਗ ਥਾ ਤੈਂਹ ਪ੍ਰਸਨ ਤਰ ਫਲ ਫੂਲ ॥
ਸਾਧ ਦਰਸ ਅਚਰਜ ਭਯਾ ਪੁਰਾਤਨ ਫੂਟੇ ਮੂਲ ॥

ਉਸ ਨਗਰੀ ਵਿਖੇ ਇਕ ਸਾਧੂ ਗ੍ਰਹਸਤੀ ਬੜਾ ਭਾ ਪ੍ਰੇਮੀ ਰਹਿੰਦਾ ਸੀ, ਇਸ ਸਾਧੂ ਨੇਂ ਜਬ ਨਿਜ ਘਰ ਵਿਖੇ ਭੋਜਨ ਤਿਆਰ ਕੀਆ, ਤਬ ਸਾਧੂ ਕੇ ਦਿਲ ਮੇਂ ਫੁਰਨਾ ਹੋਯਾ ਕਿ ਕੋਈ ਸਾਧੂ ਮਿਲ ਜਾਏ ਤੋ ਪਹਿਲੇ ਉਸ ਕੋ ਭੋਜਨ ਛਕਾਈਏ ਫਿਰ ਆਪ ਭੋਜਨ ਪਾਈਏ, ਏਸ ਵਿਚਾਰ ਕੇ ਸਾਥ ਜਬ ਨਗਰੋਂ ਬਾਹਰ ਰੱਸਤਿਓਂ ਮੇਂ ਸਾਧੂ ਨੇਂ ਨਿਗਾ ਮਾਰੀ ਤੋ ਕੋਈ ਸਾਧੂ ਨਾਂ ਮਿਲਿਆ, ਉਚਰਾਂ ਨੂੰ ਕਿਸੇ ਨੇ ਪੁਛਿਆ ਸੰਤ ਜੀ ਕੀ ਭਾਲਦੇ ਹੋ। ਸਾਧੂ ਨੇਂ ਕਹਾ ਕਿਸੀ ਸਾਧੂ ਕੋ ਭੋਜਨ ਖਲਾਉਨੇ ਕੇ ਲੀਏ ਕਿਸੀ ਸਾਧੂ ਕੋ

Digitized by Panjab Digital Library | www.panjabdigilib.org

ਟੋਲ ਰੇਹਾ ਹੂੰ,ਕੋਈ ਸਾਧੂ ਅਜ ਮਿਲਾ ਨਹੀਂ ਹੈ,ਭੋਜਨ ਕਿਸ ਕੋ ਖਿਲਾਏ, ਤਬ ਉਸਨੇ ਕਹਾ ਦੇਖਹੁ ਔਹ ਸਾਧੂ ਇਕ ਬਾਗ ਮੇਂ ਡੇਰਾ ਲਾ ਕਰ ਆਸਨ ਪ੍ਰ ਬੈਠੇ ਭਜਨ ਕਰ ਰਹੇ ਹਨ, ਤਬ ਓਹ ਗ੍ਰਹਸਤੀ ਸਾਧੂ ਓਸ ਬਾਗ ਕੀ ਓਰ ਸਿਧਾਯਾ, ਜਬ ਸਾਧੂ ਨੇ ਦੇਖਾ ਤੋ ਬੜਾ ਮਹਾਂ ਪੁਰਖ ਪ੍ਰੀਪੂਰਨ ਸਾਧੂ ਕਾ ਦਰਸ ਪੇਖਤਾ ਹੀ ਸ੍ਰੀ ਗੁਰੂ ਜੀਕੇ ਚਰਨਾਂ ਪ੍ਰ ਨਿੰਮਸ਼-ਕਾਰ ਕਰਕੇ ਧੰਨ ਧੰਨ ਕਰਕੇ ਬਲਹਾਰੇ ਜਾਂਦਾ, ਤੇ ਬਾਰੰਬਾਰ ਗੁਰੂ ਜੀਕੇ ਚਰਨਾ ਪਰ ਲਪੱਟਤਾ ਹੈ, ਤੇ ਮੁਖਸੇ ਗੁਰੂ ਜੀ ਸੇ ਅਰਜੋਈ ਕਰਤਾ ਹੈ ਕਿ ਚਲੋ ਸੰਤ ਜੀ ਮੇਰੇ ਗ੍ਰੈਹ ਨੂੰ ਪਵਿਤ੍ਰ ਕਰੀਏ ਤੇ ਮਮੁ ਗ੍ਰੀਬ ਕਾ ਭੋਜਨ ਅਚੀਏ, ਤਬ ਗੁਰੂ ਜੀ ਉਸ ਸੰਤ ਕਾ ਭਾ ਪ੍ਰੇਮ ਵੇਖਕੇ ਗੁਰੂ ਜੀ ਓਸ ਸੰਤ ਕੇ ਸਾਥ ਗ੍ਰੈਹਿ ਕੋ ਚਲੇ ਗਏ, ਤਬ ਘਰ ਜਾਕੇ ਬੜਾ ਸੋਹਨਾ ਪਲੰਘ ਵਿਛਾਇ ਕੇ ਊਪਰ ਚਾਂਦਨੀ ਲਾ ਕਰ ਤਾਂਨ ਦਿਤੀ ਜੋ ਸੰਤਕੀ ਸਪਤਨੀ ਸੀ, ਏਸਨੇਂ ਕੀਮ ਖਾਬ ਕਪੜੇ ਕਾ ਆਸਨ ਪ੍ਰਜੰਕ ਪ੍ਰ ਆਨ ਵਿਛਾਯਾ, ਤੇ ਬੜੇ ਨਿੰਮ੍ਰ ਭਾਵ ਸੇ ਨਿਮਸ਼ਕਾਰ ਕੀਤੀ ਤੇ ਸੰਤਨੇ ਨਿਜ ਕੇਸਾਂ ਸੇ ਗੁਰੂ ਜੀ ਕੇ ਚਰਨ ਝਾਰੇ, ਤੇ ਸੰਤ ਕੀ ਜੋ ਕੰਨਿਆ ਬੜੀ ਸਿਆਣੀ ਤੇ ਭਾ ਪ੍ਰੇਮਨ ਸੀ ਏਸ ਕੰਨਿਆਂ ਨੇ ਜਲ ਗ੍ਰਮ ਕਰਕੇ ਗੁਰੂ ਜੀ ਕੇ ਚਰਨ ਧੋਇ ਕਰ ਚਰਨਾਂਮ੍ਰਿਤ ਲੀਆ ਤੇ ਸੰਤ ਨੇ ਸੰਤਨੀ ਨੇ ਭੀ ਚਰਨਾਮ੍ਰਿਤ ਪੀਤਾ, ਏਸ ਸੰਤ ਕਾ ਨਾਮ (ਨਿਰਕੇਵਲ) ਸੀ ਅਤੇ ਸੰਤ ਕੀ ਇਸਤ੍ਰੀ ਕਾ ਨਾਮ (ਚੰਪਾ) ਸੀ ਤੇ ਸੰਤ ਕੀ ਇਸਤ੍ਰੀ ਕਾ ਨਾਮ (ਚੰਪਾ) ਸੀ ਤੇ ਸੰਤ ਕੀ ਕੰਨਿਆਂ ਕਾ ਨਾਮੁ (ਰੋਹਣੀ) ਸੀ ਫਿਰ ਗੁਰੂ ਜੀ ਅਗੇ ਥਾਲ ਪ੍ਰੋਸ ਕੇ ਭੋਜਨ ਰੱਖ ਕਰ ਅਰਦਾਸ ਕੀਤੀ ਮਹਾਂਰਾਜ ਭੋਜਨ ਅਚਵਨ ਕਰੀਏ, ਤਬ ਗੁਰੂ ਜੀ ਕੱਹਾ ਹਮ ਤੋ ਰਾਮ ਨਾਮ ਕਾ ਭੋਜਨ ਪਾਯਾ ਹੈ, ਪੌਣ ਅਹਾਰ ਕਰ ਤ੍ਰਿਪਤਿ ਹੋਏ ਹੋਏ ਹਾਂ, ਤਬ ਸੰਤਾਂ ਨੇ ਬਾਰੰਬਾਰ ਬਿਨਤ ਕੀਤੀ ਕਿ ਅਪਨੀ ਰਸਨੀ ਕਿੰਨਕਾ ਲਾ ਕਰ ਬਾਕੀ ਸੀਤ ਪ੍ਰਸਾਦਿ ਸਾਨੂੰ ਬਖਸ਼ੀਏ, ਤਬ ਸਤਿਗੁਰੂ ਜੀ ਨੇ ਕਿੰਨਕਾ ਮੁਖ ਲਾ ਕਰ ਬਾਕੀ ਭੋਜਨ ਕਾ ਪਾਤ੍ਰ

Digitized by Panjab Digital Library | www.panjabdigilib.org

ਪਕਰਾਇਓ, ਤਬ ਸੰਤ ਨਿਰਕੇਵਲ ਵਾ ਚੰਪਾ ਏਹਨਾਂ ਦੋਹਾਂ ਨੇਂ ਗੁਰੂ ਜੀ ਕਾ ਸੀਤ ਪ੍ਰਸ਼ਾਦਿ ਪਾਇਆ ਖੂਬ ਅਨੰਦ ਹੋ ਗਏ, ਤਬ ਸ਼ਾਮ ਕੋ ਸੰਤ ਕੀ ਜੋ ਕੰਨਿਆ (ਰੋਹਣੀ) ਸੀ ਓਹ ਬਾਲ ਅਵਸੱਥਾ ਥੀ ਰਾਤ ਨੂੰ ਖੇਡਕੇ ਘਰ ਆਤੇ ਵਕਤ ਹੀ ਮਾਤਾ ਪਿਤਾ ਕੋ ਕੈਹਨੇ ਲਗੀ ਸੀਤ ਪ੍ਰਸਾਦਿ ਸੰਤਾਂ ਕਾ ਮੁਝੇ ਭੀ ਦੇਵਹੁ, ਤਬ ਉਸ ਕੇ ਮਾਤਾ ਪਿਤਾ ਨੇ ਕਹਾ ਹੇ ਪੁਤ੍ਰੀ ਅਸੀਂ ਅਬੀ ਖਾਯਾ ਹੈ, ਹੋਰ ਭੋਜਨ ਹੈ ਓਹ ਖਾ ਲੇਹੁ, ਤਬ ਕੰਨਿਆ ਨੇ ਕਹਾ ਮੈਂ ਤਾਂ ਸੰਤਾਂ ਦਾ ਸੀਤ ਪ੍ਰਸ਼ਾਦਿ ਹੀ ਖਾਣਾ, ਹੋਰ ਤਾਂ ਮੈਂ ਖਾਣਾ ਨਹੀਂ ਹੈ, ਮੇਰੇ ਵਾਸਤੇ ਕਿਉਂ ਨਹੀਂ ਰਖਿਆ, ਤਬ ਮਾਤਾ ਪਿਤਾ ਕੈਹਨੇ ਲਗੇ ਹੇ ਪੁਤ੍ਰੀ ਤੇਰਾ ਚੇਤਾ ਖਾਣੇ ਵਕਤ ਸਾਨੂੰ ਨਹੀ ਆਯਾ, ਤਬ ਪੁਤ੍ਰੀ 'ਰੋਹਣੀ' ਕੈਹਨੇ ਲਗੀ ਹੇ ਮਾਤਾ ਪਿਤਾ ਜੀ ਏਹ ਤੁਸਾਂ ਚੰਗਾ ਨਿਆਂ ਬਿਚਾਰਿਆ ਆਪ ਸਾਰਾ ਖਾਯਾ ਤੇ ਸਾਧ ਜੂਠ ਮੁਝੇ ਨਹੀ ਮਿਲੀ ਮੈ ਤਾਂ ਅਵੰਞ ਰਹੀ ਹੂੰ ਸੰਤਾਂ ਥੀ ਜੂਠ ਖਾ ਕੇ ਆਪ ਤੁਸੀ ਦੋਨੋ ਸੰਸਾਰ ਭਉਜਲ ਥੋਂ ਤਰ ਗਏ ਤੁਸਾਂ ਤਾਂ ਆਪਨਾ ਨਿਸਤਾਰਾ ਕਰ ਲਿਆ ਮੈ ਤਾਂ ਨਾ ਤਰੀ ਕੰਨਿਆਂ ਨੇਂ ਬੜਾ ਏਸ ਬਾਤਕਾ ਬਿਚਾਰ ਅਤੇ ਵੈਰਾਗ ਕੀਤਾ ਤੇ ਰੋਣੇ ਲਗੀ ਹਾਏ ਸਾਧ ਜੂਠ ਮੁਝੇ ਹਾਥ ਨ ਆਈ ਮੈਂ ਤਾਂ ਨਿਮਾਣੀ ਰਹੀ, ਆਪ ਤਾਂ ਤਰ ਗਏ ਮੈਨੂੰ ਨਹੀ ਤਾਰਿਆ ਇਸਤ੍ਰਾਂ ਦੀਆਂ ਬਾਤਾਂ ਕਰਕੇ ਰੋਂਦੀ ਤੇ ਬੁਸਕਦੀ ਹੈ ਧਰਤੀ ਪਰ ਹੱਥ ਮਾਰਦੀ ਹੈ, ਏਹ ਵਿਰਲਾਪ ਕੰਨਿਆ ਕਾ ਗੁਰੂ ਬਾਬਾ ਹੰਦਾਲੁ ਜੀ ਨੇਂ ਸੁਨਾ ਤੇ ਕੰਨਿਆਂ ਦਾ ਭਾ ਪ੍ਰੇਮ ਤੇ ਵੈਰਾਗ ਵੇਖਕੇ ਗੁਰੂ ਜੀਨੂੰ ਕੰਨਿਆਂ ਪੁਰ ਰਹਿਮ ਆਯਾ ਤਾਂ ਕੰਨਿਆਂ ਨੂੰ ਗਲੇ ਲਗਾਯਾ ਤੇ ਪਿਆਰ ਦਿਲਾਸਾ ਦੇਕੇ ਰੋਂਦਿਆਂ ਨੂੰ ਚੁਪ ਕਰਾਕੇ ਏਸ ਨੂੰ ਸਿਖਿਆ ਦੇਕੇ ਅਤੇ ਬ੍ਰਹਮ ਗਿਯਾਨ ਦ੍ਰੜਾਕੇ ਏਸ ਕੰਨਿਆਂ ਨੂੰ ਮੰਜੀ ਗੁਰੂ ਜੀ ਨੇ ਬਖਸ਼ੀ ਤੇ ਕਹਾ ਹੇ ਪੁਤ੍ਰੀ ਤੂੰ ਮਹਾਂ ਸਿਆਣੀ ਹੈਂ, ਤੇਰੇ ਪਿਛੇ ਤੇਰੇ ਮਾਤਾ ਪਿਤਾ ਦਾ ਉਧਾਰ ਕੀਤਾ ਤੇ ਮੁਕਤੀ ਦਾਨ ਗੁਰੂ ਜੀ ਨੇ ਬਖਸ਼ਿਆ, ਗੁਰੂ ਜੀਨੇਂ ਦਖਨ ਦੇਸ ਮੇਂ ਏਹ ਦੂਸਰੀ

Digitized by Panjab Digital Library | www.panjabdigilib.org

ਮੰਜੀ ਬਖਸ਼ੀ ਹੈ। ਮੈਂਨੇ ਏਹ ਸੰਖੇਪ ਸੇ ਲਿਖਾ ਹੈ। ੪ ਜੋਜਨ ਏਥੋ ਸਮੁੰਦਰ ਥਾ। ਜਨਮ ਸਾਖੀ ਪੰਨਾ ੪੪ ਸੇ ਪੜ੍ਹੋ॥

(ਜੋਗੀਸ਼੍ਵਰ ਦਰਸਨ ਗੁਰੂ ਜੀ ਕੋ)

ਦੋਹਰਾ—ਯੱਥਾ ਤੈਂਹਿ ਤੇ ਗੁਪਤਿਓ ਪਰਮ ਗੁਰ ਜੋਗੀ ਪੇਖਨ ਚਾਹ॥
ਦਿਬ ਦ੍ਰਿਸ਼ਟ ਕਰ ਪੇਖਿਓ ਸੂਹੰਦ ਬਜਾਰ ਨਗਾਹ॥

ਇਸ ਜੱਗਾ ਸੇ ੧੪ ਚਉਦਾ ਸਉ ਕੋਸ ਸੂਹੰਦ ਸ਼ੈਹਰ ਥਾ, ਗੁਰੂ ਜੀ ਨੇ ਦੇਖਿਆ ਤਾਂ ਓਹ ਜੋਗੀ ਸੂਹੰਦ ਸ਼ੈਹਰ ਕੇ ਬਜਾਰ ਮੇਂ ਓਹੀ ਜੋਗੀ ਖੜਾ ਜੋ ਗੁਰੂ ਜੀ ਕੋ ਉਪਦੇਸ ਦੇ ਗਿਯਾ ਥਾ, ਤਬ ਸਤਿਗੁਰੂ ਮਨ ਰੂਪੀ ਘੋੜੇ ਪ੍ਰ ਅਸਵਾਰ ਹੋ ਕਰ ਇਕ ਪਲਕ ਵਿਚ ਸੂਹੰਦ ਬਜਾਰ ਮੇਂ ਆ ਗਏ, ਜਬ ਗੁਰੂ ਜੀ ਜੋਗੀਸ਼੍ਵਰ ਜੀ ਕੀ ਚਰਨੀ ਨਿੰਮਸ-ਕਾਰ ਕਰਨ ਲਗੇ, ਤਬ ਜੋਗੀ ਪੁਰਖ ਨੇਂ ਔਰ ਰੂਪ ਧਾਰ ਕੇ ਖੜਾ ਹੋ ਗਿਯਾ, ਤਬ ਗੁਰੂ ਜੀ ਏਧਰ ਓਧਰ ਦੇਖਨ ਕਿ ਅਜੇ ਅਬੀ ਜੋਗੀਜਨ ਏਥੇ ਹੀ ਸਨ, ਕਹਾਂ ਕੋ ਚਲੇ ਗਏ ਹੈਂ ਗੁਰੂ ਜੀ ਨੂੰ ਅਚੱਰਜ ਜੇਹਾ ਹੋਇਆ ਵੇਖ ਕੇ ਓਹੀ ਜੋਗੀਸ਼੍ਵਰ ਜੋ ਔਰ ਰੂਪ ਧਾਰ ਕੇ ਖੜਾ ਸੀ, ਗੁਰੂ ਜੀ ਨਾਲ ਬਾਤ ਚੀਤ ਕਰਨੇ ਲਗਾ, ਹੇ ਬਾਲਕੇ ਤੁਮਾਰੀ ਕਿਆ ਚੀਜ ਗਈ ਹੈ, ਤੈਂ ਨੇਂ ਮਨਿ ਤਨਿ ਕੀ ਸੁਧ ਕਿਉਂ ਭੁਲਾਈ ਹੈ, ਤੁਮਾਰੀ ਕਿਆ ਚੀਜ ਗਈ ਹੈ ਜਿਸ ਕੋ ਤੁਮ ਲੱਭ ਰਹੇ ਹੋ, ਸੋਊ ਬਾਤ ਹੇ ਬਾਲਕੇ ਪ੍ਰਗਟ ਕਰੋ, ਤਬ ਗੁਰੂ ਜੀ ਨੇ ਕੱਹਾ, ਬਾਰਾਂ ਬਰਸਾਂ ਕਾ ਗੁਰੂ ਵਿਛੜਿਆ ਹੋਯਾ, ਅਬ ਦਰਸ਼ਨ ਹੋਯਾ ਥਾ, ਮੈਂ ਮਥਾ ਟੇਕਨ ਲੱਗਾ ਥਾ, ਅਬੀ ਜੋਗੀ ਪੁਰਖ ਗੁਪਤ ਹੋਯਾ ਹੈ, ਤਬ ਓਹ ਜੋਗੀ ਜੋ ਭੇਸ ਔਰ ਧਾਰ ਖੜਾ ਥਾ, ਗੁਰੂ ਜੀ ਸੇ ਕੈਹਨੇ ਲਗਾ ਹੇ ਸੰਤ ਜੀ ਤੁਮ ਉਸਕੋ ਨਾ ਭਾਲੋ, ਓਸ ਦੇ ਸਮਾਨ ਹੀ ਤੇਰਾ ਪ੍ਰਕਾਸ਼ ਹੈ, ਜੋ ਤੁਝ ਕੋ ਦੇਣਾ ਥਾ ਸੋ ਦੇ ਆਯਾ ਹੈ, ਅਬ ਕਿਉਂ ਉਸ ਕੋ ਦੇਖੋ ਤੁਮ ਤੋ ਉਸ ਕੇ ਸੰਮਾਨ ਔਰ ਪ੍ਰੀ ਪੂਰਨ ਹੋ, ਪ੍ਰਭੂ ਦੀ ਭਗਤੀ ਕਰਨੇ ਸੇ ਘਣੇ ਰਜ ਗਏ ਹੋ, ਸੰਤੋਖ ਕਰ ਬੈਠੋ, ਏਬਾਤ ਕੈਹਕੇ ਜੁਗੀਸ਼੍ਵਰ ਬਹੁਰ ਅਦ੍ਰਿਸ਼ਟ

Digitized by Panjab Digital Library | www.panjabdigilib.org

ਹੋ ਗਯੇ,ਮੁਨੀਸ਼੍ਵਰ,ਤਬ ਗੁਰੂ ਬਾਬਾਹੰਦਾਲੁ ਜੀ ਨਿਜ ਉਰ ਮੇਂ ਜਾਣਿਆ ਮੇਰਾ ਇਸ਼ਟ ਏਹੀ ਥਾ ਜੋ ਹਰਿ ਏਕ ਤਰਾਂ ਕਾ ਸੰਤੋਖ ਤੇ ਧੀਰਯ ਗਿਯਾਨ ਦੁਵਾਰਾ ਦ੍ਰੜਾਇ ਗਿਯਾ ਅਤੇ ਚਿੰਤਾ ਦੂਰ ਕਰਗਿਯਾ ਹੈ।

(ਅਬ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਨਿਜ ਗ੍ਰਹਿ ਕੋ ਔਂਦੇ ਹਨ)

ਗੁਰੂ ਜੀ ਜੰਡਿਆਲੇ ਨੂੰ ਆ ਰੱਹੇ ਹਨ, ਅਤੇ ਰਸਤੇ ਵਿਚ ਗੁਰੂ ਅਰਜਨ ਸਾਹਿਬ ਕਾ ਜੋ ਢਾਢੀ ਆਦ (ਮੁਰਾਦ) ਰਬਾਬੀ ਥਾ ਗੁਰੂ ਜੀਕੋ ਨਿੰਮਸ਼ਕਾਰ ਕਰਕੇ ਹਥ ਜੋੜ ਕਹਨੇ ਲਗਾ ਹੇ ਸਤਿਗੁਰੂ ਜੀ ਮੈਂ ਆਪਕੀ ਮਹਿਮਾਂ ਬਹੁ ਸੁਣੀ ਹੈ, ਮੇਰੇ ਉਰ ਮੇਂ ਇਕ ਸੈਹਿੰਸਾਂ ਉਤਪਤ ਹੋਯਾ ਹੈ, ਕ੍ਰਿਪਾ ਕਰਕੇ ਮੇਰਾ ਭ੍ਰਮ ਨਿਵਿਰਤ ਕਰ ਦੇਹੁ, ਏਹ ਜੋ ਕਹਿਤੇ ਹੈਂ ਸਾਤ ਪਤਾਲ ਇਸਕਾ ਮੁਝਕੋ ਭੇਦ ਬਤਾਈਏ, ਤਬ ਸਤਿਗੁਰੂ ਜੀ ਨੇ ਮੁਰਾਦ ਢਾਢੀ ਦੇ ਹਥਿ ਪਕੜ ਕੇ ਕਹਾ ਦੇਖ ਲੈ ਸਭੀ ਪਤਾਲ, ਹਮਨੇ ਦਿਬ ਦ੍ਰਿਸਟਿ ਦਈ ਹੈ ਤੁਝ ਕੋ ਦ੍ਰਿਸ਼ਟੀ ਸੇ ਜੋ ਦੇਖੋ ਪਤਾਲ, ਸਭ ਵਰਤਾਰਾ ਪਤਾਲਾਂ ਕਾ ਦੇਖਿਓ ਤਬ ਸਤਿਗੁਰੁ ਜੀਨੇ ਹਾਥ ਛੁਡਾਇਓ, ਮੁਰਾਦ ਢਾਢੀ ਤਬ ਚਰਨੀ ਪਇਓ, ਗੁਰੂ ਜੀਕੋ ਨਿੰਮਸ਼ਕਾਰ ਕਰਕੇ ਜਾਤਾ ਰਹਿਓ, ਦਾਸ ਨੇ ਸੰਖੇਪ ਸੇ ਲਿਖਾ ਹੈ, ਸਾਰਾ ਭੇਦ ਪੜਨਾ ਸੁਨਣਾ ਹੈ, ਤਾਂ ਜਨਮਸਾਖੀ ਲਿਖਤ ਦੀ ਗੁਰੂ ਬਿਧੀਚੰਦ ਜੀ ਵਾਲੀ ਸੇ ਦੇਖਹੁ ਮੁਰਾਦ ਨੂੰ ਪਤਾਲ ਦਿਖਾਣੇ ਬਾਬਤ। ਤੇ ਛਾਪੇ ਦੀ ਨਿਰੰਜਨੀਆ ਜਨਮਸਾਖੀ ਜੀ ਕਾ ਪੰਨਾ ੪੯ ਪਰ ਦੇਖਹੁ।

ਦੋਹਰਾ—ਮਹਾਂ ਪੁਰਖੁ ਹੰਦਾਲੁ ਤਬ ਕੀਓ ਪ੍ਰਵੇਸ ਜੰਡਾਲ॥
ਪ੍ਰਿਥਮੇਂ ਆਇਓ ਮਾਤ ਢਿਗ ਚਰਨ ਗਿਰਯੋ ਹੰਦਾਲੁ॥

ਤਬ ਮਾਤਾ ਸੁਖੀ ਜੀ ਨੇ ਗੁਰੂ ਜੀ ਕੋ ਗੋਦ ਵਿਚ ਲੈਕੇ ਸਿਰ ਮੁਖ ਪਦ ਚੁੰਬਨ ਕੀਨੇ, ਮਾਤਾ ਜੀ ਕੈਹਿੰਦੀ ਹੈ ਪੁਤ੍ਰਾ ਜਿੰਨੀ ਰਾਂਹੀਂ ਤੂੰ ਆਯਾ ਮੈਂ ਓਹਨਾਂ ਰਾਹਾਂ ਦੇ ਬਲਹਾਰੇ ਸਉ ਸਉ ਵਾਰ ਜਾਂਦੀ ਹਾਂ, ਸਦਕੇ ਜਾਂਦੀ ਹਾਂ ਘੋਲ ਘੁਮਾਈ ਜਾਂਦੀ ਹਾਂ, ਸੁਨਕੇ ਬਾਬਾ ਗਾਜੀ

Digitized by Panjab Digital Library | www.panjabdigilib.org

ਬੇਗ ਭੀ ਆਯਾ, ਐਸੇ ਮਿਲਿਆ ਜੈਸੇ ਸਰਪ ਚੰਦਨ ਦੇ ਉਦਾਲੇ ਔਨੇ ਸੇ ਸੀਤਲ ਹੋ ਜਾਂਦਾ ਹੈ ਇਸਤਰਾਂ ਬਾਬਾ ਗਾਜੀ ਗੁਰੂ ਜੀਕੋ ਗਲੱਫੜੀ ਵਿਚ ਲੈਕੇ ਮਿਲਿਆ, ਬਲਹਾਰੇ ਜਾਂਦੇ ਹਨ, ਚਿਰਾਂ ਦੇ ਵਿਛੜੇ ਅਜ ਰਾਮੁ ਨੇ ਮਿਲਾਏ ਹਨ, ਬਾਬਾ ਗਾਜੀ ਜੀਨੇ ਗੁਰੂ ਜੀਕੋ ਘੁਟ ਕੇ ਗਲੱਫੜੀ ਵਿਚ ਲੀਤਾ ਹੋਯਾ ਹੈ ਤੇ ਵੈਰਾਗ ਵਿਚ ਆਨਕੇ ਨੇਤ੍ਰਾਂ ਥੋਂ ਜਲ ਜਾ ਰੱਹਾ ਹੈ, ਮਾਤਾ ਜੀ ਘੜੀ ਮੁੜੀ ਗੁਰੂ ਜੀ ਕੋ ਗਲੇ ਲਾਉਂਦੇ ਹਨ, ਮੀਰਯਾਦੇ ਕੋ ਬੁਲਾ ਕਰ ਢੋਲ ਵਜਵਾਯਾ, ਅਤੇ ਪੁਤ੍ਰ ਔਨੇ ਕੀ ਛਾਦੀ ਕਰਾਈ, ਅਤੇ ਮਾਤਾ ਪਿਤਾ ਜੀ ਕੋ ਵਧਾਈਆਂ ਲਗੀਆਂ ਔਨ, ਤੇ ਘਰਿ ਘਰਿ ਖੁਛੀਆ ਹੋਈਆਂ, ਗ਼ੀਬ ਗੁਰਬਿਆਂ ਨੂੰ ਜਥਾ ਸ਼ਗਤ ਦਾਨ ਦਿਤਾ, ਤੇ ਪ੍ਰਸ਼ਾਦਿ ਵੰਡੇ, ਬਾਬੇ ਗਾਜੀ ਜੀ ਨੇਂ ਸਖੀ ਸੁਲਤਾਨ ਸਰਵਰ ਦੇ ਮੁਕਾਮ ਪੁਰ ਚੂਰਮਾ ਕੁਟਕੇ ਚੜ੍ਹਾਇਆ, ਤੇ ਖੁਛੀਆਂ *ਮੰਨਾਈਆ, ਅਤੇ ਗੁਰੂ ਜੀ ਦੇ ਸੌਹਰਿਆਂ ਨੂੰ ਲਾਗੀ ਕ੍ਰਤਾਰਪੁਰ ਭੇਜਿਆ ਕਿ ਹੰਦਾਲੁ ਜੀ ਘਰਿ ਆਏ ਹੈਂ ਆਨ ਕੇ ਦਰਸ ਪਰਸ ਜਾਓ, ਤਬ ਸੁਨਦਿਆਂ ਸਾਰ ਹੀ ਗੁਰੂ ਜੀ ਕਾ ਸੌਹਰਾ ਜਿਸ ਕਾ ਨਾਮ (ਹਮਜਾ) ਜਿਮੀਦਾਰ ਸੀ, ਤੇ ਗੁਰੂ ਜੀ ਦੀ ਸੱਸ ਦਾ ਨਾਮ (ਸੁਰਗਾਂ) ਸੀ, ਜਬ ਸਨੇਂਹਾ ਹਮਜੇ ਨੂੰ ਤੇ ਮਾਈ ਸੁਰਗਾਂ ਨੂੰ ਮਿਲਿਆ ਤਬ ਬੜੇ ਖੁਛੀ ਹੋਏ, ਮਾਈ ਸੁਰਗਾਂ ਨੇਂ ਆਪਨੀ ਸਪੁਤ੍ਰੀ ਉਤਮੀ ਨੂੰ ਆਖਿਆ ਤੇਰਾ ਭਰਤਾ ਆਯਾ ਹੈ ਅਬ ਤੇਰਾ ਵਿਵਾਹ ਕਰਾਂਗੇ, ਤਬ ਸਪੁਤ੍ਰੀ ਨੂੰ ਭੀ ਬੜੀ ਖੁਸ਼ੀ ਹੋਈ, ਅਤੇ ਗੁਰੂ ਜੀ ਦਾ ਸੌਹਰਾ ਹਮਜਾ ਤੇ ਸੁਰਗਾਂ ਸੁਨ ਕੇ ਦੋਨੋਂ ਜਨੇ ਜੰਡਿਆਲੇ ਆਏ, ਗੁਰੂ ਹੰਦਾਲੁ ਜੀ ਨੂੰ ਸੱਸ ਸਹੁਰੇ ਨੇ ਪਿਆਰ ਦਿਤਾ, ਤੇ ਬੜੇ ਖੁਛੀ ਹੋ ਕੇ ਗੁਰੂ ਜੀ ਨੂੰ ਕੈਹਨੇ ਲਗੇ, ਅਬ ਤੇਰਾ ਵਿਵਾਹ ਦੇਂਦੇ ਹਾਂ,

---

*ਸ੍ਰੀ ਗੁਰੂ ਜੀ ਕਾ ਬੜਾ ਭਾਈ ਸ੍ਵਾਣੀ ਬਾਹਰੋਂ ਆਯਾ ਤੇ ਗਲ ਮਿਲਿਆ ਤੇ ਬੜੀ ਖੁਛੀ ਮੰਨਾਈ, ਤੇ ਹੋਰ ਗੁਰੂ ਜੀ ਕੇ ਕੁਲ ਕੇ ਲੋਗ ਭੀ ਬਾਬੇ ਗਾਜੀ ਨੂੰ ਮਾਤਾ ਸੁਖੀ ਜੀ ਨੂੰ ਬਹੁਤ ਬਹੁਤ ਹੀ ਵਧਾਈਆਂ ਦੇਂਦੇ ਭਏ।

Digitized by Panjab Digital Library | www.panjabdigilib.org

ਤਬ ਅਗੋ ਸੱਸ ਸੌਹਰੇ ਨੂੰ ਗੁਰੂ ਜੀ ਨੇ ਕੱਹਾ ਮੇਰੇ ਮਾਤਾ ਪਿਤਾ ਜੀ ਸੇ ਪੁਛ ਲੌ, ਜਿਸਤ੍ਰਾਂ ਓਹਨਾਂ ਦੀ ਖੁਛੀ ਸੋ ਕਰੋ, ਗੁਰੂ ਜੀ ਕੇ ਸੌਹਰੇ ਕਾ ਗੋਤ੍ਰ ਚਾਹਲ ਜਿਮੀਦਾਰ ਸੀ ਕਰਤਾਰਪੁਰਾ †ਪਿੰਡ ਸੀ, ਤਬ ਗੁਰੂ ਜੀਕੇ ਸੱਸ ਸੌਹਰਾ ਗੁਰੂ ਜੀਕੋ ਪਿਆਰ ਦੇ ਕਰ ਨਿਜ ਗਾਂਉ ਕਰਤਾਰ ਪੁਰ ਕੋ ਬਿਦਾ ਭਏ, ਪੁਨਾ ਗੁਰੂ ਜੀ ਕੇ ਮਾਤਾ ਪਿਤਾ ਗੁਰੂ ਜੀ ਕੋ ਕਹਿਤੇ ਭਏ ਕਿ ਅਸੀ ਤੁਵਾਨੂੰ ਉਡੀਕ ਦੇ ਕਿ ਆਵਨ ਤਾਂ ਵਿਵਾਹ ਸੀਘਰੇ ਹੀ ਲੈ ਲਈਏ, ਅਬ ਫੁਰਮਾਈਏ ਸਾਹੇ ਚਿਠੀ ਮੰਗਾਈਏ, ਤਬ ਗੁਰੂ ਜੀਨੇ ਕਹਾ ਮਾਤਾ ਪਿਤਾ ਜੀ ਜੈਸੇ ਆਪਕੀ ਮਰਜੀ ਕਰੋ, ਜੈਸੇ ਕਰੋ ਤੈਸੇ ਮਨਜੂਰ ਹੈ। ਪ੍ਰਿਯ ਜਨੋ ਗੁਰੂ ਜੀਕੇ ਅਚੰਭਾ ਸੇ ਅਚੰਭਾ ਕੌਤਕ ਯਾ ਅਨੇਕਾਂ ਹੀ ਸਾਖੀਆ ਪ੍ਰਸੰਗ ਹਨ, ਜਿਨਾ ਦਾ ਪਾਰਾ ਵਾਰ ਨਹੀ ਪਾ ਸੱਕੀਦਾ, ਗੁਰੂ ਜੀ ਸੰਮਤ ਬਿ: ੧੬੪੨ ਮੇ ਬਾਰਾਂ ਸਾਲ ਕੀ ਅਵਸੱਥਾ ਮੇ ਤਪੁ ਕਰਨ ਗਏ, ਤੇ ਬਾਰਾਂ ਸਾਲਾਂ ਬਾਅਦ ਸੰਮਤ ਬਿ: ੧੬੫੪ ਵਿਚ ਤੱਪੁ ਕਰਕੇ ਵਾਪਸ ਜੰਡਿਆਲਾ ਮੇਂ ਆਏ ਹਨ। ਜੰਡਿਆਲੇ ਆਂਯਾਂ ਨੂੰ ਥੋੜਾ ਹੀ ਅਰਸਾ ਹੋਇਆ ਤੇ ਗੁਰੂ ਜੀ ਨੇ ਜੋ ਸਖੀ ਸੁਲਤਾਂਨ ਦਾ ਮੁਕਾਂਮੁ ਸੀ, ਏਸ ਮੁਕਾਂਮੁ ਕਾ ਮਹੰਤ ਬਾਬਾ ਗਾਜੀ ਸ੍ਰੀ ਗੁਰੂ ਜੀ ਕਾ ਪਿਤਾ ਪੁਜਾਰਾ ਸੀ, ਅਰਥਾਤ ਸਖੀ ਸਰਵਰ ਕਾ ਮਸੰਦ ਸੀ, ਸਾਲੋ ਸਾਲ ਸੰਗਤ ਅਕੱਤ੍ਰ ਕਰਕੇ ਆਪ ਝੰਡਾ ਨਿਸ਼ਾਨ ਪਕੜ ਕੇ ਨਿਗਾਹੇ ਨੂੰ ਸੰਗਤਾਂ ਨੂੰ ਲੈ ਜਾਂਦਾ ਹੁੰਦਾ ਸੀ, ਸੋ ਥੋੜਿਆ ਦਿਨਾ ਬਾਹਦ ਗੁਰੂ ਜੀਨੇ ਸਖੀ ਸੁਲਤਾਨ ਦੇ ਮੰਦਰ ਕੀ ਇਟ ਇਟ ਕਰਕੇ ਮੁਕਾਮ ਕੀ ਜੱੜ੍ਹ ਪੁਟ ਕੇ ਸੁਟ ਦਿਤੀ, ਜੋ ਭੀ ਜੰਡਿਆਲੇ ਦੇ ਯਾ ਹੋਰ ਲੋਗ ਸਰਵਰ ਪ੍ਰਸਤੀ ਸਨ, ਏਹਨਾਂ ਲੋਗਾ ਨੇ ਗੁਰੂ ਬਾਬਾ ਹੰਦਾਲੁ ਜੀ ਨਾਲ ਬਹੁਤ ਘਣਾ ਝਗਰਾ ਟੰਟਾ ਬਾਦ ਬਿਬਾਦ ਹੋਯਾ, ਗੁਰੂ ਜੀ ਕੀ ਜੀਤ ਹੋਈ ਸਭ ਚਾਚੇ ਤਾਏ ਭਰਾ ਭਾਈ ਹਾਰਿ ਖਾਕੇ ਗੁਰੂ ਜੀ ਕੇ ਅਜਮੂਦੇ ਦੇਖ ਦੇਖ ਕੇ ਗੁਰੂ ਜੀ ਸੇ ਦੀਖਿਆ ਭਜਨ ਉਪਦੇਸ ਲੈਕੇ

---

†ਏਹ ਪਿੰਡ ਕਰਤਾਰਪੁਰ, ਬਤਾਲੇ ਦੇ ਲਾਗੇ ਤੇ ਜਿਲੇ ਅੰਮ੍ਰਿਤਸਰ ਵਿਚ ਹੈ,

Digitized by Panjab Digital Library | www.panjabdigilib.org

ਪੂਰੇ ਪੂਰੇ ਗੁਰੂ ਜੀ ਕੇ ਪੱਕੇ ਭਰੋਸੇਦਾਰ ਸਿਖ ਬਨੇ, ਤੇ ਇਕ ਪਾਰ ਬ੍ਰਹਮ ਨੂੰ ਮੰਨਣ ਲਗੇ, ਗੁਰੂ ਜੀ ਨੇ ਨਿਰੰਕਾਰ ਕਾ ਜਾਪੁ ਸਚੁਨਾਮ ਜਪਾਯਾ, ਗੁਰੂ ਜੀ ਦਾ ਜਸ ਸੁਣ ਸੁਣ ਕੇ ਦੂਰੋ ਦੂਰੋ ਆਨਕੇ ਗੁਰੂ ਜੀ ਕੇ ਚਾਰੋ ਵਰਨ ਸੇਵਕ ਹੁੰਦੇ ਰਹੇ, ਗੁਰੂ ਜੀ ਨੇ ਨਿਰੰਜਨ ਪੁਰਖ ਦੇ ਨਾਂਮੁ ਪੁਰ ਅਪਨੇ ਪੰਥ ਕਾ ਨਾਂਮੁ ਨਿਰੰਜਨੀਆਂ ਰੱਖਿਆ, ਪ੍ਰਿਯ ਜਨੋ ਜੋ ਭੀ ਗੁਰੂ ਬਾਬਾ ਹੰਦਾਲੁ ਜੀ ਨੇ ਸਿਖਾਂ ਤਾਈ ਉਪਦੇਸ਼ ਬਾਂਣੀ ਦੁਵਾਰਾ ਈਸ਼੍ਵਰ ਪ੍ਰੇਰਨਾ ਸੇ ਦਿਤਾ ਹੈ ਸੋ ਅਗੇ ਲਿਖ ਕਰ ਇਸੀ ਗ੍ਰੰਥ ਮੇ ਸੰਗਤਾਂ ਦੀ ਦ੍ਰਿਸ਼ਟੀ ਗੋਚਰ ਲੀਏ ਲਿਖ ਦਿਤਾ ਹੈ।

ਦੋਹਰਾ— ਚਾਰੋ ਵਰਨ ਸੇਵਕ ਹੂਏ ਹਰਿ ਹੰਦਾਲ ਕੇ ਦਾਸ ॥
ਸੰਗਤਿ ਆਵੇ ਦਰਸ ਕੋ ਹੰਦਾਲ ਪ੍ਰਭੂ ਕੇ ਪਾਸ ॥

ਚੋਪਈ।। ਜਹਾਂ ਬੈਠੇ ਸ੍ਰੀ ਪੁਰਖ ਹੰਦਾਲਾ,
ਸਭ ਸੰਗਤ ਆਵੇ ਪਾ ਕਰ ਚਾਲਾ ॥
ਗੁਰ ਸਿਖਿਆ ਲੇ ਰਿਦੇ ਵਸਾਵੇਂ,
ਦਰਸ ਪਰਸ ਨਿਜ ਘਰਾਂ ਕੋ ਜਾਵੇਂ ॥

Digitized by Panjab Digital Library | www.panjabdigilib.org

੧ ੴ ਸਚੁਨਾਮੁ ਕਰਤਾ ਪੁਰਖੁ

ਇਕ ਪਰੀ ਪੂਰਨ ਪ੍ਰਮਾਤਮਾਂ ਸੱਤ, ਚਿਤ, ਅਨੰਦ ਸਰੂਪ ਸਰਬ ਸ਼ਕਤੀ ਸੰਪੂਰਨ ਜਨਮ ਮਰਨ ਤੋਂ ਰਹਿਤ ਅਬਨਾਸ਼ੀ, ਅਚੁਤ ਆਦਿ ਜੁਗਾਦਿ ਅਨੰਤ ਇਕ ਰਸ, ਬ੍ਰਹਮਾ, ਬਿਸ਼ਨ, ਮਹੇਸ ਜਿਸਦੀ ਅੰਸ ਹਨ ਉਸਦਾ ਸਚੁਨਾਮ ਕਰਤਾ ਪੁਰਖੁ ਹੈ॥

ਰਾਗ ਰਾਮਕਲੀ ਮਹਲਾ ੧ ਸਬਦ ਕਵਲਾ ਪਤੀ ਦੇਸ ਤੇ ਹੋਇਆ॥ ਰਾਮਕਲੀ ਰਾਗਿ ਵਿਚ ਇਹ ਸ਼ਬਦ ਲੱਛਮੀ ਦੇ ਪਤੀ ਪ੍ਰਮਾਤਮਾਂ ਦੇ ਭਾਵ ਅੰਮਿਰਾਪੁਰ ਤੋਂ *ਮਹਾਂ ਪੁਰਖਾਂ ਨੂੰ ਫੁਰਮਾਨ ਹੋਇਆ ਹੈ।

ਗੋਰੀਏ—ਇਹ ਸ਼ਬਦ ਜੀਵ ਰੂਪ ਇਸਤ੍ਰੀ ਨੂੰ ਸੰਬੋਧਨ ਕਰਕੇ ਉਚਾਰਨ ਹੋਇਆ ਹੈ।

ਕੰਤਰੀ ਸਾਲੂ ਨਿਰੰਕਾਰ ਗੋਰੀਏ ਸਭੁ ਪਦਾਇਸ ਨਾਰ ਜੀ ॥੧॥

ਅਰਥ—ਹੇਗੋਰੀਏ ਪਤੀ ਜੇਹੜਾ ਰਸਾਂ ਦਾ ਘਰ ਨਿਰੰਕਾਰ ਹੈ ਇਹ ਜੀਵ ਰੂਪ ਇਸਤ੍ਰੀਆਂ ਸਾਰੀਆਂ ਉਸਦੀਆਂ ਪੈਦਾ ਕੀਤੀਆ ਹੋਈਆਂ ਹਨ ॥੧॥

ਸਭਸੈ ਨਦਰਿ ਨਿਹਾਰਦਾ ਗੋਰੀਏ ਭਾਣੈਂ ਲਏ ਸੁਵਾਰ ਜੀ ॥੨॥

ਅਰਥ—ਹੇ ਗੋਰੀਏ ਸਾਰੀਆਂ ਇਸਤ੍ਰੀਆਂ ਨੂੰ ਆਪਦੀ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦਾ ਤੇ ਨਿਹਾਲ ਕਰਕੇ ਆਪਦੇ ਹੁਕਮ ਵਿਚ ਹੀ ਸਵਾਰ ਲੈਂਦਾ ਭਾਵ ਠੀਕ ਕਰ ਲੈਂਦਾ ਹੈ ॥੨॥

---

*ਮਹਾ ਪੁਰਖ ਕਹੀਏ ਸ੍ਰੀ ਸਤਿਗੁਰੂ ਹੰਦਾਲੁ ਜੀਨੂੰ ਸ਼ਬਦ ਪ੍ਰਾਪਤਿ ਹੋਯਾ। ਪ੍ਰਿਯ ਜਨੋ ਅਬ ਤਿੰਨ ਸਬਦ ਕੰਤਰੀ ਸਾਲ ੧ ਤੇ ਅਗਮ ਅਗੋਚਰ ੨ ਤੇ ਤੂੰ ਪਾਰਬ੍ਰਹਮ ੩ ਇਨ ਤੀਨ ਸ਼ਬਦ ਅਰਥਾਂ ਸਹਿਤ ਟੀਕਾ ਲਿਖਾ ਜਾਤਾ ਹੈ। ਤੇ ਅਰਦਾਸ ਭੀ ਅਰਥਾਂ ਸਹਿਤ ਲਿਖ ਦਿਤਾ ਹੈ।

Digitized by Panjab Digital Library | www.panjabdigilib.org

ਰਾਵੈ ਭਾਣੈ ਆਪਣੇ ਗੋਰੀਏ ਸਾਈ ਹੈ ਸਰਦਾਰੁ ਜੀ ॥ ੩ ॥

ਅਰਥ—ਹੇ ਗੋਰੀਏ ਜੇਹੜਾ ਮਾਲਕ ਸਰਦਾਰ ਹੈ ਓਹ ਆਪਣੇ ਹੁਕਮ ਵਿਚ ਹੀ ਓਨਾਂ ਨੂੰ ਅਨੰਦ ਦੇਂਦਾ ਹੈ ॥ ੩ ॥

ਸਤਿਗੁਰ ਮੇਲੀ ਦਇਆ ਕਰ ਗੋਰੀਏ ਸਹੁਰਤੀ ਪ੍ਰਵਦਗਾਰੁ ਜੀ ॥੪॥

ਅਰਥ—ਹੇ ਗੋਰੀਏ ਜੇਹੜੀ ਪ੍ਰਮਾਤਮਾਂ ਵਿਚ ਰੱਤੀ ਹੋਈ ਹੈ ਓਹ ਹੀ ਇਸਤ੍ਰੀ ਗੁਰੂ ਨੇ ਕਿਰਪਾ ਕਰਕੇ ਪ੍ਰਮਾਤਮਾਂ ਨਾਲ ਮੇਲ ਦਿਤੀ ਹੈ ਅਰ ਓਹ ਪ੍ਰਮਾਤਮਾਂ ਪਰਵਦਗਾਰ ਵਿਚ ਪ੍ਰੀਤੀ ਕਰਨ ਵਾਲੀ ਗਿਣੀ ਗਈ ਹੈ ॥ ੪ ॥

ਸਾਈ ਹੈ ਸਤਿਆਵਤੀ ਗੋਰੀਏ ਜਿਸਦੀ ਇਕਸੇ ਊਪਰ ਟੇਕੁ ਜੀ ॥ ੫ ॥

ਅਰਥ—ਹੇ ਗੋਰੀਏ ਜਿਸਦੀ ਇਕ ਉਤੇ ਨਿਸਚਾ ਹੈ ਓਹੋ ਹੀ ਸੱਤਿਆ ਵਤੀ ਹੈ ॥੫॥

ਦੂਜੀ ਦੁਰਮਤਿ ਭਰਮੁ ਹੈ ਗੋਰੀਏ ਦੋਜਖ ਪਵੈ ਅਨੇਕ ਜੀ ॥੬॥

ਅਰਥ—ਹੇ ਗੋਰੀਏ ਦੂਸਰੀ ਮਨਮੁਖ ਇਸਤ੍ਰੀ ਖੋਟੀ ਅਕਲੁ ਕਰਕੇ ਭਰਮੁ ਵਿਚ ਭੌਂਦੀ ਹੈ ਅਨੇਕ ਨਰਕਾਂ ਵਿਚ ਪੈਂਦੀ ਹੈ ॥੬॥

ਸਬਦੂ ਊਪਰ ਬੂਝਣਾ ਗੋਰੀਏ ਸਾਚਾ ਗਿਆਨੁ ਰਤਨੁ ਬਿਬੇਕੁ ਜੀ ॥੭॥

ਅਰਥ—ਹੇ ਗੋਰੀਏ ਸੱਚਾ ਗਿਆਨ ਰੂਪ ਰਤਨ ਜੋ ਚੰਗਾ ਵਿਚਾਰ ਹੈ ਇਹ ਸਾਰਿਆਂ ਤੋਂ ਉਤੇ ਸਮਝਣਾ ਹੈ ਜੋ ਗੁਰ ਉਪਦੇਸ ਹੈ ॥੭॥

Digitized by Panjab Digital Library | www.panjabdigilib.org

ਵਿਰਲੀ ਕਾਈ ਏਤ ਘਰ ਗੋਰੀਏ ਲਾਖਾ ਅੰਦਰ ਏਕ ਜੀ ॥੮॥

ਅਰਥ—ਹੇ ਗੋਰੀਏ ਓਹ ਵਿਰਲੀ ਕੋਈ ਇਕ ਹੈ ਇਸ ਸੰਸਾਰ ਘਰ ਵਿਚ ਲੱਖਾਂ ਵਿਚ ਇਕੋ ਹੈ ॥ ੮ ॥

ਏਹਾ ਪਉੜੀ ਤੇਰੇ ਮਿਲਣ ਦੀ ਗੋਰੀਏ ਸਤਿਗੁਰ ਦੇ ਭਾਣੈ ਚਲੁ ਜੀ ॥੯॥

ਅਰਥ—ਹੇ ਗੋਰੀਏ ਗੁਰੂ ਦੇ ਹੁਕਮ ਵਿਚ ਤੁਰ ਏਹ ਪਉੜੀ ਤੇਰੇ ਮਿਲਾਪ ਦੀ ਹੈ ॥ ੯ ॥

ਸਤਿਗੁਰ ਦੇ ਭਾਣੈ ਚਲਿਆ ਗੋਰੀਏ ਦਰ ਚਉਥਾ ਲਏ ਮਹਲੁ ਜੀ ॥੧੦॥

ਅਰਥ—ਹੇ ਗੋਰੀਏ ਗੁਰੂ ਦੇ ਹੁਕਮ ਵਿਚ ਤੁਰਿਆਂ ਚਉਥੀ ਭੂਮਿਕਾ ਦਾ ਬੂਹਾ ਮਹਲ ਪ੍ਰਾਪਤਿ ਹੋ ਜਾਂਦਾ ਹੈ ॥ ੧੦ ॥

ਮਹਲਾ ਅੰਦਰਿ ਨਿਰੰਕਾਰ ਬੇ ਸੁਮਾਰ ਗੋਰੀਏ ਪ੍ਰਭ ਨਿਹਚਲ ਪੁਰਖੁ ਅਟਲਜੀ ॥੧੧॥

ਅਰਥ—ਹੇ ਗੋਰੀਏ ਓਨ੍ਹਾਂ ਮਹੱਲਾਂ ਵਿਚ ਵੱਡੀ ਸ਼ਕਤੀ ਵਾਲਾ ਪਤੀ ਹੈ ਜੋ ਅਤੋਲ ਨਿਸਚਲ ਸਦਾ ਰਹਿੰਦਾ ਹੈ ॥ ੧੧ ॥

ਪੀਉ ਪਿਆਲਾ ਪ੍ਰੇਮੁਰਸ ਗੋਰੀਏ ਤੇਰਾ ਏਹੁ ਮਿਲਣ ਦਾ ਵੱਲ ਜੀ ॥ ੧੨ ॥

ਅਰਥ—ਹੇ ਗੋਰੀਏ ਪ੍ਰੇਮੁ ਰਸਦਾ ਪਿਆਲਾ ਪੀ ਇਹ ਮਨੁਖਾ ਜਨਮ ਤੇਰੇ ਮਿਲਾਪ ਦਾ ਵੇਲਾ ਹੈ ਜਾਂ ਵੱਲ ਸਿਖ ਲੈ ॥ ੧੨ ॥

ਚੰਗਾ ਲੋੜਹਿ ਆਪਣਾ ਗੋਰੀਏ ਹਰਿਇਕਾ

Digitized by Panjab Digital Library | www.panjabdigilib.org

ਨਾਮੁ ਧਿਆਇ ਜੀ ॥ ੧੩ ॥

ਅਰਥ–ਹੇ ਗੋਰੀਏ ਜੇ ਤੂੰ ਆਪ ਦਾ ਭਲਾ ਚਾਹੁੰਦੀ ਹੈ ਤਾਂ ਹਰੀ ਦਾ ਨਾਮ ਯਾਦ ਕਰ ॥ ੧੩ ॥

ਕਰਮਾ ਥੋਂ ਨਿਹਕਰਮ ਰਹੁ ਗੋਰੀਏ ਦੂਜਾ ਭਾਇ ਮਿਟਾਇ ਜੀ ॥ ੧੪ ॥

ਅਰਥ–ਹੇ ਗੋਰੀਏ ਤੂੰ ਚੰਗੇ ਕਾਮਾ ਨੂੰ ਕਰਦੀ ਵੀ ਚੰਗੇ ਕਰਮਾਂ ਨੂੰਲੋਕਾਂ ਪਾਸ ਦੱਸ ਨਾ ਭਾਵ ਗੁਪਤਕਰ ਦ੍ਵੈਤ ਭਾਵ ਦੂਰ ਕਰਦੇਹ॥੧੪॥

ਹੋਇ ਸੰਤਨੁ ਕੀ ਰੇਣਕਾ ਗੋਰੀਏ ਏਹ ਸਿੰਗਾਰ ਬਨਾਇ ਜੀ ॥ ੧੫ ॥

ਅਰਥ–ਸੰਤਾਂ ਚਰਨਾਂ ਦੀ ਧੂੜ ਹੋ ਜਾਹ ਏਹ ਸਿੰਗਾਰ ਬਣਾ ॥ ੧੫ ॥

ਜਨ ਹੰਦਾਲੁ ਆਖਿਆ ਗੋਰੀਏ ਤਾਂ ਸਹੁ ਸੇਜ ਰਾਵੈ ਹਰਿ ਰਾਇ ਜੀ ॥ ੧੬ ॥

ਅਰਥ–ਗੁਰੂ ਹੰਦਾਲੁ ਜੀ ਆਖਦੇ ਹਨ ਤਾਂ ਹਰੀ ਰਾਇ ਤੇਰੀ ਸੇਜਾ ਉਤੇ ਆਕੇ ਤੈਨੂੰ ਅਨੰਦ ਦੇਵੇਗਾ ਭਾਵ ਤੇਰਾ ਅੰਤਸ ਕਰਨ ਠੀਕ ਕਰੇਗਾ ॥ ੧੬ ॥ ੧ ॥

ਰਾਗ ਰਾਮ ਕਲੀ ਮਹਲਾ ੧ ਸਬਦ *ਢੋਲੇ ਤੇ ਹੋਯਾ ॥ ਅਗਮ ਅਗੋਚਰੁ ਗੁਰਮੁਖਿ ਧਿਆਇਆ ॥ ਨਉ ਨਿਧਿ ਨਾਮੁ ਨਿਰੰਜਨੁ ਪਾਇਆ ॥ ਤਉ ਸਹੁ ਹਰਿਜੀ ਸੇਜੇ ਆਇਆ ॥

*ਢੋਲੇ ਦੀ ਧਾਰਨਾ ਕਾ ਸ਼ਬਦ ਹੈ । ਢੋਲਾ ਨਾਮ ਈਸ਼੍ਵਰ ਕਾ ਭੀ ਹੈ,

Digitized by Panjab Digital Library | www.panjabdigilib.org

ਤੁਧਿ ਮਲਿੰਦਿਆ ਹਰਿਜੀ ਪ੍ਰੀਤਮਾ ਲਖ ਮਿਲੈ॥ ੧ ॥

ਅਰਥ–ਜੋ ਮਨ ਬਾਣੀ ਤੋ ਪਰੇ ਹੈ ਗੁਰਮੁਖਾਂ ਨੇ ਓਸ ਨੂੰ ਯਾਦ ਕੀਤਾ ਹੈ ॥ ਨਉ ਨਿਧੀ ਰੂਪ ਨਾਮੁ ਹਰੀ ਦਾ ਪ੍ਰਾਪਤ ਕਰ ਲਿਆ ਤਾਂ ਮਾਲਕ ਹਰਿ ਜੀ ਸੇਜਾ ਉਤੇ ਆ ਗਿਆ ਹੇ ਹਰੀ ਪਿਆਰਿਆ ਤੈਨੂੰ ਮਿਲਦਿਆਂ ਲੱਖਾਂ ਮਿਲ ਜਾਂਦੇ ਹਨ ਭਾਵ ਬਹੁਤ ਪਦਾਰਥ ਪ੍ਰਾਪਤਿ ਹੋ ਜਾਂਦੇ ਹਨ ॥ ੧ ॥ **ਹਰਿਜੀ ਪ੍ਰੀਤਮੁ ਮਿਲਵੇ ਦੀ ਕਿਆ ਨਿਸਾਨੀ ॥ ਤੈ ਸਹੁ ਰਤੀ ਮੈ ਔਰ ਨ ਜਾਨੀ ॥ ਪ੍ਰੇਮੁ ਪਿਆਲਾ ਪੀਅਘਾਨੀ ॥ ਚਿਰੀ ਵਿਛੁੰਨਿਆ ਹਰਿ ਜੀ ਪ੍ਰੀਤਮਾਂ ਲਗ ਗਲੇ॥ ੨ ॥**

ਅਰਥ–ਹਰੀ ਪਿਆਰੇ ਦੇ ਮਿਲਨ ਨਾਲ ਜੀਵ ਵਿਚ ਕੀਓ ਨਿਸ਼ਾਨੀ ਆ ਜਾਂਦੀ ਹੈ ॥ ਜੀਵ ਰੂਪ ਇਸਤ੍ਰੀ ਆਖਦੀ ਹੈ ਮੈ ਤੇਰੇ ਨਾਲ ਰੱਤੀ ਹੋਈ ਹੋਰ ਨੂੰ ਨਹੀ ਜਾਣਦੀ ਹਾਂ ॥ ਪ੍ਰੇਮ ਦਾ ਪਿਆਲਾ ਪੀ ਕੇ ਰੱਜ ਗਈ ਹਾਂ ॥ ਹੇ ਬਹੁਤ ਚਿਰਦੇ ਵਿਛੜਿਆ ਹੋਇਆ ਪ੍ਰਮੇਸਰਾ ਪਿਆਰਿਆ ਆ ਮੇਰੇ ਗਲ ਨਾਲ ਲਗ ਜਾਹ ॥ ੨ ॥

ਪ੍ਰੇਮੁ ਦਾ ਪਿਆਲਾ ਮੈਨੂੰ ਸਤਿਗੁਰੁ ਪਿਲਾਇਆ॥ ਸਬੁਦੁ ਮਿਠਾ ਆਖਿ ਸੁਣਾਇਆ ॥ ਹਰਿ ਰਸੁ ਅੰਮ੍ਰਿਤ ਵਿਚ ਇਸਕ ਰਲਾਇਆ॥ ਆਸ਼ਕ ਤੇਰੇ ਹਰਿਜੀ ਪ੍ਰੀਤਮਾਂ ਇਸਕ ਰਲੇ॥੩॥

ਅਰਥ–ਸਤਿਗੁਰੂ ਨੇ ਮੈਨੂੰ ਪ੍ਰੇਮੁ ਦਾ ਪਿਆਲਾ ਪਿਆਇਆ ਹੈ ॥ ਆਖਿ ਕੇ ਸੁਣਾਇਆ ਹੈ ਕਿ ਇਹ ਸਾਰਿਆਂ ਤੋਂ ਮਿਠਾ ਹੈ॥

Digitized by Panjab Digital Library | www.panjabdigilib.org

ਹਰਿਕਾ ਰਸ ਅੰਮ੍ਰਿਤ ਵਰਗਾ ਮਿਠਾ ਹੈ ਇਸ ਵਿਚ ਪ੍ਰੇਮੁ ਰਲਾ ਦਿਤਾ ਹੈ ॥ ਹੇ ਹਰੀ ਪਿਆਰਿਆ ਅਸੀ ਤੇਰੇ ਆਸ਼ਕ ਹਾਂ ਪ੍ਰੇਮੁ ਵਿਚ ਰਲ ਗਏ ਹਾਂ ॥ ੩ ॥

ਆਸਕ ਇਸਕ ਲਾਇ ਲਈ ਜਿੰਦੁ ਮੇਰੀ॥ ਖਰੀ ਸਰਸੀ ਘਰਦੀ ਚੇਰੀ॥ ਹਰਿ ਪ੍ਰਭੁ ਸਾਚੇ ਮੇਹਰ ਫੇਰੀ॥ ਘਰਿ ਦੀ ਚੇਰੀ ਹਰਿ ਜੀ ਦੇ ਪਾਉ ਮਲੇ ॥ ੪ ॥

ਅਰਥ—ਮੇਰੀ ਜਿੰਦ ਆਸ਼ਕ ਨੇ *ਇਸ਼ਕ ਵਿਚ ਲਾ ਲਈ ਹੈ॥ ਮੈ ਚੰਗੀ ਅਨੰਦ ਲੈਣ ਵਾਲੀ ਘਰ ਦੀ ਚੇਲੀ ਹਾਂ॥ ਸੱਚੇ ਹਰੀ ਮਾਲਕ ਨੇ ਮੇਰੇ ਵੱਲ ਮੇਹਰ ਦੀ ਨਜਰ ਫੇਰੀ ਹੈ॥ ਘਰਿ ਦੀ ਦਾਸੀ ਮਾਲਕ ਦੇ ਪੈਰਾਂ ਨੂੰ ਮਲਦੀ ਹੈ॥ ੪ ॥

ਘਰਿ ਦੀ ਚੇਰੀ ਸਚੇ ਸਾਹਿਬ ਨੂੰ ਭਾਣੀ ॥ ਰਾਇ ਛੁਬੀ ਤਾ ਹੋਈ ਰਾਣੀ॥ ਤਰੈ ਗੁਣਿ ਛਡਿ ਚਉਥੇ ਪ੍ਰੇਮੁ ਪਦੁ ਜਾਇ ਸਮਾਣੀ॥ ਮੇਰੇ ਬੁਰੇ ਬਿਖਾਧੀ ਹਰਿਜੀ ਪ੍ਰੀਤਮਾਂ ਹੱਭ ਜਲੇ ॥੫॥

ਅਰਥ—ਸਚੇ ਘਰਿ ਦੀ ਟਹਿਲਨ ਬਣੀ ਤੇ ਸਾਹਿਬੁ ਨੂੰ ਪਿਆਰੀ ਲੱਗੀ॥ ਮਾਲਕ ਨੇ ਅਪਨੇ ਵੱਲ ਤੋਰ ਲਈ ਭਾਵ ਸਦ ਲਈ ਤੇ ਰਾਂਣੀ ਬਣ ਗਈ॥ †ਤਿੰਨਾ ਗੁਣਾਂ ਨੂੰ ਹੇਠਾਂ ਛਡਕੇ ਭਾਵ ਔਗੁਣਾਂ ਨੂੰ ਦੂਰ ਕਰਕੇ ਤੁਰਿਆ ਪਦ ਪ੍ਰੇਮੁ ਰਸ ਵਿਚ ਜਾਕੇ ਸਮਾ ਗਈ॥ ਹੇ ਹਰੀ ਪਿਆਰਿਆ ਜੇਹੜੇ ਮੇਰੇ ਬੁਰੇ ਬਿਖਾਧੀ ਵਿਸ਼ੇ ਸਨ ਓਹ ਸਾਰੇ ਹੀ ਸੜ ਗਏ ਹਨ ॥੫॥

---

*ਇਸ਼ਕ ਕਹੀਏ ਪ੍ਰੇਮ,

†ਤਿੰਨ ਗੁਣ ਰਜੋ ੧ ਸਤੋ ੨ ਤਮੋਂ ੩,

Digitized by Panjab Digital Library | www.panjabdigilib.org

ਅਸਚਰਜ ਹਰਿਜੀ ਪ੍ਰਭੁ ਲਖਿਆ ਨ ਜਾਈ ॥ ਦੇਖਿ ਦੇਖਿ ਬਿਸਮਾਦ ਭਈ ਮੇਰੀ ਮਾਈ॥ ਹਰਿ ਜੀ ਬਾਝਹੁ ਸੁੰਞੀ ਸੇਜ ਨ ਕਾਈ॥ ਸਾਇ ਸੁਹਾਗਣਿ ਜਿਸ ਨੂੰ ਹਰਿਜੀ ਪ੍ਰੀਤਮ ਸਹਿਜ ਮਿਲੇ ॥੬॥

ਅਰਥ—ਜੇਹੜਾ ਅਸਚਰਜ ਹਰਿ ਜੀ ਹੈ ਓਹ ਮਾਲਕ ਇਹਨਾਂ ਅੱਖੀਆਂ ਨਾਲ ਵੇਖਿਆ ਨਹੀਂ ਜਾਂਦਾ ॥ ਹੇ ਮੇਰੀ ਸਖੀ ਮੈਂ ਉਸਨੂੰ ਵੇਖਕੇ ਬਹੁਤ ਹੈਰਾਨ ਹੋ ਗਈ ਹਾਂ ॥ ਹਰੀ ਤੋਂ ਬਿਨਾ ਕੋਈ ਵੀ ਸੇਜਾ ਖਾਲੀ ਨਹੀਂ ਹੈ ਭਾਵ ਪ੍ਰਮੇਸਰ ਹਰ ਇਕ ਦਿਲ ਅੰਦਰ ਹੈ ਜਿਸ ਨੂੰ ਹਰੀ ਪ੍ਰੀਤਮ ਸੁਭਾਵਕ ਹੀ ਆ ਮਿਲਦਾ ਹੈ ਓਹ ਹੀ ਸੁਹਾਗਣ ਹੈ ॥੬॥

ਹਰਿ ਜੀ ਮਾਇ ਨਹੀ ਜਿਸੁ ਬਾਪੁ ਭੀ ਨਾਹੀ ॥ ਉਪਜੈ ਨ ਬਿਨਸੈ ਰਵਿ ਰਹਿਆ ਸਗਲਿਆ ਲੋਆਂ ਮਾਹੀ॥ ਅਪਰ ਅਪਾਰ ਬਿਹੱਦੁ ਬੇਸ਼ੁਮਾਰੁ ਮੈ ਕੇਵਡਿ ਗੁਣਿ ਆਖਿ ਸਾਲਾਹੀ ॥ ਜਿੰਨਾ ਨ ਜਾਤਾ ਸਾਚਾ ਪ੍ਰੀਤਮੁ ਪਿਆਰਾ ਸੇਈ ਸਾਕਤੁ ਨਰਕ ਗਲੇ ॥੭॥

ਅਰਥ—ਹਰੀ ਦਾ ਮਾਤਾ ਪਿਤਾ ਕੋਈ ਨਹੀਂ ਹੈ ॥ ਓਹ ਜੰਮਦਾ ਮਰਦਾ ਨਹੀਂ ਹੈ ਸਾਰਿਆਂ ਲੋਕਾਂ ਵਿਚ ਮਿਲਿਆ ਹੋਇਆ ਹੈ ॥ ਓਹ ਬਹੁਤ ਵੱਡਾ *ਹੌਂਦ ਤੋਂ ਬਿਨਾਂ ਬੇਸ਼ੁਮਾਰ ਹੈ ਮੈਂ ਉਸਨੂੰ ਕਿੱਡਾ ਕੁ ਵਡੇ ਗੁਣਾਂ ਵਾਲਾ ਆਖਕੇ ਸਲਾਹਾਂ ॥ ਜਿੰਨ੍ਹਾਂ ਨੇ ਸੱਚਾ ਪ੍ਰੀਤਮੁ ਨਹੀਂ ਜਾਣਿਆਂ ਹੈ ਓਹ ਬੁਰੇ ਲੋਕ ਨਰਕ ਵਿਚ ਗਲ ਗਏ ਹਨ ॥੭॥

---

*ਹੌਂਦ ਤੋਂ ਬਿਨ ਯਾ ਹੱਦ ਤੋਂ ਬਿਨਾਂ ਬਿਹੱਦ ਜਿਸਦਾ ਸੁਮਾਰ ਨਹੀਂ ਹੈ।

Digitized by Panjab Digital Library | www.panjabdigilib.org

ਹਰਿ ਜੀ ਪ੍ਰਭੁ ਸੇ ਦਾ ਸਿਰਜਨ ਹਾਰਾ॥ ਸਗਲੀ ਉਮਤ ਜੀਆ ਦਾ ਪਾਲਨਹਾਰਾ॥ ਜੋ ਹਰਿ ਜੀ ਪਿਆਰੀ ਤਿਸੁ ਹਰਿ ਜੀ ਪਿਆਰਾ॥ ਤੇਰੀ ਭਗਤਿ ਬੰਦਗੀ ਪ੍ਰੀਤਮਾਂ ਮੇਰੇ ਦੂਖ ਟਲੇ ॥੯॥

ਅਰਥ–ਹਰੀ ਮਾਲਕ ਸਿਰਜਨਹਾਰ ਸਭਦਾ ਰਾਖਾ ਹੈ॥ ਸਾਰੀ ਜੰਨਤਾ ਦਾ ਪਾਲਨ ਵਾਲਾ ਹੈ ਜੇਹੜੀ ਹਰੀ ਨੂੰ ਪਿਆਰੀ ਹੈ ਭਾਵ ਪਿਆਰ ਕਰਦੀ ਹੈ ਹਰੀ ਓਹਨਾਂ ਨਾਲ ਪਿਆਰ ਕਰਦਾ ਹੈ ਹਰੀ ਓਨ੍ਹਾਂ ਨੂੰ ਪਿਆਰਾ ਹੈ॥ ਹੇ ਪ੍ਰੀਤਮਾ ਤੇਰੀ ਭਗਤੀ ਬੰਦਗੀ ਕਰਕੇ ਮੇਰੇ ਦੁਖ ਦੂਰ ਹੋ ਗਏ ਹਨ† ॥੯॥

ਸਤਿਗੁਰ ਮੇਲੀ ਹਰਿ ਪ੍ਰਭੁ ਕਉ ਮਿਲਾਈ॥ ਹਰਿ ਪ੍ਰਭੁ ਸਾਚੇ ਮਹਿਲੁ ਚੜਾਈ॥ ਬਿਅੰਤੁ ਬਾਣੀ ਜਨ ਹੰਦਾਲੁ ਗਾਈ॥ ਕਰਮਾ ਵੰਤੀਦੇ ਪ੍ਰੀਤਮਾਂ ਕਰਮੁ ਭਲੇ ॥੧੦॥੨॥

ਅਰਥ–ਗੁਰੂ ਨੇਂ ਮੇਲੀ ਤਾਂ ਹਰੀ ਨੂੰ ਆ ਕੇ ਮਿਲ ਪਈ ਹੈ॥ ਸਚੇ ਮਾਲਕ ਨੇਂ ਆਪਣੇ ਮਹਿਲ ਤੇ ਚੜ੍ਹਾ ਲਈ ਹੈ॥ ਸ੍ਰੀ ਗੁਰੂ ਹੰਦਾਲੁ ਜੀ ਨੇਂ ਬਿਅੰਤ ਬਾਣੀ ਉਚਾਰਨ ਕੀਤੀ ਹੈ ਹੇ ਪ੍ਰੀਤਮਾਂ ਕਰਮਾਂ ਵਾਲੀ ਦੇ ਕਰਮ ਚੰਗੇ ਹਨ ॥੧੦॥੨॥

ਰਾਗੁਆਸਾ ਮਹਲਾ ੧ *ਸਬਦ॥

---

†ਅਰਥਾਤਿ ਸਭੀ ਦੁਖ ਦੂਰ ਹੋ ਗਏ ਯਾ ਸਭ ਦੁਖ ਟਲ ਗਏ ਹਨ।

*ਜਬ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਦਖਨ ਹੈਦਰਾਬਾਦ ਮੇ ਸਮੁੰਦਰ ਦੇ ਤਟ ਪ੍ਰ ੧੧ ਬਰਸ ਤੱਪ ਕੀਤਾ ਤਾਂ ਸ੍ਰੀ ਬਿਸ਼ਨੂੰ ਭਗਵਾਨ ਨੇ ਚੱਤ੍ਰ ਭੁਜ ਰੂਪ ਧਾਰਕੇ ਗੁਰੂ ਜੀ ਨੂੰ ਦਰਸ਼ਨ ਦਿਤਾ ਤਬ ਏਹ ਸ਼ਬਦ ਤੂੰ ਪਾਰ ਬ੍ਰਹਮ ਨਾਮੇ, ਗੁਰੂ ਜੀ ਨੇ ਸ੍ਰੀ ਭਗਵਾਨ ਜੀ ਕੀ ਆਸਾ ਰਾਗ ਮੇ ਭੇਟਾ ਸ਼ਬਦ ਕੀਤਾ ਹੈ।

Digitized by Panjab Digital Library | www.panjabdigilib.org

ਤੂੰ ਪਾਰ ਬ੍ਰਹਮੁ ਪ੍ਰਮੇਸਰ ਕਰਤਾ ਜਿਸਦੀ ਸਭੁ ਉਪਾਈ ॥ ਤੂੰ ਅਸਚਰਜ ਦਿਸੇ ਅਸਚਰਜ ਸੁਣੀਐ ਅਸਚਰਜ ਤੇਰੀ ਵਡਿਆਈ ॥ ਹਉ ਬਿਸਮ ਤੂੰ ਬੇਸ਼ੁਮਾਰ ਤੇਰੀ ਗਤਿ ਮਿਤੁ ਕਹੀ ਨ ਜਾਈ ॥ ਤੂੰ ਜਲਿ ਥਲਿ ਮਹੀਅਲਿ ਭਰ ਪੂਰ ਲੀਣਾ ਤੇਰੀ ਘਟਿ ਘਟਿ ਜੋਤਿ ਸਮਾਈ ॥ ਤੂੰ ਹਾਜਰ ਨਾਜਰ ਜਾਹਰ ਬਾਤਨ ਕਰਤੇ ਤੇਰਾ ਅੰਤੁ ਨ ਲਖਿਆ ਜਾਈ ॥ ੧ ॥

ਅਰਥ—ਜਿਸਦੀ ਸਭੁ ਜੰਨਤਾ ਪੈਦਾ ਕੀਤੀ ਹੋਈ ਹੈ ਓਹ ਤੂੰ ਪਾਰਬ੍ਰਹਮੁ ਪਰਮ ਮਾਲਕ ਸਭਦਾ ਕਰਤਾ ਹੈਂ ॥ ਤੂੰ ਅਸਚਰਜ ਦੀਹਦਾ ਹੈਂ ਅਸਚਰਜ ਸੁਣਿਆਂ ਜਾਂਦਾ ਹੈਂ ਅਰ ਤੇਰੀ ਵਡਿਆਈ ਵੀ ਅਸਚਰਜ ਹੈ ॥ ਮੈਂ ਹੈਰਾਂਨ ਹਾਂ ਜੋ ਤੂੰ ਬੇਸ਼ੁਮਾਰ ਹੈਂ ਤੇਰੀ ਗਤੀ ਦੀ ਮਰਯਾਦਾ ਕਹੀ ਨਹੀਂ ਜਾਂਦੀ ਹੈ ॥ ਤੂੰ ਜਲਾਂ ਥਲਾਂ ਧਰਤੀ ਵਿਚ ਭਰਪੂਰ ਹੋ ਕੇ ਲੀਨ ਹੋਇਆ ਹੋਇਆ ਹੈਂ ਤੇਰੀ ਸੱਤਾ ਸਾਰਿਆਂ ਜੀਆਂ ਵਿਚ ਸਮਾਈ ਹੋਈ ਹੈ ॥ ਤੂੰ ਪਾਸ ਤੋਂ ਪਾਸ ਹੈਂ ਸਾਡੇ ਨਾਲ ਪ੍ਰਗਟ ਗਲਾਂ ਕਰਦਾ ਹੈਂ ਤੇਰਾ ਅੰਤ ਵੇਖਿਆ ਨਹੀਂ ਜਾਂਦਾ ॥ ੧ ॥

ਤੂੰ ਵਡਿ ਸਾਹਿਬੁ ਬਿਅੰਤੁ ਅਨੰਤੁ ਅਨਾਹਦ ਤੇਰੀ ਕੀਮਤ ਕੁਦਰਤਿ ਭਾਰੀ ॥ ਤੂੰ ਵਡਾ ਸਾਹਿਬੁ ਤੋਲ ਅਡੋਲ ਅਮੋਲਕ ਠਾਕਰ ਮਨ ਹੀ ਮੱਝ ਮੁਰਾਰੀ ॥ ਜਿਮੀ ਅਸਮਾਨੀ ਪੁਰੀ ਪਤਾਲੀ ਬਿਨ ਥੰਮਾ ਕਲਧਾਰੀ ॥ ਸੂਰਜ ਚੰਦ ਇੰਦ ਸਮੁੰਦ ਸਭੁ

Digitized by Panjab Digital Library | www.panjabdigilib.org

ਰਚਨਾ ਤੇਰੀ ਲਉਡੇ ਕਾਰ ਗੁਜਾਰੀ ॥ ਰਾਮੁ ਕ੍ਰਿਸ਼ਨ ਬਿਸ਼ਨ ਸਭਿ ਤੁਝੈ ਧਿਆਵੇਂ ਤੂੰ ਤਖਤ ਨਿਰੰਕਾਰ ਛਤ੍ਰ ਧਾਰੀ ॥ ੨ ॥

ਅਰਥ–ਤੂੰ ਬਹੁਤ ਵੱਡਾ ਮਾਲਕ ਹੈਂ, ਬਿਅੰਤੁ ਹੈਂ, ਤੇਰਾ ਅੰਤ ਨਹੀ ਹੈ, ਇਕ ਰਸ ਹੈਂ, ਤੇਰੀ ਕੁਦਰਤਿ ਦੀ ਕੀਮਤ ਬਹੁਤ ਭਾਰੀ ਵੱਡੀ ਹੈ ॥ ਤੂੰ ਬੜਾ ਵਡਾ ਮਾਲਕ ਹੈਂ ਤੇਰਾ ਤੋਲ ਨਹੀ ਹੈ ਤੂੰ ਅਡੋਲ ਅਮੋਲ ਹੈਂ,ਹੇ ਮੇਰੇ ਠਾਕੁਰ ਤੂੰ ਮੇਰੇ ਮਨਦੇ ਅੰਦਰ ਹੀ ਹੈਂ,ਮੁਰਦੈਂਤਾ ਦਾ ਨਾਸਕ ਹੈਂ॥ ਜਮੀਨ, ਅਸਮਾਨ, ਪੁਰੀਆਂ, ਪਤਾਲਾਂ, ਨੂੰ ਬਿਨਾ ਥੰਮਾਂ ਤੋ ਆਪਣੀ ਕਲਾ ਨਾਲ ਖੜਿਆਂ ਕਰ ਰਖਿਆ ਹੈ ॥ ਸੂਰਜ, ਚੰਦ, ਬੱਦਲ, ਸਮੁੰਦਰ, ਏਹ ਸਾਰੀ ਤੇਰੀ ਰਚਨਾ ਰਚੀ ਹੈ। ਏਹ ਸਾਰੇ ਬਾਲਕ ਤੇਰੀ ਕਾਰ ਗੁਜਾਰੀ ਕਰਨ ਹਾਰ ਹਨ ॥ ਰਾਮੁ ਕ੍ਰਿਸ਼ਨ ਬਿਸ਼ਨ ਸਾਰੈ ਤੈਨੂੰ ਯਾਦ ਕਰਦੇ ਹਨ ਤੂੰ ਤਖਤ ਵਾਲਾ ਨਿਰੰਕਾਰ ਵੱਡਾ ਛੱਤ੍ਰ ਧਾਰੀ ਹੈਂ ॥ ੨ ॥

ਜੋਧਮਹਾ ਬਲਿ ਵਡੇ ਵਡੇਰੇ ਭੈ ਸਾਹਿਬੁ ਥੋਂ ਡਰਦੇ ॥ ਸੁਰ ਨਰ ਗਣ ਗੰਧਰਬ ਦੇਵਤੇ ਸਭਿ ਠਾਡੇ ਉਸਤਿਤੁ ਕਰਦੇ ॥ ਪੀਰ ਪਕਾਮਰ ਗਾਂਉਸ ਕੁਤਬ ਅਉਲੀਏ ਸਭਿ ਨਿੰਉ ਨਿੰਉ ਮਥਾ ਧਰਦੇ ॥ ਸਿਧ ਸਾਧਕ ਮੋਨੀ ਰਖੀਸਰ ਸੋ ਸਭੁ ਤੇਰੇ ਬਰਦੇ।ਭਗਤਿ ਭਲੇ ਦਰਬਾਰੀ ਅੰਮ੍ਰਿਤ ਰਤੇ ਨਿਰੰਕਾਰੀ ਖਾਸੇ ਚੇਰੇ ਘਰਦੇ ॥੩॥

ਅਰਥ–ਇਕ ਨਾਲ ਲੜਨ ਵਾਲਾ ਤੇ ਲੱਖਾਂ ਨਾਲ ਲੜਕੇ ਜਿਤਨ ਵਾਲਾ ਏਹ ਵਡੇ ਵਡੇਰੇ ਸਭਿ ਤੇਰੇ ਡਰ ਅੰਦਰ ਹਨ, ਤੇਰੇ

Digitized by Panjab Digital Library | www.panjabdigilib.org

ਡਰ ਤੋਂ ਡਰਦੇ ਹਨ, ਦੇਵਤੇ ਆਦਮੀ, ਸ਼ਿਵ ਜੀ ਦੇ ਦਾਸ, ਦੇਵਤਿਆਂ ਦੇ ਰਾਗੀ ਸੁਰਗੀ ਦੇਵਤੇ ਸਾਰੇ ਖੜੋਤੇ ਤੇਰੀ ਸਿਫਤ ਕਰਦੇ ਹਨ ॥ ਪੂਜਨੀਯ, ਸਨੇਹਾ ਲਿਆਉਣ ਵਾਲੇ ਖੁਦਾ ਵਲੋਂ ਇਹ ਸਭ ਮੁਸਲਮਾਨ ਮਤ ਦੇ ਬਜੁਰਗਾਂ ਦੇ ਦਰਜੇ ਹਨ, ਔਲੀਆ ਆਦਿਕ ਸਾਰੇ ਨਿਉਂ ਨਿਉਂ ਕੇ ਤੇਰੇ ਅਗੇ ਮੱਥੇ ਧਰਦੇ ਹਨ ॥ ਚੁਰਾਸੀ ਸਿਧ, ਸਾਧਨਾ ਕਰਨ ਵਾਲੇ, ਚੁਪ ਰਹਿਣ ਵਾਲੇ ਇੰਦਰੀਆਂ ਦੇ ਮਾਲਕ ਭਾਵ ਇੰਦ੍ਰੀਆਂ ਨੂੰ ਵੱਸ ਰਖਣ ਵਾਲੇ ਇਹ ਸਾਰੇ ਤੇਰੇ ਗੁਲਾਮ ਹਨ ॥ ਤੇਰੇ ਭਗਤਿ ਦਰਬਾਰ ਦੇ ਵਿਚ ਰਹਿਣ ਵਾਲੇ ਬੜੇ ਚੰਗੇ ਹਨ ॥ ਤੇਰੇ ਨਾਮੁ ਅੰਮ੍ਰਿਤ ਵਿਚ ਰੱਤੇ ਹੋਏ ਖਾਸ ਨਿਰੰਕਾਰ ਦੇ ਘਰ ਦੇ ਗੁਲਾਮ ਹਨ ॥੩॥

ਜਿਸਤੂ ਹੋਇ ਦਿਆਲ ਕ੍ਰਿਪਾਲ ਕਰਤਾ ਬੇਸਮਾਰੁ ਸਤਿਗੁਰ ਤਿਸੇ ਮਿਲਾਏ॥ ਹਰਿਕਾ ਨਾਮੁਜਪਾਇ ਭਗਤੀ ਲਾਇ ਗੁਰ ਸੇਵਾ ਸਹਿਜ ਕਰਾਏ॥ ਗੁਰ ਗਿਆਨ ਦ੍ਰੜਾਇ ਗੁਰਮਤ ਮਨੁ ਵਸਾਏ ॥ ਮਨੁ ਕੀ ਦੁਰਮਤਿ ਦੂਰ ਗਵਾਏ॥ ਨਰਕ ਨ ਪਾਇ ਬੈ-ਕੁੰਠ ਛਡਾਏ ॥ ਧੁਰ ਅੰਮਰਾਪੁਰ ਪੋਹਚਾਏ ॥ ਸਤਿਗੁਰ ਅੰਮ੍ਰਿਤ ਪੀਲਾਇ ਦਰਸਨੁ ਦਿਖਲਾਏ ॥ ਭਾਗੁਵੰਤਾ ਭਗਤਿ ਨਿਵਾਜੇ ਜਨ ਹੰਦਾਲੁ ਆਖਿ ਸੁਨਾਏ ॥੪॥੩॥

ਅਰਥ—ਹੇ ਕਰਤਾ ਪੁਰਖੁ ਜਿਸਨੂੰ ਤੂੰ ਦਿਆਲੂ ਕ੍ਰਿਪਾਲੂ ਹੁੰਦਾ ਹੈਂ, ਹੇ ਬਿਸ਼ੁਮਾਰ ਓਸ ਨੂੰ ਤੂੰ ਗੁਰੂ ਨਾਲ ਮਿਲਾ ਦੇਂਦਾ ਹੈਂ,॥ ਹਰੀ ਦਾ ਨਾਮੁ ਜਪਾਕੇ ਉਸਨੂੰ ਤੂੰ ਭਗਤੀ ਲਾ ਦੇਂਦਾ ਹੈ; ਸਭਾਵਕ ਹੀ

Digitized by Panjab Digital Library | www.panjabdigilib.org

ਗੁਰੂ ਦੀ ਸੇਵਾ ਕਰਾਂਦਾ ਹੈਂ ॥ ਗੁਰੂ ਦਾ ਗਿਆਨ ਪੱਕਾ ਕਰਾਕੇ ਗੁਰੂ ਦੀ ਸਿਖਿਆ ਮਨੁ ਵਿਚ ਵਸਾ ਦੇਂਦਾ ਹੈ ॥ ਮਨਦੀ ਖੋਟੀ ਅਕਲ ਦੂਰ ਹੋ ਜਾਂਦੀ ਹੈ ॥ ਨਰਕ ਵਿਚ ਨਹੀਂ ਪੈਂਦਾ ਸੁਰਗ ਤੋਂ ਵੀ ਜੀਵ ਨੂੰ ਛਡਾ ਲੈਂਦੇ ਹਨ, ਭਾਵ ਭਗਤਿ ਸੁਰਗਾਂ ਨੂੰ ਵੀ ਨਹੀਂ ਚਾਹੁੰਦੇ ਹਨ, ਖਾਸ ਧੁਰ ਅਮਰਾ ਪੁਰ ਨਿਰੰਕਾਰ ਦੇ ਵਾਸ ਦੀ ਥਾਂ ਵਿਚ ਪਹੁੰਚਾ ਦੇਂਦੇ ਹਨ ॥ ਸਤਿਗੁਰੂ ਆਪਨਾ ਨਾਮ ਅੰਮ੍ਰਿਤ ਪਿਆ ਕੇ ਹਰੀਦਾ ਦਰਸ਼ਨ ਦਿਖਾ ਦੇਂਦੇ ਹਨ ॥ ਭਾਗਾਂ ਵਾਲੇ ਭਗਤਿ ਨਿਵਾਜੇ ਜਾਂਦੇ ਹਨ ਸਤਿਗੁਰੂ ਬਾਬਾ ਹੰਦਾਲੁ ਜੀ ਆਖਕੇ ਸੁਣਾਂਦੇ ਹਨ ॥੪॥੩॥

੧ ੴ ਸਤਿਨਾਮੁ ਕਰਤਾ ਪੁਰਖੁ

(ਰਾਗੁ ਤੁਖਾਰੀ ਮਹਲਾ ੪ ॥ *ਬਾਰਹਮਾਹਾ)

ਕਿਰਤੁ ਕਰਮ ਪੂਰਬ ਕਰਤੇ ਲਿਖੁ ਪਾਇਆ ॥੧॥

ਅਰਥ—ਜੇਹੜੇ ਪਹਿਲੇ ਜਨਮ ਵਿਚ ਜੀਵ ਨੇ ਚੰਗੇ ਮੰਦੇ ਕਰਮ ਕੀਤੇ ਸਨ ਓਹ ਕਰਮਾਂ ਦੇ ਅਨੁਸਾਰ ਕਰਤੇ ਨੇ ਜੀਵ ਨੂੰ ਲਿਖ

*ਨਿਰੰਜਨ ਪੰਥ ਦੇ ਸ੍ਰਿ ਤਾਜ ਸ੍ਰੀ ਗੁਰੂ ਬਾਬਾ ਹੰਦਾਲੁ ਸਾਹਿਬ ਜੀ ਦੀ ੪ ਪਾਤਸ਼ਾਹੀ ਸ੍ਰੀ ਗੁਰੂ ਸਾਹਿਬੁ ਆਕਲਦਾਸ ਜੀ ਗਦੀ ਪ੍ਰ ਸ਼ੋਭਿਤ ਥੇ ਇਕ ਦਿਨ ਏਹੀ ਗੁਰੂ ਸਾਹਿਬ ਜੀ ਭਰੇ ਦਿਵਾਂਨ ਵਿਚ ਸਮੂੰਹ ਚਾਰ ਵਰਨ ਦੀ ਸੰਗਤ ਨੂੰ ਉਪਦੇਸ਼ ਕਰ ਰਹੇ ਸਨ ਤਾਂ ਇਕ ਸਿਖ ਬੜਾ ਸੁਜਾਨ ਸੀ ਇਸ ਸਿਖ ਨੇ ਸੰਗਤਿ ਦਾ ਮਨਸ਼ਾ ਦੇਖ ਕੇ ਗੁਰੂ ਸਾਹਿਬਾਂ ਦੇ ਪਾਸ ਸਭ ਸੰਗਤ ਦੀ ਤਰਫੋਂ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਕਲ ਕੋ ਸੰਗ੍ਰਾਂਤਿ ਹੈ ਕ੍ਰਿਪਾ ਕਰਕੇ ਸਭ ਸੰਗਤਿ ਨੂੰ ਅਪਨੇ ਮੁਖਾਰ-ਬਿੰਦ ਥੋਂ ਬਾਰਹਮਾਹਾ ਸੁਨਾਈਏ ਤਬ ਗੁਰੂ ਜੀ ਨੇ ਬਾਰਹਮਾਹਾ ਉਚਾਰਨ ਕਰਕੇ ਸਭ ਸੰਗਤਿ ਨੂੰ ਨਿਹਾਲ ਕੀਤਾ, ਜਬ ਤੱਕ ਏਹ ਗੁਰੂ ਜੀ ਗਦੀ ਪ੍ਰ ਰਹੇ ਨਿਰਜੰਨ ਪੰਥ ਦਾ ਪ੍ਰਚਾਰ ਕਰਦੇ ਰਹੇ।

Digitized by Panjab Digital Library | www.panjabdigilib.org

ਕੇ ਜਨਮ ਵਿਚ ਪਾ ਦਿਤਾ ਹੈ ਜਾਂ ਮੇਰੇ ਉਤੇ ਲਿਖਕੇ ਲੇਖਾ ਪਾ ਦਿਤਾ ਹੈ ॥ ੧ ॥

ਸੋ ਕਿਛੁ ਸੰਗਿ ਮਿਲਿਆ ਜੋ ਪ੍ਰਭੁ ਦਿਵਾਇਆ ॥੨॥

ਜੀਵ ਨੂੰ ਹੀ ਓਹ ਕੁਛ ਨਾਲ ਮਿਲਿਆ ਹੈ ਜੋ ਮਾਲਕ ਨੇ ਦਿਵਾਇਆ ਹੈ ॥੨॥

ਪ੍ਰਭੁ ਦਿਵਾਇਆ ਸੋ ਕਛੁ ਪਾਇਆ ਕਹਣਾ ਕਛੂ ਨ ਜਾਈ ॥੩॥

ਅਰਥ—ਮਾਲਕ ਨੇ ਜੋ ਦਿਵਾਇਆ ਸੋ ਜੀਵ ਨੇਂ ਪ੍ਰਾਪਤ ਕੀਤਾ ਹੈ ਇਸ ਵਿਚ ਕੁਛ ਅਸੀਂ ਆਪਣਾ ਖਿਆਲ ਨਹੀਂ ਆਖਿ ਸਕਦੇ ਹਾਂ ॥ ੩ ॥

ਜੋ ਉਨ ਦੀਆ ਸੋ ਹਮ ਲੀਆ ਤਨੁ ਮਨੁ ਰਹਿਆ ਸਮਾਈ ॥੪॥

ਅਰਥ—ਜੋ ਉਸਨੇ ਦਿਤਾ ਹੈ ਸੋ ਅਸਾਂ ਲੈ ਲਿਆ ਹੈ ਸਾਡਾ ਤਨੁ ਮਨਿ ਉਸਦੇ ਨਾਲ ਮਿਲ ਗਿਆ ਹੈ ॥੪॥

ਲਾਹੇ ਕਾਰਨ ਏਸ ਜਗ ਆਇ ਉਲਟਾ ਭਰਮ ਭੁਲਾਇਆ ॥੫॥

ਅਰਥ—ਅਸੀਂ ਲਾਭ ਲੈਣ ਲਈ ਇਸ ਜਗਤ ਤੇ ਆਏ ਹਾਂ ਉਲਟਾ ਸਾਡਾ ਮਨ ਭਰਮ ਵਿਚ ਭੁੱਲ ਗਿਆ ਹੈ ॥੫॥

ਕਿਰਤਿ ਕਰਮੁ ਪੂਰਬ ਹੰਦਾਲੁ ਜੋ ਕਰਤੇ ਲਿਖਿਆ ਪਾਇਆ ॥੧॥

ਅਰਥ—ਜੋ ਅਸਾਂ ਪਹਿਲੇ ਕਰਮੁ ਕੀਤਾ ਸੀ ਗੁਰੂ ਹੰਦਾਲੁ ਜੀ ਆਖਿਦੇ ਹਨ ਓਹਨਾਂ ਦੇ ਅਨੁਸਾਰੁ ਸਾਨੂੰ ਕਰਤੇ ਨੇਂ ਸੁਖ ਦੁਖ ਵਿਚ ਪਾ ਦਿਤਾ ਹੈ ॥੧॥

Digitized by Panjab Digital Library | www.panjabdigilib.org

ਚਾਤ੍ਰਕੁਚਿਤਵਿਤਿਰਹੇਏਕਬੂੰਨਿਰਮਲਪਾਣੀ॥੧॥

ਅਰਥ—ਪਪੀਹਾ ਇਕ ਪਾਣੀ ਦੀ ਸਾਫ ਸ੍ਵਾਂਤੀ ਬੂੰਦ ਨੂੰ ਯਾਦ ਕਰਦਾ ਰਹਿੰਦਾ ਹੈ ॥੧॥

ਕਰ ਕਿਰਪਾ ਦੇਵੈ ਸਹਜੇ ਰੰਗ ਮਾਂਣੀ ॥੩॥

ਅਰਥ—ਪ੍ਰਮੇਸਰ ਕ੍ਰਿਪਾ ਕਰਕੇ ਜੇ ਦੇ ਦੇਵੇ ਤਾਂ ਪਪੀਹਾ ਸਹਿਜੇ ਹੀ ਅਨੰਦ ਮਾਂਣਦਾ ਹੈ॥੩॥

ਸਹਿਜ ਰੰਗੁ ਮਾਣੀ ਜਾਂ ਪ੍ਰਭੁ ਭਾਣੀ ਕਾਮਣਿ ਸੇਜ ਚੜਾਈ ॥

ਅਰਥ—ਇਸੀਤਰਾਂ ਜੀਵ ਰੂਪ ਇਸਤ੍ਰੀ ਸੁਭਾਵਕ ਅਨੰਦ ਮਾਣਦੀ ਹੈ ਜਦੋਂ ਮਾਲਕ ਨੂੰ ਭਾ ਜਾਂਦੀ ਹੈ ਫਿਰ ਪਤੀ ਉਸ ਇਸਤ੍ਰੀ ਨੂੰ ਆਪਣੀ ਸੇਜਾ ਉਤੇ ਬਹਾ ਲੈਂਦਾ ਹੈ ॥ ੩ ॥

ਅੰਗ ਸੰਗਿ ਲਾਗੀ ਸਾ ਵਡਭਾਗੀ ਮੈਲੁ ਨ ਰਹੀਆ ਕਾਈ ॥ ੪ ॥

ਅਰਥ—ਜੋ ਫਿਰ ਪਤੀ ਦੇ ਅੰਗਾਂ ਦੇ ਨਾਲ ਲੱਗ ਜਾਂਦੀ ਹੈ ਓਹੋ ਹੀ ਵਡਿਆਂ ਭਾਗਾਂ ਵਾਲੀ ਹੋ ਜਾਂਦੀ ਹੈ, ਉਸ ਵਿਚ ਰਤਾ ਵੀ ਮੈਲ ਨਹੀਂ ਰਹਿੰਦੀ ਹੈ ॥੪॥

ਹਰਿਹੰਦਾਲੁਕਛੂਭੇਦਨਜਾਪੇਜੋਤੀਜੋਤਿਸਮਾਈ॥੫॥

ਅਰਥ—ਸ੍ਰੀ ਗੁਰੂ ਹੰਦਾਲੁ ਜੀ ਆਖਿਦੇ ਹਨ ਫਿਰ ਜੀਵ ਤੇ ਇਸਤ੍ਰੀ ਵਿਚ ਕੋਈ ਫਰਕ ਨਹੀਂ ਪਾਇਆ ਜਾਂਦਾ ਹੈ ਇਕ ਰੂਪ ਹੋ ਜਾਂਦੇ ਹਨ,ਪਤੀ ਦੀ ਜੋਤਿ ਨਾਲ ਇਸਤ੍ਰੀ ਦੀ ਜੋਤ ਮਿਲ ਜਾਂਦੀ ਹੈ॥੫॥

ਚਾਤ੍ਰਕੁ ਚਿਤੁਵਤਿ ਪੂਰੀ ਆਸਾ ਪਾਇਆ ਨਿਰਮਲ ਪਾਣੀ॥ ੨ ॥

Digitized by Panjab Digital Library | www.panjabdigilib.org

ਅਰਥ–ਜੀਵ ਰੂਪ ਪਪੀਹਾ ਬੂੰਦ ਨੂੰ ਚੇਤੇ ਕਰਦਾ ਹੈ ਉਸ ਦੀ ਆਸਾ ਪੂਰੀ ਹੋ ਜਾਂਦੀ ਹੈ ਉਸਨੂੰ ਸਾਫ ਪਾਣੀ ਪ੍ਰਾਪਤਿ ਹੋ ਜਾਂਦਾ ਹੈ॥੨॥

ਤੂੰ ਸੁਣਿ ਪ੍ਰੀਤਮੁ ਪਿਆਰੇ ਪ੍ਰੀਤਮ ਮੇਰੇ ॥

ਅਰਥ–ਹੇ ਮੇਰੇ ਪ੍ਰੀਤਮ ਪਿਆਰੇ ਤੂੰ ਆਕੇ ਸੁਣ ॥ ਮੈ ਨਿਰ ਗੁਣਆਰੀ ਸਭੇ ਗੁਣ ਤੇਰੇ ॥ ਅਰਥ–ਮੇਰੇ ਪ੍ਰੀਤਮੁ ਮੈ ਔਗੁਣਹਾਰੀ ਹਾਂ ਤੇਰੇ ਵਿਚ ਸਾਰੇ ਗੁਣ ਹਨ ॥

ਸਭ ਗੁਣਿ ਤੇਰੇ ਅਉਗੁਣ ਮੇਰੇ ਕਿਤੁ ਮੁਖੁ ਤੁਝੇ ਸਲਾਹੀ ॥

ਅਰਥ–ਸਾਰੇ ਔਗੁਣ ਮੇਰੇ ਅੰਦਰ ਹਨ ਸਾਰੇ ਗੁਣ ਤੇਰੇ ਅੰਦਰ ਹਨ ਮੈ ਕੇਹੜੇ ਮੂੰਹ ਨਾਲ ਤੈਨੂੰ ਸਲਾਹਾਂ ॥

ਜੀਅ ਜੰਤੁ ਗੁਣਿਵੰਤੇ ਕੀਤੇ ਮੈ ਗੁਣਿ ਕੋਈ ਨਾਹੀ ॥

ਅਰਥ–ਸਾਰੇ ਜੀਵ ਜੰਤ ਤੂੰ ਗੁਣ ਵਾਲੇ ਬਨਾ ਦਿਤੇ ਹਨ ਮੇਰੇ ਵਿਚ ਕੋਈ ਗੁਣਿ ਨਹੀ ਹੈ॥

ਜਲਿਥਲਿ ਰਵਿ ਰਹਿਆ ਭਰਪੂਰੇ ਗੁਰ ਸਬਦੀ ਭੈਏ ਚੇਰੇ ॥

ਅਰਥ–ਤੂੰ ਜਲਾਂ ਥਲਾਂ ਵਿਚ ਲਬਾ ਲਬ ਹੋ ਕੇ ਮਿਲ ਰੇਹਾ ਹੈਂ ਗੁਰੂ ਦੇ ਉਪਦੇਸ ਕਰਕੇ ਸਾਰੇ ਜੀਵ ਡਰਦੇ ਮਾਰੇ ਤੇਰੇ ਦਾਸ ਬਣ ਗਏ ਹਨ ॥

ਕਹੇ ਹੰਦਾਲੁ ਪ੍ਰੀਤਮੁ ਪਿਆਰੇ ਤੂੰ ਸੁਣਿ ਪ੍ਰੀਤਮੁ ਮੇਰੇ॥ ੩ ॥

ਅਰਥ–ਸ੍ਰੀ ਗੁਰੂ ਬਾਬਾ ਹੰਦਾਲੁ ਜੀ ਕਹਿੰਦੇ ਹਨ ਹੇ ਮੇਰੇ

Digitized by Panjab Digital Library | www.panjabdigilib.org

ਪਿਆਰੇ ਪ੍ਰੀਤਮੁ ਸੁਣ ॥ ੩ ॥

ਅੰਮ੍ਰਿਤੁ ਨਾਮੁ ਨਿਧਾਨੁ ਸੰਤਾ ਤੇ ਪਾਇਆ ॥

ਅਰਥ—ਅੰਮ੍ਰਿਤੁ ਦਾ ਨਾਮੁ ਖਜਾਨਾ ਸੰਤਾਂ ਤੋ ਪ੍ਰਾਪਤਿ ਕੀਤਾ ਹੈ॥

ਗੁਰ ਚਰਨੀ ਲਗਾ ਸੋਊ ਹਰਿ ਗੁਣਿ ਗਾਇਆ॥

ਅਰਥ—ਜੋ ਹਰੀ ਦੇ ਚਰਨੀ ਲੱਗਾ ਹੈ ਊਸ ਨੇ ਹਰੀ ਦੇ ਗੁਣਾਂ ਨੂੰ ਗਾਇਆ ਹੈ ॥

ਜਾਂ ਗੁਣਿ ਗਾਇਆ ਤਾਂ ਪ੍ਰਭੁ ਪਾਇਆ ਕ੍ਰਿਪਾ ਕਰੀ ਦਿਆਲੇ ॥

ਅਰਥ—ਗੁਣ ਗਾਇਆ ਤਾਂ ਮਾਲਕ ਨੂੰ ਪਾ ਲਿਆ ਦਿਆਲੂ ਨੇ ਕ੍ਰਿਪਾ ਕੀਤੀ ॥

ਦੂਖ ਦਰਦੁ ਸੰਸਾ ਨਹੀ ਵਿਆਪੇ ਸਾਸਿ ਸਾਸਿ ਪ੍ਰਤਿ ਪਾਲੇ ॥

ਅਰਥ—ਫਿਰ ਦੁਖ ਦਰਦ ਸੰਸਾ ਨਹੀ ਛੁਹੰਦਾ ਹੈ ਸਾਸਿ ਸਾਸਿ ਮਾਲਕ ਪਾਲਦਾ ਹੈ ॥

ਰੋਮ ਰੋਮ ਰਵਿਆ ਅਬਨਾਸ਼ੀ ਏਕ ਪਲ ਕਿਤਹੂ ਨ ਜਾਇਆ ॥

ਅਰਥ—ਅਬਨਾਸੀ ਵਾਲ ਵਾਲ ਵਿਚ ਮਿਲਿਆ ਹੋਇਆ ਹੈ ਜੀਵ ਨੂੰ ਛੱਡਕੇ ਇਕ ਪਲ ਵੀ ਕਿਤੇ ਨਹੀ ਜਾਂਦਾ ਹੈ ॥

ਕਹੇ ਹੰਦਾਲੁ ਨਾਮੁ ਨਿਧਾਨ ਤੇਰਿਆ ਸੰਤਾ ਪਾਇਆ ॥ ੪ ॥

ਸ੍ਰੀ ਸਤਿਗੁਰੂ ਬਾਬਾ ਹੰਦਾਲੂ ਜੀ ਆਖਿ ਦੇ ਹਨ ਤੇਰਿਆਂ ਸੰਤਾ ਨੇ ਨਾਮੁ ਦਾ ਖਜਾਨਾ ਪਾ ਲਿਆ ਹੈ ॥ ੪ ॥

Digitized by Panjab Digital Library | www.panjabdigilib.org

ਚੇਤੁ ਤਾਹਿ ਭਲਾ ਜਾਂ ਚਿਤੁ ਅਸਥਿਰੁ ਰਾਖੇ॥

ਅਰਥ—ਉਸਨੂੰ ਚੇਤ ਮਹੀਨਾ ਚੰਗਾ ਹੈ ਜੋ ਚਿਤ ਨੂੰ ਹਰੀ ਵਿਚ ਟਿਕਾ ਰਖਦਾ ਹੈ ॥

ਸਚੁ ਸਚੁ ਵਰਤਦਾ ਅਸਤਿ ਨਾ ਭਾਖੇ ॥

ਅਰਥ—ਸਚੁ ਸਚੁ ਹੀ ਆਖੇ ਰਤਾ ਵੀ ਝੂਠ ਨ ਬੋਲੇ ॥

ਅਸਤਿ ਨਾ ਭਾਖੇ ਅੰਮ੍ਰਿਤੁ ਚਾਖੇ ਗੁਰੂ ਮੂਰਤਿ ਲਿਉ ਲਾਗੀ ॥

ਅਰਥ—ਝੂਠ ਨਾ ਆਖੇ ਅੰਮ੍ਰਿਤ ਰਸ ਨੂੰ ਚੱਖੇ ਗੁਰੂ ਦੀ ਮੂਰਤੀ ਨਾਲ ਪ੍ਰੀਤੀ ਲੱਗੀ ਰਹੇ ॥

ਭਇਆ ਉਜਾਲਾ ਮਿਟੇ ਅੰਧੇਰਾ ਬ੍ਰਹਮੁ ਜੋਤਿ ਜਬ ਜਾਗੀ ॥

ਅਰਥ—ਪ੍ਰਕਾਸ਼ ਹੋ ਗਿਆ ਹਨੇਰਾ ਦੂਰ ਹੋ ਗਿਆ ਜਦੋਂ ਪ੍ਰਮੇਸ਼ਰ ਦੀ ਜੋਤਿ ਅੰਦਰਿ ਆਕੇ ਜਗ ਪਈ ॥

ਚਰਨਿ ਕਉਲ ਹਿਰਦੇ ਪ੍ਰਗਾਸੇ ਗੁਰ ਸਾਖੀ ਸਚੁ ਆਖੈ ॥

ਪ੍ਰਮੇਸ਼ਰ ਦੇ ਚਰਨਾ ਕਉਲਾਂ ਦਾ ਚਾਂਨਣ ਹਿਰਦੇ ਵਿਚ ਆਕੇ ਹੋ ਗਿਆ ਹੈ ਗੁਰੂ ਸਾਖੀ ਦੁਆਰਾ ਸੱਚੁ ਆਖਦਾ ਹੈ ॥

ਕਹੇਹੰਦਾਲੁਚੇਤੁਸੁਹਾਵੈਜਾਚਿਤੁਅਸਥਿਰਰਾਖੇ ੫॥

ਅਰਥ—ਸ੍ਰੀ ਗੁਰੂ ਹੰਦਾਲੁ ਜੀ ਆਖਦੇ ਹਨ ਉਸ ਨੂੰ ਚੇਤ ਦਾ ਮਹੀਨਾ ਚੰਗਾ ਹੈ ਜੋ ਮਨਿ ਵਿਚ ਟਿਕਾ ਰਖੇ ॥ ੫ ॥

ਮਾਹੁ ਵਿਸਾਖੁ ਭਲਾ ਜੇ ਕੂੜੁ ਹੋਇ ਵਸੇਖੇ ॥

ਅਰਥ—ਉਸ ਨੂੰ ਵਿਸਾਖ ਦਾ ਮਹੀਨਾ ਚੰਗਾ ਹੈ ਜੋ ਕੁਛ ਹੁੰਦਾ

Digitized by Panjab Digital Library | www.panjabdigilib.org

ਹੈ ਓਹ ਖਾਸ ਕਰਕੇ ਪ੍ਰਮੇਸ਼ਰ ਵੱਲੋਂ ਹੀ ਹੁੰਦਾ ਹੈ ਇਹ ਜੀਵ ਨੂੰ ਪ੍ਰਤੀਤ ਹੋਣੀ ਚਾਹੀਦੀ ਹੈ ॥

ਪ੍ਰੀਤਮੁ ਤਾਂ ਮਿਲੇ ਜਾਂ ਮਸਤਕ ਪੂਰਨਿ ਲੇਖੇ ॥

ਅਰਥ—ਜੇ ਮੱਥੇ ਉਤੇ ਪੂਰੇ ਲੇਖ ਹੋਣ ਤਾਂ ਪਿਆਰਾ ਆ ਮਿਲਦਾ ਹੈ ॥

ਪੂਰਨਿ ਲੇਖੁ ਜਾਨ ਤਬ ਪ੍ਰਾਣੀ ਜਾਂ ਸਤਿਗੁਰ ਪੂਰਾ ਮਿਲਿਆ ॥

ਅਰਥ—ਹੇ ਪ੍ਰਾਣੀ ਆਪਣੇ ਪੂਰਨਿ ਲੇਖੁ ਤਾਂ ਹੀ ਜਾਣ ਜਾ ਪੂਰਾ ਗੁਰੂ ਆ ਕੇ ਮਿਲ ਪਵੇ ॥

ਆਵਾ ਗਉਨ ਮਿਟੇ ਸਭਿ ਦੂਖਾ ਬਹੁੜ ਨਾ ਗ੍ਰਭੇ ਗਲਿਆ ॥

ਅਰਥ—ਜਨਮ ਮਰਨ ਦੇ ਸਾਰੇ ਦੁਖ ਮਿਟ ਜਾਣ ਫਿਰ ਗਰਭ ਦੇ ਦੁਖ ਵਿਚ ਜੀਵ ਆ ਕੇ ਨ ਗਲੇ ॥

ਗੁਰਕ੍ਰਿਪਾਤੇਸਗਲੇ ਕਾਟੇਉਪਜਿਆਮਨਿਬਾਬੇਕੋ॥

ਅਰਥ—ਗੁਰੂ ਦੀ ਕ੍ਰਿਪਾਲਤਾ ਨਾਲ ਸਾਰੇ ਦੁਖ ਕੱਟੇ ਜਾਂਦੇ ਹਨ ਅਰ ਮਨ ਵਿਚ ਵਿਚਾਰ ਗਿਆਨ ਪ੍ਰਗਟ ਹੁੰਦਾ ਹੈ ॥

ਕਹੇ ਹੰਦਾਲੁਵੈਸਾਖੁਫਲ ਲਾਗੇਤਾਂਕਛੁ ਵਸੇਖੇ॥੬॥

ਅਰਥ—ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਆਖਦੇ ਹਨ ਵੈਸਾਖੁ ਵਿਚ ਓਹਨਾਂ ਨੂੰ ਆ ਫਲ ਲਗਦੇ ਹਨ ਤੇ ਖਾਸ ਕਰਕੇ ਓਹਨਾਂ ਦਾ ਹੀ ਜਨਮ ਸਫਲ ਹੁੰਦਾ ਹੈ ॥ ੬ ॥

ਜੇਠ ਮਾਹੁ ਪ੍ਰਿ ਦੂਰਿ ਨ ਜਾਏ ॥ ਸਦਾ ਸੰਗਿ ਵਸੇ ਕਾਂਮਨਿ ਸੁਖੁ ਪਾਏ ॥

ਅਰਥ—ਜੇਠ ਦੁਆਰਾ ਉਪਦੇਸ ਕਰਦੇ ਹਨ ਮਾਲਕ ਦੂਰ ਨਹੀਂ

Digitized by Panjab Digital Library | www.panjabdigilib.org

ਜਾਂਦਾ ਹੈ ॥ ਸਦਾ ਨਾਲ ਹੀ ਵਸਦਾ ਹੈ ਜੀਵ ਇਸਤ੍ਰੀ ਸੁਖ ਪਾਂਦੀ ਹੈ ॥

ਕਾਂਮਨਿ ਸੁਖੁ ਪਾਏ ਸੰਗਿ ਸੰਮਾਏ ਘਰਹੀ ਮਹਿ ਅਨੰਦਾ ॥ ਮੈਇਲ ਖੋਈ ਕੋਟ ਅਘਨਾਸੇ ਉਤ੍ਰ ਗੈਈ ਸਭਿ ਚਿੰਤਾ ॥

ਅਰਥ–ਇਸਤ੍ਰੀ ਸੁਖ ਪਾਂਦੀ ਹੈ ਪਤੀ ਦੇ ਨਾਲ ਹੀ ਮਿਲੀ ਰਹਿੰਦੀ ਹੈ ਉਸ ਨੂੰ ਘਰ ਦੇ ਵਿਚ ਹੀ ਅਨੰਦ ਮਿਲਦਾ ਹੈ ॥ ਆਤਮਾਂ ਦੀ ਮਲੀਨਤਾ ਖੋਈ ਜਾਂਦੀ ਹੈ ਤੇ ਕਰੋੜਾਂ ਪਾਪਿ ਦੂਰ ਹੋ ਜਾਂਦੇ ਹਨ ਅਰ ਸਾਰੀ ਚਿੰਤਾ ਵੀ ਉਤਰ ਜਾਂਦੀ ਹੈ ॥

ਭਲੇ ਮਹੂਰਤਿ ਸਤਿਗੁਰ ਮਿਲਿਆ ਸਚਿਨਾਮੁਧਿਆਇ॥ਕਹੇਹੰਦਾਲੁਜੇਠਭਲਾਜਾਂ ਪ੍ਰਿਦੂਰਨਜਾਇ॥੭॥

ਅਰਥ–ਓਹ ਪਲ ਘੜੀ ਬਹੁਤੀ ਚੰਗੀ ਹੈ ਜਦੋਂ ਗੁਰੂ ਆ ਮਿਲ-ਦਾ ਹੈ ਤੇ ਪ੍ਰਭੂ ਦਾ ਨਾਮੁ ਚੇਤੇ ਆਉਂਦਾ ਹੈ ॥ ਸਤਿਗੁਰੂ ਬਾਬਾ ਹੰਦਾਲੁ ਜੀ ਆਖਿਦੇ ਹਨ ਜੇਠ ਦਾ ਮਹੀਨਾ ਬਹੁਤ ਚੰਗਾ ਹੈ ਜੋ ਪ੍ਰਭੂ ਘਰ ਤੋਂ ਦੂਰ ਨ ਜਾਵੇ ॥ ੭ ॥

ਮਾਹੁ ਹਾੜੁ ਭਲਾ ਭਉਰ ਗੁਫਾ ਲੋੜੇ ॥ ਏਕ ਪ੍ਰੀਤਮੁ ਰਚੇ ਆਨਿ ਪ੍ਰੀਤ ਸਭਿ ਤੋੜੇ ॥

ਅਰਥ–ਹਾੜ ਦਾ ਮਹੀਨਾ ਬਹੁਤ ਚੰਗਾ ਹੈ ਭਉਰ ਠੰਢੀਆਂ ਗੁਫਾਂ ਨੂੰ ਚਾਹੁੰਦੇ ਹਨ ॥ ਇਕ ਪਿਆਰੇ ਵਿਚ ਰਚ ਜਾਣ ਹੋਰ ਸਾਰੀ ਪ੍ਰੀਤ ਤੋੜ ਦੇਣ ॥

ਆਨਿ ਪ੍ਰੀਤ ਨ ਕਰੇ ਕਾਂਮਨਿ ਏਕੋ ਏਕ ਬਾਖਾਣੇ ॥ ਗੁਰ ਚਰਨ ਲਾਗੇ ਸਦਾ ਜਾਗੇ ਮਿਲੇ ਸਭਿ ਰਸੁ ਮਾਣੇ ॥

Digitized by Panjab Digital Library | www.panjabdigilib.org

ਅਰਥ–ਇਸਤ੍ਰੀ ਹੋਰ ਪ੍ਰੀਤ ਨ ਕਰੇ ਇਕੋ ਇਕ ਦੀ ਪ੍ਰੀਤੀ ਨੂੰ ਮੂੰਹੋ ਆਖਦੀ ਰਹੇ ॥ ਗੁਰੂ ਦੀ ਚਰਨੀ ਲੱਗੇ ਸਦਾ ਜਾਗਦਾ ਰਹੇ ਮਿਲ ਕੇ ਸਾਰੇ ਰਸ ਮਾਣ ਲਵੇ ॥

ਮੋਹਿ ਮਮਤਾ ਬਿਕਾਰ ਡਾਲੇ ਗੁਰ ਬਚਨੀ ਸਭਿ ਛੋੜੇ ॥ ਕਹੇ ਹੰਦਾਲੁ ਸੁਣਹੁ ਸੰਤਹੁ ਭਉਰ ਗੁਫਾ ਸਦਾ ਲੋੜੇ ॥ ੮ ॥

ਅਰਥ–ਮੋਹ ਮਮਤਾ ਵਿਕਾਰ ਸੁਟ ਦੇਵੇ ਗੁਰ ਬਚਨ ਦੁਆਰਾ ਸਭ ਛੱਡ ਦੇਵੇ ॥ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਆਖਦੇ ਹਨ ਹੇ ਸੰਤੋ ਸੁਣੋ ਜੀਵ ਭੌਉਰ ਸਦਾ ਗੁਫਾ ਲੋੜਦਾ ਹੈ ॥ ੮ ॥

ਸਾਵਣ ਮਾਹੁ ਭਲਾ ਧ੍ਰਤੀ ਮਿਲੇ ਸੁਹਾਗੁ ॥ ਕਾਂਮਣਿ ਸੰਗਿ ਰਹੇ ਜੇ ਮਸਤਕ ਪੂਰਨਿ ਭਾਗੁ॥

ਅਰਥ–ਸਉਣ ਦਾ ਮਹੀਨਾ ਚੰਗਾ ਹੈ ਧਰਤੀ ਨੂੰ ਸੁਹਾਗ ਮਿਲ-ਪੈਂਦਾ ਹੈ ॥ ਇਸਤ੍ਰੀ ਪਤੀ ਦੇ ਨਾਲ ਵੱਸਦੀ ਰਹਿੰਦੀ ਹੈ ਜੇ ਮੱਥੇ ਦੇ ਪੂਰੇ ਭਾਗ ਹੋਣ ਤੇ ਤਾਂ ॥

ਭਾਗ ਪੂਰਨਿ ਬਨੇ ਗੁਰਮੁਖਿ ਆਪੁ ਕ੍ਰਿਪਾ ਧਾਰੀਆ ॥ ਨਖ ਸਿਖ ਭਰੇ ਨ ਊਣੇ ਕਬਹੂ ਏਉ ਬਨਿਵਾਰੀਆ॥

ਅਰਥ–ਪੂਰੇ ਭਾਗ ਤਾਂ ਬਣਦੇ ਹਨ ਜੇ ਗੁਰੂ ਆਪ ਕ੍ਰਿਪਾ ਕਰ ਦੇਵੇ ॥ ਨੌਹ ਤੋਂ ਲੈਕੇ ਚੋਟੀ ਤੱਕ ਤਾਂ ਹੀ ਭਰੇ ਰਹੀਦਾ ਹੈ ਊਣੇ ਨਹੀ ਹੋਈ ਦਾ ਕਦੀ ਵੀ ਇਹ ਮਾਲਕ ਵਲੋਂ ਕ੍ਰਿਪਾ ਹੈ ॥

ਕੂੜਕੀ ਮੁਣੀਆਦ ਨਾਹੀ ਸਚਾ ਮਸਤਕ ਦਾਗੋ॥ ਹੰਦਾਲੁ ਸਾਵਣ ਸਦਾ ਸੋਹੇ ਗੁਰ ਸਬਦੀ ਮਨਿ

Digitized by Panjab Digital Library | www.panjabdigilib.org

ਜਾਗੋ ॥ ੯ ॥

ਅਰਥ—ਝੂਠ ਦੀ ਮੁਣਆਦਿ ਨਹੀ ਮੱਥੇ ਦਾ ਸਚਾ ਨਿਸ਼ਾਨ ਹੈ॥ ਸ੍ਰੀ ਗੁਰੂ ਹੰਦਾਲੁ ਜੀ ਆਖਦੇ ਹਨ ਸਾਵਣ ਦਾ ਮਹੀਨਾ ਤਾਂ ਹੀ ਸੋਹਣਾ ਹੈ ਗੁਰੂ ਸਬਦ ਵਿਚ ਮਨਿ ਲਗਾ ਰਹੇ ॥ ੯ ॥

ਭਾਦਉ ਭਰਮੁ ਗਇਆ ਸਤਿਗੁਰ ਪੂਰਾ ਭੇਟੇ ॥ ਸੁਖ ਸੰਪੇ ਰਹੇ ਸੰਜਮੁ ਦੂਤ ਨ ਕਬਹੂ ਤੇਟੇ ॥

ਅਰਥ—ਜਦੋ ਪੂਰਾ ਗੁਰੂ ਆ ਮਿਲਦਾ ਹੈ ਤਾਂ ਭਰਮ ਮਿਟ ਜਾਂਦਾ ਹੈ ਏਹ ਭਾਦਉ ਦੁਆਰਾ ਸਿਖਿਆ ਹੈ ॥ ਸੁਖ ਰੂਪ ਸਮੱਗਰੀ, ਸੰਜਮ ਰਹਿੰਦਾ ਹੈ, ਜਮਦੂਤ ਕਦੀ ਤਾੜਨਾ ਨਹੀ ਕਰਦੇ ਜਾਂ ਤੇਟੇ ਆਪਣੀ ਨਹੀ ਚਾੜਦੇ ॥

ਸੰਜਮੁ ਭਾਗੇ ਸਬਦ ਲਗੇ ਸਹੀ ਅਵਦ ਸੁਹੇਲੀਆ ॥ਜਿਨੀ ਏਕੁ ਰੰਗ ਏਕ ਮਨਿ ਅਰਾਧਿਆ ਤਿਨਾ ਹਰਿ ਪ੍ਰਭੁ ਬੇਲੀਆ ॥

ਅਰਥ—ਸਬਦ ਵਿਚ ਲੱਗਿਆਂ ਸੰਜਮ ਦੇ ਭਾਗ ਜਾਗਦੇ ਹਨ ਸਹੇਲੀਆਂ ਸੋਹਣੀਆਂ ਸੁਖਦਾਈ ਹੁੰਦੀਆਂ ਹਨ ॥ ਜਿੰਨਾਂ ਨੇ ਇਕ ਪ੍ਰੇਮੁ ਨਾਲ ਅਰਾਧਿਆ ਹੈ ਤਿਨ੍ਹਾਂ ਦਾ ਹਰੀ ਬੇਲੀ ਬਣਿਆ ਹੈ ॥

ਉਪਦੇਸੁ ਗੁਰਕਾ ਰਿਦੇ ਜਾਂਕੇ ਫਿਰਨਾ ਗ੍ਰਭੇ ਲੇਟਿਆ ॥ ਹੰਦਾਲੁ ਕਹੇ ਭਾਦਉ ਭਲਾ ਜਾ ਸਤਿਗੁਰ ਪੂਰਾ ਭੇਟਿਆ ॥੧੦॥

ਅਰਥ—ਜਿੰਨਾਂ ਦੇ ਮਨੁ ਅੰਦਰ ਗੁਰ ਉਪਦੇਸ ਸਮਾਇਆ ਹੈ ਓਹ ਫਿਰ ਗਰਭ ਵਿਚ ਨਹੀਂ ਲੇਟੇ ॥ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਆਖਿਦੇ ਹਨ ਓਹਨਾਂ ਨੂੰ ਭਾਦ੍ਰੋਂ ਭਲਾ ਹੈ ਜਿਨਾਂ ਨੂੰ ਪੂਰਾ ਗੁਰੂ

Digitized by Panjab Digital Library | www.panjabdigilib.org

ਮਿਲਿਆ ਹੈ॥ ੧੦ ॥

ਅਸੂ ਆਸ ਪੁੰਨੀ ਪਿਰੁ ਮਿਲਿਆ ਅਬਨਾਸੀ ॥ ਦਰਸਨ ਦੇਖਤ ਹੀ ਕਾਟੀ ਜਮ ਫਾਸੀ ॥

ਅਰਥ—ਅਸੂ ਦੁਆਰਾ ਓਨਾਂ ਦੀ ਆਸਾ ਪੂਰੀ ਹੋਈ ਹੈ ਜਿੰਨਾਂ ਨੂੰ ਅਬਨਾਸ਼ੀ ਪਤੀ ਮਿਲਿਆਹੈ॥ ਓਸਦਾ ਦਰਸ਼ਨ ਵੇਖਦਿਆਂ ਜਮਦੀ ਫਾਹੀ ਕੱਟੀ ਗਈ ਹੈ ॥

ਕਾਟੀ ਜਮ ਫਾਸੀ ਭੈਈ ਖਲਾਸੀ ਜਬ ਸਤਿਗੁਰ ਭਏ ਦਿਆਲੇ ॥ ਅੰਮ੍ਰ ਅਜੂਨੀ ਸੁਆਮੀ ਮੇਰਾ ਸਰਬ ਜੀਆ ਪ੍ਰਤਿ ਪਾਲੇ ॥

ਅਰਥ—ਜਮਦੀ ਫਾਹੀ ਕੱਟੀ ਗਈ ਤੇ ਬੰਦਨ ਤੋਂ ਛੁਟਕਾਰਾ ਹੋਇਆ ਜਦੋਂ ਗੁਰੂ ਦਿਆਲੂ ਹੋਏ ॥ ਨਾਂ ਮਰਨ ਵਾਲਾ ਨਾਂ ਜਨਮ ਵਿਚ ਔਣ ਵਾਲਾ ਮੇਰਾ ਮਾਲਕ ਹੈ ਸਭ ਜੰਨਤਾ ਦੀ ਪਾਲਨ ਕਰਦਾ ਹੈ ॥

ਜਨਮ ਮਰਨ ਦੋਊ ਜਉੜੇ ਕੀਤੇ ਜਾ ਮਨਿ ਚਰਨੁ ਨਿਵਾਸੀ॥ਕਹੇ ਹੰਦਾਲੁ ਅਸੂ ਪਿਰ ਸੋਈ ਪਾਇਆ ਸਗਲ ਸਿਸਟਿ ਜਿਸੁ ਦਾਸੀ ॥੧੧॥

ਅਰਥ—ਜਨਮ ਮਰਨ ਰੂਪ ਦੋ ਜਉੜੇ ਜਿਤ ਲਏ ਹਨ ਜਦੋਂ ਮਨ ਚਰਨਾਂ ਵਿਚ ਲਗ ਗਿਆ ॥ ਸ੍ਰੀ ਗੁਰੂ ਹੰਦਾਲੁ ਜੀ ਆਖਿਦੇ ਹਨ ਅੱਸੂ ਦੁਆਰਾ ਉਸ ਪਤੀ ਨੂੰ ਪ੍ਰਾਪਤਿ ਕਰ ਲਿਆ ਹੈ ਜਿਸਦੀ ਸਾਰੀ ਜੰਨਤਾ ਦਾਸੀ ਹੈ ॥੧੧॥

ਕਤਕਿ ਕਰਮੁ ਕੀਆ ਮੇਰੇ ਪ੍ਰਭੁ ਭਾਇਆ॥ ਮੈਇ ਨਿਰਗੁੰਣ ਆਰੀ ਨੂੰ ਹਰਿ ਮਹਿਲ ਬੁਲਾਇਆ ॥

Digitized by Panjab Digital Library | www.panjabdigilib.org

ਅਰਥ–ਕਤਕਿ ਦੁਆਰਾ ਮੈਂ ਓਹ ਕੰਮ ਕੀਤਾ ਜੋ ਮੇਰੇ ਮਾਲਕ ਨੂੰ ਚੰਗਾ ਲੱਗਾ ॥ ਮੈਂ ਨਿਰਗੁਣ ਆਰੀ ਨੂੰ ਮੇਰੇ ਮਾਲਕ ਨੇ ਮਹਿਲ ਅੰਦਰ ਬੁਲਾ ਲਿਆ ॥

ਹਰਿ ਮਹਿਲ ਬੁਲਾਈ ਦੂਖ ਗਵਾਈ ਅਪਨੇ ਕੰਠ ਲਗਾਈ ॥ ਸਭਿ ਊਪਰਿ ਕੀਨੀ ਪਟਰਾਨੀ ਮੇਰੇ ਸਤਿਗੁਰ ਭਏ ਸਹਾਈ ॥

ਅਰਥ–ਹਰੀ ਨੇ ਜੀਵ ਇਸਤ੍ਰੀ ਮਹਿਲ ਵਿਚ ਬੁਲਾ ਲਈ ਤੇ ਓਸਦੇ ਦੁਖਾਂ ਦੀ ਲੜੀ ਗਵਾ ਦਿਤੀ ਅਤੇ ਆਪਣੇ ਗਲ ਨਾਲ ਲਾ ਲਈ ਹੈ ॥ ਜਦੋਂ ਮੇਰੇ ਗੁਰੂ ਸਹਾਈ ਹੋਏ ਤਾਂ ਮੈਨੂੰ ਸਾਰੀਆਂ ਉਤੇ ਪਟਰਾਣੀ ਬਨਾ ਦਿਤਾ ॥

ਲਖ ਚਉਰਾਸੀ ਚੀਰੀ ਹਮਰੀ ਜਾਂ ਆਪਿ ਮਿਲੇ ਹਰਿ ਰਾਇਆ ॥ ਕਤਕਿ ਕਰਮੁ ਕੀਆ ਹੰਦਾਲੇ ਜਾਂ ਮੇਰੇ ਪ੍ਰਭ ਭਾਇਆ ॥੧੨॥

ਅਰਥ–ਜਦੋਂ ਆਪ ਹਰੀਰਾਇ ਮਿਲ ਪਏ ਤਾਂ ਲੱਖ ਚਉਰਾਸੀ ਜੂਨ ਮੇਰੀ ਚੀਰ ਫਾੜ ਦਿਤੀ ॥ ਸ੍ਰੀ ਗੁਰੂ ਹੰਦਾਲੁ ਜੀ ਆਖਦੇ ਹਨ ਮੈਂ ਕੱਤਕਿ ਦੁਆਰਾ ਓਹ ਕੰਮ ਕੀਤਾ ਜੋ ਮੇਰੇ ਮਾਲਕ ਨੂੰ ਚੰਗਾ ਲੱਗਾ॥੧੨॥

ਮਘਰਿ ਮਗਨ ਭੈਈਸੁਧਿਬੁਧਿ ਬਉਰਾਨੀ॥ਚਿੰਤਾ ਸਭਿਹੀ ਗੈਈ ਜਾ ਮਿਲਿਆ ਸਾਰੰਗ ਪਾਨੀ ॥

ਅਰਥ–ਮਘਰਿ ਦੁਆਰਾ ਮੈਂ ਪਤੀ ਵਿਚ ਅਜੇਹੀ ਮਗਨ ਹੋ ਗਈ ਕਿ ਮੇਰੀ ਸੁਧਿ ਬੁਧਿ ਨਾ ਰਹੀ ॥ ਜਦੋਂ ਸਾਰੰਗ ਪਾਣੀ ਪ੍ਰਮੇਸ਼ਰ ਆ ਮਿਲਿਆ ਤਾਂ ਸਾਰੀ ਚਿੰਤਾ ਦੂਰ ਹੋ ਗਈ ॥

ਸਾਰੰਗ ਪਾਂਨੀ ਸਦਾ ਸਮਾਂਨੀ ਕੀਮਤਿ ਕਹਣਿ

Digitized by Panjab Digital Library | www.panjabdigilib.org

ਨਾ ਜਾਈ ॥ ਅੰਤੁ ਨ ਪਾਈਐ ਸਦਾ ਬਿਅੰਤਾ ਸਤਿਗੁਰ ਮੇਲ ਮਿਲਾਈ ॥

ਅਰਥ—ਜੀਕੂੰ ਪਪੀਹਾ ਪਾਣੀ ਨੂੰ ਟੀਂ ਟੀਂ ਕਰਦਾ ਹੈ ਐਸੇ ਪ੍ਰਭੂ ਵਿਚ ਮੈਂ ਸਦਾ ਲੀਨ ਹੋ ਗਈ ਉਸ ਪ੍ਰਭੂ ਦੀ ਕੀਮਤਿ ਆਖੀ ਨਹੀਂ ਜਾਂਦੀ ॥ ਜੋ ਸਦਾ ਬਿਅੰਤ ਹੈ ਉਸਦਾ ਅੰਤੁ ਨਹੀਂ ਪਾਇਆ ਜਾਂਦਾ ਉਸਦੇ ਮੇਲ ਵਿਚ ਗੁਰੂ ਨੇ ਮਿਲਾ ਦਿਤਾ ਹੈ ॥

ਦਰਸ ਪਿਆਸੀ ਚਰਨ ਪਿਆਸੀ ਕਥੀਅਕੱਥ ਕਹਾਣੀ ॥ ਮੰਘਰਿ ਪਿਰ ਪਾਇਆ ਹੰਦਾਲੇ ਤਬ ਯਹ ਬੁਧ ਠਹਰਾਂਨੀ ॥ ੧੩ ॥

ਅਰਥ—ਓਹਦੇ ਦਰਸ਼ਨਾਂ ਦੀ ਤਿਹਾਈ ਓਹਦੇ ਚਰਨਾਂ ਦੀ ਤਿਹਾਈ ਉਸਦੀ ਕਹਾਣੀ ਅਕੱਥ ਹੈ ਕਥੀ ਨਹੀਂ ਜਾਂਦੀ ॥ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਆਖਿਦੇ ਹਨ ਮੱਘਰ ਦੁਆਰਾ ਪ੍ਰਭੂ ਨੂੰ ਪ੍ਰਾਪਤਿ ਕੀਤਾਹੈ ਤਾਂ ਇਹ ਬੁਧੀ ਠਹਿਰ ਗਈ ਹੈ ਭਾਵ ਅਕਲ ਸੌਰ ਗਈਹੈ॥੧੩॥

ਪੋਹ ਪੂਰਬ ਕਾ ਲਿਖਿਆਜੋ ਪਾਇਆ ਕਛੁ ਲੇਖ ਹਮਾਰਾ॥ ਸਤਿ ਸੰਤੋਖੁ ਦੋਊ ਅਗਵਾਨੀ ਸਤਿਗੁਰ ਗਿਆਨੁ ਦ੍ਰਿੜਾਇਆ ॥

ਅਰਥ—ਪੋਹ ਦੁਆਰਾ ਸਿੱਖਿਆ ਹੈ ਜੋ ਅਸਾਂ ਪਿਛਲੇ ਜਨਮ ਸ਼ੁਭ ਕਰਮ ਕੀਤਾ ਸੀ ਓਸਦਾ ਹਿਸਾਬ ਅਸਾਂ ਪ੍ਰਾਪਤਿ ਕਰ ਲਿਆ ਹੈ ਜੋ ਸਾਡਾ ਲੇਖੁ ਸੀ ॥ ਗੁਰੂ ਨੇ ਸਾਨੂੰ ਗਿਆਨ ਪੱਕਾ ਕਰਾ ਦਿਤਾ ਹੈ ਕਿ ਸੱਤ ਸੰਤੋਖ ਦੋਵੇਂ ਸਾਡੇ ਸਹਾਇਕ ਵਕਾਲਤ ਕਰਨ ਵਾਲੇ ਹੋ ਗਏ ਹਨ ॥

ਗੁਰ ਗਿਆਨੁ ਦ੍ਰਿੜਾਇਆ ਪੰਥੁ ਬਤਾਇਆ

Digitized by Panjab Digital Library | www.panjabdigilib.org

ਚੂਕੇ ਸੋਗ ਸੰਤਾਪੇ ॥ ਜੋਤੀ ਅੰਦਰ ਜੋਤਿ ਸਮਾਣੀ ਆਪੁ ਪਛਾਤਾ ਆਪੇ ॥

ਅਰਥ—ਗੁਰੂ ਨੇ ਗਿਆਨ ਦ੍ਰਿੜ ਕਰਾਇਆ ਅਰ ਸੁਭ ਰਸਤਾ ਦੱਸ ਦਿਤਾ ਸੋਗ ਸੰਤਾਪ ਦੂਰ ਹੋ ਗਏ ॥ ਹਰੀ ਦੀ ਜੋਤਿ ਨਾਲ ਸਾਡੀ ਜੋਤਿ ਮਿਲ ਗਈ ਆਪ ਅਸਾਂ ਆਪਣਾ ਸੁਰੂਪ ਵੀ ਪਛਾਂਣ ਲਿਆ ॥

ਆਪੇ ਦਾਤਾ ਆਪੇ ਭੁਗਤਾ ਆਪੇ ਦੇਵਨ ਹਾਰਾ ॥ ਪੋਹ ਹੰਦਾਲੁ ਪੂਰਬ ਕਾ ਪਾਇਆ ਜੋ ਕੁਛੁ ਲੇਖ ਹਮਾਰਾ ॥੧੪॥

ਅਰਥ—ਆਪਹੀ ਦਾਤਾ ਹੈ ਆਪਹੀ ਛਕਨ ਛਕੌਣ ਵਾਲਾ, ਆਪਹੀ ਦੇਣ ਹਾਰ ਬਣਿਆ ਹੈ ॥ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਆਖਦੇ ਹਨ ਪੂਰਬ ਕਮਾਈ ਅਸਾਂ ਪ੍ਰਾਪਤਿ ਕੀਤੀ ਹੈ ਜੋ ਸਾਡਾ ਲੇਖ ਲਿਖਿਆ ਸੀ ਸੋ ਲੈ ਲਿਆ ਹੈ ॥੧੪॥

ਮਾਘ ਮਹੀਨੇ ਜੋ ਧਾਰਨ ਜੋਬਨ ਵੰਤੀਆ ॥ ਚਾਹੇ ਨ ਰਾਖੇ ਅਉਰ ਘਰਿ ਕੰਤ ਬਸੰਤੀਆ ॥

ਅਰਥ—ਮਾਘ ਦੁਆਰਾ ਉਪਦੇਸ਼ ਹੈ ਜਵਾਨ ਉਮਰ ਵਾਲੀਆਂ ਨੇ ਜੇਹੜੀਆਂ ਧਾਰਨਾਂ ਧਾਰੀਆਂ ਹਨ ॥ ਓਹ ਹੋਰ ਘਰ ਦੀ ਲੋੜ ਨਹੀਂ ਰੱਖਦੀਆਂ ਹਨ ਕਿਉਂ ਜੋ ਪਤੀ ਓਨਾਂ ਦੇ ਹਿਰਦੇ ਰੂਪੀ ਘਰ ਵਿਚ ਵਸਦਾ ਹੈ ॥

ਘਰ ਰਾਖੇ ਕੰਤਾ ਪ੍ਰਭੁ ਬਿਅੰਤਾ ਤੇਰਾ ਅੰਤੁ ਨ ਜਾਣਾ ॥ ਪੂਰਿ ਰਹਿਉ ਸਰਬਤਿ ਸੁਆਮੀ ਸਚੁ ਮਹਿਲੁ ਚਰਾਣਾ ॥

Digitized by Panjab Digital Library | www.panjabdigilib.org

ਅਰਥ—ਜੋ ਬਿਅੰਤਾ ਮਾਲਕ ਹੈ ਉਸ ਪ੍ਰਭੂ ਨੂੰ ਓਹ ਘਰ ਵਿਚ ਵੇਖਦੀਆ ਹਨ ਅਰ ਇਹ ਸੁਭ ਬੋਲ ਬੋਲਦੀਆਂ ਹਨ ਕਿ ਹੇ ਪ੍ਰਭੂ ਮੈ ਤੇਰਾ ਅੰਤੁ ਨਹੀ ਜਾਣਦੀ॥ਹੇ ਸੁਆਮੀ ਤੂੰ ਸਾਰਿਆਂ ਵਿਚ ਪੂਰਨ ਹੋਇਆ ਹੋਇਆ ਹੈਂ ਤੇਰਾ ਸੱਚਾ ਮਹਿਲ ਬਹੁਤ ਚਿਰਦਾ ਬਣਿਆ ਹੋਇਆ ਹੈ ॥

ਆਸ ਹਮਾਰੀ ਪੂਰੇ ਪ੍ਰਭ ਜੀ ਨਾ ਮੈ ਕਛੂ ਜਨੰਤੀਆ ॥ ਮਾਘ ਹੰਦਾਲੁ ਕਰਿ ਬਿਨੰਤੀ ਕਾਂਮਨ ਸਦਾ ਸੁਹੰਤੀਆ॥ ੧੫ ॥

ਅਰਥ—ਹੇ ਮਾਲਕ ਸਾਡੀ ਆਸਾ ਪੂਰੀ ਕਰ ਮੈ ਅਜਾਣ ਕਿਛ ਨਹੀ ਜਾਣਦੀ ॥ ਸ੍ਰੀ ਗੁਰੂ ਹੰਦਾਲੁ ਜੀ ਆਖਦੇ ਹਨ ਮੈ ਬੇਨਤੀ ਕਰਦੀ ਹਾਂ ਜੀਵ ਰੂਪ ਇਸਤ੍ਰੀ ਆਪਦੇ ਕੋਲ ਬੈਠੀ ਸਦਾ ਸੋਹਣੀ ਲਗਦੀ ਹੈ ॥ ੧੫ ॥

ਫਗਣ ਸਭ ਫਲ ਲਾਗੇ ਜਾ ਆਪਣੇ ਪ੍ਰਿ ਭਾਣੀਆ॥ ਤਤੇ ਤਤੁ ਰਲੀ ਸਹਿਜ ਸਮਾਣੀਆ॥

ਅਰਥ—ਫਗਣ ਦੁਆਰਾ ਪ੍ਰਬੋਧ ਹੈ ਜੀਵ ਇਸਤ੍ਰੀ ਜਦੋਂ ਆਪਣੇ ਮਾਲਕ ਨੂੰ ਭਾ ਗਈ ਤਾਂ ਸਾਰੇ ਫਲ ਉਸਨੂੰ ਲਗ ਗਏ ਹਨ ॥ ਪਤੀ ਦੇ ਤੱਤਾਂ ਨਾਲ ਜੀਵ ਇਸਤ੍ਰੀ ਦੇ ਤੱਤ ਰਲ ਗਏ ਸੁਭਾਵਕ ਹੀ ਉਸਦੇ ਨਾਲ ਸਮਾ ਗਈ ॥

ਸਹਜਿ ਸਮਾਣੀ ਜਾ ਪ੍ਰਿ ਭਾਣੀ ਸਹੁ ਸੁਹਾਗਣਿ ਨਾਰੇ ॥ ਨਉ ਘਰਿ ਬੰਧਿ ਦਸਵੇ ਮਹਿਵਾਸਾ ਊਚਾ ਮਹਿਲ ਅਪਾਰੇ ॥

ਅਰਥ—ਜਦੋਂ ਮਾਲਕ ਨੂੰ ਭਾਈ ਤਾਂ ਸਹਿਜੇ ਹੀ ਉਸ ਨਾਲ ਮਿਲ ਗਈ, ਓਹ ਸੁਹਾਗਣ ਇਸਤ੍ਰੀ ਮਾਲਕ ਵਾਲੀ ਬਣ ਗਈ ॥

Digitized by Panjab Digital Library | www.panjabdigilib.org

ਜੋਹੜੇ ਸਰੀਰ ਦੇ ਨੌਂਉ ਘਰਿ ਹਨ ਓਨਾਂ ਨੂੰ ਰੋਕਿਆਂ ਵਿਸ਼ੇ ਵਿਕਾਰਾਂ ਨੂੰ ਬੰਨਣ ਪਾਇਆ ਅਤੇ ਦਸਵੇਂ ਦੁਵਾਰ ਜਾਕੇ ਵਾਸਾ ਕੀਤਾ ਭਾਵ ਮਨ ਰੁਕ ਗਿਆ ਜੋ ਅਪਾਰ ਉੱਚਾ ਮਹਿਲ ਹੈ ॥

ਪੀਆ ਰੰਗੁ ਰਾਤੀ ਸਾ ਗੁਣਿਵੰਤੀ ਚੂਕੀ ਆਵਣ ਜਾਣੀਆ॥ ਕਹੁ ਹੰਦਾਲੁ ਫਗਣ ਫਲੁ ਲਾਗੇ ਜਾਂ ਆਪਣੇ ਪਿਰ ਭਾਣੀਆ॥ ੧੬ ॥

ਅਰਥ—ਜੋ ਪੀਆ ਦੇ ਪ੍ਰੇਮ ਵਿਚ ਰੱਤੀ ਹੈ ਓਹ ਗੁਣਾਂ ਵਾਲੀ ਇਸਤ੍ਰੀ ਹੈ ਉਸਦੀ ਜਨਮ ਮਰਨ ਦੀ ਧਾਵਣੀ ਚੁਕ ਗਈ ਹੈ ॥ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਆਖਦੇ ਹਨ ਜਦੋ ਇਸਤ੍ਰੀ ਆਪਣੇ ਪਤੀ ਨੂੰ ਚੰਗੀ ਲਗ ਗਈ ਤਾਂ ਸਾਰੇ ਫਲ ਉਸਨੂੰ ਆਕੇ ਲਗ ਗਏ॥ ੧੬॥

ਦੁਆਦਸ *ਮਾਹਿ †ਰੁਤੀ ‡ਥਿਤੀ ⁂ਵਾਰ ਗੀਣੇ॥ ਸਭਿ ਕਾਰਨਿ ਭਗਵਾਨ ਆਪੁ ਕਛੂ ਨ ਹੋਇ ਪ੍ਰਾਣੀ ਸਭੁ ਕਾਰਨਿ ਕਰਤਾਰੇ॥ਖਾਂਣੀ ਚਾਰੇ ਬਾਣੀ ਚਾਰੇ ਏਹ ਵਰਤਣ ਸੰਸਾਰੇ ॥

ਅਰਥ—ਬਾਰਾਂ ਮਹੀਨੇ, ਛੇ ਰੁਤਾਂ, ਪੰਦ੍ਰਾਂ ਥਿਤਾਂ, ਸੱਤਵਾਰ, ਗਿਣ ਦਿਤੇ ਹਨ ਸਾਰੇ ਕਾਰਨਿ ਭਗਵਾਨ ਆਪਹੀ ਕਰਦਾ ਹੈ ॥ ਆਪ

---

*ਚੇਤ੍ਰ, ਵਿਸਾਖ, ਜੇਠ, ਹਾੜ, ਸਾਵਣ, ਭਾਦ੍ਰੋਂ, ਅਸੂ, ਕਤਕਿ, ਮਘਰ, ਪੋਹ, ਮਾਘ, ਫਗਣ, †ਰੁਤਾਂ ਛੇ ਹਿਮਰੁਤ ਮਘਰ ਪੋਹ ੧ ਸ਼ੁਸ਼ਰਤ ਰੁਤ ਮਾਘ ਫਗਨ ੨ ਬਸੰਤ ਰੁਤ ਚੇਤ ਵਿਸਾਖ ੩ ਗ੍ਰੀਖਮ ਰੁਤ ਜੇਠ ਹਾੜ ੪ ਬਰਖਾ ਰੁਤ ਸਾਵਨ ਭਾਦ੍ਰੋਂ ੫ ਸਰਵ ਰੁਤ ਕੰਵਾਰ ਕਤਕਿ ।੬।

‡੧੫ ਥਿਤਾਂ ਪੂਰਨ ਮਾਸ਼ੀ ਤੋਂ ਅਮਾਵਸ ਤੱਕ ਯਾਂ ਅਮਾਵਸ ਤੋਂ ਪੂਰਨ ਮਾਸ਼ੀ ਤੱਕ ॥ ⁂ਵਾਰ ੭ ਐਤ: ਸੋਮ: ਮੰਗਲ: ਬੁਧ: ਵੀਰ: ਸ਼ੁਕ੍ਰ: ਛਨੀ: । ਸਲੋਕ। ਅੰਡਜ ਖਾਂਣ ਪੰਸ਼ੀ ਭਏ ਜੇਰਜ ਖਾਂਣ ਮਾਨੁਖ ॥ ਸੇਤਜ ਖਾਂਣ ਪਾਹਣ ਕੀਏ ਉਤ ਭੁਜ ਖਾਂਣ ਜੋ ਰੁਖ ॥ ਆਂਡਿਆਂ ਵਿਚੋਂ ਪੈਦਾ ਹੋਣ ਵਾਲੇ ਜੀਵ ਪੰਸ਼ੀ ਆਦਿਕ, ਜੇਰ ਵਿਚੋ ਪੈਦਾ ਹੋਣ ਵਾਲੇ ਜੀਵ ਆਦਮੀ ਤੇ ਪਸੂਆਂ ਆਦਕ, ਉਤਭੁਜ ਪ੍ਰਿਥਵੀ ਵਿਚੋ ਪੈਦਾ ਹੋਣ ਵਾਲੇ ਜੀਵ ਬ੍ਰਿਛਾਂ ਆਦਕ, ਸੇ ਤਜ ਮੁੜਕੇ ਅਤੇ ਜਮੀਨ ਦੇ ਹੁੰਮਸ ਨਾਲ ਪੈਦਾ ਹੋਣ ਵਾਲੇ ਜੂਆਂ ਚੀਜ ਵੈਂਹਟੀਆਂ ਆਦਿਕ ।

Digitized by Panjab Digital Library | www.panjabdigilib.org

ਆਦਮੀ ਤੋਂ ਕੁਛ ਨਹੀਂ ਹੋ ਸੱਕਦਾ ਹੈ ਸਾਰੇ ਕਾਰਨ ਕਰਤਾਰ ਹੀ ਕਰ ਸੱਕਦਾ ਹੈ ॥ ਅੰਡਜ, ਜੇਰਜ, ਸੇਤਜ, ਉਤਭੁਜ ਏਹ ਚਾਰੇ ਖਾ-ਣੀਆਂ, ਅਰ ਪਰਾ, ਬਸੰਤੀ ਮੱਧਮਾ, ਬੈਖਰੀ, ਆਦਿਕ ਚਾਰੇ ਬਾਣੀਆਂ ਇਸ ਵਿਚ ਸੰਸਾਰ ਵਰਤ ਰਿਹਾ ਹੈ ਭਾਵ ਬੰਡਿਆਂ ਹੋਇਆ ਹੈ ॥

ਮੁਕਤਿ ਜੁਗਤਿ ਪ੍ਰਾਪਤਿ ਹੋਈ ਸਲਲੇ ਸਲਲ ਸੰਮਾਣੇ ॥ ਹਰਿ ਹੰਦਾਲੁ ਨੂੰ ਕੰਠਿ ਲਗਾਇਆ ਜਿਓ ਬਾਲਕ ਪਿਤਾ ਸੰਞਾਣੇ ॥ ੧੭ ॥

ਅਰਥ–ਪ੍ਰਭੂ ਦਿਆਲਤਾ ਨਾਲ ਸਾਰੀਆਂ ਮੁਕਤੀਆਂ ਜੁਗਤੀਆਂ ਜੀਵ ਨੂੰ ਪ੍ਰਾਪਤਿ ਹੋਈਆਂ ਹਨ ਜੀਕੂੰ ਪਾਂਣੀ ਨਾਲ ਪਾਂਣੀ ਮਿਲ ਜਾਂਦਾ ਹੈ ਈਕੂੰ ਜੀਵ ਈਸ੍ਵਰ ਦੀ ਇਕ ਮਿਕ ਹੋ ਗਈ ਹੈ ॥ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਆਖਿਦੇ ਹਨ ਜੀਵ ਨੂੰ ਪ੍ਰਭੂ ਨੇ ਆਪਣੇ ਗਲ ਦੇ ਨਾਲ ਲਾ ਲਿਆ ਹੈ ਜੀਕੂੰ ਬਾਲ ਆਪਣੇ ਪਿਉ ਨੂੰ ਜਾਣ ਲੈਂਦਾ ਹੈ ॥ ੧੭ ॥ ਇਤਿ ॥ ਬਾਰਹ ਮਾਹਾ ਸੰਮਾਪਤੰ ॥

Digitized by Panjab Digital Library | www.panjabdigilib.org

੧ ਓ ਸਚੁਨਾਮੁਕਰਤਾਪਰਖੁ

ਸਾਲਾਹ ਮਹਲਾ ੧

ਅਰਥਾਤਿ

(ਨਿਰੰਜਨੀਆਂ ਗੁਰ ਸਿਖਾਂ ਦਾ ਅਰਦਾਸਾ)

ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਹੋਸੀ ਭੀ ਸਚੁ ॥ ਸਚੁਨਾਮੁ ਕਰਤਾਪੁਰਖੁ ਨਿਰਭੈ ਨਿਰਵੈਰ॥

ਅਰਥ–ਪਹਿਲੇ ਜੱਦੋਂ ਧਰਤੀ ਆਦਿਕ ਕਛੁ ਵੀ ਨਹੀ ਸੀ ਅਤੇ ਜਦੋਂ ਜੁਗ ਬਣ ਗਏ ਅਤੇ ਜਦੋਂ ਅਖੀਰ ਆ ਗਿਆ ਭਾਵ ਸਾਰਿਆਂ ਸਮਿਆਂ ਵਿਚ ਪ੍ਰਮੇਸਰ ਹੈ ਉਸਦਾ ਨਾਮੁ ਸੱਚਾ ਹੈ ਓਹ ਪੁਰਖੁ ਸਭ ਦਾ ਕਰਤਾ ਹੈ ਕਿਸੇ ਤੋਂ ਡਰਦਾ ਨਹੀ ਹੈ ਅਰ ਕਿਸੇ ਨਾਲ ਵੈਰ ਵੀ ਨਹੀ ਕਰਦਾ ਹੈ,

ਅਕਾਲ ਮੂਰਤਿ ਅਜੂਨੀ ਸੰਭਉ, ਜਪੀਏ ਸਤਿ ਗੁਰ ਬਾਬੇ ਹੰਦਾਲੁ ਜੋਧੇ ਦੇ ਪ੍ਰਸਾਦਿ, ਜਪੀਏ ਨਿਰੰਕਾਰੁ।

ਅਰਥ–ਉਸਦੀ ਤਸਵੀਰ ਮੌਤ ਬਿਨਾ ਹੈ, ਜੰਮਦੀ ਨਹੀ ਹੈ, ਆਪੇ ਹੀ ਪੈਦਾ ਹੋਈ ਹੈ, ਗੁਰੂ ਬਾਬੇ ਹੰਦਾਲੁ ਸੂਰਬੀਰ ਦੀ ਦਿਆਲਤਾ ਨਾਲ ਉਸ ਅਕਾਲ ਪੁਰਖੁ ਦਾ ਸਿਮਰਨ ਕਰੀਏ, ਉਸ ਨਿਰੰਕਾਰ ਨੂੰ ਚੇਤੇ ਰੱਖੀਏ,

Digitized by Panjab Digital Library | www.panjabdigilib.org

ਅਬਰਬਨ ਅਫੁਰੋਂ ਬੇਪ੍ਰਵਾਹ, ਬੇਮੁਹਥਾਜ ਬਿਅੰਤੁ ਬੇਸ਼ੁਮਾਰੁ । ਗਹਿਰ ਗੰਭੀਰ ਅਲਖ ਅਪਾਰ। ਦਾਨਾ ਬੀਨਾ ਸਾਹਿਬੁ ਸੁਜਾਨ।

ਅਰਥ—ਓਹ ਵਿਕਾਰ ਰਹਿਤ ਨਾਰ ਤੋਂ ਬਗੈਰ, ਫੁਰਨੇ ਵਿਚ ਨਾ ਔਣ ਵਾਲਾ, ਬੇਪਰਵਾਹ ਬੇਮੁਹਤਾਜ ਹਰੀ ਹੈ ਬਿਅੰਤ ਤੇ ਬੇਸ਼ੁਮਾਰ ਹੈ, ਡੂੰਘੇ ਤੋਂ ਡੂੰਘਾ ਹੈ, ਨ ਵੇਖਿਆ ਜਾਣ ਵਾਲਾ, ਬਹੁਤ ਸਿਆਣਾ ਤੇ ਅੰਤ੍ਰ ਜਾਮੀ ਹੈ, ਵੱਡਾ ਮਾਲਕ ਸਿਆਣਾ ਸੁਜਾਨ ਹੈ,

ਸਾਹਿਬੁ ਪਾਕ ਬਿਐਬ ਅਸਚਰਜ ਰੂਪ ਭਗਵਾਨੁ ॥ ਅਡਿਗ ਅਡੋਲ ਅਗਮੁ ਅਥਾਹ। ਪਾਕਨੂਰ ਆਦਲ ਅਜ ਆਲਮ ਪਨਾਹ। ਜਗਤਿ ਗੁਰ ਪਦਾਇਸ਼ ਕੇ ਪਾਤਿਸ਼ਾਹ।

ਓਹ ਮਾਲਕ ਪਵਿਤ੍ਰ ਐਬ ਤੋਂ ਬਿਗੈਰ ਹੈ ਉਸ ਭਗਵਾਨ ਦਾ ਰੂਪ ਅਤਿ ਅਦਭੁਤ ਹੈ, ਡਿਗਦਾ ਨਹੀ, ਅਡੋਲ ਹੈ ਉਸ ਪਾਸ ਕਿਸੇ ਦੀ ਗੰਮਤਾ ਨਹੀ ਹੈ, ਅਥਾਹ ਹੈ ਉਸਦੀ ਥਾਹ ਨਹੀ ਹੈ, ਪਵਿਤ੍ਰ ਪ੍ਰਕਾਸ਼ ਹੈ, ਓਹ ਅਦਾਲਤੀ ਯੋਗ ਅਦਾਲਤ ਕਰਦਾ ਹੈ, ਓਹ ਸਾਰੀ ਜੰਨਤਾ ਨੂੰ ਸਰਨ ਦੇਣ ਦੇ ਸਮਰੱਥ ਹੈ, ਜਗਤਿ ਦਾ ਪੂਜ ਨੀਯ ਹੈ ਸਾਰੀ ਜੰਨਤਾ ਨੂੰ ਪੈਦਾ ਕਰਨ ਵਾਲਾ ਪਾਤਿਸ਼ਾਹ ਹੈ,

ਖੰਡਾਂ ਬ੍ਰਹਮੰਡਾਂ ਕੇ ਪਾਤਿਸ਼ਾਹ †ਪਤਾਲਾਂ ਪੁਰੀਆਂ ਕੇ ਪਾਤਿਸ਼ਾਹ ਦੀਪਾਂ ਲੋਆਂ ਕੇ ਪਾਤਿਸ਼ਾਹ ਭਾਨੈ ਕੁਦਰਤਿ ਕੇ ਪਾਤਿਸ਼ਾਹ, ਅਪਨੀ ਪਦਾਇਸ਼ ਕੇ ਪਾਤਿਸ਼ਾਹ,

ਅਰਥ—ਜਮੀਨ ਦੇ *ਨਵਾਂ ਹਿੱਸਿਆਂ ਦਾ ਅਤੇ ਸਾਰੇ ਬ੍ਰਹਮੰਡਾਂ

---

*ਨਵਾਂ ਹਿੱਸਿਆਂ ਦੇ ਨਾਮ, ਹਿੰਦਸਤਾਨ ਤਿਬਤ ੧ ਰੂਮ ਅਰਬ ੨ਆਫਗਾਨਸਤਾਨ ੩ ਜਜ਼ੀਰਾ ਹਿੰਦ ਚੀਨੀ ੪ ਰੂਸ ੫ ਚੀਨੀ ਤਾਤਾਰ ੬ ਚੀਨ ੭ ਜਪਾਨ ੮ ਈਰਾਨ ੯। †ਅਗਲੇ ਸਫੇ ਤੇ

Digitized by Panjab Digital Library | www.panjabdigilib.org

ਦਾ ਪਾਤਿਸ਼ਾਹ ਹੈ, ਸਾਰਿਆਂ ਪਤਾਲਾਂ ਦਾ ਤੇ ਸਾਰੀਆਂ ਪੁਰੀਆਂ ਦਾ ਪਾਤਿਸ਼ਾਹ ਹੈ, ਸਤਾਂ *ਦੀਪਾਂ ਦਾ ਤੇ ਚੌਦਾਂ ਲੋਕਾਂ ਦਾ ਮਾਲਕ ਹੈ, ਕੁਦਰਤਿ ਦੇ ਹੁਕਮਿ ਵਿਚ ਓਹ ਹੀ ਪਾਤਿਸ਼ਾਹ ਹੈ, ਓਹ ਆਪਣੀ ਪੈਦਾਵਾਰੀ ਦਾ ਵੀ ਪਾਤਿਸ਼ਾਹ ਹੈ,

ਪਾਤਿਸ਼ਾਹਾਂ ਕੇ ਪਾਤਿਸ਼ਾਹ, ਸੱਚੇ ਪਾਤਿਸ਼ਾਹ,

ਅਰਥ—ਓਹ ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ, ਸੱਚਾ ਪਾਤਿਸ਼ਾਹ ਹੈ।

ਨਿਰੰਜਨ ਨਿਰਭੈ ਨਿਰਵੈਰ, ਨਿਰਲੇਪ ਨਿਰਦੋਖੁ ਨਿਰੰਕਾਰੁ ॥ ਅਪਰ ਅਪਾਰ ਅਪਰੰ ਮੇਵ ਅਪ੍ਰੰ ਪੁਰ, ਪਰੇਥੀ ਪਰੇ ਕਰਤਾ ਬਿਹਦ ਬੇਸ਼ੁਮਾਰ, ਵਡਾ ਸਾਹਿਬ ਸੱਚਾ ਪਾਤਿਸ਼ਾਹ, ਗਹਿਰ ਗੰਭੀਰ ਗਹਿਰ ਗੰਭੀਰ, ਸਚੁਨਾਮੁ ਨਿਰੰਕਾਰ,

ਅਰਥ—ਮਾਇਆ ਤੋਂ ਰਹਿਤ ਨਿਡਰ ਨਿਰਵੈਰ ਪਾਤਿਸ਼ਾਹ ਹੈ, ਕਿਸੇ ਦੋਸ਼ ਕਰਕੇ ਲਿੰਬਿਆ ਨਹੀਂ ਜਾਂਦਾ ਨਿਰਦੋਸ਼ ਰਹਿੰਦਾ ਹੈ ਨਿਰ ਅਕਾਰ ਹੈ, ਅਪਰ ਅਪਾਰ ਵੱਡਾ ਹੈ ਹੰਕਾਰ ਰਹਿਤ ਹੈ, ਸੰਸਾਰ ਦਾ ਪਰਾ ਰੂਪ ਹੈ, ਓਹ ਕਰਤਾ ਬਿਹੱਦ ਬਿ ਸ਼ੁਮਾਰ ਪਰੇ ਤੋਂ ਪਰੇ ਹੈ, ਵੱਡਾ ਮਾਲਕ ਤੇ ਸੱਚਾ ਪਾਤਸ਼ਾਹ ਹੈ, ਵੱਡੇ ਸਮੁੰਦਰ ਵੱਤ ਬਹੁਤ ਹੀ ਡੂੰਘੇ ਤੋਂ ਡੂੰਘਾ ਹੈ ਕਿਤੇ ਉਸਦੀ ਥੱਲੇ ਦੀ ਤੈਹ ਦਾ ਪਤਾ ਨਹੀਂ ਹੈ, ਉਸ ਨਿਰੰਕਾਰ ਦਾ ਨਾਮੁ ਵੀ ਸੱਚਾ ਹੈ ॥ ਇਤ ॥

ਸ੍ਰੀ ਗੁਰੂ ਨਾਨਕ ਦੇਵ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਕੀ ਕ੍ਰਿਪਾ ਸੇ ਟੀਕਾ ਸੰਪੂਰਨ ਭੁਯਾ ਹੈ ॥ ਬੋਲਹੁ ਜੀ ਸਚੁਨਾਮੁ ਨਿਰੰਕਾਰ ॥ ੩ ॥ ਦਸਖਤ ਮਸੰਦ ਸਾਂਈਦਾਸ ਉਰਫ ਸੁੰਦਰ ਸਿੰਘ ਨਿਰੰਜਨੀਆਂ ਜੰਡਿਆਲਾ ਗੁਰੂ ਜਿਲਾ ਸੁਧਾਸੂ ਪੰਜਾਬ ॥

---

†ਪਤਾਲ ੭ ਏਹ ਹੈਂ ਮਹਾਂਤਲ ੧ ਰਸਾਤਲ ੨ ਅਤੱਲ ੩ ਸੱਤਲ ੪ ਵੱਤਲ ੫ ਤਲਾਤਲ ੬ ਪਤਾਲ ੭। *ਦੀਪਾਂ ਸੱਤਾਂ ਦੇ ਨਾਮੁ ਜੰਬੂ ਦੀਪ ੧ ਸ਼ਾਕਦੀਪ ੨ ਕੁਸ਼ਦੀਪ ੩ ਕਰੋਵੰਚ ਦੀਪ ੪ ਸ਼ਾਲਦੀਪ ੫ ਬਿਲਕਸ਼ਨ ਦੀਪ ੬ ਪੁਛਕਰ ਦੀਪ ੭।

Digitized by Panjab Digital Library | www.panjabdigilib.org

੧ ਓ ਸਤਿਨਾਮੁਕਰਤਾਪੁਰਖੁ

ਨਿਰੰਜਨ ਪੰਥ ਦੇ ਸਿ੍ਰ ਤਾਜ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਨਿਜ
ਮੁਖਾਰਬਿੰਦ ਸੇ ਨਿਜ ਸੇਵਕਾਂ ਨੂੰ ਉਪਦੇਸ਼ ਦੇ ਰਹੈ ਹੈਂ ॥

(ਉਪਦੇਸ਼ ਸ੍ਰੀ ਮੁਖਵਾਕ ਗੁਰੂ ਜੀ ਕਾ)

ਸ੍ਰੀ ਮੁਖਵਾਕ ਮਹਲਾ ੧

ਕਹੇ ਹੰਦਾਲੁ ਸੁਣੋ ਕੁਲਮੋਰੀ ॥ ਬਹੁਤ ਨੀਚ ਬੁਧ ਹੈ ਤੋਰੀ ॥
ਸਿਖਸ਼ਾ ਬਹੁਤ ਮਮੁ ਕਠਨ ਬਤਾਵੋ॥ ਸੋਤੁਮ ਪੈ ਭਾਈ ਹੋਇ ਨ ਆਵੋ॥
ਹਮਰੇ ਬਚਨ ਕਠਨ ਹੈ ਸਖਤ ॥ ਤੁਮ ਪੈ ਹੋਇ ਨ ਆਵੇ ਜਗਤ ॥
ਕਟਕ ਕੁਟੰਬ ਕ ਤੁਮ ਵਸ ਪਏ ਹੋ ॥ ਇਸੀ ਜਾਲ ਮੈਂ ਫਾਂਸ ਰਹ ਹੋ ॥
ਪ੍ਰਿਥਮ ਸੁਨੋ ਉਪਦੇਸ ਹਮਾਰੋ ॥ ਫੁਨ ਸਿਖ ਹੋਵਨ ਕਾ ਬਚਨ ਉਚਾਰੋ॥
ਪ੍ਰਿਥਮੇਂ ਦੁਰਬੁਧ ਤਿਆਗੋ ਮਨੁਕੀ॥ਸੇਵ ਕਰੋ ਤਨੁ ਮਨੁ ਹਰਿ ਜਨਕੀ॥
ਕਰਮ ਕਰੋ ਜੇਤਕ ਦੁਰਬੁਧਾ ॥ ਸਭੀ ਤਿਆਗੋ ਮਨੋਂ ਕਬੁਧਾ ॥
ਕਿਯਾ ਗੰਗਾ ਕਿਦਾਰਾ ਕਾਂਸ਼ੀ ॥ ਇਨ ਤੀਰਥ ਤੁਮ ਕਿਤੇ ਨ ਜਾਸੀ ॥
ਕਿਯਾਭੁਵਾਨੀਕਿਯਾ ਦੇਵੀਜੁਵਾਲਾ॥ਕਿਯਾਸਰਵਰਕਿਯਾ ਨਿਗਾਹੇਚਾਲਾ॥
ਇਨ ਠੌਰੀ ਤੁਮ ਕਿਤੇ ਨ ਜਾਵੋ ॥ ਪ੍ਰੇਮੁ ਪ੍ਰੀਤਿ ਚਰਨਿ ਗੁਰ ਲਾਵੋ ॥
ਬ੍ਰਤ ਨੇਮ ਅਰ ਥਿਤੀ ਵਾਰਾ ॥ ਛਿਕ ਮਨਾਵਣ ਵਲਾਵਣ ਤਾਰਾ ॥
ਪਾਂਧੇ ਪੱਤ੍ਰੀ ਨੌਊ ਗ੍ਰਿਹ ਪੂਜਾ ॥ ਛੋੜ ਦੇਹੁ ਯੇਹ ਭਾਉ ਹੈ ਦੂਜਾ ॥
ਜੰਡੀ ਭੱਦ ਕ੍ਰਿਆ ਕ੍ਰਮ ਥੇਈ ॥ ਸ੍ਰਾਧ ਖਿਜਾਹ ਪੁਰਬੀ ਜੋ ਕਈ ॥
ਮ੍ਰਿਤਕ ਸ਼ਰਾਧ ਨਾ ਕਬਹੀ ਕੀਜੇ ॥ ਹਮਰੇ ਬਚਨ ਸਤਿ ਸੁਣ ਲੀਜੇ ॥
ਜੀਵਨ ਮਾਤ ਪਿਤਾ ਅਰ ਸਾਧੂ ॥ ਤਾਂਕੀ ਸੇਵਾ ਜਾਨ ਸ਼ਰਾਧੂ ॥
ਦੈ ਸੰਕਲਪ ਗੋ ਦਾਨ ਨ ਕਰੀਏ॥ਸ਼ਗਨ ਅਪਸ਼ਗਨਨਹੀਂ ਮਨਿ ਧਰੀਏ॥

ਜਬ ਗੁਰੂ ਜੀ ਤੱਪ ਕਰਕੇ ਜੰਡਿਆਲੇ ਆਏ ਤਬ ਗੁਰੂ ਜੀ ਦੀ ਕੁਲ ਦੇ ਲੋਕਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ਸਾਨੂੰ ਅਪਨੇ ਸੇਵਕ ਕੀਜੀਏ ਤਬ ਗੁਰੂ ਜੀ ਨੇ ਇਹ ਉਪਦੇਸ਼ ਸੁਨਾਇਆ ।

Digitized by Panjab Digital Library | www.panjabdigilib.org

ਅੱਠ ਸੱਠ ਤੀਰਥਕਹੂੰ ਨ ਜਾਵਹੁ॥ਦੁਵਾਦਸ਼*ਸਿਲਾ ਤੁਮ ਨਾਂਹਿਪੁਜਾਵਹੁ॥ ਪਡ ਪਤਲ ਤੁਮ ਨਾਂ ਭਰਮਾਵੋ ॥ ਸਾਲਗ ਰਾਮ ਨਾ ਪੂਜ ਮੰਨਾਵੋ ॥ ਮ੍ਰਿਤਕ ਪਾਛੇ ਰੁਦਨ ਨਾ ਕਰੀਏ ॥ ਬਚਨ ਹਮਾਰੇ ਸੱਤ ਉਰ ਧਰੀਏ ॥ ਗੰਗ ਅਸਥ ਲੈ ਜਾਵੇ ਕਾਹੇ ॥ ਜੈਂਹ ਜਲਿ ਨੇਰੇ ਤੈਂਹੀ ਪਾਹੇ ॥ ਜਾਦੂ ਟੂਣਾ ਕਭੀ ਨ ਕੀਜੇ ॥ ਪਤ੍ਰੀ ਪਾਧੇ ਨਹੀਂ ਪੁਛੀਜੇ ॥ ਕਿਆਪਤ੍ਰੀਸੋਧਨਕਿਯਾਔਂਸੀਪਾਵਨ॥ਸਭਿਦੁਵੈਤਭਾਵਹੈਕਾਗਉਡਾਵਨ॥ ਯੇਹ ਦੁਵੈਤ ਭਾਵ ਸਭੀ ਹੈ ਝੂਠੇ ॥ ਮਨਿ ਮੁਖਿ ਸਗਲ ਇਸੀ ਮੈਂ ਮੂਠੇ ॥ ਚੋਰੀ ਯਾਰੀ ਨਿੰਦਾ ਕੂਰ ॥ ਜੂਆ ਮਧ ਦੁਸ਼ਟੀ ਕਰਿ ਦੂਰ ॥ ਬ੍ਰਿੰਚ ਆਦਿ ਹੋਰ ਦੇਵ ਨਾਂ ਮਾਨੇ ॥ ਸ਼ਿਵ ਗਣੇਸ਼ ਰਵਿ ਸੇਵ ਨਾ ਠਾਨੇ ॥ ਇਹ ਤੋ ਸੁਰ ਸਗਲੇ ਹੈ ਜੇਤੇ ॥ ਕਰਤਾ ਕੇ ਕੀਏ ਹੈ ਤੇਤੇ ॥ ਤਾਂਤੇ ਇਨ ਕੋ ਕਾਹਿ ਧਿਆਵੋ ॥ ਜਿਨ ਏਹ ਕੀਏ ਤਿਸੇ ਮੰਨਾਵੋ ॥ ਇਨਕੀ ਸੇਵਾ ਕਛੂ ਨ ਪਾਈਐ ॥ ਇਨਕੇ ਪੂਜੇ ਫੁਨਜਗ ਆਈਐ ॥ ਸੋ ਧਿਆਵੋ ਜੋ ਦੇ ਹੈ ਮੁਕਤਿ॥ਇਨ ਪੂਜੇ ਕੋਈ ਬਨੇ ਨਾਂ ਜੁਗਤਿ॥ਤਾਂਤੇ ਬਿਨ ਹਰਿ ਕੋਊ ਨ ਮਾਨੋ॥ਬਚਨ ਹੁਮਾਰੇ ਸੱਤ ਕਰਿ ਜਾਨੋ॥ਕਿਆ ਬ੍ਰਿਛ ਪੁਰਾਣਾ ਮੱੜ੍ਹੀ ਮੁਕਾਂਮੁ॥ ਕੋਊ ਨਾ ਮਾਨੋ ਸਰਵਰ ਸੁਲਤਾਂਨ ॥ ਜਪੋ ਜਪਾਵੋ ਗਹਿਰ ਗੰਭੀਰਾ ॥ ਤਬ ਤੁਮ ਸੇਵਕ ਹੋਵੋ ਪੀਰਾ ॥ ਕਿਸੀ ਦੇਵ ਦੰਤ ਕੀ ਕਾਣ ਨਾਂ ਰਾਖੋ ॥ ਸਚੁਨਾਮੁ ਰਸਨੀ ਤੁਮ ਭਾਖੋ ॥ ਬਨ ਕੋ ਅਗਨਿ ਕਬੀਨਾਂ ਲਾਏ ॥ ਮੱਤ ਜਲਿ ਜੀਵ ਕਈ ਮਰਿ ਜਾਏ ॥ ਜੋ ਬਨ ਪਾਵਕ ਲਾਵੇ ਅੰਧਾ ॥ ਤੌ ਫੁਨ ਕੁਸ਼ਟੀ ਹੋਵਤ ਮੰਦਾ ॥ ਅਨਕ ਜਨਮ ਕੁਸ਼ਟੀ ਕੇ ਪਾਵੇ ॥ ਜੇਤੇ ਜਨਮ ਜੂਨਿ ਜਿਤ ਜਾਵੇ ॥ ਜੋ ਆਸਾ ਧਾਰ ਕਿਸੀ ਪੈ ਆਵੇ ॥ ਆਗੋ ਜੇਵੁਹੁ ਨਿਰਾਸ ਪਠਾਵੇ ॥ ਫਿਰ ਔਧ ਗਈ ਮਿਰਤ ਵੋਹ ਪਾਵੇ ॥ ਨਿਫੁੰਸਕ ਜਨਮ ਜਗਤ ਮੈਂ ਪਾਵੇ ॥ ਨਾ ਵੋਹੁ ਨਰ ਨਾਂ ਨਾਰ ਨਾ ਪਸੂਆ ॥ ਜਗਤਿ ਰਸਾ ਤੇ ਜਾਇ ਨਰਸੂਆ ॥ ਤਾਂ ਤੇ ਐਸਾ ਕਭੀ ਨਾ

---

*ਸਿਲਾਂ ਬਾਰਾਂ ਏਹ ਹਨ ਸੋਮਨਾਥ ੧ ਧ੍ਰਿਖਣੇਸ਼ਵਰ ੨ ਕਿਦਾਰ ਨਾਥ ੩ ਖ੍ਰਿਸ਼੍ਰੈਸ਼ਰ ੪ ਰਮੇਸ਼੍ਵਰ ੫ ਨਾਮੇਸ਼੍ਵਰ ੬ ਬੈਜਨਾਥ ੭ ਭੀਮਸ਼ੰਕ੍ਰ ੮ ਯੰਬਕ ੯ ਮਲਿਕਾਰਜਨ ੧੦ ਮਹਾਂਕਾਲ ੧੧ ਓਅੰਕਾਰ ੧੨ ਯੱਥਾ ਦੁਆਦਸ ਸਿਲਾ ਤੁਮਨਾਹਿ ਪੁਜਾਵਹੁ ॥

Digitized by Panjab Digital Library | www.panjabdigilib.org

ਕੀਜੈ ॥ ਕਹੇ ਹੰਦਾਲੁ ਸਰਵਣ ਸੁਨ ਲੀਜੈ ॥ ਔਰ ਬਚਨਿ ਤੁਮ ਸੁਣੋਂ ਹੁਮਾਰਾ ॥ ਨਾਰ ਉਪਰਿ ਨਹੀਂ ਕੀਜੇ ਨਾਰਾ ॥ ਤ੍ਰਿਯਾ ਪਰਿ ਤ੍ਰਿਯਾ ਨਹੀ ਕੀਜੇ ॥ ਨਾਨ੍ਹਾ ਸਰਾਪ ਲਾਇਏ ਨਹੀ ਲੀਜੇ ॥ ਜੋ ਨਰ ਬਿਵਾਹ ਕਰੇ ਦੋਇ ਨਾਰੀ ॥ ਇਕ ਸੋ ਬੈਰ ਇਕ ਸੋ ਹਿਤੁਕਾਰੀ ॥ ਤਿਸ ਤ੍ਰਿਯਾ ਕੀ ਆਹੁ ਭਲੇਰੀ ॥ ਆਖਰ ਪਵੇ ਫਿਰਤੁ ਨਹੀ ਫੇਰੀ॥ ਅਥਵਾ ਜੋ ਬਿਵਾਹ ਕਰੇ ਦੋ ਨਾਰੀ ॥ ਤੋਂ ਸੱਮਸਰ ਰਾਖੇ ਦੋਨੋ ਪਿਆਰੀ ॥ ਜੋ ਫਰਕਾ ਫਰਕੀ ਕਰਤੇ ਭਾਈ ॥ ਵੋਹ ਕਿਆ ਜੁਬਾਬ ਦੇਵੇ ਦਰਿ ਜਾਈ ॥ ਐਸੇ ਕਰਮੁ ਨਹੀ ਤੁਮ ਕਰਨੇ, ਹਮਰੇ ਬਚਨ ਸੱਤ ਉਰ ਧਰਨੇ ॥ ਔਰ ਬਚਨ ਤੁਮ ਸੁਨੋ ਹੁਮਾਰੇ ॥ ਹਰਿ ਹਰਿ ਸਿਮਰੋ ਪ੍ਰਭ ਕਰਿਤਾਰੇ ॥ ਲੜਕੀ ਮਾਰ ਨਾਂ ਹੱਤਿਆ ਕੀਜੇ ॥ ਪੁਤ੍ਰੀ ਬੇਚ ਦਾਂਮੁ ਨਾ ਲੀਜੇ ॥ ਜੋ ਲੜਕੀ ਕੋ ਮਾਰੇ ਭਾਈ ॥ ਚਉਰਾਸੀ ਲੱਖ ਜੂਨ ਭਰ ਮਾਈ ॥ ਅਨਕ ਪ੍ਰਕਾਰ ਕਸ਼ਟ ਵਹੁ ਪਾਵੈ ॥ ਜਿਤੁ ਜਿਤੁ ਜਨਮੁ ਜੂਨ ਜਿਤੁ ਜਾਵੇ ॥ ਯੇਹ ਕਰਮੁ ਨਰਕ ਕੇ ਸਭਿ ਤੁਮ ਤਿਆਗੋ॥ ਹੋਇ ਸੁ ਪਾਵਨ ਚਰਨਿ ਪ੍ਰਭੁ ਲਾਗੋ॥ ਹਿੰਸਾ ਚੋਰੀ ਤਿਆਗੋ ਨਿੰਦਾ ॥ ਕਿਸੀ ਗਾਲ ਨਾਂ ਦੇਵੇ ਮੁਖੁ ਕਹੋ ਨਾਂ ਮੰਦਾ ॥ ਤੱਦੀ ਕਰਿ ਕਿਸੇ ਚੋਟ ਨਾ ਲਾਵੇ ॥ ਹੋਤੇ ਤਾਂਣ ਨਿਤਾਣ ਕਹਾਵੇ ॥ ਕੁਬਾਬ ਸ਼ਰਾਬ ਨਾਂ ਪੀਜੈ ਭੰਗਾ॥ ਪ੍ਰਿ ਤ੍ਰਿਆ ਸੋਂ ਮੰਨਿ ਨਹੀ ਰੰਗਾ ॥ ਪੋਸਤ ਅਫੀਮ ਤਮਾਕੂ ਮੰਦਾ ॥ ਯੇਹ ਤੋ ਅਮਲ ਨਾਂ ਪੀਜੇ ਗੰਦਾ ॥ ਸ਼ਰਾਬ ਤਮਾਕੂ ਜੋ ਨਰ ਪੀਵੇ ॥ ਤਾਂਕਾ ਕਿਸੇ ਸੰਗ ਜੇ ਥੀਵੈ ॥ ਕਛਕ ਪਾਪਿ ਲਗਤੇ ਹੈ ਤਾਂਕੋ ॥ ਜੋਊ ਸੰਗ ਕਰਤ ਹੈ ਵਾਂਕੋ ॥ ਗੁਰ ਤਲਪੀ ਔਰ ਬ੍ਰਹਮਣ ਹੱਤਿਆ ॥ ਸ਼ਰਾਬ ਪੀਆ ਜਿਨੋ ਕਾਂਮੁ ਕਮੱਤਿਆ ॥ ਪੰਜਵੇ ਜੇ ਕੋ ਬਾਲਕ ਮਾਰੇ ॥ ਤਾਂਕੀ ਸਜਾਇ ਹੰਦਾਲੁ ਪੁਕਾਰੇ ॥ ਅਗਨਿ ਪਾਕ ਰਕਤਿ ਕਾ ਸਾਗਰ॥ ਖਨੀ ਵਾਂਗ ਭਖੈ ਭੇ ਆਗਰ ॥ ਤਾਂਕੇ ਬੀਚ ਏਹ ਪੰਜੇ ਪਾਈਐ ॥ ਸਹੰਸ੍ਰ ਬਰਖ ਤਾਂਹਾ ਫੈਹਰਾਈਐ ॥ ਜੋ ਜੋ ਈਹਾਂ ਕੁਕ੍ਰਮ ਕਮਾਵੈ ॥ ਸੋ ਸੋ ਨਰਕ ਘੋਰ ਦੁਖਿ ਪਾਵੈ ॥ ਐਸੇ ਕਰਮ ਕਰੇ ਨਹੀ ਭਾਈ॥ ਜੋ ਹਮੁ ਤੁਮਕੋ ਮੁਖੋਂ ਬਤਾਈ॥

Digitized by Panjab Digital Library | www.panjabdigilib.org

ਮਨਮੁਖ ਸਾਥ ਕੋਊ ਨਿਸ ਸੋਵੈ ॥ ਛੇ ਮਾਸਕਾ ਨਾਮੁ ਜਪਿਆ ਵਹੁ ਖੋਵੈ ॥ ਮਨਮੁਖ ਸੰਗ ਜੋ ਭੋਜਨ ਪਾਵੈ ॥ ਬਰਖ ਦਿਨਾਂ ਕੀ ਭਗਤਿ ਕਰੀ ਜਾਵੈ ॥ ਮਨਮੁਖ ਸੰਗ ਨ ਅੰਚਲ ਲਾਵੇ ॥ ਗੁਰ ਹੰਦਾਲ ਯਹਿ ਬਚਨ ਬਤਾਵੈ ॥ ਬਿਨੁ ਵਰਜੇ ਪ੍ਰਸਾਦਿ ਨ ਜੇਵੈ ॥ ਜੋ ਕਰਿ ਪ੍ਰੀਤਿ ਜਿਵਾਲੈ ਤਿਸਕੇ ਲੇਵੇ ॥ ਸਾਂਹਸੀ ਕੋ ਪਟ ਦਾਨ ਨ ਦੀਜੈ ॥ ਆਪਨੀ ਜੜ ਨਹੀ ਆਪ ਪੁਟੀਜੈ ॥ ਜੇ ਸਾਂਹਸੀ ਕੋ ਪਟਦਾਨ ਦਿਵਾਵੈ ॥ ਮੈ ਸਤਿ ਕਰਹੋ ਨਰਕ ਵਹੁ ਜਾਵੈ ॥ ਪ੍ਰਧਨ ਲੂਟੇ ਨਾਂਹਿ ਭੰਡਾਰਾ ॥ ਪ੍ਰਨਿੰਦਾ ਮੁਖ ਨਾਂਹਿ ਉਚਾਰਾ ॥ ਸੰਗਿ ਨਾਂ ਕੀਜੇ ਨਾਰ ਪ੍ਰਾਈ ॥ ਏਹ ਉਪਦੇਸ਼ ਮੇਰੋ ਹੈ ਭਾਈ ॥ ਮੇਰੀ ਮੇਰੀ ਸਗਲ ਚੁਕਾਵੇ ॥ ਸੁਤ ਦਾਰਾ ਕਾ ਮੋਹ ਤੁੜਾਵੇ ॥ ਛਿੰਜ ਅਖਾੜੇ ਕਿਤੇ ਨ ਜਾਣਾ ॥ ਕੰਜਰੀ ਭਗਤੀ ਨਾਂਹਿ ਨਚਾਣਾ ॥ ਭਾਵੇ ਹੋਵੇ ਕੋਈ ਤਮਾਸ਼ਾ ॥ ਜਾਇ ਨ ਦੇਖੇ ਮੇਰੋਦਾਸਾ ॥ ਦੀਵਾਲੀ ਵਿਸਾਖੀ ਮਾਘੀ ਮੇਲਾ ॥ ਕਹੂੰ ਨ ਜਾਇ ਮੇਰੋ ਚੇਲਾ ॥ ਭੈਂਸੇ ਭਿੜਦੇ ਹੋਇ ਨਾਂ ਦੇਖੇ ॥ ਏਹ ਜਗਤਿ ਤਮਾਸ਼ਾ ਕੋਈ ਨ ਪੇਖੇ ॥ ਪ੍ਰਾਈ ਫਲੀ ਨਾਂ ਤੋੜੇ ਬੇਰਾ ॥ ਸਤਿ ਬਚਨਿ ਮਾਨੋ ਤੁਮ ਮੇਰਾ ॥ ਪਰਾਏ ਖੇਤੋਂ ਘਾਸ ਨਾਂ ਕੱਪੇ ॥ ਬਿਨ ਖਾਵਿੰਦ ਕੇ ਰਾਜੀ ਕੀਤੇ ॥ ਐਸੇ ਬਚਨੁ ਜੇ ਕੋਈ ਕੁਮਾਵੇ ॥ ਕਹੇ ਹੰਦਾਲੁ ਵਹੁ ਪ੍ਰਮ ਪਦ ਪਾਵੇ ॥ ਸਮ ਦ੍ਰਿਸ਼ਟੀ ਦੇਖੇ ਸਭਿ ਜਗਤਿ॥ ਹਿਰਦੇ ਕਰੇ ਪ੍ਰਭੂ ਕੀ ਭਗਤਿ ॥ ਕਟਕੁ ਕੁਟੰਬ ਕੀ ਪ੍ਰੀਤਿ ਚੁਕਾਵੇ ॥ ਹਿਰਦੇ ਹਰਿ ਹਰਿ ਨਾਮੁ ਧਿਆਵੇ ॥ ਹਮਰੇ ਗ੍ਰੈਹ ਕੀ ਸਗਲ ਆਸ ਤੁੜਾਵੇ ॥ ਦੇਹ ਆਦਿਕ ਅਭਿਮਾਨ ਗਿਰਾਵੇ ॥ ਰਹੈ ਸੱਭਸ ਮਹਿ ਸਭਿ ਥੀਂ ਨਿਆਰਾ ॥ ਜਿਓਂ ਤਾਣੀ ਮੇਂ ਦੀਸੇ ਤਾਰਾ ॥ ਸਮਦ੍ਰਿਸ਼ਟੀ ਨੈਨੋਂ ਸੇ ਪੇਖੈ ॥ ਕੁੰਚਰ ਚੀਟੀ ਮੈਂ ਸਮ ਦੇਖੇ ॥ ਗ੍ਰਧਭ ਸੁਵਾਂਨ ਅਰ ਕਾਗ ਤੁਰੰਗ ॥ ਸਭਿ ਮੈਂ ਆਤਮ ਨਹੀਂ ਕਛ ਭੰਗ ॥ ਮਨਿ ਅਪਣੇ ਕੋ ਨੀਚ ਕਹਾਵੇ ॥ ਹਉਮੈਂ ਮਾਰ ਹੰਕਾਰ ਗਿਰਾਵੇ ॥ ਸੁਤ ਦਾਰਾ ਨਹੀਂ ਲਾਵੇ ਪ੍ਰੀਤਿ ॥ ਹਰਿ ਹਰਿ ਜਪੈ ਨਿਰੰਵਣ ਚੀਤਿ ॥ ਹਰਿ ਬਿਨ ਦੂਜਾ

Digitized by Panjab Digital Library | www.panjabdigilib.org

ਕੋਊ ਨਾਂ ਮਾਨੇ ॥ ਬਚਨ ਹੁਮਾਰੇ ਸਤਿ ਕਰ ਜਾਨੇ ॥ ਐਸੇ ਬਚਨ ਜੇ ਕੋਈ ਕੁਮਾਵੈ ॥ ਗ੍ਰਭ ਜੂਨ ਨਹੀਂ ਫਿਰ ਫਿਰ ਆਵੈ ॥ ਸੋ ਸੇਵਕ ਹੋਵੇ ਗੁਰ ਜੈਸਾ ॥ ਜੈਸੇ ਹਮ ਹੂਆ ਵੋਹ ਤੈਸਾ ॥ ਸੁਵਾਸ ਸੁਵਾਸ ਸਿਮਰੇ ਹਰਿ ਹਰੇ ॥ ਮਨੁ ਬੱਚ ਕਰਮ ਭਗਤਿ ਪ੍ਰਭ ਕਰੇ ॥ ਦਸਵੇਂ ਦੁਵਾਰ ਪਾਇ ਆਸਨ ਗਾਜੇ ॥ ਤਹਾਂ ਪੰਚ ਸ਼ਬਦ ਧੁਨ ਅਨਹਦ ਬਾਜੇ ॥ ਪੰਜੇ ਤਸਕ੍ਰ ਵਸਗਤ ਲਿਆਵੇ ॥ ਸਗਲ ਬਾਸਨਾ ਮਨੋਂ ਰਹਾਵੇ ॥ ਆਸਾ ਮੰਸਾ ਸਭਿ ਵਹੁ ਠਾਕੇ ॥ ਰਸਨੀ ਹਰਿ ਹਰਿ ਅੰਮ੍ਰਿਤੁ ਚਾਖੇ ॥ ਨਿਹਚਲ ਰਾਖੇ ਚਿਤ ਨਾਂ ਡੁਲਾਵੇ ॥ ਸੂਰਾ ਰਣ ਮੈਂ ਭਾਗਨਾਂ ਜਾਵੇ ॥ ਸੂਰਾ ਮਾਰੇ ਪਾਂਚੋ ਇੰਦਰੀ ॥ ਨਵੀਂ ਦੁਆਰੀ ਚਾੜ੍ਹੇ ਜ਼ਿੰਦਰੀ ॥ ਤਬ ਦਸਵੇਂ ਦੁਵਾਰ ਚੜ੍ਹ ਬੈਠੇ ਭਾਈ ॥ ਆਤਮਰਾਂਮੁ ਸੇ ਗੋਸਟ ਲਾਈ ॥ ਲਾਇ ਧਿਆਨ ਲਾਇਆ ਨਹੀਂ ਡੋਲੇ ॥ ਹਰਿ ਹਰਿ ਜਾਪੁ ਨਿਰੰਜਨ ਬੋਲੇ ॥ ਜਾਪ ਜਪੇ ਵੁਹ ਪ੍ਰਭਿ ਅਬਨਾਸੀ ॥ ਬਹੁਰ ਨਾਂ ਆਵੈ ਲੱਖੁ ਚਉਰਾਸੀ ॥ ਸੇਵਕ ਸੁਨੋਂ ਹਮਾਰੀ ਬਾਤਿ ॥ ਡੇਢ ਪੈਹਰ ਰਹੇ ਜਬ ਰਾਤਿ ॥ ਤਬ ਕਰੇ ਅਸ਼ਨਾਨ ਲੈ ਨੀਰਾ ॥ ਸਿਮਰਨ ਲਾਗੇ ਗਹਿਰ ਗੰਭੀਰਾ ॥ ਅਖੰਡਤ ਜਾਪੁ ਵਹੁ ਮੁਖੋਂ ਉਚਾਰੇ ॥ ਹਰਿ ਹਰਿ ਸਿਮਰੇ ਪ੍ਰਭੁ ਕਰਤਾਰੇ ॥ ਓਅੰ ਸੋਹੰ ਜਾਪੁ ਜਪਾਵੇ ॥ ਦਸਮੁ ਦੁਆਰ ਪ੍ਰਾਂਣ ਲੈ ਜਾਵੇ ॥ ਪ੍ਰਿਛਮੇਂ ਕਰ ਹੋ ਆਛਾ ਭੇਸ ॥ ਪੁਨ ਤੋਹੇ ਕਰੂ ਗਿਆਨ ਉਪਦੇਸ਼ ॥ ਭਗਤਿ ਕਰੀ ਬਿਨ ਜੋ ਹੋਇ ਗਿਯਾਨੀ ॥ ਸੋ ਮੂਰਖ ਅੰਧਾ ਅਭਮਾਨੀ ॥ ਤਾਂਤੇ ਪਹਿਲੇ ਕਰਮੁ ਕਮਾਵੇ ॥ ਕਹੇ ਹੰਦਾਲੁ ਸੁਖ ਸਹਿਜ ਕਮਾਵੇ ॥ ਜਗ ਹੋਮ ਆਦਿਕ ਸ਼ੁਭ ਕਰਮਾਂ ॥ ਚਾਰੋਂ ਜੁਗ ਮੇਂ ਨੀਕੇ ਧਰਮਾਂ ॥ ਇਤ ਆਦਿਕ ਤੁਮ ਕ੍ਰਮ ਕਮਾਵੋਂ ॥ ਪਾਪਿ ਕਰਮ ਕੇ ਨਿਕਟ ਨਾਂ ਜਾਵੋ ॥ ਹਰਿ ਬਿਨ ਔਰ ਨਾਂ ਮਾਨੋ ਕੋਇ ॥ ਬਾਰੰਬਾਰ ਕਹਾ ਹਮ ਤੋਇ ॥ ਜਬ ਤੁਮ ਐਸੇ ਕਰਮ ਕਮਾਵੋ ॥ ਕਹੇ ਹੰਦਾਲੁ ਫੁਨ ਜਨਮ ਨਾਂ ਆਵੋ ॥

Digitized by Panjab Digital Library | www.panjabdigilib.org

*ਉਪਦੇਸ਼ ਸੰਪੂਰਨ ਇਤਿ ॥

ੴ ਸਚੁ ਨਾਮੁ ਕ੍ਰਤਾ ਪੁਰਖੁ ਧਿਆਇ ਮਨ ਪ੍ਰਬੋਧ ਰਾਗੁ ਰਾਮਕਲੀ ਮਹਲਾ ੧ ॥

ਸਲੋਕ

ਨਿੰਮਸਕਾਰ ਗੁਰ ਦੇਵ ਕਉ ਜਹਿ ਕ੍ਰਿਪਾ ਉਪਜਤ ਗਿਯਾਨ ॥ ਆਦਿ ਮੱਧ ਅਰ ਅੰਤੁ ਫੁਨ ਆਤਮ ਕਉ ਪ੍ਰਣਾਮ ॥ ੧ ॥ ਸਲੋਕ ॥ ਪ੍ਰਿਥਮੇ ਏਕੰਕਾਰ ਜੋ ਉਪਤ ਖਪਤ ਨਹੀ ਕੀਨ ॥ ਨਿਰਾਕਾਰ ਅਦ੍ਵੈਤ ਜੋ ਹੰਦਾਲੁ ਕਹੇ ਯਿਉ ਚੀਨ ॥ ੨ ॥ ਪਉੜੀ ॥ ਨਿਰੰਕਾਰ ਨਿਰਵੈਰ ਨਿਰਾਰਾ ॥ ਉਪਤਿ ਖਪਤ ਨਹੀਂ ਕੀਓ ਅਕਾਰਾ ॥ ਨਾਂ ਤਦ ਧਰਤੀ ਨਾ ਅਕਾਸ਼ ॥ ਨਾਂ ਤਦ ਪਉਨ ਪਾਣੀ ਪ੍ਰਕਾਸ਼ ॥ ਨਾ ਤਦ ਸੂਰਜ ਚੰਦ ਪਸਾਰਾ ॥ ਨਾ ਤਦ ਖਾਂਣੀ੧ ਬਾਨੀ ੨ਚਾਰਾ ॥ ਬ੍ਰਹਮਾਂ ਬਿਸ਼ਨ ਮਹੇਸ਼ ਨਾਂ ਕੀਨੇ ॥ ਕੋਟ ਤਿਤੀਸ ਦੇਵ ਨਾਂ ਚੀਨੇ ॥ ਨਾ ਤਦ ਖੱਤ੍ਰੀ ਬ੍ਰਹਮਣ ਕੋਈ ॥ ਸੂਦਰ ਵੈਸ਼ ਨ ਉਪਜੇ ਸੋਈ ॥ ਸੁੰਨ ਕਲਾ ਮਹਿ ਤਾੜੀ ਲਾਈ ॥ ਕਹੇ ਹੰਦਾਲ ਤੁਮ ਸੰਮਝੋ ਭਾਈ ॥ ੧ ॥ ਸਲੋਕ ॥ ਸੁੰਨ ਕਲਾ ਕੀ ਬਾਤ ਏਹ ਅਚਰਜ ਕਹਿਓ ਨਾ ਜਾਇ ॥ ਸੁੰਨ ਛੈਹਰ ਕੇ ਦੇਸ ਮਹਿ ਰਹਿਓ ਹੰਦਾਲੁ ਸੁਮਾਇ ॥ ੧ ॥ ਪਉੜੀ ॥ ਧੁੰਧੂ ਕਾਰ ਮੇਂ ਆਪ ਨਿਰਾਲਾ ॥ ਨਾ ਤਦ ਕਾਲ ਕਰਮ ਜੰਜਾਲਾ ॥ ਸੁੰਨੋ ਸੁੰਨ ਨਹੀਂ ਪਸਾਰਾ ॥

---

*ਜਬ ਸੰਗਤ ਨੇ ਉਪਦੇਸ ਸੁਨ ਲੀਆ ਤਬ ਸਭ ਸੰਗਤਿ ਦੇ ਵਿਚੋਂ ਖੜੇ ਹੋਕੇ ਬਾਬਾ ਸਰਵਾਣੀ ਬੋਲਾ ਗੁਰੂ ਜੀ ਜੋ ਭੀ ਆਪਨੇ ਉਪਦੇਸ ਕੀਆ ਸਭ ਸੁਣਾ ਹੈ ਅੰਮ੍ਰਿਤ ਸਮਾਨ ਹੈ ਕਿਆ ਕੀਤ ਜਾਏ ਏਹ ਸਾਡੇ ਮੰਨ ਬੜੇ ਚੰਚਲ ਹੈਂ ਬਸ ਮੇ ਨਹੀ ਮੰਨ ਆਵਤੇ ਸਾਂਨੂੰ ਉਪਦੇਸ਼ ਕ੍ਰਿਪਾ ਕਰਕੇ ਓਸਤ੍ਰਾਂ ਕਰੋ ਜਿਸਤ੍ਰਾਂ ਮਨ ਸਾਡੇ ਬਸ ਮੇ ਆਵੇ ਤਬ ਗੁਰੂ ਜੀ ਨੇ ਧਿਆਇ ਮਨ ਪ੍ਰਬੋਧ ਉਚਾਰਨ ਕੀਤਾ ਅਤੇ ਵੈਰਾਗ ਮਈ ਬਾਣੀ ਭੀ ਉਚਾਰਨ ਕੀਤੀ,

੧ਅੰਡਜ, ੨ਜੇਰਜ, ੩ਉਤਭੁਜ, ੪ਸੇਤਜ, ੪ ॥ ਚਾਰ ਬਾਣੀਆਂ੨ ਪਰਾ੧, ਮੂਲਾ ਧਾਰ ਵਿਚ ਰਹਿਨ ਵਾਲਾ ਸਬਦ, ੨ਪਸੰਤੀ, ਮੂਲਾ ਧਾਰ ਤੋਂ ਉਠਕੇ ਰਿਦੇ ਵਿਚ ਆਯਾ ਸਬਦ, ਮਧਯਮਾ, ਹਿਰਦੇ ਤੋਂ ਕੰਠ ਵਿਚ ਆਯਾ ਸ਼ਬਦ, ੪ਬੈਖਰੀ, ਮੂੰਹ ਤੋਂ ਉਚਾਰਨ ਹੋਯਾ ਸਬਦ ॥ ਪਤਾਲ ਅਤਲ੧ ਵਿਤਲ ੨ ਸੁਤਲ ੩ ਤਲਾਤਲ ੪ ਰਸਾਤਲ ੫ ਮਹਾਂਤਲ ੬ ਪਤਾਲ ੭ । ੬ਊਰਧ ਅਕਾਸ਼ ਭੂਰ ੧ ਭਵਰ ੨ ਸਵਰ ੩ ਮਹਰ ੪ ਜਨ ।

Digitized by Panjab Digital Library | www.panjabdigilib.org

ਨਿਰੰਲੰਬ ਨਾਹੀਂ ਅਕਾਰਾ ॥ ਨਦੀ ਸਮੁੰਦਰ ਨਾ ਸਾਗਰ ਕੋਈ ॥ ਨਾ ਤਦ ਜੀਅ ਜੰਤ ਕੀ ਲੋਈ ॥ ਨਾ ਤਦ ਸੱਪਤ ੫ ਪਤਾਲ ਬਨਾਏ ॥ ੬ਊਰਧ ੭ਅਧਹ ਨਾ ਕੋਈ ਕਹਾਏ ॥ ਨ ਤਦ ੮ਸੈਲ ਬ੍ਰਿਖ ਨਹੀਂ ਕੀਨੇ ॥ ਨਾ ਤਦ ਪਸ ਪੰਖੀ ਨਹੀ ਚੀਨੇ ॥ ਏਕੰਕਾਰ ਕੋਈ ਔਰ ਨਾਂ ਚਾਲਾ ॥ ਕਹੇ ਹੰਦਾਲੁ ਪ੍ਰਭ ਪੁਰਖੁ ਨਿਰਾਲਾ ॥ ੨ ॥ ਸਲੋਕ ॥ ੯ਸਰਗੁਣ ਭਇਓ ਅਕਾਰ ਸਭੁ ਕੀਨੋ ਸਕਲ ਪਸਾਰ ॥ ਬ੍ਰਹਮਾ ਬਿਸ਼ਨ ਮਹੇਸ਼ ਜੋ ਤੀਨ ਦੇਵ ਏਹ ਸਾਰ ॥ ੨ ॥ ਪਉੜੀ ॥ ਬ੍ਰਹਮਾ ਬਿਸ਼ਨ ਮਹੇਸ਼ ਉਪਾਏ ॥ ਮਾਇਆ ਤੇ ਸਭ ਜਗਤਿ ਉਪਾਏ ॥ ਗਗਨ ਧਰਨ ਅਰ ਪਾਣੀ ਪਵਨਾ ॥ ਤੇਜ ਰੂਪ ਪੰਚਮ ਏਹ ਬਰਨਾ ॥ ਦੇਵ ਮਨੁਖ ਪਸੂ ਬਹੁ ਕੀਨੇ ॥ ਚਾਰ ਖਾਨ ਤੇ ਉਤਪਤਿ ਚੀਨੇ ॥ ਖੱਤ੍ਰੀ ਬ੍ਰਾਹਮਣ ਸੂਦਰ ਬਨਾਏ ॥ ਚਾਰ ਵਰਨ ੧੦ ਆਸ਼੍ਰਮ ਠਹਰਾਏ॥ *ਰਵਿ †ਸਸਿ ਦੀਪਕ ਦੀਏ ਬਨਾਇ ॥ ਨਦੀ ਸਮੁੰਦਰ ਸਭਿ ਠਹਿਰਾਇ ॥ ਵਰਤਨ ਕੀਨੋਂ ਸਗਲ ਸੰਸਾਰਾ ॥ ਕਹੇ ਹੰਦਾਲੁ ਪ੍ਰਭੁ ਕੀਆ ਪਸਾਰਾ ॥ ੪॥ ਸਲੋਕ ॥ ਪ੍ਰਗਟ ਕੀਆ ਸੰਸਾਰ ਪ੍ਰਭ ਚਾਰ ਖਾਣ ਕੀ ਧਰਨ ॥ ਕਹੇ ਹੰਦਾਲੁ ਏਹ ਸਮਝ ਤੂੰ ਮਨਿ ਰਖੁ ਹਰਿਕੀ ਸਰਨ ॥ ੧ ॥ ਪਉੜੀ॥ ਰਾਜੇ ਮੈਹਤੇ ੨ ਜੱਗ ਮਹਿ ਕੀਏ ॥ ਕਰੈ ਪਸਾਰਾ ਅਹੰਕ੍ਰਿਤ ਲੀਏ ॥ ਭਲੇ ਬੁਰੇ ਸਭਿ ਕਰਮੁ ਠਹਿਰਾਏ ॥ ਭੋਗੇ ਅਧ ਊਰਧ ਸਭ ਜਾਏ ॥ ਇਸ ਜੱਗ ਮੇਂ ਕੀਓ ਸਗਲ ਪਸਾਰਾ ॥ ਦੁਸਟ ਸਾਧ ਕੀਨੇ ਅਵਤਾਰਾ ॥ ਸਾਧੂ ਪਾਪੀ ਸਗਲ ਬਨਾਏ ॥ ਤੇ ਸਭ ਜਗਕੇ ਭੀਤ੍ਰ ਆਏ ॥ ਊਤਮ ਸਾਧੂ ਕਰਮੁ ਕਮਾਏ ॥ ਅਧਮੀ ਨੀਚ ਕਰਮ ਕਉ ਧਾਏ ॥ ਸਭਕਾ ਸੁਵਾਮੀ ਸਿਰਜਨ ਹਾਰੁ ॥ ਹਰਿ ਸਿਮਰਨ ਕਰਿ ਉਤਰੇ ਪਾਰੁ ॥ ਸਤਿਗੁਰ ਕੀ ਜਬ ਸਰਨੀ ਆਵੈ ॥ ਕਹੇ

---

੫ ਤਪ ੬ ਸਤ ੭ । ੭ ਮਾਤਲੋਕ । ੮ ਗਿਰ । ੯ ਸ੍ਰਗੁਣ ਗੁਣਾਂ ਦੇ ਸਹਿਤ ਦੁਨੀਆਂ ਸਾਜੀ । *ਰਵਿ ਸੂਰਜ । †ਸਸਿ ਚੰਦ੍ਰਮਾਹ ।੧੦ ਅਸ਼੍ਰਮ ਬ੍ਰਹਮਚਰਯ ੧ । ਗ੍ਰਿਹੱਸਥ ੨ ਬਾਂਨਪ੍ਰਸਤ ੩ ਸੰਨਯਾਸ ੪ । ੨ ਮੈਹਤੇ ਛੋਟੇ ।

Digitized by Panjab Digital Library | www.panjabdigilib.org

ਹੰਦਾਲੁ ਪਰਮ ਸੁਖ ਪਾਵੈ ॥੫॥ ਸਲੋਕ ॥ ਸਿਰਜਿਓ ਸਗਲ ਸੰਸਾਰ ਜਿਹ ਐਸੇ ਸਮਰਥ ਸੋਇ ॥ ਤਾਂਕੀ ਸਰਨੀ ਜਾਈਏ ਕਹੇ ਹੰਦਾਲੁ ਸਚਿ ਸੋਇ ॥੧॥ ਪਉੜੀ ॥ ਤੀਰਥ ਦੇਵੀ ਦੇਵ ਉਪਾਏ ॥ ਵਰਤਣ ਸੁਚ ੧ਸੰਜਮ ਦਰੜਾਏ ॥ ਚਾਰ ੨ਵੇਦ ਵਰਤਣ ਸੰਸਾਰੇ ॥ ਚਾਨਣ ਕੀਨੋਂ ਸਗਲ ਪਸਾਰੇ ॥ ਤੀਨ ਕਾਂਡ ਯੇਹ ਵੇਦ ਕਹਾਵੈ ॥ ਕਰਮ ਉਪਸ਼ਨ ਗਿਯਾਨ ਬਤਾਵੈ ॥ ਸਰਬ ਤਿਆਗ ਏਕ ਪ੍ਰਭੁ ਧਿਆਵੈ ॥ ਉਤਮ ਮਤ ਵੇਦ ਜਿਉਗਾਵੈ ॥ ਭਗਤਿ ਕਰੇ ਏਹ ਉਤਮ ਗਿਆਨ ॥ ਸਭਤੇ ਉਤਮ ਨਾਮੁ ਪਛਾਨ ॥ ਨਾਮ ਤੁਲ ਕਛੂ ਅਵਰ ਨਾਂ ਹੋਇ ॥ ਕਹੇ ਹੰਦਾਲੁ ਗੁਰ ਭਾਖੇ ਸੋਇ ॥੬॥ ਸਲੋਕ ॥ ਭੋਗ ਮੋਖ ਹਰਿਨਾਮੁ ਤੇ ਸਭ ਕਛੁ ਪ੍ਰਾਪਤਿ ਹੋਇ ॥ ਕਹੇ ਹੰਦਾਲ ਹਰਿ ਸਿਮਰੀਏ ਤਿਸ ਜੇਵਡ ਅਵਰ ਨ ਕੋਇ ॥ ੧ ॥ ਪਉੜੀ ॥ ਭਗਤਿ ਕਰੇ ਹਰਿਕੇ ਗੁਣ ਗਾਵੈ ॥ ਭੈ ਸਾਗਰ ਸੋ ਨਰ ਤਰ ਜਾਵੇ ॥ ਜੋ ਹਰਿ ਭਗਤਿ ਰਹਿਤ ਨਰ ਹੋਈ ॥ ਭੈ ਸਾਗਰ ਕੋ ਜਾਵੇ ਸੋਈ ਜਿਨ ਜਨ ਹਰਿ ਕੀ ਭਗਤਿ ਬਿਸਾਰੀ ॥ ਕਿਉਂ ਨਹੀਂ ਬਾਂਝ ਭਈ ਮਹਤਾਰੀ ੩ ॥ ਜੋ ਹਰਿ ਭਗਤਿ ਤੇ ਬੇ ਮੁਖਿ ਹੋਈ ॥ ਜਮ ਦੂਤਨ ਵਸ ਆਵਤ ਸੋਈ ॥ ਪਰਤਮਾਰ ਬਹੁ ਵਾਟ ਦੁਹੇਲੀ ੪ ॥ ਆਗੇ ਧਰਮ ਰਾਇ ਨਾ ਹੋਵਤ ਬੇਲੀ ॥ ਤਾਂਤੇ ਹਰਿ ਕੀ ਭਗਤਿ ਕਮਾਵੇ ॥ ਕਹੇ ਹੰਦਾਲੁ ਪ੍ਰਮ ਪਦ ਪਾਵੇ ॥ ੭ ॥ ਸਲੋਕ ॥ ਜਿਨ ਪਰ ਕ੍ਰਿਪਾ ਹਰਿ ਕਰੀ ਤੇ ਹਰਿ ਭਗਤ ਕੁਮਾਹਿ ॥ ਹੰਦਾਲੁ ਕਹੇ ਹਰਿ ਭਗਤਿ ਸਮ ਚਾਰੋਂ ਜੁਗ ਮੈਂ ਨਾਹਿ ॥ ੧ ॥ ਪਉੜੀ ॥ ਸਤ ਜੁਗ ਮੈਂ ਪ੍ਰਹਿਲਾਦ ਭਯੋ ਹੈ ॥ ਬਲਰਾਜਾ ਹਰਿ ਸਰਨ ਗਇਯੋ ਹੈ॥ ਧ੍ਰੂਹ ਨਾਰਦ ਹਰਿਭਗਤਿ ਕਮਾਈ॥ ਅਮ੍ਰੀਕ ਹਰੀਚੰਦ ਸਰਨਾਈ ॥ ਬਿਦਰ ਸੁਦਾਮਾਂ ਸਭਿ ਜੱਗ ਜਾਨੈ ॥ ਕਲਜੁਗ ਮਹਿ ਬਹੁ ਬਖਾਨੈ ॥ ਨਾਮਾ ਜੈਦੇਵ ਕਬੀਰ ਸੁਭ ਆਸਾ ॥

ਭਗਤ

---

੧ ਸੰਜਮ ਇੰਦਰੀਓਂ ਕਾ ਦਮਨ ਕਰਨਾ । ੨ ਰਿਗ, ਜੁਜਰ, ਸ਼ਾਂਮ, ਅਥਬਣ । ੩ ਮਹਤਾਰੀ ਮਾਤਾ । ੪ ਦੁਹੇਲੀ ਕਠਨ ।

Digitized by Panjab Digital Library | www.panjabdigilib.org

ਰਵਿਦਾਸ ਭਗਤਿ ਅਰ ਨਾਨਕ ਦਾਸਾ ॥ ਸੈਨ ਭਗਤਿ ਅਰ ਸਧਨਾ ਤਾਰੇ ॥ ਭਗਤਿ ਕਰੀ ਸਭ ਉਤਰੇ ਪਾਰੇ ॥ ਹਰਿ ਕੀ ਭਗਤਿ ਕਰੋ-ਮੇਰੇਮੀਤਾ ॥ ਕਹੇ ਹੰਦਾਲੁ ਹੋਇ ਨਿਰਮਲ ਚੀਤਾ ॥ ੮ ॥ ਸਲੋਕ ॥ ੧ਪਤਤਿ ਉਧਾਰਨ ੨ਬ੍ਰਿਦ ਹਰਿ ਸਭ ਕਾ ਕਰੇ ਉਧਾਰ ॥ ਕਹੈ ਹੰਦਾਲੁ ਹਰਿ ਸਿਮਰੀਐ ਸੁਆਮੀ ਸਿਰਜਨ ਹਾਰ ॥ ੧ ॥ ਪਉੜੀ ॥ ਅਜਾਮਲ ਗਨਕਾ ਜਹਿ ਤਾਰੀ ॥ ਬੰਧਕ ਤਾਰਿਓ ਕ੍ਰਿਸ਼ਨ ਮੁਰਾਰੀ ॥ ੩ ਗਰਾਹਿ ਗ੍ਰਸਿਓ ੪ਗਜੇਂਦਰ ਉਬਾਰਿਓ ॥ ੫ ਦਰੋਪਤ ਸੁਤਾ ਕਾ ਦੂਖ ਉਤਾਰਿਓ ॥ ਰਾਖੀ ਲਾਜ ਬ੍ਰਿਦ ਅਪਨੇ ਕੀ ॥ ਜੁਗੋ ਜੁਗੰਤ੍ਰ ਹਰਿ ਭਗਤਨ ਕੀ ॥ ਤਾਂਤੇ ਹਰਿਕੀ ਸਰਨਹਿ ਆਵੋ ॥ ਸਰਨੀ ਆਇ ਪ੍ਰਮ ਸੁਖ ਪਾਵੇ ॥ ਗੁਰਮੁਖ ਹੋਇ ਹਰਿ ਭਗਤ ਕੁਮਾਵੇ ॥ ਸਾਧ ਸੰਗ ਮਹਿ ਇਹ ਮਨੁ ਲਾਵੈ ॥ ਜਿਸਕੋ ਸਤਿਗੁਰ ਭੇਦ ਬਤਾਵੈ ॥ ਕਹੈ ਹੰਦਾਲੁ ਸੁ ਭਗਤਿ ਕੁਮਾਵੈ ॥ ੯ ॥ ਸਲੋਕ ॥ ਸਤਿਗੁਰ ਸਰਨੀ ਜਾਇਕੈ ਪੂਛੇ ਉਤਮ ਗਿਯਾਨ ॥ ਸਤਿਗੁਰ ਬਿਨਾ ਨ ਪਾਵਈ ਕਹੈ ਹੰਦਾਲੁ ਵਿਗਯਾਨ ॥ ੧ ॥ ਪਉੜੀ ॥ ਗੁਰਸਰਨਾਈ ਗਵਨ ੬ਮਿਟਾਇਆ ॥ ਗੁਰ ਸਰਨਾਇ ਪ੍ਰਮੁ ਪਦ ਪਾਇਆ ॥ ਸਤਿਗੁਰ ਬਿਨਾ ਨ ਉਤਰੇ ਪਾਰ ॥ ਸਤਿਗੁਰ ਬਿਨਾਂ ਨਾ ਮੋਖ ਦੁਆਰ ॥ ਸਤਿ ਗੁਰ ਬਿਨਾ ਹੈ ਆਵਨ ਜਾਨ ॥ ਸਤਿਗੁਰ ਬਿਨਾਂ ਨ ਉਪਜੇ ਗਿਯਾਨ ॥ ਸਤਿਗੁਰ ਬਿਨਾਂ ਨਾ ਆਤਮ ਗਿਯਾਨ ॥ ਸਤਿਗੁਰ ਬਿਨਾਂ ਨਾ ਮਰਮ ਪਛਾਨ ॥ ਸਤਿਗੁਰ ਕੀ ਸਰਨੀ ਜਬ ਆਵੈ ॥ ਟੂਟੈ ਬੰਧ ਪ੍ਰਮ ਗਤ ਪਾਵੈ ॥ ਸਤਿਗੁਰ ਸਰਨ ਰਹੋ ਦਿਨ ਰਾਤ ॥ ਕਹੈ ਹੰਦਾਲੁ ਮਿਟ ਜਾਇ ਭ੍ਰਾਤ ॥ ੧੦ ॥ ਸਲੋਕ ॥ ਸਾਧ ਸੰਗ ਸਮ ਨਾਂਹਿ ਕੋ ਜਗ ਮਹਿ ਊਤਮ ਗਿਯਾਨ ॥ ਹੰਦਾਲੁ ਪੁਰਖੁ ਯੇਹ ਭਾਖਈ ਸਾਧ ਸੰਗਿ ਪਰਵਾਨ ॥ ੧ ॥ ਪਉੜੀ ॥ ਸਾਧ ਸੰਗ ਸਭ ਦੂਖ ਬਿਨਾਸੈ ॥ ਸਾਧ ਸੰਗ ਤ੍ਰਿਸ਼ਨਾ ਸਭ ਨਾਸੈ ॥ ਸਾਧ ਸੰਗ ਸਭਿ ਪਾਪਿ

---

੧ ਪਤਤਿ ਨੀਚ । ੨ ਬ੍ਰਿਦ ਸੁਭਾਵ । ੩ ਗਰਾਹਿ ਤੰਦੂਆ । ੪ ਗਜੇਂਦ੍ਰ ਹਾਥੀ ੫ ਦਰੋਪਤ ਪਾਡਵਾਂ ਵਿਚੋਂ ਰਾਜਾ ਸੀ, ੬ ਗਵਨ ਫਿਰਨਾ

Digitized by Panjab Digital Library | www.panjabdigilib.org

ਬਿਨਾਸੈ ॥ ਲੋਭ ਮੋਹ ਸਭ ਹੀ ਉਠ ਨਾਸੈ ॥ ਕ੍ਰੋਧ ਨਾਂ ਆਵੇ ਕਦਹੀ ਨੇਰੇ ॥ ਸਾਧ ਸੰਗਿ ਉਠ ਜਾਂਹਿ ਪਰੇਰੈ ॥ ਮ੍ਰਿਗ ਤ੍ਰਿਸ਼ਨਾ ਏਹ ਜਗਤਿ ਪਸਾਰਾ ॥ ਸਾਧ ਬਤਾਵੇ ਤਿਸੁ ਤੱਤੁਕਾਰਾ ॥ ੯ਦ੍ਰੂਮ ਛਾਇਆ ਜਿਓ ਜਗਤਿ ਦਿਖਾਵੈ ॥ ੭ਬਾਰੂ ੩ਭੀਤ ਜਗਤਿ ਦਰਸਾਵੈ ॥ ਸਾਧੂ ਐਸੇ ਬਚਨ ਸੁਨਾਵੈ ॥ ਕਹੈ ਹੰਦਾਲੁ ਸਾਂਤਿ ਸੁਖਿ ਪਾਵੈ ॥ ੧੧ ॥ ਸਲੋਕ ॥ ਯੇਹ ਜਗ ਸੁਪਨਾ ਦੇਖੀਐ ਥਿਰ ਨਹੀਂ ਦੀਸੈ ਕੋਇ ॥ ਹੰਦਾਲੁ ਪੁਰਖੁ ਯੇਹ ਭਾਖਈ ਅਸਥਿਰ ਰਹੈ ਨਾਂ ਕੋਇ ॥ ੧ ॥ ਪਉੜੀ ॥ ਰਾਜਾ ਰੱਯਤਿ ਰਹੈ ਨ ਕੋਈ ॥ ਜੋ ਉਪਜਿਆ ਸਭ ਬਿਨਸੈ ੫ ਲੋਈ ॥ ਹਟ ਪਟਣ ਬਜਾਰ ਨਾਂ ਰਹਿਸੀ ॥ ਬਾਗ ਬਾਰਾਇਤ ਸਭ ਉਠ ਵਹਿਸੀ ॥ ਤਾਰਾ ਮੰਡਲ ਬਿਨਸ ਬਿਨਾਸੈ ॥ ਸਸੀ ਅਰ ਭਾਨ ਨਾ ਕੋਈ ਭਾਸੈ ॥ ੧ਗਿਰ ੨ਸਰਤਾ ਸਭ ਕੋ ਨ ਰਹਾਸੀ ॥ ਰਾਜੇ *ਮੈਹਤੇ ਸਭ ਉਠ ਜਾਸੀ ॥ ਜੋਗੀ ਜੰਗਮ ਰਹੈ ਨਾਂ ਕੋਈ ॥ ਸਿਧ ਸਾਧ ਸਭਿ ਚਲ ਹੈ ਲੋਈ ॥ ਤਪੀ ਸੰਨਿਆਸੀ ਸਭ ਚਲ ਜਾਵੈ ॥ ਹੰਦਾਲੁ ਕਹੈ ਸਭ ਕਾਲ ਖਪਾਵੈ ॥ ੧੨ ॥ ਸਲੋਕ ॥ ਜੋਗ ਜੁਗਤਿ ਕਰਿ ਜੀਤੀਐ ਕਾਲ ਬਲੀ ਸਿਰ ਮੋਰ ॥ ਹੰਦਾਲੁ ਭਗਤਿ ਕੀ ਬੇਨਤੀ ਬਿਨ ਸਤਿਗੁਰ ਨਹੀਂ ਹੋਰ ॥ ੧ ॥ ਪਉੜੀ ॥ ਪ੍ਰਿਥਮ ਬਾਸਨਾਂ ਸਗਲ ਨਿਵਾਰੇ ॥ ਨਿਰੰਜਨ ਨਾਥ ਆਸਨ ਕੋ ਧਾਰੇ ॥ ਪਦਮ ਆਸਨ ਸਿਧ ਆਸਨ ਕਰੈ ॥ ਪ੍ਰਾਨ ਅਪਾਨ ਪਉਨ ਸੰਚਰੈ ੪ ॥ ਅਹਾਰ ਨਾਂ ਕਰੈ ਬਹੁਤ ਅਘਾਈ ॥ ਖੰਡਤ ਨਿੰਦ੍ਰਾ ਸਾਧੇ ਭਾਈ ॥ ਨੀਦ ਨ ਸੋਵੇ ਬਿੰਦ ਝਰਨਤੇ ॥ ਜੱਤ ਗਹਿ ਰਾਖੇ ਗੁਰ ਕ੍ਰਿਪਾਤੇ ॥ ਇੜਾ †ਪਿੰਗਲਾ ਸੁਖਮਨਾ ਜਾਨੈ ॥ ਇਨਕੇ ਗੁਰ ਤੈ ਭੇਦ ਬਖਾਨੈ ॥ ਪਿੰਗਲਾ ਛੋਡ ੬ਇੜਾ ਕੋ ਸੇਵੇ ॥ ਸੁਖ ਮਨ ਮੈਂ ਹੰਦਾਲੁ ਸਮੋਵੇ ॥ ੧੩ ॥ ਸਲੋਕ ॥ ਅਚਰਜ ਸਾਖੀ ਜੋਗ ਕੀ ਸਤਿਗੁਰ ਦੇਤ ਬਤਾਇ ॥ ਹੰਦਾਲੁ ਪੁਰਖੁ ਯੇਹ ਕਠਨ ਗਤ ਬਿਨੁ

੯ ਦ੍ਰੂਮ ਬ੍ਰਿਛ, ੭ ਬਾਰੂ ਰੇਤ, ੩ ਭੀਤ ਕੰਧ, ੫ ਲੋਈ ਜਗਤ,
੧ ਗਿਰ ਪਹਾੜ, ੨ ਸਰਤਾ ਨਦੀ, *ਮੈਹਤੇ ਛੋਟਾ, ੪ ਸੰਚਰੇ ਰੋਕੇ, †ਪਿੰਗਲਾ ਖਬੀ,
੬ ਇੜਾ ਸੱਜੇ ਨੂੰ,

Digitized by Panjab Digital Library | www.panjabdigilib.org

ਸਤਿਗੁਰ ਨਹੀਂ ਪਾਇ ॥ ੧ ॥ ਪਉੜੀ ॥ ਗਗਨ ਗੁਫਾ ਮਹਿ ਰਾਖੈ ਥੰਭ ॥ ਲਹਿ ਤ੍ਰਬੈਣੀ ਉਲਟੀ ਸੰਧ ॥ ਤ੍ਰਿਕੁਟੀ ਮਧ ਕਰੈ ਅਸਥਾਂਨ ॥ ਝਿਲ ਮਿਲ ਜੋਤਿ ਪ੍ਰਗਟੇ ਤਹਿ ਆਨ ॥ ਅਨਹਦ ਧੁੱਨ ਬਾਜੈ ਦਿਨ ਰੈਨ ॥ ੭ਨਿਰਖ ਅਚਰਜ ਕਹੈ ਨਹੀਂ ਬੈਨ ॥ ਓਅੰ ਸੋਹੰ ਹੰਸਾ ਜਾਪ ॥ ਅਜਪਾ ਜਾਪ ਹੋਵਤ ਹੈ ਆਪ ॥ ਜੋਗ ਜੁਗਟਿ ਭੇਟੇ ਕਰਤਾਰ ॥ ਅਚਰਜ ਰੂਪ ੮ਨਿਰਖੇ ੧ਤੱਤ ਸਾਰ ॥ ਜੋਗ ਜੁਗਤਿ ਕੀ ਬਾਤ ਬਤਾਈ ॥ ਕਹੈ ਹੰਦਾਲੁ ਸੰਮਝ ਲੈ ਭਾਈ ॥ ੧੪ ॥ ਸਲੋਕ ॥ ਨਾਮੁ ਬਿਨਾ ਨਹੀ ਉਪਜਈ ਜੋਗ ਬੈਰਾਗ ਸੰਨ ਆਸ ॥ ਸਭ ਤੇ ਊਤਮ ਨਾਮ ਹੈ ਨਾਮੁ ਜਪੋ ਗੁਣਤਾਸ ॥ ੧ ॥ ਪਉੜੀ ॥ ਨਾਮੁ ਤੁਲ ਸਾਧਨ ਨਹੀਂ ਕੋਇ ॥ ਸਭ ਤੇ ਨਾਮੁ ਸਿਰੋਮਣ ਸੋਇ ॥ ਨਾਮੁ ਤੁਲ ਨਹੀਂ ਤੀਰਥ ਨੇਂਮੁ ॥ ਬ੍ਰਤ ਪੂਜਾ ਨਹੀਂ ਸਮਤੇਮੁ ॥ ਨਾਂਮੁ ਸਮਾਨ ਨਹੀਂ ਕੋਊ ਕਾਮੁ ॥ ਸਭਤੇ ਊਪਰ ਹਰਿ ਕੋ ਨਾਮੁ॥ ਰਾਮੁ ਨਾਮੁ ਪ੍ਰਹਲਾਦ ਉਧਾਰਿਓ ॥ ਰਾਮੁ ਨਾਮ ਧ੍ਰੂ ਕੋ ਨਿਸਤਾਰਿਓ ॥ †ਗਜ ੨ਗ੍ਰਾਹ ਤੇ ਨਾਮੁ ਉਬਾਰਿਓ ॥ ਆਜੈਮਲ ਗਨਕਾ ਨਾਮੁ ਉਧਾਰਿਓ ॥ ਰਾਮੁ ਨਾਮੁ ਜਪੀਐ ਨਿਸਤਾਰ ॥ ਕਹੈ ਹੰਦਾਲੁ ਹਰਿਨਾਮੁ ਬੀਚਾਰ ॥ ੧੫ ॥ ਸਲੋਕ ॥ ਧਨ ਧਰਨੀ *ਸੰਪਤ ਸਕਲ ਬਿਨਸੈ ਸਕਲ ਅਕਾਰ ॥ ਕਹੈ ਹੰਦਾਲੁ ਥਿਰ ਨਾਮੁ ਹੈ ਔਰ ਸਗਲ ‡ਅਸਾਰ ॥ ੧ ॥ ਪਉੜੀ ॥ ਕਹੋ ੩ਬਿਭੂਤ ਰਾਵਨ ਕੀ ਜੋਈ ॥ ਰੈਹਿਨ ਨਾਂ ਪਾਈ ਇਕ ਛਿਨਕੋਈ॥ ਖਟ ਵਾਂਗੁ ੪ਦਲੀਪ ਪਕਰਨ ਸੇ ਭਾਈ ॥ ੬ਦੁਰਜੋਧਨ ਕੀ ਕਥਾ ਸੁਨਾਈ ॥ ਛਪਨ ਕੋਟ ਯਾਦਵ ਜੋ ਭਏ ॥ ਚਾਰ ਘਰੀ ਮਹਿ ਸਭਿ ਬਿਨਸਏ ॥ ਇਸ ਮਾਯਾ ਕਾ ਕਿਆ ਭਰਵਾਸਾ ॥ ਰਹੇ ਨਹੀਂ ਥਿਰ ਜਗਤ ਨਿਵਾਸਾ ॥ ਸਗਲ ਪਦਾਰਥ ਬਿਨਸਨ ਹਾਰੈ॥ਜਪ ਲੀਜੈਪ੍ਰਭ ਨਾਮਪਿਆਰੈ॥ਜੋ ਜੋਸਰਨਿਪਰੇ

੭ਨਿਰਖ ਦੇਖਨਾ, ੮, ਨਿਰਖੇ ਦੇਖਨਾ ੧ ਤੱਤਸਾਰ ਰੀਦੀ ਵਸਤੂ, ੨ ਗ੍ਰਾਹ ਤੇਂਦੂਆ, † ਗਜ ਹਾਥੀ, * ਸੰਪਤ ਜਿਤਨੀ ਮਾਯਾ, ‡ਅਸਾਰ ਝੂਠ, ੩ ਬਿਭੂਤ ਰਾਜ, ੪ ਦਲੀਪ ਰਾਜਾ, ੫ ਕਰਨ ਰਾਜਾ, ੬ ਦੁਜੋਧਨ ਰਾਜਾ,

Digitized by Panjab Digital Library | www.panjabdigilib.org

ਹਰਿਦੁਆਰੇ ॥ ਕਹੇ ਹੰਦਾਲੁ ਤਿਨ ਕਾਜ ਸੁਵਾਰੇ ॥੧੬॥ ਸਲੋਕ ॥ ਗਿਯਾਨ ਸਰੂਪੀ ਆਤਮਾਂ ਸਦਾ ਅਨੰਦੀ ਜਾਨ ॥ ਸਚ੍ਹਦਾ ਨੰਦ ਸੁ ਬ੍ਰਹਮੁ ਹੈ ਹੰਦਾਲੁ ਪੁਰਖੁ ਭਗਵਾਨ ॥ ੧ ॥ ਪਉੜੀ ॥ ਸਭਕਾ ਕਾਰਨ ਬ੍ਰਹਮੁ ਪਛਾਨ ॥ ਸਭਿ ਮਹਿ ਰਵ ਰੇਹਾ ਭਗਵਾਨ ॥ ਜਿਉਂ ੧ਸਾਗਰ ਮੈਂ ਬੁਦ ਬੁਦ ਭਏ ॥ ਤੈਸੇ ਜਗ ਆਤਮ ਮਹਿ ਛਏ ॥ ਜੈਸੇ ਖੰਡ ਮੈਂ ੨ਸੂਰਤਿ ਪੇਖ ॥ ਤਿਉ ਆਤਮ ਮਹਿ ਜਗ ਕੋ ਦੇਖ ॥ ਜਿਉਂ ਸੁਵਰਨ ਮਹਿ ਭੂਖਣ ਸਾਰੇ ॥ ਸੁਵਰਨ ਰੂਪ ਹੀ ਲੇਹੁ ਬੀਚਾਰੇ ॥ ੩ਮ੍ਰਿਤਕਾਂ ਕੀ ਜਿਉ ਸੈਨਾਂ ਬਨੀ ॥ ਸਭ ਹਨ ਸੂਤ ੪ਮ੍ਰਿਤਕਾ ਗਨੀ ॥ ਤੰਤੂ ਮਹਿ ਜਿਉ ਕਪੜਾ ਹੋਈ ॥ ਹੰਦਾਲੁ ਬ੍ਰਮੁ ਮਹਿ ਯਹਿ ਜਗ ਸੋਈ ॥ ੧੭ ॥ ਸਲੋਕ ॥ ਬ੍ਰਹਮੁ ਰਵ ਰਿਹਾ ਜਗਤਿ ਮਹਿ ਬ੍ਰਹਮੁ ਤੇ ੫ਇਤ੍ਰ ਨਾਂ ਕੋਇ ॥ ਫੂਲ ਮਧ ਜਿਉ ੬ਗੰਧ ਹੈ ਤਿਓ ਆਤਮ ਜਗ ਸੋਇ ॥ ੧ ॥ ਪਉੜੀ ॥ ਜੈਸੇ ਅਗਨਿ ਮਹਿ ੭ਉਸਨਤਾ ਜਾਨ ॥ ਬ੍ਰਹਮੁ ਮਾਂਹਿ ਤਿਓ ਜਗਤ ਪਛਾਨ ॥ ਤਿਲਾਂਮਾਂਹਿ ਤੇਲ ਹੈ ਜੈਸੇ ॥ ਆਤਮ ਮਹਿ ਜਗ ਭਾਸਤ ਐਸੇ ॥ ਏਕੋ ਕਰਤਾ ਏਕੋ ਰਾਮੁ ॥ ਏਕੋ ਹੈ ਈਸ਼ਰ ੮ਨਿਹ ਕਾਂਮੁ ॥ ਜਗ ਆਤਮ ਮਹਿ ਭੇਦ ਸੋ ਕੋਇ ॥ ਦੂਧ ਘੀਉ ਜਿਉਂ ਏਕੋ ਸੋਇ ॥ ੯ਮੁਕਰ ਮਾਂਹਿ ਪ੍ਰਿਤ ਬਿੰਬ ੧੦ ਪਛਾਨ ॥ ਤਿਉ ਆਤਮੁ ਮਹਿ ਜਗਕੋ ਜਾਨ ॥ ਆਤਮ ਰਮਿਆ ਸਭ ਜਗ ਜਾਨ ॥ ਕਹੈ ਹੰਦਾਲੁ ਸੋ ਬ੍ਰਹਮੁ ਪਛਾਨ ॥ ੧੮ ॥ ਸਲੋਕ ॥ ਤ੍ਰਿਸ਼ਨਾਂ ਦੁਖਕੋ ਰੂਪ ਹੈ ਬੰਧਨ ਏਹ ਸੰਸਾਰ ॥ ਤ੍ਰਿਸ਼ਨਾਂ ਤੱਜ ਸੁਖ ਸੋ ਰਹੁ ਆਤਮੁ ਰੂਪ ੧੧ਨਿਹਾਰ ॥੧॥ ਪਉੜੀ॥ ਤ੍ਰਿਸ਼ਨਾਂ ਲੋਭ ਸਭਿ ਕਰੀ ਖੁਆਰੀ ॥ ਆਤਮ ਆਗੇ ੧੨ਪਟਲ ਬਿਚਾਰੀ ॥ ਤ੍ਰਿਸ਼ਨਾ ਕਰਿ ਨਿਸ ਦਿਨ ਏਹ

---

੧ ਸਾਗਰ ਸਮੁੰਦ੍ਰ ੨ ਸੂਰਤਿ ਖਡਾਉਨਾ,

੩ ਮ੍ਰਿਤਕਾ ਮਿਟੀ ਕੀ ਸੂਰਤ, ੪ ਮ੍ਰਿਤਕਾ ਮਿਟੀ ਕੀ ਸੂਰਤ, ੫ ਇਤ੍ਰ ਅਲੈਹਦਾ, ੬ ਗੰਧ ਸੁਗੰਧੀ, ੭ ਉਸਨਤਾ ਗ੍ਰਮੀ, ੮ ਨਿਹਕਾਂਮੁ ਜਿਸਕੋ ਕੋਈ ਇਛਾ ਨਹੀਂ, ੯ ਮੁਕਰ ਸੀਸਾ, ੧੦ ਪ੍ਰਿਤਬਿੰਬ ਅਕਸ਼, ੧੧ ਨਿਹਾਰ ਵੇਖਨਾ, ੧੨ ਪਟਲ ਪੜਦਾ ਪੈ ਗਿਆ,

Digitized by Panjab Digital Library | www.panjabdigilib.org

ਜਲੇ ॥ ਕਬੀ ਨਾਂ ਤ੍ਰਿਸ਼ਨਾਂ ਮਨੁ ਤੇ ਟਲੇ ॥ ਤ੍ਰਿਸ਼ਨਾਂ ਏਹ ਜਗ ਬੰਧਨ ਜਾਨ ॥ ਤ੍ਰਿਸ਼ਨਾ ਛੂਟੇ ਮੁਕਤਿ ਪਛਾਨ ॥ ਤ੍ਰਿਸ਼ਨਾਂ ਛਾਡ ਮਹਾਂ ਸੁਖ ਪਾਵੇ ॥ ਹੋਇ ਨਿਰਾਸ ਸੁਖ *ਸਹਿਜ ਸੁਮਾਵੇ ॥ ਤ੍ਰਿਸ਼ਨਾ ਛੋਡ ਪ੍ਰਮ ਸੁਖ ਪਾਇਆ ॥ ਹੰਦਾਲੁ ਪੁਰਖੁ ਨੇ ਤੁਮੇਂ ਸੁਨਾਇਆ ॥ ੧੯ ॥ ਸਲੋਕ ॥ ਕ੍ਰੋਧ ਨਾਂ ਕੀਜੈ ਸੰਤ ਜਨ ਕ੍ਰੋਧ ਮੂਲ ਤਨ ਖਾਪੁ ॥ ਕ੍ਰੋਧ ਕੀਏ ਤੇ ਖਪੁ ਗਏ ਖੂਹਣ ਅਠ ਦਸ ਆਪੁ ॥ ੧ ॥ ਪਉੜੀ ॥ ਕ੍ਰੋਧ ਬੁਰਾ ਜਗ ਕੋ ਹੈ ਖਾਪ ॥ ਖਪ ਗਏ ਰਾਵਨ ਸੇ ਅਤ ਪਾਪੁ ॥ ਦਰਯੋਧਨ ਸੇ ਕਈ ਖਪਾਏ ॥ ਕੈਰੋਂ ਪਾਂਡੋ ਕਰੋਧ ਉਪਾਏ ॥ ਕ੍ਰੋਧ ਹੀ ਮੋਖ ਮਾਰਗ ਕੋ ਘਾਤੀ ॥ ਕ੍ਰੋਧ ਹੀ ਮਾਰ ਮਿਲਾਵੈ †ਨਾਤੀ ॥ ਕ੍ਰੋਧ ਹੀ ਕਰ ਯਾਦਵ ਸਭ ਘਾਏ ॥ ਛਪਨ ਕੋਟ ਕ੍ਰੋਧ ਖਪਾਏ ॥ ਸਭਤੇ ਕ੍ਰੋਧ ਬੁਰਾ ਸੁਨ ਮੀਤ ॥ ਤਜੋ ਕ੍ਰੋਧ ਭਜ ਨਿਰਮਲ ਚੀਤ ॥ ਮਿਟੇ ਕ੍ਰੋਧ ਸ਼ਾਂਤ ਜਬ ਆਈ ॥ ਕਹੈ ਹੰਦਾਲੁ ਗੁਰ ਭਏ ਸਹਾਈ ॥ ੨੦ ॥ ਸਲੋਕ ॥ ਅਹੰਕਾਰ ਬਡੋ ੧ਰਿਪ ਜਾਨੀਏ ਸੁਨਹੋ ਸੰਤੁ ਸੁ ਜਾਨ ॥ ਤਿਸਨੋ ਜੀਤੋ ਸਾਧ ਮਿਲ ਔਰ ਨਾਂ ਸਾਧਨ ਮਾਨ ॥੧॥ ਪਉੜੀ ॥ ਜਬ ਅਹੰਕਾਰ ਰਿਦੇ ਮਹਿ ਆਵੇ ॥ ਜਪੁ ਤਪੁ ਨੇਮੁ ਸਭੋ ਹੀ ਜਾਵੇ ॥ ਜੇਤਾ ਸਭ ਕਰੀਏ ਸੁਭ ਚਾਰ ॥ ਅਹੰਕਾਰ ਸਭੀ ਕੋ ਦੇਤ ਬਿਡਾਰ ॥ ਰਾਵਨ ਸੇ ਅਹੰਕਾਰ ਪਛਾਰੇ ॥ ਦਰਜੋਧਨ ਸੇ ਕੀਏ ਖੁਆਰੇ ॥ ਹਰਨਾਕਸ਼ ੨ਸਸਿਪਾਲ ਖਪਾਏ ॥ ਅਹੰਕਾਰ ਸਭ ਨਾਸ਼ ਕਰਾਏ ॥ ਮਹਾਂ ਦੁਸਟ ਅਹੰਕਾਰ ਪਛਾਨ ॥ ਤਾਂਕੀ ਸੰਗਤਿ ਤਜ ਸੁਖ ਮਾਨ ॥ ਕਹੈ ਹੰਦਾਲੁ ਅਹੰਕਾਰ ਨਾਂ ਕੀਜੈ ॥ ਤਜ ਅਹੰਕਾਰ ਰਾਂਮੁ ਰਸ ਪੀਜੈ ॥ ੨੧ ॥ ਸਲੋਕ ॥ ਸੰਤ ਜਨੋਂ ਨਿੰਦਾ ਤਜੋ ਨਿੰਦ ਕਰੋ ਨਾ ਕੋਇ ॥ ਪਰਕਾ ਭਾਰ ਕਿਓ ਲੀਜੀਏ ਹੰਦਾਲੁ ਕਹੈ ਸਚੁ ਸੋਇ ॥੧॥ ਪਉੜੀ ॥ ਨਿੰਦਾ ਸਭ ਤੇ ਬੁਰੀ ਪਛਾਨੋ ॥ ਨਿੰਦ ਹਾਲ ਬੁਰਾ ਤੁਮ

---

*ਸਹਿਜ ਅਨੰਦ, †ਨਾਤੀ ਮਿਟੀ, ੧ ਰਿਪ ਵੈਰੀ,
੨ ਸਸਿਪਾਲ ਰਾਜਾ ਸੀ,

Digitized by Panjab Digital Library | www.panjabdigilib.org

ਜਾਨੋ ॥ ਨਿੰਦਾ ਕਿਸਹੀ ਕੀ ਨਹੀਂ ਕਰੀਏ ॥ ਪੂਕੀ ਪੋਟ ਆਪ ਸਿਰ ਧਰੀਏ ॥ ਨਿੰਦਾ ਕਰਿ ਕਰਿ ਭਾਰ ਉਠਾਵੈ ॥ ਨਿੰਦਕ ਘੋਰ ਨਰਕ ਮਹਿ ਜਾਵੈ ॥ ਹਾਲ ਬੁਰਾ ਨਿੰਦਕ ਕਾ ਭਾਈ ॥ ਈਹਾਂ ਊਹਾਂ ਨਿੰਦਕ ਪਤ ਜਾਈ ॥ ਸੰਤ ਜਨਾ ਨਿੰਦਾ ਨਹੀਂ ਭਾਖੈ ॥ ਜਿਨਕੋ ਪ੍ਰਭੁ ਕੀ ਹੈ ਪਅਭਿਲਾਖੈ ॥ ਨਿੰਦਾ ਤਜ ਹਰਿ ਭਗਤਿ ਕਰੀਜੈ ॥ ਕਹੈ ਹੰਦਾਲੁ ਗੋਬਿਦ ਰਸ ਲੀਜੈ ॥੨੨॥ ਸਲੋਕ ॥ ਕਾਲ ਬਲੀ ਹੈ ਸਭਨ ਸਿਰ ਸਭ ਚੁਣ ਮਾਰੈ ਯਾਰ ॥ ਕਹੈ ਹੰਦਾਲੁ ਹਰਿ ਸਿਮਰੀਏ ਭੈਜਲ ਉਤਰੋ ਪਾਰ ॥੧॥ ਪਉੜੀ ॥ ਸਭਕੋ ਕਾਲ ਖਾਇਗਾ ਭਾਈ ॥ ਰਾਜਾ ਰਯਤ ਰੈਹਨ ਨ ਪਾਈ ॥ ਰੈਹਨ ਨਾਂ ਪਾਵੇ ਸੁਰ ਨਰ ਦੇਵਾ ॥ ਜੋਗੀ ਜੰਗਮ ਅਰ ਬ੍ਰੈਹਮੇਵਾ ॥ ਸਭਕੇ ਊਪ੍ਰ ਕਾਲ ਬਲੀ ਹੈ ॥ ਤਿਸਤੇ ਬਚੇ ਨਾ ਕੋਇ ਬਲੀ ਹੈ ॥ ਕਾਲ ਹੀ ਕਰਿ ਸਭ ਉਪਜ ਖੜੇ ਹੈਂ ॥ ਕਾਲ ਬਲੀ ਨੇ ਸਭੇ ਦਲੇ ਹੈਂ ॥ ਕਾਲ ਹੀ ਸਭਕੋਮਾਰ ਚੁਕਾਵੈ ॥ ਕਾਲ ਤੇ ਰੈਹਨ ਨਾਂ ਕੋਈ ਪਾਵੈ ॥ ਸਭ ਸਿਰ ਊਪਰਿ ਕਾਲ ੧ਕਰਾਰਾ ॥ ਕਹੈ ਹੰਦਾਲੁ ਹਰਿ ਸਿਮਰ ਪਿਆਰਾ ॥੨੩॥ ਸਲੋਕ ॥ ਸੰਤੋਖ ੨ਸਾਰਖਾ ਧਨ ਨਹੀਂ ਜਾਨ ਲੇਹੁ ਵੇ ਮੀਤੁ ॥ ਕਹੈ ਹੰਦਾਲੁ ਸੰਤੋਖ ਗਹੁ ਨਿਰਮਲ ਹੋਵੈ ਚੀਤੁ ॥੧॥ਪਉੜੀ ॥ ਸਹਿਜ ਸੰਤੋਖ ਜਾਂਕੇ ਮਨਿ ਆਯਾ॥ ਜਗ ਮੈਂ ਪ੍ਰਭੁ ਸੁਖ ਤਿਨ ਪਾਯਾ ॥ ਸੰਤੋਖੀ ਨਰ ਜਗ ਮਹਿ ਯਿਓ ਫਿਰੈ ॥ ਕੋਈ ਕਾਮਨਾਂ ਮਨੁ ਨਹੀਂ ਧਰੈ ॥ ਜੋ ਜਨ ਐਸੇ ਜਗ ਮਹਿ ਜਾਨ ॥ ਚੰਦ ਸਮਾਨ ੩ਆਭਾ ਤਿਸ ਮਾਨ ॥ ਸੁਰਗ ਮਾਂਹਿ ੪ਨੰਦਨ ਬਨ ਕਹੀਐ ॥ ਸੋ ਸੰਤੋਖੀ ਹਿਰਦਾ ਲਹੀਐ ॥ ਨਹੀਂ ਸੰਤੋਖ ਸੁਮਾਨ ਕੋਈ ਕਾਜਾ॥ਸਭਿਕੇ ਸਿਰ ਸੰਤੋਖ ਬਿਰਾਜਾ॥ਸੰਤੋਖੀ ਨਰ ਸਦਾ ਸੁਖਾਲਾ॥ ਪਕੜ ਸੰਤੋਖ ਕਹੈ ਹੰਦਾਲਾ ॥੨੪॥ ਸਲੋਕ ॥ ਅਭਮਾਨ ਨਾਂ ਕੀਜੇ ਸੰਤ ਜਨ ਸਭਕਾ ਕਰੈ ਬਿਨਾਸ ॥ ਗਹੋ ਗ੍ਰੀਬੀ ਸਾਧ ਜਨ ਹੋਇ ਦਾਸਨ ਕਾ

ਪਅਭਲਾਖਾ ਇਛਾ,

੧ਕਰਾਰਾ ਕ੍ਰੂੜਾ ਜਬਰ ਦਸਤ, ੨ਸਾਰਖਾ ਸਮਾਨ, ਯਾਂ ਸਮ, ੩ਆਭਾ ਸੋਭਾ, ੪ ਨੰਦਨ ਸ਼ਾਨਤੀ,

Digitized by Panjab Digital Library | www.panjabdigilib.org

ਦਾਸ ॥ ੧ ॥ ਪਉੜੀ ॥ ਕਰੈ ਅਭਮਾਨ ਸਭ ਕਾਰਜ ਖੋਵੈ ॥ ਹੋਤੀ ਬਾਤ ਕਦੇ ਨਹੀਂ ਹੋਵੈ॥ਤਜ ਅਭਿਮਾਨ ਰਹੇ ਸੁਖ ਸੇਤੀ॥ ਸੰਤ ਜਨਾ ਕੀ ਊਤਮ ਮਤੀ ॥ ਅਭਿਮਾਨੀ ਕੀ ਜੜ੍ਹ ਕਛੁ ਨਾਂਹਿ ॥ ਕਰੈ ਅਭਿਮਾਨ ਸਭੀ ਕਛੁ ਜਾਂਹਿ ॥ ਅਭਿਮਾਨੀ ਜਨ ਕਿਸੇ ਨਾਂ ਭਾਵੈ ॥ ਕਰੈ ਅਭਿਮਾਨ ਹਰਿ ਨਿਕਟ ਨਾਂ ਆਵੈ ॥ ਸਭਿ ਤੇ ਬੁਰਾ ਜਗਤ ਅਹੰਕਾਰ ॥ ਅਭਿਮਾਨ ਕੀਏ ਬੂਡੇ ਮੰਜ ਧਾਰ ॥ ਤਜ ਅਭਿਮਾਨ ਸੰਤ ਸੰਗ ਲੇਹੁ॥ ਕਹੈ ਹੰਦਾਲੁ ਹਰਿ ਕਰੋ ਸੰਨੇਹੁ ॥ ੨੫ ॥ ਸਲੋਕ ॥ ਬਿਘਨ ਜਾਹਿ ਹਰਿ ਨਾਮੁ ਤੇ ਸਭਤੇ ਊਤਮ ਨਾਮੁ ॥ ਕਹੈ ਹੰਦਾਲ ਹਰਿ ਸਿਮਰੀਏ ਸਭੁ ਘਟਿ ਭੀਤ੍ਰ ਰਾਮੁ ॥ ੧ ॥ ਪਉੜੀ ॥ ਰਾਮੁ ਜਪਤ ਧ੍ਰੂਹ ਨੇ ਗਤਿ ਪਾਈ ॥ ਨਾਮੁ ਹੀ ਸਭਿ ਕਾ ਭੈਇਓ ਸਹਾਈ ॥ ਵੇਦਾ ਮਹਿ ਉਤਮ ਹਰਿ ਨਾਮੁ॥ ਸਭਿ ਸਉਰੈ ਹਰਿ ਨਾਮੁ ਤੇ ਕਾਮੁ ॥ ਦੇਵੀ ਦੇਵ ਸਭ ਨਾਮੁ ਉਚਾਰੈਂ ॥ ਨਾਮੁ ਉਚਾਰ ਆਪੁ ਕੋ ਤਾਰੈਂ ॥ ਹਰਿ ਕੇ ਨਾਮ ਕੀ ਮਹਿਮਾਂ ਊਚ ॥ ਨਾਮੁ ਸਿਮਰ ਉਧਰੇ ਬਹੁ ੧ਮੂਚ ॥ ਤਪੈ ਤਪੀਸ਼ਰ ਨਾਮੁ ਉਚਾਰੇ ॥ ਨਾਮੁ ਲੀਏ ਸਭਿ ਕਾਰਜ ਸਾਰੇ ॥ ਸਿਮਰੋ ਨਾਮੁ ਸੰਤ ਸੁਨ ਮੀਤਾ॥ ਕਹੈ ਹੰਦਾਲੁ ਭਜ ਨਿਰਮਲ ਚੀਤਾ ॥ ਇਤਿ ॥ ਧਿਆਇ ਮਨ ਪ੍ਰਬੋਧ ਉਪਦੇਸ ਸੰਪੂਰਨ ॥

ਰਾਗ ਮਾਰੂ ਮਹਲਾ ੧ ॥ ਝੂਠੀ ਦੇਖੀ ਪ੍ਰੀਤ ਜਗਤ ਕੀ ਝੂਠੀ ਦੇਖੀ ਪ੍ਰੀਤ ॥ ਜੋ ਉਪਜੇ ਸੋ ਬਿਨਸ ਜਾਤ ਹੈ ਯੇਹ ਮਾਨੋ ਸਾਚੀ ਰੀਤ ॥ ੧ ॥ ਰਹਾਉ ॥ ਕਿਆ ਮਾਤ ਪਿਤਾ ਭਾਈ ਸੁਤ ਜਾਨੋ ਕਿਆ ਗ੍ਰਿਹਿ ਸੁੰਦਰ ਨਾਰ ॥ ਜੈਸੇ ਚੂੜੀ ਕਾਚਕੀ ਠਹਿਕ ਲਗੈ ਟੂਕ ਚਾਰ ॥ ੨ ॥

---

੧ ਮੂਚ ਨੀਚ,

ਜਬ ਗੁਰੂ ਜੀ ਦੀ ਕੁਲ ਦੇ ਲੋਕਾਂ ਨੇ ਉਪਦੇਸ ਅਤੇ ਬਾਣੀ ਮਨ ਪ੍ਰਬੋਧ ਸਭ ਸੰਗਤ ਨੇ ਸੁਣਾ ਤਬ ਭਾਈ ਜੈਨਾ, ਭਾਈ ਰਾਵਲ, ਭਾਈ ਮਹਿਮਾਂ ਭਾਈ ਸ੍ਵਾਨੀ ਆਦਿਕ ਸਭ ਸੇਵਕਾਂ ਨੂੰ ਵੈਰਾਗ ਮਈ ਬਾਣੀ ਸੁਣ ਕੇ ਵੈਰਾਗ ਸਭ ਸੰਗਤ ਨੂੰ ਉਪਜਦਾ ਭਯਾ, ਤਬ ਸੰਗਤ ਗੁਰੂ ਜੀ ਕੇ ਚਾਚੇ, ਤਾਏ, ਮਾਤਾ, ਪਿਤਾ, ਭਰਾਤਾ, ਕੁਲ ਭਾਈ ਚਾਰੇ ਨੇ ਗੁਰੂ ਜੀ ਪਾਸੋਂ ਗੁਰ ਦੀਖਸ਼ਾ ਗੁਰ ਮੰਤ੍ਰ ਲੈਕੇ ਗੁਰੂ ਜੀ ਦੇ ਪੂਰੇ ੨ ਸੇਵਕ ਬਣ ਗਏ ਭਾਈ ਸ੍ਵਾਨੀ ਜੋ ਥਾ ਏਹ ਗੁਰੂ ਜੀ ਕਾ ਬੜਾ ਭਾਈ ਥਾ ਇਨਕੀ ਬੰਸ ਜੰਡਿਆਲਾ ਗੁਰੂ ਮੇਂ ਵਸਦੀ ਹੈ,

Digitized by Panjab Digital Library | www.panjabdigilib.org

ਕਿਆ ਸਾਜਨ ਕਿਆ ਮਿਤ੍ਰ ਜਨ ਕਿਆ ਦੋਸਤ ਕਿਆ ਯਾਰ ॥ ਜਿਉ ਕਾਚੀ ਗਾਗਰ ਨੀਰ ਭਰੀ ਫੂਟਤ ਲਗਤਿ ਨ ਬਾਰ ॥ ੩ ॥ ਅੰਤ ਕੀ ਬਾਰ ਸੰਗ ਕੋਊ ਨਾਂਹੀ ਸਭਿ ਕਾਢੋ ਕਾਢ ਪੁਕਾਰ ॥ ਜਬ ਜੇਵੜੀ ਜਮ ਕੀ ਗੱਲ ਮੈਂ ਮੇਲੀ ਤਬ ਕੋਊ ਨਾਂ ਛੁਡਾਵਣ ਹਾਰ ॥ ੪ ॥ ਹਰਿ ਬਿਨ ਕਿਤੂ ਨਾ ਛੂਟੀਏ ਮੀਤ ਕਰੋ ਕਰਤਾਰ ॥ ਹਰਿ ਭਜਰੇ ਮਨੁ ਬਾਵਰੇ ਕਹੈ ਹੰਦਾਲੁ ਪੁਕਾਰ ॥ ੫ ॥ ਰਾਗ ਮਾਰੂ ਮਹਲਾ ੧ ॥ ਮਾਨਸ ਜਨਮ ਅਮੋਲਕ ਪਾਇਆ ਬਿਨ ਹਰਿ ਕਿਤੂ ਨਾਂ ਕਾਜਰੇ ॥ ਕਿਛ ਬੀਤ ਗਈ ਕਿਛ ਬੀਤ ਜਾਇਗੀ ਅਉਧ ਤੁਮਾਰੀ ਆਜਰੇ ॥ ੧ ॥ ਰਹਾਉ ॥ ਤੈ ਜਮ ਕੇ ਮਗ ਕੀ ਬਾਤ ਉਠਾਈ ਕਰ ਕਲਜੁਗ ਕੇ ਰਾਜਰੇ ॥ ਅਦਲ ਨਾ ਕੀਨੋਂ ਕਹਿਰ ਬਬੇਰਾ ਲੂਟ ਖਾਹਿ ਮੁਲ ਖਾਜਰੇ ॥ ੧ ॥ ਕਾਂਮ ਕ੍ਰੋਧ ਤੈਂ ਤਿਆਗ ਨਾ ਸਾਕਿਆ ਝੂਠੇ ਬੜੇ ਨਿਲਾਜੁਰੇ ॥ ਏਕ ਪਲਕ ਤੁਝ ਰਹਿਣ ਨਾਂ ਦੇਵੈ ਜਬ ਆਇ ਪਰੇ ਜੱਮ ਬਾਜੁਰੇ ॥ ੨ ॥ ਜਬਜੱਮੁ ਕਾ ਬਾਜੁ ਛੁਟੇ ਕਾ ਪ੍ਰਾਣੀ ਤਬ ਕਹਾਂ ਜਾਂਹਿਗਾ ਭਾਜੁਰੇ॥ ਰੇ ਤੀਤ੍ਰ ਤੱਬ ਲੁਕੇ ਕਿਥਾਂਊ ਸਮਝ ਦੇਖੁ ਮਨੁ ਮਾਝੁਰੇ ॥ ੩ ॥ ਅੰਤਰ ਤੇਰੇ ਲੋਹਟ ਪਿਤਲ ਕਿਆ ਬਾਹਰ ਪਾਜੇ ਪਾਜੁਰੇ ॥ ਹਿਰਦਾ ਸੁਧ ਕਰੋ ਗੁਰ ਸ਼ਬਦੀ ਘਟਿ ਹੀ ਭੀਤਰ ਗਾਜੁਰੇ ॥ ੪ ॥ ਰਾਮੁ ਰਾਇ ਘਟਿ ਹੀ ਮਹਿ ਪਾਈਐ ਹਰਿ ਜਸੁ ਲੀਜੈ ਦਾਜੁਰੇ ॥ ਕਹੈ ਹੰਦਾਲੁ ਹਮ ਏਹੀ ਬਤਾਵੇ ਛੂਟਨ ਕਾ ਕਰਿ ਸਾਜੁਰੇ ॥ ੫ ॥ ਰਾਗ ਮਾਰੂ ਮਹਲਾ ੧ ॥ ਬੀਤ ਗਈ ਹੈ ਬੀਤ ਅਉਧ ਗਈ ਜਮ ਚੋਟ ਪਈ ॥ ਫੂਟ ਗਈ ਹੈ ਫੂਟ ਗਈ ਕਾਚੀ ਗਾਗਰ ਨੀਰ ਭਰੀ ॥ ੧ ॥ ਰਹਾਉ ॥ ਜੋਬਨ ਜਾਂਦੇ ੧ ਬਿਲਮੁ ਨ ਲਾਗੇ ਜਿਉ ਸੁਪਨਾ ਬੀਤੇ ਰਾਤਰੇ ॥ ਭਲਾ ਚਾਹੋ ਤੋ ਹਰਿ ਜਸੁ ਗਾਵੋ ਅਵਧ ਤੁਮਾਰੀ ਜਾਤਰੇ ॥ ੧ ॥ ਆਲਸ ਛਾਡੁ ਹਰਿ ਹਰਿ ਭਜੁ ਬਉਰੇ ਭਗਤ ਕਰੋ ਮਨ ਜਾਗੁਰੇ ॥ ਭਗਤਿ ਕਰੋ ਤਾਂ ਹਰਿ ਵਰ ਪਾਵੋ ਹੋਵੇ ਅਟਲ ਸੁਹਾਗੁਰੇ ॥ ੨ ॥ ਹਰਿ ਜਸ ਮੇਰੀ ਚਿੰਤੁ ਗੁਵਾਈ ਪਾਇਆ ਨਿਹਚਲ

੧ ਬਿਲਮ ਦੇਰ,

Digitized by Panjab Digital Library | www.panjabdigilib.org

ਰਾਜੁਰੇ ॥ ਹਰਿ ਹੰਦਾਲੁ ਇਕੱਤ੍ਰ ਹੋਇ ਸੰਘਾਸਨ ਬੈਠੇ ਆਜੁਰੇ ॥ ੪ ॥
ਰਾਗੁ ਮਾਰੂ ਮਹਲਾ ੧ ॥ ਅਉਧ ਗਈ ਨਿਸ ਬਾਸਰ ਪ੍ਰਾਣੀ ਥੋੜੀ ਰਹੀ ਹੈ ਬਹੁਤ ਗਈ ॥ ਸਿਰ ਪਰ ਮਾਰੂ ਬਜੈ ਦੁਮਾਮੇ੨ ਜਮ ਜਿੰਦਾਰ ਕੀ ਚੋਟ ਪਈ ॥ ੧ ॥ ਰਹਾਉ ॥ ਜਮੁ ਰਾਜੇ ਆਇ ਨਗਰੀ ਘੇਰੀ ਵਿਚ ਮਨੋਂ ਮਵਾਸੀ ਲੂਕ ਪਈ ॥ ਕਰਿ ਸਮਾਨ ਤਬ ਘੇਰਾ ਪਾਇਓ ਜਿੰਦ ਵੇਗਮ ਤਬ ਪਕੜ ਲਈ ॥ ੧ ॥ ਓਇ ਬੇਲਾ ਕਿਛ ਚੀਤ ਨ ਆਵੈ ਬਾਵਰੀ ਅੰਧੀ ਸੋਇ ਰਹੀ ॥ ਕਹੈ ਹੰਦਾਲੁ ਹਮ ਏਹੀ ਬਤਾਵੇਂ ਛੂਟੇ ਹਰਿ ਕੀ ਭਗਤਿ ਕਰੀ ॥ ੩ ॥ ਰਾਗੁ ਸੂਹੀ ਮਹਲਾ ੧॥ ਮਨੁਕਾ ਘੋਰਾ ਸਤਿ ਖੁਰੁਗੀਨ ॥ ਸੰਤੋਖ ਲਗਾਮੁ ਜਤਕਾ ਜੀਨ ॥ ੧ ॥ ਇਨ ਬਿਧ ਰਣਿ ਮਹਿ ਸੀਝੇ ਭਾਈ ॥ ਇਨ ਪੰਚੋਂ ਸੋਂ ਕਰੋ ਲੜਾਈ ॥੧॥ ਰਹਾਉ ॥ ੩ਬਿੰਦ ਬਾਂਧ ਮਾਥੇ ਪਰ ਪਟਾ ॥ ਗੁਰਕਾ ਸ਼ਬਦ ਹਾਥ ਲੈ ਕੁਟਾ ॥੨॥ ਤਬ ਗਿਆਨ ਸੂਰਮਾਂ ਚੜ੍ਹੇ ਸ਼ਿਕਾਰ ॥ ਮਾਰੇ ਕ੍ਰੋਧ ਲੋਭ ਹੰਕਾਰ ॥੩॥ ਰੇ ਮਨ ਜਬ ਇਸ ਬਿਧ ਕੋ ਧਾਵੈ॥ ਕਹੈ ਹੰਦਾਲੁ ਤਬਹੀ ਸਚੁ ਪਾਵੈ ॥ ੪ ॥ ਰਾਗੁ ਸੂਹੀ ਮਹਲਾ ੧ ॥ ਚੰਡਾਲ ਕੀ ਠਉਰ ਬੈਸ਼ਨਵ ਕਉ ਦੀਜੈ ॥ ਚੂਹਰੇ ਕੀ ਸੇਪ ਬ੍ਰਹਮਣ ਕੋ ਕੀਜੈ ॥ ਜਬ ਐਸੀ ਬੁਧ ਕਰੈ ੪ਸੂਵਾਣੀ ॥ ਤਬ ਤੂੰ ਪਾਵੈ ਪਦ ਨਿਰਬਾਣੀ ॥ ੧॥ ਰਹਾਉ ॥ ਸਿਆਲ ਸੁਵਾਂਨ ਕੋ ਦੌਰ ਕੈ ਮਾਰੈ ॥ ਮੁਰਗਾ ਪਕਰਿ *ਮੰਝਾਰਿ ਸੰਘਾਰੇ ॥ ੨ ॥ ਬਕਰੀ ਥੀਂ ਬਿਘਆਰ ਕਾਗ ਤੇ ਲਗਰ ਤੁਰਾਵੈ ॥ ਹਰਨ ਤੇ ਚੀਤਾ ਬਟੇਰੇ ਤੇ ਬਾਜ ਫੜਾਵੈ ॥ ੩ ॥ ਸਾਗਰ ਕੇ ਮਧ ਅਗਨਿ ਜਰਾਵੈ ॥ ਜਲਕਾ ਮੀਂਨਾ ਬ੍ਰਿਛ ਬਸਾਵੈ ॥ ੪ ॥ ਪੰਚ ੫ ਭੁਯੰਗਾ ਮਾਰੇ ਦਾਦਰ ॥ ਕਹੈ ਹੰਦਾਲੁ ਤਬ ਪੀਈਐ ਕਾਦਰ ॥੫॥ (ਸਬਦ ਕਾ ਅਰਥ ਬਰਨ ਤੇ)

---

੨ ਦੁਮਾਮੇ ਨਿਗਾਰਾ ੩ ਬਿੰਦ ਜੋਤੇ ਇੰਦ੍ਰੇ, ੪ਸੂਵਾਂਣੀ ਗੁਰੂ ਜੀਕਾ ਬੜਾ ਭਾਈ ਸੀ,
*ਮੰਝਾਰ ਕਹੀਐ ਬਿਲਾ ੫ ਸੂਪ ।

ਦੋਹਰਾ—ਕ੍ਰੋਧ ਨਾਮੁ ਚੰਡਾਲ ਕਾ ਬੈਸ਼ਨਵ ਧੀਰਜ ਜਾਨ ॥
ਰੇ ਮਨਿ ਕ੍ਰੋਧ ਨਿਵਾਰੀਏ ਧੀਰਜ ਪਕਰ ਸੁਜਾਨ ॥੧॥

ਝੂਠ ਬੋਲਨਾ ਚੂਹੜਾ ਸਚੁ ਬ੍ਰਹਿਮਣ ਜਾਨ ॥ ਝੂਠ ਨਿਕਾਰੋ ਬਦਨ ਥੀਂ ਤਹਾਂ ਦੇਹੁ ਸਚੁ ਕੋ ਥਾਨ ॥੨॥ ੧ਸਿਆਲ ਨਾਮੁ ਹੈ ਜੀਵਕਾ ਕੂਕਰ ਲੱਬਕੋ ਨਾਮੁ ॥ ਜਬ ਲੱਬ ਕੋ ਮਨ ਛੋਡੀਐ ਤਬ ਪਾਈਐ ਬਿਸ੍ਰਾਂਮੁ ॥੩॥ ਮੰਝਾਰਿ ਨਾਓ ਹੈ ਕਾਲਕਾ ਮੁਰਗਾ ਕਹੇ ਗਿਆਨ ॥ ਹੋਇ ਗਿਆਨੀ ਤੱਜ ਬਾਸਨਾ ਕਾਲੋਂ ਹੋਇ ਬਿਸ੍ਰਾਮੁ ॥੪॥ ਬਕਰੀਸ ਬੁਧ ਬਿਘਆਰ ਭਉ ਲੱਗਰ ਲੋਭ ਮਨਿ ਕਾਉਂ ॥ ਗਿਆਨੀ ਹੋਇ ਤਬ ਸੰਮਝ ਲੇ ਕਹਿ ਦੀਨੇ ਮਮ ਨਾਉਂ ॥ ਮਨਿ ਕਾ ਨਾਮੁ ਮਿਰਗ ਹੈ ਚੀਤਾ ਕਹੀਐ ਚੀਤੁ ॥ ਹਰਨ ਚੀਤਾ ਇਉਂ ਮਾਰਤਾ ਜਬ ਮਨਿ ਵੱਸ ਹੋਵੈ ਮੀਤੁ ॥ ਬਟੇਰਾ *ਬਪੁੰ ਕੋ ਆਖੀਏ ਬਾਜੁ ਬਿਘਨ ਕਾ ਨਾਉਂ ॥ ਸਗਲੇ ਬਿਘਨ ੨ਸੰਘਾਰ ਕਰਿ ਸੁਖ ਵਸੇ ਕਾਂਇਆਂ ਗਾਉਂ ॥ ੭ ॥ ਸਾਗਰ ਨਾਂਉ ਸਰੀਰ ਕਾ ਮਧ ਗਿਯਾਨ ਦੀਵਾ ਜਾਰ ॥ ਜਲ ਹੀਅਰਾ ਮਨ ਮੀਂਡ ਕੋ ਤਰਵਰ ਦਸਵਾਂ ਦੁਆਰ ॥ ੮ ॥ ਪੰਚ ੩ਭੁਯੰਗ ਪਾਂਚੋ ਇੰਦਰੀ ਕਾਂਮੁ ਕ੍ਰੋਧ ਲੋਭਾਦਿ ॥ ਮਨ ਦਾਦਰ ਇਨ ਭੁੰਚਈਂ ਸਤਿਗੁਰ ਕੇ ਪ੍ਰਸਾਦਿ ॥੯॥ ਏਤੇ ਵਸ ਜੋ ਜਨ ਕਰੇ ਸੋ ਜਨ ਮੁਕਤਾ ਜਾਨ ॥ ਹੰਦਾਲੁ ਨਾ ਗੱਲੀ ਪਾਈਐ ਵੁਹ ਪਦ ਨਹੀਂ ਅਸਾਨ ॥੧੦॥

੧ਸਿਆਲ ਗਿਦੜ, *ਬਪੁ ਦੇਹ, ੨ ਸੰਘਾਰ ਮਾਰਨਾ, ੩ ਭੁਯੰਗ ਸੂਪ ਗੁਰੂ ਜੀ ਕਾ ਉਪਦੇਸ਼ ਸੁਣਕੇ ਕੁਲਦੇ ਲੋਕ ਪੱਕੇ ਭਰੋਸੇ ਵਾਰ ਹੋਕੇ ਸੇਵਕ ਬਨਕੇ ਧੁਰ ਅੰਮ੍ਰਾ ਪੁਰਕੇ ਭਾਗੀ ਹੋਏ ਤੇ ਨਿਰੰਜਨੀਏ ਸਦਾਏ।

Digitized by Panjab Digital Library | www.panjabdigilib.org

(੧ ੴ ਸਚੁਨਾਮੁਕਰਤਾਪੁਰਖੁ)

ਰਾਗ ਬਸੰਤ ਮਹਲਾ ੧ ॥ *ਕਾਫੀ ॥

ਮੈ ਰੈਹਿੰਦੀ ਬੇ ਪ੍ਰਵਾਹੀਆਂ ॥ ਮੇਰੀ ਜਲਦੀ ਅਗਨਿ ਬੁਝਾਈਆ ॥ ਸਹੁ ਹੁਕਮੀ ਪਕੜਿ ਮੰਗਾਈਆ ॥ ਪਿਰ ਆਪਨੇ ਕੰਠ ਲਗਾਈਆ ॥ ੧ ॥ ਹਰਿ ਮੇਲ ਭਇਆ ਰੰਗ ਮਾਣੀਆ ॥ ਮੇਲ ਭਇਆ ਤਾਂ ਸੁਧ ਮਿਤ੍ਰ ਜਾਣੀਆ ॥ ੧ ॥ ਰਹਾਉ ॥ ਮੇਰੇ ਅੰਦਰ ਸੀਤਲ ਚੰਦਨਾ ॥ ਮੇਰਾ ਭਇਆ ਸੁਹਾਵਾ ਅੰਙਨਾ ॥ ਗ੍ਰੈਹਿ ਆਇਓ ਕੰਤੁ ਸੁਹਾਵਣਾ ॥ ਮਿਲ ਸਹੀਆ ਮੰਗਲੂ ਗਾਵਣਾ ॥ ੨ ॥ ਮੈ ਜਤਨ ਉਪਾਵ ਨਾ ਜਾਣਦੀ ॥ ਮੈ ਅਵਗਣ ਹਾਰੀ ਤੁਧੁ ਨੂੰ ਭਾਵੰਦੀ ॥ ਕਰਿ ਸੇਵਾ ਕੰਤੁ ਰਿਝਾਈਆਂ ॥ ਪਿਰ ਅਪਨੇ ਮਹਿਲ ਬੁਲਾਈਆਂ ॥ ੩ ॥ ਕਰਿ ਕ੍ਰਿਪਾ ਸੰਤੁ ਮਿਲਾਇਓ ॥ ਲਾਇ ਚਰਨੀ ਪੰਥ ਬਤਾਇਓ ॥ ਕਹੈ ਹੰਦਾਲੁ ਹਰਿ ਆਗੇ ਅਰਜਾਰੀਆ ॥ ਤੈਂ ਮਾਂਨੀ ਮੈ ਨਿਰਗੁਣ ਆਰੀਆ ॥ ੪ ॥

੧ ੴ ਇਕ ਦਿਨ ਸ੍ਰੀ ਗੁਰੂ ਜੀ ਮਣ ਵਾਲੇ ਖੂਹ ਤੇ ਬੈਠੇ ਸਨ ਤਾਂ ਇਕ ਸਯੱਦ ਨੇ ਆਨ ਗੁਰੂ ਸਾਹਿਬ ਨੂੰ ਨਿੰਮਸ਼ਕਾਰ ਕ੍ਰਕੇ ਬੈਠ ਗਿਯਾ, ਤੇ ਗੁਰੂ ਜੀ ਅਗੇ ਹਥ ਜੋੜ ਕੇ ਕਹਿਆ ਅਜ ਪੀਰ ਮਰਦ ਦਾ ਦਰਸ਼ਨ ਹੋਇਆ ਹੈ, ਤਾਂ ਸੱਯਦ ਬੋਲਿਆ ਗੁਰੂ ਜੀ ਇਸ ਮੁਬਾਰਕ ਜੁਬਾਨ ਥੋਂ ਕਛ ਖੁਦਾਇ ਦੀ ਤਹਰੀਫ ਸੁਨਾਈਐ, ਤਾਂ ਗੁਰੂ ਜੀ ਨੇ ਕਹਾ ਖੁਦਾਇ ਦੀ ਤਹਿਰੀਫ ਬਹੁਤ ਹੈ ਸਾਡੀ ਜੁਬਾਨ ਛੋਟੀ ਹੈ, ਪ੍ਰੰਤੂ ਥੋੜੀ ਜੇਹੀ ਤਹਿਰੀਫ ਸੁਨਾਂਦੇ ਹਾਂ ਤਬ ਗੁਰੂ ਜੀ ਸਲੋਕ ਬੋਲਿਆ ॥ ਸਲੋਕ ਮਹਲਾ੧॥

*ਚੌਹੁ ਜੁਗਾਂ ਕੇ ਸਭ ਸੰਤੁ ਭਗਤਿ ਸ੍ਰੀ ਪ੍ਰਭੂ ਭਗਵਾਂਨ ਜੀ ਨੇ ਬਕੁੰਠਾ ਪੁਰੀ ਥੋਂ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਕੇ ਦਰਸ਼ਨ ਕੋ ਭੇਜੇ ਜਬ ਗੁਰੂ ਜੀ ਨੇਂ ਸਭ ਭਗਤਾਂ ਸੰਤਾਂ ਮਹਾਤਮੇਂ ਕਾ ਦਰਸ਼ਨ ਕੀਤਾ ਤੇ ਅਪਨਾ ਦਰਸ਼ਨ ਦਿਤਾ ਸਭ ਪੁਰੀਆਂ ਦੇ ਸੰਤ ਭਗਤ ਦਰਸ਼ਨ ਦੇ ਲੈ ਕੇ ਨਿਜ ਪੁਰੀਆਂ ਕੋ ਜਾਂਦੇ ਰਹੇ ਤਾਂ ਆਪ ਭਗਵਾਨ ਕ੍ਰਿਸ਼ਨ ਦਾ ਰੂਪ ਧਾਰ ਕੇ ਆਏ ਤਾਂ ਗੁਰੂ ਜੀ ਨੇ ਚਰਨ ਗਹਿ ਕਰ ਪਕੜ ਰਖੇ ਫਿਰ ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇਂ ਅਪਨੇ ਗਲੇ ਲਗਾਯਾ ਤਬ ਗੁਰੂ ਜੀ ਨੇ ਏਹ ਕਾਫੀ ਰਾਗ ਬਸੰਤ ਮੇਂ ਉਚਾਰਨ ਕਰਕੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਕੀ ਭੇਟਾ ਕੀਤੀ।

Digitized by Panjab Digital Library | www.panjabdigilib.org

ਜਿਤ ਦਰ ਲੱਖ ਮੁਹੰਮਦਾ ਸਿਜਦੇ ੧ਕਰੇਂ ਹਜਾਰ ॥ ਲਾਖ ਪੈਗੰਬਰ ਖੜੇ ਹੈਂ ਤਿਸ ਸਾਹਿਬੁ ਕੇ ਦਰਬਾਰ ॥ ਲਖ ਲਖ ਓਥੇ ਔਲੀਏ ਅੰਬੀਏ ਗਿਣਤ ਨਾ ਅੰਤੁ ॥ ਤਿਸ ਸਾਹਿਬੁ ਕੀ ਜਨਾਬ ਮੇਂ ਹੰਦਾਲੁ ਭੀ ਸਿਜਦਾ ਕਰੰਤੁ ॥ ਰਾਗ ਤਲੰਗ ਸ਼ਬਦ ॥ ਕਰੀਮ੨ ਤੂੰ ਰਹੀਮ੩ ਤੂੰ ੪ਸਤਾਰ ਤੂੰ ਖੁਦਾਇ ॥ ੫ ਗਨੀ ਤੂੰ ੬ਗਨਆਉ ਤੂੰ ੭ਗੁਫਾਰ ਤੂੰ *ਅਲਾਇ ॥ ੧ ॥ ਬੰਦੇ ਜਾਨ ਸਾਹਿਬੁ ਏਕ ॥ ੮ਹੱਕ ਸਚ ੯ਖਾਲਕ ਖਲਕ ੧੦ਮਿਆਨੇ ਦੂਸਰੋ ਨ ਦੇਖ ॥ ੧ ॥ ਰਹਾਉ ॥ ੧੧ਖਾਹਿਸੇ ਦਰੀਆਇ ੧੨ਆਤਸ਼ ੧੩ਖਨੁਕ ਨਾਮ ਖੁਦਾਇ ॥ ਤੂੰ ਦਰੀਯਾਇ ੧੪ਰੈਹਮਤੀ ਮੈਂ ਬੰਦਾ ੧੫ਪੁਰ ਗੁਨਾਹਿ ॥ ੨ ॥ ਜਮੀਨ ਅਸਮਾਨ ਆਬ ਦਰਖਤ ਕੋਹ ੧੬ਤੂਲ ॥ ਸਭ ਮੈਂ ਖੁਦਾ ਕੋ ਦੇਖੀਏ ਜੋ ਹੈ ਸਭ ਕਾ ਮੂਲ ॥ ੩ ॥ ੧ਯਕ ੨ਅਰਜ ੩ਗੁਫਤਮ ੪ਪੇਸ਼ਤੋ ਦਰਗੋਸ਼ਪ੍ਰ ੬ਪ੍ਰਵਦਗਾਰ ॥ ਹੰਦਾਲੁ ੭ਮਸਕੀ ਮਾਂਗਤਾ ਦੇਹ ਬੰਦਗੀ ੮ਦਾਤਾਰ ॥ ੪ ॥ ਸ਼ਬਦ ॥ ਤੂੰ ਕਰਤਾ ੯ਕਾਦਰ ੧੦ਕਰੀਮ ੧੧ਗਰੀਬਨਿਵਾਜ ਵਿਹੰਦੁ ॥ ਲਾ ੧੨ਸ਼ਰੀਕ ਬੇਸ਼ੁਮਾਰ ੧੩ਵਾਹਿਦ ਏਕ ਤੂੰ ਬਖਸ਼ਿੰਦੁ ॥ ੧ ॥ ਬੰਦੇ ਤਿਸ ਬਿਨਾਂ ਨਹੀ ਔਰੁ ॥ ਹੱਕ ਸੱਚ ਖਾਲਕ ਖਲਕ ਮਿਆਨੇ ਦੇਖੀਏ ਸਭ ਠੌਰੁ ॥ ੧ ॥ ਰਹਾਉ ॥ †ਬੇਚੂਨ ੨ਬੇਚਗੂਨ ੩ਬੇਨਮੂਨ ਹੈ ਖੁਦਾ ॥ ਐਸੀ ਦਰਗਹਿ ਸਾਹਿਬੇ ਕਉਣ ਊਹਾਂ ਲੇਜਾ ॥ ੨ ॥ ਗੁਸਾ ੪ਤਕੱਬ੍ਰ ਛੋਡੀਏ ਔਰ ਨਹੀ ਉਪਾਇ ॥

---

੧ ਸਿਜਦੇ ਨਿਮਸ਼ਕਾਰ, ੨ ਕ੍ਰੀਮ ਦਯਾ, ਬਖਸ਼ਸ਼, ੩ ਰਹੀਮ ਰੈਹਮ, ੪ ਧਤਾਰ ਪਾਕ ਪਵਿਤ੍ਰ, ੫ ਗਨੀ ਧਨਾਢ, ੬ ਗਨਆਉ ਛਾਹਾਂ ਦਾ ਛਾਹ, ੭ ਗੁਫਾਰ ਰਹਿਮ, *ਅੱਲਾਹ, ੮ ਹੱਕ ਠੀਕ, ੯ ਖਾਲਕ ਖਲਕਤ ਦੇ ਪੈਦਾ ਕਰਨੇ ਵਾਲਾ, ੧੦ ਮਿਆਨੇ ਵਿਚ, ੧੧ ਖਾਹਿਸੇ ਆਸਾ ਤ੍ਰਿਸਨਾਂ, ੧੨ ਆਤਸ਼ ਅਗਨੀ, ੧੩ ਖਨੁਕ ਠੰਡਾ ਸੀਤਲ, ੧੪ ਦੱਯਾ ਮੇਹਰਬਾਨੀ, ੧੫ ਪੁਰ ਭਰਿਆ, ੧੬ ਕੋਹ ਤੂਲ ਪਹਾੜ,

੧ ਯਕ ਇਕ ੨ ਅਰਜ ਅਰਦਾਸ, ੩ ਗੁਫਤਮ ਕੈਹਤਾ ਹੂੰ, ੪ਪੇਸਤੋ ਤੇਰੇ ਆਗੇ, ੫ਦਰਗੋਸ਼ ਕੰਨ, ੬ ਪ੍ਰਵਰਦਗਾਰ ਪਾਲਨੇ ਵਾਲਾ ੭ ਮਸਕੀਨ ਗ੍ਰੀਬ, ੮ ਦਤਾਰ ਦਾਤਾ ਦੇਣੇ ਵਾਲਾ, ੯ ਕਾਦਰ ਸਭਨਾ ਦੇ ਉਪ੍ਰ, ੧੦ ਕਰੀਮ ਦਯਾ ਬਖਸ਼ਸ, ੧੧ਗ੍ਰੀਬ ਨਿਵਾਜ ਗ੍ਰੀਬਾਂ ਨੂੰ ਪਾਲਨੇ ਵਾਲਾ, ੧੨ ਹੋਰ ਨਹੀ ਕੋਈ ਸਰੀਕ, ੧੩ ਵਾਹਿਦ ਇਕ, ਹੱਕ ਇਕ,

†ਬੇਚੂਨ ਓਸਦਾ ਦੁਸ਼ਮਨ ਨਹੀ ਹੈ, ੨ਬੇਚਗੂਨ ਸ਼ਾਨੀ ਕੋਈ ਨਹੀ, ੩ ਬੇਨਮੂਨ ਓਸਦੇ ਨਮੂਨੇ ਦਾ ਕੋਈ ਨਹੀ, ੪ ਗੁਸਾ ਤਕੱਬ੍ਰ ਅਹੰਕਾਰ ਆਦਕ,

Digitized by Panjab Digital Library | www.panjabdigilib.org

ਸਤਿਗੁਰ ਕੀ ੫ਪਾਖਾਕ ਹੋਇ ਤਾਂ ਦਰ ਪੌਹੁਚੇ ਜਾਇ ॥ ੩ ॥ ਪਾਕ ੬ਨੂਰ ੭ਆਲਮੀਨ ੮ਗੁਫਾਰ ਤੂੰ ੯ਰਹਿਮਾਂਨ ॥ ਹੰਦਾਲਾ ੧੦ਗੁਫਤ ੧੧ਪੇਸ਼ ਤੇ ਦੇਹੁ ਬੰਦਗੀ ੧੨ਸੁਬਹਾਂਨ ॥ ੪ ॥

ਰਾਗ ਆਸਾ ਮਹਲਾ ੧ ॥ ਝਿੰਜੋਟੀ* ॥

ਤਨੁ ਕਰਿ ਬਾਸਨ ਮਨਿ ਕਰ ਦੂਧ ॥ ੧ ॥ ਬਾਸਨ ਧੋਇ ਕਰਿ ਲੇਵਹੁ ਸੂਧ ॥ ੨ ॥ ਤਪ ਕੀ ਅਗਨਿ ਦੇਇ ਦੂਧ ਕੜਾਵਹੁ ਖਿਮਾ ੧ਜੁਮਾਇਨ ਦੇ ਜੁਮਾਵਹੁ ॥ ੪ ॥ ਹਰਿ ਕਾ ਬਲੋਵਣਾ ਬਲੋਵੋ ਮੇਰੇ ਭਾਈ ॥ ੫ ॥ ਨਿਸੁ ਦਿਨੁ ਰਾਮੁ ਨਾਮੁ ਲਿਵਲਾਈ ॥੬॥੧॥ ਰਹਾਉ॥ ਰਸਨ ਮਧਾਣੀ ਸਿਉਂ ਮੱਥ ਲੀਜੈ ॥ ੭ ॥ ਸੱਤ ਸੰਤੋਖੁ ਈਟੀ ਹਥਿ ਦੀਜੈ ॥ ੮ ॥ ਨੇਤ੍ਰ ਨੀਂਦ ਨਾਂ ਆਵੇ ਨੈਨ ॥ ੯ ॥ ਨਿਸੁਦਿਨੁ ਜਪੇ ਨਰਾਇਣ ਬੈਨ ॥੧੦॥ ਗਿਯਾਨ ਨੀਰ ਤਿਸੁ ਬੀਚ ਮਿਲਾਵਹੁ ॥੧੧॥ ਮਾਖਨ ਕਾਢ ਪ੍ਰਮੁ ਸੁਖ ਪਾਵਹੁ ॥ ੧੨ ॥ ਮਾਖਨ ਏਕ ਪ੍ਰਮਾਤਵ ਦੇਵ ॥੧੩॥ ਜਾਂਕੋ ਖੋਜਹਿ ਸੁਰ ਨਰ ਦੇਵ ॥ ੧੪ ॥ ਏਹ ਬਿਲੋਵਨ ਕਹਿਓ ਹੰਦਾਲੁ ॥੧੫॥ ਆਠ ਪਹਿਰ ਜਪੁ ਜਪੇ ਗੋਪਾਲੁ ॥੧੬॥ ਭਾਉ ਭਗਤਿ ਸੰਤਾਂ ਸੰਗਿ ਕੀਜੈ ॥ ੧੭ ॥ ਰਾਮ ਰਸਾਇਣ ਤਿਨ ਸੰਗੁ ਪੀਜੈ ॥ ੧੮ ॥ ਰਾਗ ਮਾਝ ਮਹਲਾ ੧ ॥ †ਹਰਿ ਹਰਿ ਲੋਚ ਲਗੀ ਪ੍ਰਭ ਤੇਰੀ ॥ ਸੁਣਿ ਸੁਣਿ ਹੋਵੈ ਪ੍ਰਮ ਗਤੁ ਮੇਰੀ ॥ ਮਨੋ ਨ ਵਿਸਾਰੀ ਮੈਨੂੰ ਚਿਤੋ ਨਾ ਵਿਸਾਰੀ ਪ੍ਰਭੁ ਏਹ ਖਸਮਾਨਾ ਕੀਜੈ ਜੀਉ॥

---

੫ ਪਾਖਾਕੁ ਪੈਰ ਦੀ ਧੂੜ, ੬ ਪਾਕਨੂਰ ਜੋਤਿ, ੭ ਆਲਮੀਨ ਕੁਲ ਦੁਨੀਆਂ ਨੂੰ ਬਨਾਉਨ ਵਾਲਾ, ੮ ਗੁਫਾਰ ਬੱਖਸ਼ਸ, ੧੦ ਗੁਫਤ ਕੈਹਨਾ, ੧੧ ਪੇਸ਼ ਤੋ ਤੇਰੇ ਅਗੇ, ੧੨ ਸੁਬਹਾਂਨ ਪਾਕ ਪਵਿਤ੍ਰ । ੯ ਰਹਿਮਾਨ ਰਹਿਮ ਕਰਨੇ ਵਾਲਾ,

*ਗੁਰੂ ਜੀਕਾ ਇਕ ਸੇਵਕ ਬ੍ਰਹਮਦਾਸ ਲੰਗਰ ਵਿਚ ਦੁਧ ਰਿੜਕਦਾ ਹੁੰਦਾ ਸੀ, ਗੁਰੂ ਜੀ ਲੰਗਰ ਵਿਚ ਗਏ ਤਾਂ ਉਸਦੇ ਪ੍ਰਥਾਇ ਸ਼ਬਦ ਬੋਲਿਆ ੧ ਜੁਮਾਇਨ ਜਾਗ, ੨ ਬਿਲੋਵਨਾ ਰਿੜਕਣਾ ੩ ਈਟੀ ਗੁਲੀਆਂ । †ਜਨਮਸਾਖੀ ਪੰਨਾ ੭੦ ਜਬ ਚਹੁ ਜੁਗਾਂ ਕੇ ਸੰਤ ਭਗਤਿ ਰਿਖੀ ਮੁਨੀ ਜਪੀ ਤਪੀ ਭਗਵਾਨਦੀ ਆਗਿਯਾ ਸੇ ਗੁਰੂ ਜੀ ਕੋ ਦਰਸਨ ਦੇ ਕਰ ਗੁਰੂ ਜੀਕਾ ਦਰਸ ਪ੍ਰਸਕੇ ਨਿਜ ਨਿਜ ਪੁਰੀਆ ਨੂੰ ਜਾਤੇ ਰਹੇ । ਤਬ ਸਤਿਗੁਰੂ ਜੀਨੇ ਭਗਵਾਨ ਦੀ ਉਸਤਤਿ ਮੇਂ ਏਹ ਸ਼ਬਦ ਉਚਾਰਨ ਕੀਤਾ, ਹਰਿ ਹਰਿ ਲੋਚ ਲਗੀ ਪ੍ਰਭ ਤੇਰੀ ॥

Digitized by Panjab Digital Library | www.panjabdigilib.org

੧॥ ਜੇ ਤੁਧ ਭਾਣਾ ਮੈਂ §ਲਾਲੀ ਹੋਈ ॥ ਮੈਂ ਨਿਰਗੁਣ ਹਾਰੀ ਵਿਚ ਗੁਣ ਨਾ ਕੋਈ ॥ ਮਨਿਮੁਖ ਪ੍ਰੀਤਿ ਨਹੀਂ ਮਨੁ ਹਿਰਦੇ ਜਿਉਂ ਪਥਰ ਨੀਰ ਨਾਂ ਭੀਜੈ ਜੀਉ ॥੨॥ ਜੇ ਤੁਧੁ ਭਾਣਾ ਮੈਂ ਲਾਲ ਗੁਲਾਲੀ॥ ਮੈਂ ਬੰਦੀ ਦਾ ਵਾਲੀ ਤੂੰਹੈਂ ॥ ਜੇ ਤੁਧ ਭਾਣਾ ਮੈਂ ਮੁਲ ਵਿਕਾਵਾਂ ਕਰਿ ਲਾਂਲੀ ਅਪਨੀ ਲੀਜੈ ਜੀਉ ॥ ੩ ॥ ਮੁਝ ਨਿਮਾਣੀ ਦਾਂ ਮਾਂਣ ਘਨੇਰਾ ॥ ਸਿਰਦੇ ਉਪਰਿ ਸਾਹਿਬੁ ਮੇਰਾ ॥ ਦੇਹੁ ਦਰਸ਼ਨ ਜਨ ਤ੍ਰਿਪਤਿ ਅਘਾਵੈ ਹੰਦਾਲਾ ਅਰਜ ਸੁਨੀਜੈ ਜੀਉ ॥੪॥

¶ਰਾਗੁ ਆਸਾ ਮੁਖਵਾਕ ਮਹਲਾ ੧ ॥ ਸਬਦ ॥

ਤਲੇਨੀਰ ਉਪਰ ਧਰਨ ਟਿਕਾਈ॥ ਜੈਸੇ *ਪੈ ਪਰ ਧਰੀ ਮਲਾਈ ॥ ਜਲ ਮੇਂ ਅਗਨਿ ਰਖੀ ਕਲਧਾਰ ॥ ਐਸੇ ਸੰਮ੍ਰਥ ਹੈ ਕਰਤਾਰ ॥ ਸਰਵ ਵਿਆਪੀ ਸਭਕੇ ਸੰਗ ॥ ਘਟਿ ਘਟਿ ਬਿਆਪ ਰਿਹਾ ਸਰਬੰਗ

---

§ਲਾਲੀ ਕਹੀਏ ਗੋਲੀ। ਟੈਹਲਨ-ਚੇਰੀ

¶ਜਬ ਸਤਗੁਰੂ ਜੀ ਘਰ ਸੇ ਤੱਪ ਕਰਨ ਗਏ ਤਾਂ ਜਾਂਦੇ ਜਾਂਦੇ ਜਮਨਾ ਦੇ ਕਨਾਰੇ ਜੋ ਮਧ ਬਨ ਅਸਥਾਨ ਹੈ ਜਿਥੇ ਧ੍ਰੂ ਨੇ ਤਪ ਕੀਤਾ ਸੀ, ਏਥੇ ਸੰਤਾਂ ਨਾਲ ਗੋਸਟ ਕਰਕੇ, ਆਗੇ ਐਗਰਾ, ਤੇ ਪੁੰਡਰ ਪੁਰ ਨਗਰੀ ਅਤੇ ਉਜੈਨ ਆਦਿਕ ਗ੍ਰਾਵਾਂ ਥੋਂ ਹੁੰਦੇ ਹੋਏ ਨਰਬਦਾ ਨਦੀ ਥੋਂ ਪਾਰ ਉਤਰੇ ਤਾਂ ਏਥੇ ਇਕ ਸੰਨਆਸੀ ਮਹਾਤਮਾਂ ਨਾਲ ਗੋਸਟ ਕਰਕੇ ਆਗੇ ਚਲੈ ਤਾਂ ਇਕ ਸ਼ੈਹਿਰ ਭਾਗ ਨਗਰ ਆਯਾ ਗੁਰੂ ਜੀਨੂ ਸੰਤ ਸੰਮਝ ਕੇ ਅਪਨੇ ਘਰ ਬਾਣੀਆਂ ਲੈ ਗਿਯਾ ਗੁਰੂ ਜੀਕੀ ਭਾ ਪ੍ਰੇਮ ਹਾਲ ਸੇਵਾ ਕੀਤੀ ਤਾਂ ਉਸ ਬਾਣੀਏਂ ਕੇ ਘਰ ਇਕ ਪੰਡਤ ਕਥਾ ਭਾਗਵਤ ਔ ਰਾਮਾਇਣ ਕੀ ਰਾਤ ਕੋ ਏਹ ਪ੍ਰਸੰਗ ਸੀ ਕਿ ਰਾਮੁ ਜੀਨੇ ਸਮੁੰਦਰ ਪਰ ਪੁਲ ਬੱਧਾ ਔਰ ਰਾਮੁ ਜੀ ਐਸੇ ਈਸ਼ਰ ਹੈ, ਜਬ ਕਥਾ ਹੋ ਚੁਕੀ ਤਾਂ ਸ੍ਰੀ ਗੁਰੂ ਜੀਨੇਂ ਆਸਾ ਮੇਂ ਸਬਦ ਉਚਾਰਨ ਕੀਤਾ ॥

*ਪੈ ਦੁਧ,

Digitized by Panjab Digital Library | www.panjabdigilib.org

॥੧॥ ਰਹਾਉ ॥ ਰਾਵਨ ਕੀਨੋ ਅਤਿ ਅਹੰਕਾਰ ॥ ਮਾਰਿਓ ਰਾਮੁ ਜੀ ਲਗੀ ਨ ਬਾਰ ॥ ਐਸੇ ਰਾਮੁ †ਪ੍ਰਾਕਰਮ ਧਾਰਾ ॥ ਦੁਸ਼ਟ ÷ਸੰਘਾਰ ਸੰਤ ਲੇਤ ਉਬਾਰਾ ॥ ਗ੍ਰਬ ਕੀਓ ੧ਸਾਗਰ ੨ਅਗਿਆਨ ॥ ਕਾਢਿ ਲੀਏ ਪ੍ਰਭੁ ਰਤਨੁ ‡ਨਰਾਨ ॥ ਬਾਂਟ ਦੀਏ ਪ੍ਰਭ ਰਤਨ ੩ਉਦਾਰ ॥ ਐਸੇ ਦਾਤੇ ਹੈਂ ਦਾਤਾਰ ॥ ਕਹੈ ਹੰਦਾਲੁ ਵੋਹ ੪ਸਾਰੰਗ ਪਾਣੀ ॥ ਧਰਨ ਅਕਾਸ ਮਹਿ ਜੋਤਿ ਸਮਾਣੀ ॥ ਤਾਕੀ ਸਰਨਿ ਰਹੋ ਦਿਨ ਰਾਤੁ ॥ ਜਾਕੇ ਸਿਮਰਨਿ ਮਿਟੇ ਭ੍ਰਾਤੁ ॥

ਰਾਗੁ ਬਿਲਾਵਲ ਮੁਖਵਾਂਕ ਮਹਲਾ ੧ ॥ *ਸਬਦ ॥

੨ਸਿਖਰ ਗਗਨ ਜਾਂਕੋ ਹੈ ਸੀਸ ॥ ਸਰਬ ਵਿਆਪੀ ਏਕ ਜਗ ਦੀਸ ॥ ਚਰਨ ਕਮਲ ਹੈ ਸਾਤ ਪਤਾਲ ॥ ਸੋ ਕਿਉਂ ਬਾਧਿਓ੩ ਊਖਲ ਨਾਲ ॥ ਸੂਖਮ ਤੇ ਜਿਨ ਕੀਓ ਸਥੂਲ ॥ ਸੋ ਪ੍ਰਭੁ ਸਗਲ ਜਗਤ ਕਾ ੪ਮੂਲ ॥ ਰਹਾਉ ॥ ਚਾਰ ਵੇਦ ਸੁਵਾਸਨ ਤੇ ਭਏ ॥ ਸਸੀਅਰ ਭਾਨ ਜਾਂਤੇ ਪ੍ਰਗਟਏ ॥ ਪਭੌਹਾਂ ੬ਭਿਰੰਗ ਤੇ ਡਰਪੈ ਕਾਂਲ ॥ ਸੋ ਕਿਉ ਬਾਧਿਓ ਊਖਲ ਨਾਲ ॥ ਸਾਗਰ ਸਪਤ ਜਾਂਕੋ ਉਦਰੇ ਮਾਂਹਿ ॥ ਸ਼ਿਵ ਬ੍ਰੰਚ ਸੇਵੇਂ ਹੈਂ ਤਾਂਹਿ ॥ ਬਨਾਸਪਤੀ ਜਾਂਕੇ ੭ਰੋਮਾਲ ॥ ਸੋ ਕਿਉਂ ਬਾਧਿਓ ਊਖਲ ਨਾਲ ॥ ਕਹੈ ਹੰਦਾਲੁ ਪ੍ਰਭ ਹੈ ਸਰਬੰਗ ॥ ਤਾਂਕੀ ਮਾਇਆ ਰਚੇ ਬ੍ਰਹਮੰਡ ॥ ਸੱਤ ਚਿਤ ਆਨੰਦ ਰੂਪਦਿਆਲ ॥ ਸੋ ਕਿਉਂ ਬਾਧਿਓ ਊਖਲ ਨਾਲ ॥

ਜਬ ਸਤਿਗੁਰੂ ਜੀ ਤੱਪੁ ਕਰਕੇ ਔਂਦਿਆ ਹੋਏ ਇਕ ਗਾਂਉ ਕਾ ਨਾਮੁ

---

†ਉਦਮਯਾ ਉਪਕਾਰ, ੧ ਸਾਗਰ ਸਮੁੰਦ੍ਰ, ੨ ਅਗਿਆਨ ਮੂਰਖ, ‡ਨਰਾਨ ਨਰਾਇਣ, ÷ਸੰਘਾਰ ਮਾਰਨਾ ੩ ਉਦਾਰ ਸ੍ਰੇਸ਼ਟ ਵੇਵਤੇ ੪ ਸਾਰੰਗ ਪਾਣੀ ਈਸ਼੍ਵਰ

*ਸ਼ਬਦ ਤਾਂ ਗੁਰੂ ਜੀ ਅਗਲੇ ਦਿਨ ਭੀ ਸ਼ੈਹਰ ਭਾਗਨਗਰ ਮੇਂ ਰਹੇ ਤਾਂ ਪੰਡਤ ਕਥਾ ਭਾਗਵਤ ਕੀ ਕਰਨੇ ਲਗਾ ਤਾਂ ਕਥਾ ਮੇਂ ਏਹ ਪ੍ਰਸੰਗ ਆਯਾ ਕਿ ਮਾਤਾ ਜਾਸੋਧਾਂ ਨੇ ਸ੍ਰੀ ਕ੍ਰਿਸ਼ਨ ਜੀਨੂੰ ਊਖਲ ਨਾਲ ਬੱਧਾ ਸੀ । ਤਾਂ ਗੁਰੂ ਜੀਨੇ ਕਥਾ ਕਾ ਭੋਗ ਸੁਣ ਲਿਆ ਤਾਂ ਬਾਅਦ ਰਾਗ ਬਿਲਾਵਲ ਵਿਚ ਏਹ ਸਬਦ ਉਚਾਰਨ ਕੀਤਾ ।

੨ ਸਿਖਰ ਸਿਰ, ੩ ਊਖਲ ਥੰਮ, ੪ ਮੂਲ ਜੜ, ਪਭੌਹਾਂ ਭ੍ਰਵਟੇ, ੬ ਭਿਰੰਗ ਭਵਰ ਕਾਲਾ, ੭ ਰੋਮਾਲ ਵਾਲ ।

Digitized by Panjab Digital Library | www.panjabdigilib.org

ਕਬੂਲਾਪੁਰ ਸੀ ਓਥੇ ਕਾਲ ਪਿਆ ਹੋਯਾ ਸੀ, ਕਈਆਂ ਸਾਲਾਂ ਦੀ ਔੜ ਲਗੀ ਹੋਈ ਸੀ, ਆਦਮੀ ਆਦਮ ਕੋ ਖਾਂਦਾ ਸੀ, ਗੁਰੂ ਜੀ ਨੇ ਉਸੁ ਗਾਂਉ (ਕਬੂਲਾ ਪੁਰ) ਪ੍ਰ ਦੱਯਾ ਦ੍ਰਿਸ਼ਟੀ ਕੀਤੀ ਓਹਨਾਂ ਲੋਕਾਂ ਦਾ ਦੁਖ ਦਲਿਦ੍ਰ ਦੂਰ ਕੀਤਾ, ਤਾਂ ਓਹ ਲੋਕ ਗੁਰੂ ਜੀ ਦਾ ਉਪਦੇਸ਼ ਸੁਣਕੇ ਪੂਰੇ ਪੂਰੇ ਭਰੋਸੇ ਦਾਰ ਸੇਵਕ ਹੋਏ ਏਹਨਾਂ ਸੇਵਕਾਂ ਦੇ ਪ੍ਰਤਿ ਗੁਰੂ ਜੀ ਨੇ ਵੈਰਾਗ ਰੂਪੀ ਸ਼ਬਦ ਤੇ ਸਲੋਕ ਤੇ ਇਕ ਕਬਿਤ ਪਖੰਡਾ ਦੇ ਖੰਡਨ ਮੇਂ ਉਚਾਰਨ ਕੀਤਾ ਦੇਖਹੁ ਪੜੋ ਜਨਮਸਾਖੀ ਪੰਨਾ ੩੯ ਏਹ ਸਾਖੀ ਬੌਹੁਤ ਬਿਸਥਾਰ ਸੇ ਹੈ ਏਥੇ ਗੁਰੂ ਜੀ ਨੇ ਕਨਕ ਦਾ ਮੀਂਹ ਵਰਸਾਯਾ ਸੀ, ਗੁਰੂ ਜੀ ਕੀ ਸੰਗਤ ਸਵਾ ਸੌਉ ਕੋਸ ਵਿਚ ਹੋਈ ਸੀ, ਓਸ ਪਿੰਡ ਕਾ ਨਾਮ ਪਹਿਲੇ ਕਬੂਲਾਪੁਰ ਸੀ ਫੇਰ ਗੁਰੂ ਜੀ ਨੇ (ਗੁਲਜਾਰਪੁਰ) ਨਾਂਮੁ ਰਖਿਆ ਸੀ, ਜੋ ਸਲੋਕ ਗੁਰੂ ਜੀ ਨੇ ਵੈਰਾਗ ਮਈ ਉਚਾਰਨ ਕੀਤੇ ਸੀ, ਸੋ ਸੰਗਤ ਕੀ ਦ੍ਰਿਸ਼ਟੀ ਗੋਚਰ ਕੀਤੇ ਜਾਂਦੇ ਹਨ। (ਗੁਰੂ ਜੀ ਪ੍ਰਤਿ ਬੈਨਤੀ ਸੇਵਕ ਕਰਦੇ ਹਨ)॥

ਦੋਹਰਾ॥ ਮੂੜ ਗੂੜ ਹਮ ਅੰਧ ਹੈ ਹੀਨ ਭਈ ਮਤ ਮੋਹਿ॥
ਹੰਦਾਲੁ ਗੁਰੂ ਉਪਦੇਸ਼ ਕਰ ਹਮ ਚਰਨਿ ਲਾਗੇ ਤੋਹਿ॥

੧ ਓ ਸਲੋਕ ਸ੍ਰੀ ਮੁਖਵਾਕ ਮਹਲਾ ੧॥

ਰੇ ਮਨ ਤੇਰੋ ਕੋ ਨਹੀਂ ਤੂ ਕਿਸਹੀ ਕਾ ਨਾਹਿ॥ ਕਹੇ ਹੰਦਾਲੁ ਸੁਣਿ ਰੇ ਮਨਾ ਬਿਨੁ ਹਰਿ ਛੂਟਨੁ ਨਾਹਿ॥ ੧॥ ਰੇਮਨ ਤੇਰੋ ਕੋ ਨਹੀ ਮਾਤਿ ਪਿਤਾ ਸੁਤਨਾਰਿ॥ ਕਹੇ ਹੰਦਾਲੁ ਸੁਨੁ ਰੇਮਨਾ ਹਰਿਭਜੁ ਏਹੀ ਬਾਰਿ॥ ੨॥ ਰੇਮਨਿ ਤੇਰੋ ਕੋ ਨਹੀ ਗ੍ਰਿਹ ਜੋਬਨੁ ਧਨੁਮਾਲੁ॥ ਕਹੇ ਹੰਦਾਲੁ ਸੁਨ ਰੇਮਨਾ ਹਾਥਿ ਚਲੀ ਸਭ ਝਾਰਿ॥ ੩॥ ਰੇਮਨਿ ਹਰਿ ਹਰਿ ਤੁਮ ਜਪੋ ਨਿਕਟ ਨਾਂ ਆਵੈ ਕਾਲੁ॥ ਟੂਟੈ ਜਮਕੀ ਜੇਵੜੀ ਹਰਿ ਭਜੁ ਕਹੇ ਹੰਦਾਲੁ॥ ੪॥ ਰੇਮਨਿ ਤੇਰੋ ਕੋ ਨਹੀਂ ਕਨਕਿ ਕਾਮਨੀ ਕੰਚਾਨ॥ ਕਹੇ ਹੰਦਾਲੁ ਸੁਨਿ ਰੇਮਨਾ ਅਖਰ ਤਜੇ ਅਜਾਨਿ॥ ੫॥

Digitized by Panjab Digital Library | www.panjabdigilib.org

ਰੇਮਨਿ ਤੇਰੋ ਕੋ ਨਹੀਂ ਪਕੇ ਬੰਕ ਦੁਆਰ ਨਿਕਾਮ ॥ ਕਹੇ ਹੰਦਾਲੁ ਸੁਨਿ ਰੇਮਨਾ ਦਿਵਸ ਚਾਰ ਕੋ ਕਾਂਮੁ ॥ ੬ ॥ ਰੇਮਨਿ ਤੇਰੋ ਕੋ ਨਹੀ ਅਸੁ ਹਸਤੀ ਧਨੁ ਰਾਜੁ ॥ ਕਹੇ ਹੰਦਾਲੁ ਸੁਨ ਰੇਮਨਾ ਸਭ ਸੁਪਨੇ ਕੋ ਕਾਜੁ ॥ ੭ ॥ ਰੇਮਨਿ ਤੇਰੀ ਤੋ ਯਹਿ ਨਹੀ ਜੋ ਮਾਨੀ ਤੈ ਦੇਹ ॥ ਆਖਰ ਪਾਵਕ ਸੋ ਜਲੀ ਰੁਲਿ ਮਾਟੀ ਹੋਵਤ ਖੇਹਿ ॥ ੮ ॥ ਰੇਮਨਿ ਤੇਰੋ ਕੋਇ ਨਹੀ ਜੋ ਮਾਨੀ ਤੈ ਦੇਹਿ ॥ ਕਹੇ ਹੰਦਾਲੁ ਸੁਨਿ ਰੇਮਨਾ ਤਬ ਸੰਗਿ ਨਾ ਚਾਲਤ ਏਹ ॥ ੯ ॥ ਮਿਥਿਆ ਹੈ ਯੇਹਿ ਪੁਤਲੀ ਇਸ ਸੰਗਿ ਨੇਹੁ ਗਵਾਰਿ ॥ ਜੈਸੇ ਚੂੜੀ ਕਾਚਕੀ ਠੁਹਕਿ ਲਗੇ ਟੂਕ ਚਾਰਿ ॥ ੧੦ ॥ ਰੇਮਨਿ ਤੇਰੋ ਕੋਇ ਨਹੀਂ ਦੋਸਤ ਸੰਗੀ ਮੀਤਿ ॥ ਕਹੇ ਹੰਦਾਲੁ ਹਰਿ ਭਜੁ ਮਨਾ ਅਵਧਿ ਘਟਤਿ ਹੈ ਨੀਤਿ ॥ ੧੧ ॥ ਰੇਮਨਿ ਬਉਰੇ ਬਾਵਰੇ ਕਿਉ ਕਾਜ ਬਿਗਾਰਿ ਤੋਹਿ ॥ ਕਹੇ ਹੰਦਾਲੁ ਹਰਿ ਭਜੁ ਮਨਾ ਬਾਤਿ ਕਹਤਿ ਯਹਿ ਮੋਹਿ ॥ ੧੨ ॥ ਰੇਮਨਿ ਬਉਰੇ ਬਾਵਰੇ ਕਿਉ ਕਾਜੁ ਬਿਗਾਰਿਉ ਆਪਿ ॥ ਕਹੇ ਹੰਦਾਲੁ ਹਰਿ ਭਜੁਮਨਾ ਜਨਮੁ ਅਕਾਰਥਿ ਜਾਤਿ ॥੧੩॥ ਰੇ ਮਨਿ ਬਾਉਰੇ ਬਾਵਰੇ ਤੂ ਬਾਵਰ ਭਇਓ ਨਿਦਾਨਿ ॥ ਕਹੇ ਹੰਦਾਲੁ ਸੁਨਿ ਰੇਮਨਾ ਬੂਝੈ ਨਹੀਂ ਅਜਾਨ ॥ ੧੪ ॥ ਰੇਮਨਿ ਬਉਰੇ ਬਾਵਰੇ ਬੂਝਿ ਸਕੈ ਤਉ ਬੂਝਿ ॥ ਕਹੇ ਹੰਦਾਲੁ ਹਰਿ ਭਜੁ ਮਨਾ ਯਹੀ ਕਹੂ ਹਮਿ ਤੁਝਿ ॥੧੫॥ ਰੇਮਨਿ ਕੂਕਨਿ ਕੂਕਿਆ ਕਿਉਂ ਬੂਝਤਿ ਨਾਹੀਂ ਅੰਧਿ ॥ ਕਹੇ ਹੰਦਾਲੁ ਤਬਿ ਕਿਆ ਕਰੋ ਜਬ ਆਇ ਪਰੈ ਜਮਫੰਧੁ ॥ ੧੬ ॥ ਰੇਮਨਿ ਤੁਮ ਕਿਉਂ ਭੂਲਿਓ ਪ੍ਰੀਤਿ ਕਰਤਿ ਪਰਿ ਨਾਰਿ ॥ ਥੰਮਾ ਨਾਲ ਲਗਾਈਐ ਜਲ ਜਲ ਕਰੇ ਪੁਕਾਰਿ ॥੧੭॥ ਰੇਮਨਿ ਨਿੰਦਾ ਕਿਉ ਕਰਹਿ ਪਰ ਤ੍ਰਿਆ ਸਿਉ ਪਿਆਰੁ ॥ ਨਿੰਦਕ ਨਰਕੁ ਗੁਤਾਈਐ ਕਾਮੀ ਹੋਵੈ ਖੁਆਰੁ ॥ ੧੮ ॥ ਰੇਮਨਿ ਰਾਹਿ ਭੀੜਾਵਲੇ ਵਾਟਿ ਖੰਡੇ ਕੀ ਧਾਰਿ ॥ ਕਹੇ ਹੰਦਾਲੁ ਹਰਿ ਭਜੁਮਨਾ ਜਿਤਿ ਚੜਿ ਉਤਰਹਿ ਪਾਰਿ ॥ ੧੯ ॥ ਰੇਮਨਿ ਰਾਹਿ ਡਰਾਵਣੇ ਅੰਧਿ ਘੋਰ ਗੁਬਾਰੁ ॥ ਕਹੇ ਹੰਦਾਲੁ ਹਰਿ ਭਜੁ ਮਨਾ ਤਹਾ ਦੀਪਕੁ ਹੋਇ

Digitized by Panjab Digital Library | www.panjabdigilib.org

ਉਜੀਆਰ ॥੨੦॥ ਰੇਮਨਿ ਤੂਤੋ ਜਾਹਿਗਾ ਦਿਵਸ ਚਾਰਿ ਅਜੁ ਕਾਲਿ॥ ਹਰਿ ਭਜੁਰੇ ਮਨਿ ਬਾਵਰੇ ਪੁਕਾਰਿ ਕਹਿਓ ਹੰਦਾਲੁ ॥ ੨੧ ॥ ਰੇਮਨਿ ਮੁਝੇ ਪੁਕਾਰਿਆ ਕਿਉ ਬੂਝਤ ਨਾਹਿ ਅਜਾਨਿ ॥ ਮਤੁ ਕਾਲੁ ਅਹੇੜੀ ਆਵਤਾ ਜਮੁ ਦੇਇ *ਦਮਾਮਾ ਆਨਿ ॥ ੨੨ ॥ ਰੇਮਨਿ ਤੂਤੋ ਆਇਆ ਸੁਸਰੇ ਘਰਿ ਮਿਜਮਾਨ ॥ ਕਹੇ ਹੰਦਾਲੁ ਏਹੁ ਦਾਜੁ ਲੈ ਕੇਵਲ ਹਰਿਕੋ ਨਾਮੁ ॥੨੩॥ ਬਿਨੁ ਹਰਿ ਕਤੂੰ ਨਾ ਛੂਟੀਐ ਈਤ ਊਤ ਦੁਖੁ ਹੋਇ ॥ ਕਹੇ ਹੰਦਾਲੁ ਸੁਨ ਰੇ ਜਨੋਂ ਬਾਤਿ ਕਹਤ ਹੋ ਤੋਹਿ ॥ ੨੪ ॥ ਸਗਲ ਸੰਸਾਰ ਸਿਉ ਤੋੜ ਕਰਿ ਪ੍ਰੀਤਿ ਕਰੋ ਹਰਿ ਨਾਲੁ ॥ ਸਿਖ ਹੋਵਨ ਕੀ ਬਾਤ ਯਹਿ ਉਪਦੇਸ਼ ਕੀਓ ਹੰਦਾਲੁ ॥੨੫॥

ਫਿਰ ਸੇਵਕ ਗੁਰੂ ਜੀ ਅਗੇ ਹਾਥ ਜੋੜ ਕਰ ਨਿਮ੍ਰ ਤਾਈ ਸੇ ਬੇਨਤੀ ਕਰਦੇ ਹਨ ॥ ਕਹੇਂ ਤੋ ਗ੍ਰਿਹ ਤਜਤੇ ਹਾਂ, ਕਹੇਂ ਤੋ ਬਨ ਖੰਡ ਕੋ ਜਾਤੇ ਹਾਂ, ਕਹੇਂ ਤੋ ਮੁੰਦ੍ਰਾ ਡਾਲ ਲੇਤੇ ਹਾਂ ਕਹੇਂ ਤੋ ਅਠ ਸਠ ਤੀਰਥ ਨ੍ਹਾਤੇ ਹਾਂ, ਕਹੇਂ ਤੋ ਦੁਆਦਸ ਸਿਲਾ ਪੂਜੀਏ, ਹਾਂ ਕਹੇਂ ਤੋ ਤਨਕੋ ਭਸਮ ਲਗਾਲੇਤੇ ਹਾਂ,ਕਹੇਂ ਤੋ ਮੋਨਿ ਅਵਧੂਤ ਬਨ ਜਾਂਦੇ ਹਾਂ,ਕਹੇਂ ਤੋ ਗੀਤ ਕਵਿਤ ਗਾਵਨ ਲਗ ਜਾਂਦੇ ਹਾਂ, ਕਹੇ ਤੋਂ ਜਟਾਂ ਰਖ ਲੇਤੇ ਹਾਂ, ਕਹੇਂ ਤੋ ਗੇਰੀ ਬਸਤ੍ਰ ਰੰਗਕੇ ਪਾ ਲੈਂਦੇ ਹਾਂ, ਕਹੇਂ ਤੋ ਸਗਲੀ ਧਰਤੀ ਫਿਰ ਆਵੇਂ ਜੈਸੇ ਹੀ ਆਪ ਕਹੇਂ ਅਸੀਂ ਉਸੀਤ੍ਰਾਂ ਕਰਾਂਗੇ ਅਸਾਂ ਤਾਂ ਗੁਰੂ ਜੀ ਆਪ ਕਾ ਹੁਕਮ ਹੀ ਮੰਨਣਾ ਹੈ, ਅਬ ਗੁਰੂ ਜੀ ਸੇਵਕਾਂ ਨੂੰ ਉਤਲੀਆਂ ਬਾਤਾਂ ਦਾ ਮੋੜ, ਮੋੜਦੇ ਹਨ ਅਤੇ †ਪੰਥ ਬਤਾਉਂਦੇ ਹਨ।

ਸ੍ਰੀ ਮੁਖਵਾਕ ਮਹਲਾ ੧ ॥

ਦੋਹਰਾ—ਹਰਿ ਪਦੁ ਪਾਵਨਿ ਕਾਰਣੇ ਸਗਲ ਬਿਸੋਧਾ ਫਿਰਿਓ ਢੂਡ ॥
ਹੰਦਾਲੇ ਸੋ ਪਦੁ ਪਾਇਆ ਹਰਿ ਹਿਰਦੇ ਮੇਂ ਢੂਢ ॥

ਕਬਿਤ ॥ ਨਹੀ ਬੋਲਨ ਮੈ ਨਾ ਬੁਲਾਵਨ ਮੈਂ ॥ ਨਹੀ ਮੋਨੀ ਹੋਇ

*ਨਗਾਰਾ †ਮਾਰਗ ਯਾ ਰਸਤਾ।

Digitized by Panjab Digital Library | www.panjabdigilib.org

ਅਵਧੂਤਿ ਸਦਾਵਨ ਮੈਂ ॥ ਨਹੀ ਰਾਗ ਰਾਗਨੀ ਤਾਰ ਬਜਾਵਨ ਮੈਂ ॥ ਨਹੀ ਪੰਚ ਪਚੀਸਾ ਮਿਲਿ ਗਾਵਨਿ ਮੈ ॥ ਨਹੀ ਅਠਿ ਸਠਿ ਤੀਰਥਿ ਨਾਵਨਿ ਮੈਂ ॥ ਨਹੀ ਮੁੰਦਰਾਂ ਮੂੰਡ ਮੁੰਡਾਵਨਿ ਮੈਂ ॥ ਨਹੀ ਜੋਗੀ ਕੰਨ ਪੜਾਵਨਿ ਮੈਂ ॥ ਨਹੀ ਲਾਂਬੇ ਕੇਸ ਬਧਾਵਨਿ ਮੈਂ ॥ ਨਹੀ ਦੂਆ ਦਸ ਸਿਲਾ ਪੂਜਾਵਨਿ ਮੈਂ ॥ ਨਹੀ ਕੂਪ ਤੜਾਗ ਦਵਾਵਨਿ ਮੈਂ ॥ ਨਹੀ ਸਗਲ ਧਰਨ ਫਿਰ ਆਵਨਿ ਮੈਂ ॥ ਨਹੀ ਪੂਜਾ ਚਾਰ ਕਰਾਵਨਿ ਮੈਂ ॥ ਨਹੀ ਪੋਥੀ ਪੰਡਤ ਪੜਾਵਨ ਮੈਂ ॥ ਨਹੀ ਗੀਤ ਕਵਤੇ ਗ੍ਰਾਵਨਿ ਮੈਂ ॥ ਨਹੀ ਸ਼ਾਸਤ੍ਰ *ਬੇਦ ਸੁਧਾਵਨਿ ਮੈਂ ॥ ਪ੍ਰਭੁ ਪਾਈਐ ਕਰਮ ਕਮਾਵਨਿ ਮੈਂ ॥ ਨਹੀ ਬਹੁ ਬਿਧਿ ਦਰਬ ਵੰਡਾਵਨਿ ਮੈਂ ॥ ਨਹੀ ਸਹੰਸ ਗਊ ਮਨਸਾਂਵਨਿ ਮੈਂ ॥ ਨਹੀ ਅਸਵ ਗਜ ਦਾਂਨ ਦਵਾਵਨਿ ਮੈਂ ॥ ਨਹੀ ਵਰਤਿ ਸਰਾਧ ਤਿਲਕ ਲਗਾਵਨਿ ਮੈਂ ॥ ਨਹੀ ਕੰਚਨ ਭਾਰ ਮਨਸਾਂਵਨਿ ਮੈਂ ॥ ਨਹੀ ਪੁਰਬੀ †ਹੋਮ ਜੱਗੁ ਕਰਾਵਨਿ ਮੈਂ ॥ ਨਹੀ ਗੇਰੀ ਬਸਤ੍ਰ ਰੰਗਾਵਨਿ ਮੈਂ ॥ ਏਹ ਤੋ ਸਭੀ ਪਖੰਡ ਕਰਾਵਨਿ ਮੈਂ ॥ ਵੋਹ ਪ੍ਰਚੈ ਨਹੀ ਪ੍ਰਚਾਵਨਿ ਮੈਂ ॥ ਖਿਮਾ ਮੌਨ ਸੰਤਨ ਕੀ ਸੇਵਾ ਮਨਿ ਮੇਂ ਨੀਚ ਕਹਾਵਨਿ ਮੈਂ ॥ ਉਸਤਤਿ ਨਿੰਦਾ ਦੋਊ ਤਿਆਗੇ ਕਾਮੁ ਕ੍ਰੋਧ ਵਰਜਾਵਨਿ ਮੈਂ ॥ ਲਭ ਲੋਭ ਹੰਕਾਰ ਨਾ ਦਾਝੇ ਤਾੜੀ ਪ੍ਰੇਮ ਲਗਾਵਨਿ ਮੈਂ ॥ ਆਪੁ ਗੁਵਾਈਐ ਤਾਂ ਸ਼ੌਹ ਪਾਈਐ ਗੁਰ ਚਰਣੀ ਚਿਤਲਾਵਨਿ ਮੈਂ ॥ ਕਹੇ ਹੰਦਾਲੂ ਹਮ ਤਹਾਂ ਪਾਇਓ ਹੈ ਸੁੰਨ ਮੰਡਲ ਮਹਿ ਅਨਾਹਦ ਸਬਦ ਵਜਾਵਨਿ ਮੈਂ ॥ ਇਤਿ ॥

---

*ਜਨਮਸਾਖੀ ਲਿਖਤ ਵੀ ਗੁਰੂ ਬਿਧੀ ਚੰਦ ਵਾਲੀ। †ਜ: ਲਿ: ਦੀ ਬਿ,

Digitized by Panjab Digital Library | www.panjabdigilib.org

(੧ ੴ ਸਤਿਨਾਮੁਕਰਤਾਪੁਰਖੁ)

ਜਬ ਸਤਿਗੁਰੂ ਜੀ ਤੱਪੂ ਕਰਕੇ ਪੰਜਾਬ ਕੋ ਆ ਰਹੇ ਸਨ, ਤਬ ਰਸਤੇ ਮੇ ਏਕ ਜਗਾ ਬੜਾ ਭਾਰੀ ਮੇਲਾ ਲਗਾ ਹੋਯਾ ਥਾ, ਔਰ ਬੜੇ ਸੰਤ ਰਿਖੀ ਮੁਨੀ ਆਏ ਹੂਏ ਥੇ, ਔਰ ਏਕ ਸੰਤ ਬੇਦ ਮੰਤ੍ਰ ਕੀ ਵਿਆਖਿਆ ਕਰਤਾ ਥਾ, ਜਬ ਕਥਾ ਕਾ ਭੋਗ ਪੈ ਗਿਆ, ਤਾਂ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਸੁਨ ਕਰ ਬਹੁਤ ਹੀ ਅਨੰਦ ਹੋਏ, ਅਰ ਕਿਹਾ ਹੇ ਸੰਤੋ ਚਾਰੇ ਵੇਦ ਜੋ ਭਏ ਹੈਂ ਸੋ ਓਅੰਕਾਰ ਤੇ ਹੈਂ, ਓਅੰਕਾਰ ਚਾਰ ਵੇਦੋਂ ਕਾ ਜੀਵ ਹੈ, ਚਾਰੇ ਵੇਦ ਓਅੰਕਾਰ ਕੇ ਆਸਰੇ ਹੈਂ ॥ ਤਬ ਸੰਤ ਬੋਲੇ ਹੇ ਬਾਲਕੇ ਤੂੰ ਕੌਣ ਹੈਂ, ਗੁਰੂ ਜੀ ਕੇਹਾ ਜਲ ਤਰੰਗ, ਦੂਸਰੇ ਕੇਹਾ ਕਹਾਂ ਸੇ ਆਯਾ ਹੈ, ਕਹਾਂ ਰਹਿਤਾ ਹੈਂ, ਕਹਾਂ ਜਾਵੇਂਗਾ, ਤਾਂ ਗੁਰੂ ਜੀ ਕੇਹਾ ਜਲ ਕਾ ਤਰੰਗ ਕਹਾਂ ਸੌਂ ਆਯਾ, ਕਿਸ ਮੇਂ ਅਸਥਿਤ ਹੈ, ਔਰ ਕਹਾਂ ਜਾਵੇਂਗਾ, ਤਬ ਸੰਤਾਂ ਕਹਾ ਤੇਰਾ ਨਾਉ ਕਿਆ ਹੈ ਕਿਛ ਵਿਦਿਯਾ ਜਾਨਤਾ ਹੈ, ਅਰ ਕਰਤਵ ਤੇਰਾ ਕਿਆ ਹੈ, ਅਰ ਕਹਾਂ ਬ੍ਰਾਜਤਾ ਹੈਂ ॥ ਹੰਦਾਲੋ ਵਾਚ *ਅਵਗਤ ਸੌਂ ਆਏ ਹੈਂ, ਅਰ †ਨਿਜ ਸਰੂਪ ਮੇਂ ਅਸਥਿਤ ਹੈਂ, ਅਰ ਨਿਰੰਜਨ ਬਿਖੇ ਜਾਵੇਂਗੇ ਅਰ ਕਰਤਵ ਹੈ ਭਜਨ ਗੋਬਿੰਦ ਕਾ, ਅਰ ਨਾਉਂ ਹੰਦਾਲੁ ਹੈ, ਅਰ ਵਿਦਿਆ ਏਹ ਜਾਨਤੇ ਹੈਂ, ਏਕ ਬਿਸ਼ਨ ਬਿਨਾ ਔਰ ਨਾ ਦੇਖਣਾ ਏਹ ਵਿਦਿਯਾ ਹੈ, ਹੋਰ ਸਭ ਅਵਿਦਿਆ ਹੈ, ਜਬ ਸੰਤਹੁ ਦੇਖਿਆ ਜੋ ਬਾਲਕ ੧ਵਰਨ ੨ਆਸ਼੍ਰਮ ਤੇ ਉਲੰਘਤ ਹੈ, ਪੂਰਨ ਪੁਰਖੁ ਹੈ ਜਾਗਿਆ ਹੋਯਾ ਹੈ, ਤਬ ਸੰਤਹੁ ਕੇਹਾ ਬਾਲਕੇ ਧੰਨ ਹੈਂ, ਪਰ ਜੋ ਤੈਂ ਪ੍ਰਸ਼ਨ ਓਅੰਕਾਰ ਕਾਰ ਕਾ ਕੀਯਾ ਹੈ, ਤਿਸਕੀ ਕਛੁ ੩ਵਿਆਖਿਯਾ ਹਮਕੋ ਭੀ ਸੁਨਾਇ, ਤਬ ਗੁਰੂ ਜੀ ਕਿਹਾ ਭਲਾ ਜੀ ਤੁਮਾਰੀ ਆਗਿਯਾ ਹੈ ਤੋ ਜੈਸੀ ਹਮਾਰੀ ਬੁਧੀ ਹੈ ਸੋ ਕਹਾਂਗੇ ॥

---

*ਤਿਸਕੀ ਗਤੀ ਨਹੀ ਲਖੀ ਜਾਂਦੀ, †ਅਪਨੇ;

੧ ਬ੍ਰਹਮਨ, ਖੱਸ਼ਤ੍ਰੀ, ਵੈਸ਼, ਸ਼ੂਦਰ ੨ਬ੍ਰਹਮਚਰਯ; ਗ੍ਰਹਸਤ ਬਾਂਨਪ੍ਰਸਤ, ਸੰਨਯਾਸ । ੩ ਖੋਲਕੇ ।

Digitized by Panjab Digital Library | www.panjabdigilib.org

(ਓਅੰਕਾਰ ਅਸਤੋਤ੍ਰ) ਸ੍ਰੀ ਮੁਖਵਾਕ ਮਹਲਾ ੧ ॥

ਓਅੰਕਾਰ ਆਦਿ ਤੁਮ ਜਾਨੋ ॥ ਨਿੰਮਸਕਾਰ ਪ੍ਰਿਥਮੈਂ ਤੇਂਹ ਠਾਨੋ ॥ ਪ੍ਰਣਵਨਾਮ ਤਾਂ ਹੀ ਕੋ ਕਹੀਏ ॥ ਗੁਰਪ੍ਰਸਾਦਿ ਯੇਹ ਮਤ ਲਹੀਏ ॥ ਸ੍ਰਵ ਵਿਆਪੀ ਤੀਜੋ ਨਾਮੁ ॥ ਬਾਰੰਬਾਰ ਤਾਕੋ ਪ੍ਰਨਾਮੁ ॥ ੫ਅਨੰਤ ਪਨਾਮੁ ਚੌਥੋ ਕਹਿ ਗਾਊ ॥ ੬ਤਾਰਕ ਨਾਮੁ ਪਾਂਚਵਾਂ ਭਾਊ ॥ ੭ਸੁਕਲ ਨਾਮੁ ਛਟਵਾ ਸੁਨ ਲੀਜੇ ॥ ੮ਵੈਦੁੱਤ ਸਪਤਮ ਨਾਮ ਕਹੀਜੇ ॥ ਤੁਰਯਾ ਅਸ਼ਟਮ ਨਾਮ ਸੁਨਾਊ ॥ ਹੰਸਨਾਮੁ ਨੌਮਾਂ ਕਹਿ ਗਾਊ ॥ ਸਲੋਕ ॥ ਪ੍ਰੰਬ੍ਰਹਮ ਦਸ ਨਾਮ ਯੇਹ ਓਅੰਕਾਰ ਕੇ ਜਾਨ ॥ ਵੇਦਨ ਮੇਂ ਪ੍ਰਗਟ ਕਿਹੋ ਗੁਰ ਗਮ ਲੇਹੁ ਪਛਾਨ ॥੧॥ ਪਉੜੀ ॥ ਓਅੰਕਾਰ ਸਭਨ ਤੇ ਆਦਿ ॥ ਕਰੋਂ ਪ੍ਰਨਾਮੁ ਸਤਿਗੁਰ ਪ੍ਰਸਾਦਿ॥ ਤ੍ਰੈ ਗੁਣ ਓਅੰਕਾਰ ਤੇ ਭਏ ॥ ਸਤੋ ਰਜੋ ਤਾਮਸ ਕੈਂਹ ਦਏ ॥ ਤ੍ਰੈਹ ਗੁਣ ਕਾ ਹੈ ਸਗਲ ਪਸਾਰਾ ॥ ਓਅੰਕਾਰ ਹੈ ਸਭੁ ਜਗ ਸਾਰਾ ॥ ਸਾਂਤਕ ਤੇ ਸਭ ਦੇਵ ਉਪਾਏ ॥ ਰਾਜਸ ਤੇ ਮਾਨਵ ਉਪਜਾਏ ॥ *ਅਸੁਰ ਆਦਿ ਤਾਮਸ ਤੇ ਕੀਏ ॥ ਓਅੰਕਾਰ ਤੇ ਉਤਪਤ ਥੀਏ ॥ ਮਨ ਚਿਤ ਬੁਧ ਅਹੰਕਾਰ ਪਛਾਨ ॥ ਸਾਤਕ ਅੰਸ ਤੇ ਉਪਜੇ ਜਾਨ ॥ ੨ ॥ ਸਲੋਕ ॥ ਦਸ ਇੰਦ੍ਰੇ ਰਾਜਸ ਤੇ ਭਏ ਗੁਰ ਪ੍ਰਸਾਦਿ ਤੇ ਜਾਣ ॥ ਪੰਚ ਭੂਤ ਤਾਮਸ ਤੇ ਹੂਏ ਐਸੇ ਲੇਹੁ ਪਛਾਣ ॥ ਪਉੜੀ ॥ ਅੰਡਜ ਜੇਰਜ ਸੇਤਜ ਉਤਭੁਜ ॥ ਚਾਰ ਖਾਣ ਯੇਹ ਕਰੀ ਪ੍ਰਗਟ ਸਾਜ ॥ ਓਅੰਕਾਰ ਹੈ ਸਭਕੀ ਜਾਨ ॥ †ਅਸਥਾਵਰ ‡ਜੰਗਮ ਜਾਨ ਸੁਜਾਨ ॥ ਓਅੰਕਾਰ ਅਕਾਰ ਮਕਾਰ ਜੋ ਆਹੀ ॥ §ਵਿਰਾਟ ਰੂਪ ਜਾਨੋ ਤੁਮ ਤਾਹੀ ॥ ਅਰਧ ਮਾਤਰਾ ਤੁਰਯਾ ਕਹੀਏ ॥ ਇੰਦ ਰੂਪ ਜੋ ਸ਼ਬਦ ਬਤੈਈਏ ॥ ਜੈਂਹ ਤੈਂਹ ਦੀਸੈ ਓਅੰਕਾਰ ॥ ਚਾਰੋਂ ()ਖਾਣੀ ਅਪਰ ਅਪਾਰ ॥ ਪਰਾ {}ਪਸੰਤੀ ਮੱਧਮ ਸਾਰ ॥ ਬੈਖਰੀ ਬਾਣੀ ਸਬਦ ਉਚਾਰ ॥੩॥ ਸਲੋਕ॥ ਜੋ ਕਛੁ

---

੫ ਅੰਤ ਨਹੀਂ । ੬ ਈਸ਼੍ਵਰ । ੭ ਹੱਛਾ । ੮ ਵੇ ਉਤੇ ।
*ਰਾਕਸ਼ । † ਜੜਆਦੀ । ‡ਚਲਨੇ ਵਾਲਾ । § ਸਾਰੇ ਜਹਾਨ ਕੋ ਰੋਸ਼ਨ ਕੀਯਾ ਹੈ।
()ਅੰਡਜ ਜੇਰਜ ਉਤਭੁਜ ਸੇਤਜ । {}ਚਾਰ ਬਾਣੀਆ ਦਾ ਤਾਤ ਪ੍ਰਜ ਪਿਛੇ ਦਸਆਏ ਹੈਂ ।

Digitized by Panjab Digital Library | www.panjabdigilib.org

ਸੁਣੀਏ ਦੇਖੀਏ ਓਅੰਕਾਰ ਸਭ ਠੌਰ ॥ ਜੋ ਜੋ ਰਚਨਾ ਦੀਸਈ ਓਅੰਕਾਰ ਸਭ ਓਰ ॥ ਪਉੜੀ ॥ ਓਅੰਕਾਰ ਬ੍ਰਹਮਾਂ ਉਤਪਤ ਓਅੰਕਾਰ ਤੇ ਸਗਲ ਜਗਤ ॥ ੧ਵਿਸ਼ਨ ਰੂਪ ਸਭ ਜਗਤ ਪ੍ਰਕਾਸ਼ਾ ॥ ਪ੍ਰਿਤ ਪਾਲੇ ਸਬ ਜਗਤ ਨਿਵਾਸਾ ॥ ੨ਰੁਦਰ ਰੂਪ ਹੈ ਓਅੰਕਾਰੁ ॥ ਅੰਤੁ ਸਕਲ ਕਾ ਕਰੇ ਸੰਘਾਰੁ ॥ ਓਅੰਕਾਰ ਸੱਭ ਬੀਚ ਸੁਮਾਯਾ ॥ ਓਅੰਕਾਰ ਬਿਨੁ ਠਉਰ ਨਾ ਠਾਇਆ ॥ ੩ਕਾਲ ਕਰਮ ਤਿਸ ਹੀ ਤੇ ਜਾਨੁ ॥ ਸਤਿ ਜੁਗ ਤੇ ਚਾਰੋ ਜੁਗ ਮਾਨੁ ॥ ਰਿਗ ਯੁਜ ਸਾਮ ਅਥਰਬਣ ਚਾਰੁ ॥ ਆਦਿ ਹੀ ਓਅੰਕਾਰ ਉਚਾਰੁ ॥ ੪ ॥ ਸਲੋਕ ॥ ਅੰਡਜ ਖਾਣ ਪੰਖੀ ਕੀਏ ਜੇਰਜ ਖਾਣ ਮਾਨੁਖ ॥ ਸੇਤਜ ਖਾਣ ਸੇਤ ਤੇ ਉਪਜੇ ਉਤ ਭੁਜ ਖਾਣ ਹੈ ਰੁਖ ॥ ਪਉੜੀ ॥ ਸਭਿ ਮੇਂ ਓਅੰਕਾਰ ਸੁਮਾਯਾ ॥ ਚਾਰ ਵੇਦ ਮਿਲ ਐਸੇ ਗਾਯਾ ॥ ਪ੍ਰਿਥੀ ਅਪਤੇਜ ਵਾਇ ਆਕਾਸ਼ ॥ ਓਅੰਕਾਰ ਸਭਿ ਮੇਂ ਪ੍ਰਕਾਸ਼ ॥ ਕੀਟ ਹਸਤ ਮੇਂ ਪੂਰਨ ਮਾਨੁ ॥ ਓਅੰਕਾਰ ਬਿਨੁ ਕੋਊ ਨਾ ਥਾਨੁ ॥ ਜਾਗ੍ਰਿਤ ਸੁਪਨ ਸੁਖੋਪਤ ਮਾਹੀ ॥ ਓਅੰਕਾਰ ਸਭਿ ਰਿਹਾ ਸੁਮਾਹੀ ॥ ਸ਼ਬਦ ਅਨਾਹਦ ਧੁਨ ਉਪਜਾਵੈ ॥ ਓਅੰਕਾਰ ਬਿਨੁ ਕਉਨ ਜਨਾਵੈ ॥ ਤੁਰੀਯਾ ਰੂਪ ਬ੍ਰਹਮ ਕੋ ਜਾਨੋ ॥ ਓਅੰਕਾਰ ਸਰਬ ਵਿਆਪੀ ਮਾਨੋ ॥ ੫ ॥ ਸਲੋਕ ॥ ਸੁੰਨ ਮੰਡਲ ਮੈਂ ਬੈਸਕੇ ਓਅੰਕਾਰ ਉਚਾਰੁ ॥ ਸੁੰਨੋ ਸੁੰਨ ਸਭਿ ਭਾਸਦੀ ਬਾਹਰ ਭੀਤ੍ਰ ਸਾਰੁ ॥ ਪਉੜੀ ॥ ਅੰਤਰ ਸੁੰਨ ਬਾਹਰਸੁਨ ਸੁੰਨ ਮਈ ਸਭਿ ਹੋਇ ॥ ਚੌਥੇ ਸੁੰਨੇ ਜਾਇ ਸੁਮਾਵੇ ਪਾਪੁ ਪੁੰਨ ਨਹੀਂ ਕੋਇ ॥ ਓਅੰ ਸੋਹੰ ਹੰਸਾ ਜਾਪੁ ॥ ਅਜੱਪਾ ਜਾਪੁ ਹੋਤ ਤੈਂਹ ਆਪੁ ॥ ਅਵਘਟਿ ਤਾਲ ਖੋਲ ਬਜਾਯਾ ॥ ਅਨਹਦ ਨਾਦ੪ ਤਹਾਂ ਪ੍ਰਗਟਾਯਾ ॥ ਉਨਮਨ ਨਗਰੀ ਜਾਇ ਸੁਮਾਯਾ ॥ ਸ਼ੈਹਰ ਬੇਗਮ ਪੁਰ ਡੇਰਾ ਪਾਇਆ ॥ ਜਾਇ ਤ੍ਰਬੈਣੀ ਕੀਓ ਸਨਾਨਾ ॥ ਤੁਰੀਯਾ ਪਦ ਮੇਂ ਜਾਇ ਸੁਮਾਨਾ ॥ ਤ੍ਰੈ ਭਵਨ ਕੀ ਤਬ ਸੋਝੀ ਹੋਈ ॥ ਬੂਝ ਪਰੀ ਸਤਿਗੁਰ ਤੇ ਸੋਈ ॥ ੬ ॥ ਸਲੋਕ ॥ ਓਅੰਕਾਰ ਕੇ ਭਜਨ ਤੇ ਤੀਨ

---

੧ ਸਾਰੀ ਵਿਸ਼ਮਾਯਾ ਵਿਚ ਪੂਰਨ ਹੈ। ੨ ਸਜ਼ਾ ਦੇਣੇ ਵਾਲੇ। ੩ ਸਮਾ। ੪ ਸ਼ਬਦ।

Digitized by Panjab Digital Library | www.panjabdigilib.org

ਭਵਨ ਸਭਿ ਲੋਇ॥ ਸਭਇਸਕੋ ਪ੍ਰਕਾਸ਼ਈ ਅਨਭਵ ਨਿਰਮਲ ਹੋਇ ॥ ਪਉੜੀ॥ਓਅੰਕਾਰ ਸਾ ਔਰ ਨ ਜਾਪੁ॥ਜਾਕੇ ਜਪੈ ਮਿਟੇ ਤ੍ਰੈ ਤਾਪੁ॥ਯੋਗੀਸ਼ਰ ਓਅੰਕਾਰ ਧਿਆਵੈਂ ॥ ਚਾਰ ਪਦਾਰਥ ਤਿਸਤੇ ਪਾਵੈਂ ॥ ਨਿਤ ਉਠ ਓਅੰਕਾਰ ਅਰਾਧੇਂ ॥ ਨਿਮਸ਼ਕਾਰ ਕਰਿ ਸਾਧਨ ਸਾਧੇਂ ॥ ਪ੍ਰਿਥਮੇਂ ਸਾਧਨ ਏਹੀ ਸੁਨਾਊ ॥ ਓਅੰਕਾਰ ਕੋ ਰਿਦੇ ਬਸਾਊ ॥ ਜੋ ਜੋ ਕਰਮ ਕਰਨ ਕੋ ਲਾਗੇ ॥ ਓਅੰਕਾਰ ਜਪੇ ਵਡਿ ਭਾਗੇ ॥ ਸਭਿ ਮੰਤ੍ਰ ਇਸੀ ਤੇ ਹੋਵੈਂ ॥ ਵੇਦ ਮੂਲ ਸਭ ਹੀ ਜਨ ਸੇਵੈਂ ॥ ੭ ॥ ਸਲੋਕ ॥ ਓਅੰਕਾਰ ਸਭਿ ਆਤਮਾਂ ਸਰਵ ਵਿਆਪੀ ਸੋਇ ॥ ਇਸ ਤੁਲ ਔਰ ਨਾ ਮੰਤ੍ਰ ਹੈ ਖੋਜ ਦੇਖੋ ਸਭਿ ਲੋਇ ॥ ਪਉੜੀ ॥ ਮੂਲ ਮੰਤ੍ਰ ਓਅੰਕਾਰ ਕਹਾਵੈਂ ॥ ਰਾਮੁ ਕ੍ਰਿਸ਼ਨ ਓਅੰਕਾਰ ਧਿਆਵੈਂ ॥ *ਅਜ ਅਬਨਾਸ਼ੀ ਓਅੰਕਾਰ ॥ ਅਕ੍ਰੈ ਰੂਪ ਅਦ੍ਵੈਤ ਬੀਚਾਰੁ ॥ ਅਡਿਗ ਅਡੋਲ ਪਰਮ ਗੰਭੀਰੁ ॥ †ਅਗਮ ਅਥਾਹ ਵਿਆਪ ਸਰੀਰ ॥ ਅਫੁਰ ਅਤੋਲ ਅਮੇਪ੧ ਆਪਾਰੁ ॥ ਓਅੰਕਾਰ ਸਭਿ ਵਿਆਪਕ ਸਾਰੁ ॥ ਅਵਯੱਕਤ ੪ ਕੋਠੱਸਥ ੫ ਨਿਰੰਜਨ ਜੋਤਿ ॥ ਵਿਭੂ ਵਿਯਾਪਕ ਅਨੰਤ ਅਦੋਤ ॥ ਓਅੰਕਾਰ ਕੋ ਸਦਾ ਆਦੇਸ ॥ ਓਅੰ ਰੂਪ ਸਭਿ ਮੇਂ ਪ੍ਰਵੇਸ਼ ॥੮॥ ਸਲੋਕ ॥ ਬ੍ਰਹਮ ਅਜੋਨੀ ਅਜ ਅਮਰ ਨਿਰ ਵਿਕਾਰ ਕਰਿ ਮਾਨ ॥ ਸੱਤ ਚਿਤ ਆਨੰਦ ਓਅੰ ਏਹ ਅਬਿਨਾਸ਼ੀ ਪਹਿਚਾਨ ॥ ਪਉੜੀ ॥ ਓਅੰ ਭਗਵਾਨ ਨਾਮੁ ਕਹਾਵੇ ॥ ਵਿਸ਼ਵੇਸ਼ੁਰ ੭ਵਿਸ਼ੰਭਰ ਗਾਵੇ ॥ ਸਰਬ ਕਲਾ ਸਰਵੇਸ਼ੁਰ ਜੋਤਿ ॥ ਓਅੰ ਵਿਆਪ ਰਿਹੋ ਉਤ ਪੋਤ ੮ ਨਾਰਾਇਣ ਨਿਰਾਕਾਰ ਅੰਤ੍ਰ ਗਤਿ ॥ ਓਅੰਕਾਰ ਤੇ ਸਭਿ ਜਗ ਉਤ ਪਤਿ ॥ ਕ੍ਰਿਤਮ ਨਾਮੁ ਔਰ ਜੋ ਤੇਰੇ ॥ ਸੋਭੀ ਓਅੰਕਾਰ ਕਰ ਹੇਰੇ ॥ ਓਅੰਕਾਰ ਸਭਿ ਜਗਤ ਪ੍ਰਕਾਸ਼ੇ ॥ ਓਅੰਕਾਰ ਜਪੁ ਤਿਮ੍ਰ ਬਿਨਾਸ਼ੇ ॥ ਓਅੰਕਾਰ ੯ਸੁਤੋਤ੍ਰ

---

*ਅਜਨਮਾ । ੧ ਮਿੰਨਤੀ । † ਅਸਥਿਰ ।

੪ ਸੂਖਮ ਰੂਪ ਹੋਕੇ ਵਿਯਾਪਕ । ੫ ਸਾਰੇ ਸੰਸਾਰ ਕੋ ਚਲਾਤਾ ਹੈ ਆਪ ਅਚੱਲ ਹੈ । ੬ ਮਾਯਾ । ੭ ਸਭਕੋ ਰਿਜ਼ਕਦੇ ਦੇਤਾ ਹੈ । ੮ ਪਾਣੀ ਔਰ ਜੀਵੋਂ ਮੇਂ ਵਿਯਾਪਕ ਹੈ । ੯ ਸੁਤੋਤ੍ਰ ਸੁਨਕੇ ਸਭੀ ਸੰਤ ਮਹੰਤ ਪੰਡਤ ਜਨ ਅਤੀ ਅਨੰਦਤ ਕੋ ਪ੍ਰਾਪਤਿ ਭਏ ।

Digitized by Panjab Digital Library | www.panjabdigilib.org

ਪੂਰਨ ਭੈਯਾ ॥ ਜਨ ਹੰਦਾਲੁ ਪੈ ਕੀਜੇ ਮੈਯਾ ॥੭॥ ਇਤਿ ॥

ਇਕ ਸਮੇਂ ਸ੍ਰੀ ਗੁਰੂ ਬਿਧੀਚੰਦ ਦੂਸਰੀ ਪਾਤਿਸ਼ਾਹੀ ਜੀ ਨੇ ਸ੍ਰੀ ਗੁਰੂ ਬਾਬਾ ਹੰਦਾਲੁ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ਸਚਿਨਾਮ ਕੇ ਜਾਪਕੀ ਮਹਿਮਾ ਕਹੀਏ ॥

ਦੋਹਰਾ— ਜੋਂਬਾ ੧੦ ਸਚਿਨਾਮੁ ਕੇ ਜਾਪੁਕੀ ਮਹਿਮਾ ਭਾਖੂ ਤੋਹਿ ॥
ਜਾਂਕੇ ਸਿਮਰਨ ਕੀਏ ਤੇ ਕਿਲ ਵਿਖ ਕਾਟੈਂ ਮੋਹਿ ॥

(ਧਿਆਇ ਸਚਿਨਾਮੁ ਅਚੁਤ ਪੁਰਖੁ ਕਾ)

(ਰਾਗ ਰਾਮੁਕਲੀ ਸ੍ਰੀ ਮੁਖਵਾਕ ਮਹਲਾ ੧)

ਸਲੋਕ ॥ ਸਚਿਨਾਮੁ ਸਭਿ ਜੁਗਨ ਮੈਂ ਅਚੁਤ ਪ੍ਰਭੁ ਨਿਰੰਕਾਰੁ ॥ ਨਿਰਾਕਾਰ ਅੰਜਨ ਰਹਿਤ ਅਕਾਲ ਪੁਰਖੁ ਕਰਤਾਰੁ ॥੧॥ ਪਉੜੀ ॥ ਸਭਿਕੀ ਆਦਿ ਸਚੁ ਤੁਮ ਜਾਨੋ ॥ ਸਚੁਨਾਮ ਤਿਸ ਨਾਮ ਬਖਾਨੋ ॥ ਕੋਟਿ ਬ੍ਰਹਮੰਡ ਤਿਸੀ ਤੇ ਹੋਇ ॥ ਉਪਜਿ ਉਪਜਿ ਤਿਸ ਮਾਂਹ ਸਮੋਇ ॥ ਜਿਵ ਬੂਦ ਬੂਦਾ ਸਾਗਰ ਮੈਂ ਜਾਇ ॥ ਸਚੁ ਤੇ ਸਚੁ ਮਾਂਹ ਸਮਾਇ ॥ ਸਚੁਨਾਮੁ ਸਭਿਕਾ ਆਧਾਰੁ ॥ ਸਚਿਨਾਮੁ ਕਾ ਅੰਤੁ ਨ ਪਾਰੁ ॥੨॥ ਸਲੋਕ ॥ ਸਚਿਨਾਮੁ ਬਿਯਾਪਕ ਸਗਲ ਅਧ ਉਰਧਿ ਹੈ ਏਕ ॥ ਏਕ ਤੇ ਉਪਜਿਓ ਜਗਤ ਸਭ ਸਚਿਨਾਮੁ ਕੀ ਟੇਕ ॥੨॥ ਪਉੜੀ ॥ ਸਚੁਨਾਮੁ ਹੈ ਧਰਨ ਅਕਾਸ਼ ॥ ਪਾਣੀ ਪਾਵਕ ਪਵਨ ਪ੍ਰਕਾਸ਼ ॥ ਚੰਦ ਸੂਰਜ ਸਚਿਨਾਮੁ ਆਧਾਰਾ ॥ ਖਾਂਣੀ ਚਾਰ ਕਰ ਕੀਆ ਪਸਾਰਾ ॥ ਬਾਹਰ ਭੀਤ੍ਰ ਸਭਿਸ ਕੇ ਸਚਿਨਾਮੁ ਹੀ ਸਾਰ ॥ ਸਚਿਨਾਮੁ ਬਿਨੁ ਸਕਲ ਅਸਾਰ ॥ ਸੋ ਸਚਿਨਾਮੁ ਦਿਨ ਰੈਣ ਧਿਆਵਉ ॥ ਸਚਿਨਾਮੁ ਮੈ ਜਾਇ ਸਮਾਵਉ ॥ ੩ ॥ ਸਲੋਕ ॥ ਸਚੁਨਾਮੁ ਪੰਚ ਤਤ ਕੀਏ ਦਸ ਇੰਦ੍ਰੀ ਮਨੁ ਪ੍ਰਾਨ ॥ ਸ਼ਬਦ ਸਪਰਸ਼ ਰੂਪ ਰਸ ਗੰਧ ਤਿਸਤੇ ਉਪਜੇ ਜਾਨ ॥ ੩ ॥ ਪਉੜੀ ॥ ਬ੍ਰਹਮਾਂ ਬਿਸ਼ਨ ਮਹੇਸ ਉਪਾਏ ॥ ਸਚਿਨਾਮੁ ਆਧਾਰ ਰਹਾਏਂ ॥ ਗਿਰ ਪ੍ਰਬਤ ਸਾਗਰ ਸਪਤ ਬਨਾਏ ॥ ਸਚੁਨਾਮੁ

---

੧੦ ਜਨਮਸਾਖੀ ਪੰਨਾ ੧੪੦

Digitized by Panjab Digital Library | www.panjabdigilib.org

ਆਧਾਰ ਰਹਾਏ ॥ ਬਨਾਸਪਤੀ ਅਠਾਰਾਂ ਭਾਰ ॥ ਸੋ ਭੀ ਹੈ ਸਚਿਨਾਮੁ ਅਧਾਰ॥ ਤਿਤੀਸ ਕੋਟਿ ਇੰਦ੍ਰ ਲੌ ਦੇਵ ॥ ਸਭਿ ਹੀ ਕਰਤੇ ਹਰਿਕੀ ਸੇਵ ॥੪॥ ਸਲੋਕ ॥ ਜੋ ਕਿਛੁ ਸੁਨੀਏ ਦੇਖੀਏ ਸਚਿਨਾਮ ਆਧਾਰ ॥ ਸਚਨਾਮੁ ਬਿਨੁ ਨਾਹਿ ਕਿਛ ਜੇਤਾ ਏਹ ਅਕਾਰ ॥ ੪ ॥ ਪਉੜੀ ॥ ਰਿਖੀ ਮੁਨੀ ਸਚੁਨਾਮੁ ਧਿਆਵਹ ॥ ਜੋਗੀ ਜੰਗਮ ਖਟ ਦਰਸਨ ਗਾਵਹ ॥ ਗੁਪਤ ਪ੍ਰਗਟ ਸਚੁਨਾਮੁ ਧਿਆਵੈਂ ॥ ਕੋਟ ਤਿਤੀਸ ਸਚਿਨਾਮੁ ਧਿਆਵੈਂ ॥ ਪਸ ਪੰਖੀ ਸਚਿਨਾਮੁ ਅਧਾਰ ॥ ਏਕੋ ਏਕ ਪਸਰਿਆ ਨਿਰੰਕਾਰ ॥ ਜਿਉ ਮਾਲਾ ਕੇ ਮਨ ਕੇ ਮਾਂਹੀ ॥ ਸਚਿਨਾਮੁ ਹੈ ਸੂਤ੍ਰ ਤਹਾਂ ਹੀ ॥ ੪ ॥ ਸਲੋਕ ॥ ਨਿਰੰਕਾਰ ਅਕਾਰ ਜੋ ਨਿਰਗੁਨ ਸਰਗੁਨ ਏਕ ॥ ਸਚਿਨਾਮੁ ਨਾਂਹਿ ਕਿਛ ਜਾਨੋ ਬੁਧ ਬਬੇਕ ॥ ੫ ॥ ਪਉੜੀ ॥ ਸਚੁਨਾਮੁ ਨਿਸ ਬਾਸਰ ਧਿਆਵੇ ॥ ਸਚੁਨਾਮੁ ਉਰ ਅੰਤ੍ਰ ਲਿਆਵੇ ॥ ਸਚੁਨਾਮੁ ਬਿਨੁ ਠਵਰ ਨ ਕਾਈ ॥ ਸਚਿਨਾਮੁ ਰਵਿਆ ਸਭਠਾਈ ॥ ਅਸੰਖ ਜੁਗਹੋਇ ਹੋਇ ਜਾਹੀ ॥ ਸਚਿਨਾਮੁ ਜਿਵਕਾ ਤਿਉ ਆਹੀ ॥ ਸਚੁਨਾਮੁ ਅਚੁਤ ਨਹੀ ਜਾਹੀ ॥ ਸਚਿਨਾਮੁ ਹਲੇ ਨਾ ਚਲਾਹੀ ॥ ੫ ॥ ਸਲੋਕ ॥ ਸਚਿਨਾਮੁ ਗਿਰ ਮੇਉ ਜਿਉ ਅਬਨਾਸੀ ਅਚਲ ਅਡੋਲੁ ॥ *ਕੂਟਸਥ ਬ੍ਰਹਮ ਤਾਂਕੋ ਕਹੇਂ ਸਚਿਨਾਮੁ ਅਮੋਲੁ ॥ ੬ ॥ ਪਉੜੀ ॥ ਅਵੈ ਅਬਨਾਸੀ ਪਹਿਚਾਨੁ ॥ ਜਨਮੇ ਮਰੇ ਨਾ ਆਵੈ ਜਾਨੁ ॥ ਜਿਉਕਾ ਤਿਉਂ ਸਦਾ ਹੀ ਰਹੇ ॥ ਕਈ ਬਾਰ ਜਗ ਹੋਇ ਹੋਇ ਗਏ ॥ ਏਕ ਨਿਰੰਜਨ ਨਹੀਂ ਆਵੈ ਜਾਇ ॥ ਜਲਿ ਥਲਿ ਮਹੀਅਲ ਰਹਿਆ ਸਮਾਇ ॥ ਐਸੋ ਸਚਿਨਾਮੁ ਪਹਿਚਾਨੁ ॥ ਤਾਕੀ ਸਰਨਿ ਰਹੋ ਤੁਮ ਆਨੁ ॥ ੬ ॥ ਸਲੋਕ ॥ ਸਚਿਨਾਮੁ ਕੀ ਟੇਕ ਗਹੁ †ਆਨ ਟੇਕ ਦੇਹ ਛੋਰ ॥ ਸਚਿਨਾਮੁ ਰਿਦੇ ਆਨੀਏ ਆਠ ਜਾਮੁ ਨਿਸ ਭੋਰ ॥੭॥ ਪਉੜੀ ॥ ਸਚਿਨਾਮੁ ਸਾਸਿ ਸਾਸਿ ਧਿਆਈਏ ॥ ਸਚੁਨਾਮੁ ਕਾ ਜਾਪੁ ਜਪਾਈਏ ॥ ਸਚਿਨਾਮੁ

*ਸਾਰੇ ਸੰਸਾਰ ਕੋ ਚਲਾਤਾ ਹੈ ਆਪੁ ਅਚਲ ਹੈ । †ਦੂਜੇ ਦੀ ਆਸ ।

Digitized by Panjab Digital Library | www.panjabdigilib.org

ਜਪੁ ਲਹੈ ਵਿਸੂਰੇ ॥ ਸਚਿਨਾਮੁ ਜਪੁ ਕਾਰਜ ਪੂਰੇ ॥ ਸਚਿਨਾਮੁ ਸਭਿ ਕੇ ਸ੍ਰਿ ਤਾਜ ॥ ਸਚਿਨਾਮੁ ਜਪੁ ਸਵਰੇ ਕਾਜ ॥ ਸਚਿਨਾਮੁ ਹੈ ਆਦਿ ਜੁਗਾਦਿ ॥ ਸਚਿਨਾਮੁ ਗੁਰ ਪ੍ਰਸਾਦਿ ॥ ੭ ॥ ਸਲੋਕ ॥ ਸਚਿਨਾਮੁ ਕੇ ਜਪੈ ਤੇ ਪਾਵੈ ਮੋਖਦੁਆਰਿ ॥ ਸਚਿਨਾਮੁ ਸਾ ਨਾਹਿ ਕੋ ਭਉਜਲ ਤਾਰਨ ਹਾਰਿ ॥ ੮ ॥ ਪਉੜੀ ॥ ਨਿਸ ਬਾਸਰ ਸਚੁਨਾਮੁ ਧਿਆਈਐ ॥ ਸਾਸਿ ਸਾਸਿ ਤਾਂਕੇ ਗੁਨ ਗਾਈਐ ॥ ਸਚਿ ਹੀ ਤੇ ਉਪਜਿਆ ਆਕਾਰ ॥ ਚਾਰੇ ਬੇਦ ਤਾਕੇ ਆਧਾਰ ॥ ਓਅੰਕਾਰ ਤੇ ਬਿਸ਼ਨ ਪ੍ਰਕਾਸ਼ਾ ॥ ਬ੍ਰਹਮਾਂ ਓਅੰਕਾਰ ਤੇ ਭਾਸਾ ॥ ਮਹਾਂਦੇਵ ਓਅੰਕਾਰ ਉਪਾਇਓ ॥ ਸਕਲੀ ਸ੍ਰਿਸਟਿ ਉਪਾਇ ਖਪਾਇਓ ॥ ੮ ॥ ਸਲੋਕ ॥ ਅਡਿਗ ਅਡੋਲ ਸਚਿਨਾਮੁ ਤਾਂਕੇ ਸਮ ਨਹੀ ਕੋਇ ॥ ਤਾਂਕੇ ਜਪ ਜਨ ਉਧਰ ਹੀ ਜਲਿ ਥਲਿ ਮਹੀਅਲ ਸੋਇ ॥ ੯ ॥ ਪਉੜੀ ॥ ਸਚਿਨਾਮੁ ਜਗ ਮਹਾਂ ਅਦੋਤ ॥ ਸਚਿਨਾਮੁ ਤੇ ਲਖਿ ਚਉਰਾਸੀ ਹੋਤ ॥ ਸਪਤ ਦੀਪੁ ਭਵਨ ਚਤ੍ਰ ਦਸਿ ॥ ਖਟ ਸ਼ਾਸਤ੍ਰ ਚੌ ਵੇਦ ਭਾਨ ਸਸਿ ॥ ਸਪਤ ਪਾਤਾਲ ਸਾਤ ਅਕਾਸ ॥ ਭਵਨ ਚਤ੍ਰ ਦਸਿ ਤਾਂ ਪ੍ਰਭਾਸ ॥ ਤੀਨ ਲੋਕ ਸੁਰ ਮਧ ਪਾਤਾਲ ॥ ਰਵਿ ਰਹਿਆ ਸਚਿਨਾਮ ਦਿਆਲ ॥੯॥ਸਲੋਕ ॥ ਜੋ ਜੋ ਉਪਜਿਓ ਸਾਚਿ ਤੇ ਸੋ ਸਭਿ ਸਾਚ ਹੀ ਜਾਨ ॥ ਨਾਮੁ ਰੂਪ ਸਭਿ ਬਾਦ ਹੈ ਸਚਿਨਾਮੁ ਪ੍ਰਵਾਨ ॥ ੧੦ ॥ ਪਉੜੀ ॥ ਸਚਿਨਾਮੁ ਤੇ ਚਾਰੋਂ ਵੇਦ ॥ ਸਚਿਨਾਮੁ ਕੋਈ ਲਹੇ ਨਾ ਭੇਦ ॥ ਸਚਿਨਾਮੁ ਕੋਈ ਸੰਤ ਹੀ ਜਾਨੈ ॥ ਗੁਰ ਕਿਰਪਾ ਤੇ ਸਚਿਨਾਮੁ ਬਖਾਨੈ ॥ ਸਚਿਨਾਮੁ ਕੀ ਮਹਿਮਾਂ ਊਚ ॥ ਸਚਿਨਾਮੁ ਜਪੁ ਉਧਰੇ ਮੂਚ ॥ ਕਈ ਬਾਰ ਹੋਇਓ ਆਕਾਰ ॥ ਸਚਿਨਾਮ ਸਭਿ ਜੁਗ ਮੇਂ ਸਾਰ ॥ ੧੦ ॥ ਸਲੋਕ ॥ ਸਚਿਨਾਮੁ ਕੇ ਜਪੇ ਤੇ ਪਾਈਐ ਅਗਮ ਅਗਾਧ ॥ ਤਾਂਕੇ ਸਿਮਰਨ ਉਧਰੀਐ ਔਰ ਸਕਲ ਹੈ ਬਾਦ ॥੧੧॥ ਪਉੜੀ ॥ ਸਚਿਨਾਮੁ ਕਾ ਜਪੀਏ ਜਾਪੁ ॥ ਨਾਮੁ ਜਪੇ ਤੇ ਵਡਿ ਪ੍ਰਤਾਪੁ ॥ ਸਚੁਨਾਮੁ ਜਪੁ ਤਰੈ ਅਸੰਖ ॥ ਸਚਿਨਾਮੁ ਮੁਖ ਕਹੈ ਬਿਸੰਖ ॥ ਸਚਿਨਾਮੁ ਨਿਰਧਾਰ ਰਹਾਵੈ

Digitized by Panjab Digital Library | www.panjabdigilib.org

॥ ਨਿਰਾਕਾਰ ਸਚਿਨਾਮੁ ਕਹਾਵੈ ॥ ਸਚਿਨਾਮੁ ਹਲੈ ਨਹੀਂ ਚਲੇ ॥ ਸਚਿਨਾਮੁ ਜਪੁ ਕੋਊ ਨ ਦਲੇ ॥੧੧॥ ਸਲੋਕ ॥ ਸਚਿਨਾਮੁ ਕੇ ਜਪੈ ਤੇ ਪਾਵੈ ਉਚ ਅਸਥਾਨ ॥ ਤਿਸਕੋ ਸਿਮਰੋ ਦਿਨ ਸੁ ਰਾਤ ਪਾਵੇ ਪਦ ਨਿਰਬਾਨ ॥ ੧੨ ॥ ਪਉੜੀ ॥ ਜਬਹੀ ਸਤਿਗੁਰ ਭਏ ਕ੍ਰਿਪਾਲ ॥ ਸਚਿਨਾਮੁ ਜਪੁ ਭਏ ਨਿਹਾਲ ॥ ਸਚਿਨਾਮੁ ਗੁਰ ਦੀਨਾ ਮੰਤੁ ॥ ਸਚਿ ਨਾਮੁ ਜਪੁ ਉਧਰੇ ਜੰਤੁ ॥ ਭੈ ਸਾਗਰ ਕੇ ਉਤਰੇ ਪਾਰੁ ॥ ਸੰਤੁ ਕ੍ਰਿਪਾ ਤੇ ਹੂਯਾ ਉਧਾਰੁ ॥ ਸਤਿ ਸੰਗਤਿ ਤੇ ਆਈ ਸੁਧ ॥ ਜਨ ਹੰਦਾਲੁ ਗੁਰ ਦੀਨੀ ਬੁਧ ॥੧੨॥ ਇਤਿ ॥

(੧ ੴ ਸਚੁਨਾਮੁਕਰਤਾਪੁਰਖੁ)

ਪਿਆਰੀ ਸਾਧ ਸੰਗਤਿ ਜੀ ਏਕ ਸਮੇਂ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਸਾਹਿਬੁ ਜੀ (ਨਾਥੋਂਆਣੇ) ਕੀ ਓਰ ਗਏ ਜੰਗਲ ਦਿਸ਼ਾ ਬੈਠ ਕਰ ਹਾਥ ਧੋ ਕਰ ਫਿਰ ਦੰਤਨ ਕਰਕੇ ਗੁਰੂ ਜੀਨੇਂ ਨਾਥੋਂ ਆਣੇ ਸਰੋਵਰ ਮਧ ਡੁਬਕੀ ਲਾਕੇ ਬਾਹਰ ਆਏ ਤਾਂ ਪਵਨ ਜਹਾਜ ਚਲਾ ਆਂਵਦਾ ਹੈ ਜਾਂ ਦੇਖਨ ਪਉਨ ਜਹਾਜ ਵਿਚ ਇਕ ਸਾਧੂ ਮਹਾਂਪੁਰਖ ਦੀ ਮੂਰਤੀ ਬੈਠੀ ਹੈ ਜਿਸਕੀ ਉਪਮਾਂ ਕਥਨ ਬਕਨ ਤੇ ਬਾਹਰੀ ਹੈ ਇਸ ਸਾਧੂ ਮਹਾਂ ਪੁਰਖੁ ਪਵਨ ਦੇ ਜਹਾਜ ਮਧ ਅਰੂੜ ਹੋਇ ਹੋਏ ਹਨ, ਏਹ ਸ੍ਰੀ (ਬਰਨਦੇਵ) ਜੀ ਹਨ, ਜਿਨ੍ਹਾਂ ਦੇ ਸੂਰਯ ਦੀ ਕਿਰਨਾਂ ਸਮਾਨ ਉਸਦੇ ਰੋਮਾਂ ਦਾ ਉਜਾਲਾ ਹੈ, ਅਤੇ ਨਖ ਉਸਦੇ ਐਸੇ ਚਮਕਦੇ ਹਨ, ਜੈਸੇ ਅਕਾਸ਼ ਮਧ ਤਾਰੇ ਚਮਕਦੇ ਹਨ, ਏਹ ਸਾਧੂ ਮਹਾਂ ਪੁਰਖੁ (ਬਰਨਦੇਵ ਜੀ ਹਨ) ਜਬ ਗਹਿਰ ਗੰਭੀਰ ਮੁਖ ਸੇ ਕਹਿੰਦੇ ਹਨ ਤਾਂ ਰੋਮ ਰੋਮ ਵਿਚੋਂ ਧੁਨ ਉਠਦੀ ਹੈ, ਰਾਤ੍ਰੀ ਕਾ ਪਤੀ ਚੰਦ੍ਰਮਾਂਹ ਹੈ, ਇਸਕੇ ਸਮਾਨ ਪ੍ਰਕਾਸ਼ ਹੈ, ਮੁਖ ਮਸਤੱਕ ਵਾ ਸੂਰਜ ਸਮਾਨ ਚਮਕਾਰ ਹੈ, ਏਹ ਸ੍ਰੀ (ਬਰਨਦੇਵ ਜੀ) ਜਬ ਸ੍ਰੀ ਗੁਰੂ

Digitized by Panjab Digital Library | www.panjabdigilib.org

ਜੀ ਕੇ ਨੇੜੇ ਆਏ ਤਬ ਸ੍ਰੀ ਗੁਰੂ ਜੀਨੇ ਪ੍ਰਨਾਮੁ ਕਰਕੇ ਮੁਖਸੇ ਸਚੁਨਾਮੁ ਕਹਿਕੇ ਸ੍ਰੀ ਗੁਰੂ ਜੀਨੇ ਬੰਦਨਾ ਇਸਤ੍ਰਾਂ ਕਰੀ ਜਿਸਤ੍ਰਾਂ ਤਪੱਸਿਯਾ ਸਮੇਂ ਸ੍ਰੀ ਭਗਵਾਨ ਜੀਨੂੰ ਪਿਠਪੁਰ ਹਥਿ ਰਖਕੇ ਕਰੀ ਥੀ, ਜਬ ਸਤਿ ਗੁਰੂ ਜੀ ਨੇ ਸ੍ਰੀ ਬਰਨਦਵ ਜੀਨੂੰ ਬੰਦਨਾ ਕੀਤੀ ਤਬ ਸ੍ਰੀ ਬਰਨ-ਦੇਵ ਜੀ ਨੇ ਸ੍ਰੀ ਗੁਰੂ ਜੀ ਦੀ ਪਿਠ ਪੁਰ ਥਾਪੀ ਦਿਤੀ ਅਤੇ ਥਾਪਨਾਂ ਦੀਆ ਪੰਜੇ ਉਗਲੀਆਂ ਗੁਰੂ ਜੀਕੀ ਪਿਠ ਪਰ ਪੰਜਾ ਬੜਾ ਸੋਭਾ ਪਾ ਰੇਹਾ ਸੀ, ਪੰਜਾ ਲੱਗਾ ਹੋਯਾ ਜਾਹਰਾ ਨਜਰੀ ਆਉਂਦਾ ਸੀ, ਤਬ ਸ੍ਰੀ ਬਰਨਦੇਵ ਜੀਨੇ ਸ੍ਰੀ ਗੁਰੂ ਜੀ ਨੂੰ ਕਹਿਯਾ ਹੇ ਹੰਦਾਲ ਪ੍ਰਿਥਮੇਂ ਤੇਰੇ ਕੋ ਮੈਂਨੇ ਯੋਗੀਸ਼੍ਵਰ ਦੇ ਸ੍ਵਰੂਪ ਮੇਂ ਆਨਕੇ ਤੁਝੇ ਓਅੰਕਾਰ ਸੋਹੰ ਕਾ ਮੰਤ੍ਰ ਤੁਝਕੋ ਦਿਤਾ, ਸਭ ਤ੍ਰਾਂ ਦੀ ਕਲਾ ਤੁਝੇ ਜੋਗੀ ਜਨ ਜੀ ਨੇ ਦਿਤੀ, ਅਬ ਮੈ ਤੇਰਾਂ ਦੀਖਿਆ ਦਾ ਗੁਰੂ ਹਾਂ, ਦੀਖਿਜਾ ਧਾਰਨ ਕਰੋ, ਤਬ ਸ੍ਰੀ ਸਤਿ ਗੁਰੂ ਜੀ ਨੇ ਦੋ ਕਰ ਜੋਰ ਕਰਕੇ ਠਾਂਡੇ ਹੋਇ, ਸ੍ਰੀ ਬਾਬਾ *ਬਰਨਦੇਵ ਜੀ ਨੇ ਗੁਰੂ ਜੀਦੇ ਤੀਨ

---

*ਸ੍ਰੀ ਬਰਨਦੇਵ ਜੀ ਨੇ ਗੁਰੂ ਜੀ ਦੀ ਪਿਠ ਪੁਰ ਥਾਪੀ ਲਾਈ ਸੀ ਪੰਜੇ ਉਂਗਲੀਆਂ ਲਗੀਆਂ ਹੋਈਆਂ ਅਰਥਾਤਿ ਪੰਜਾ ਲਗਾ ਹੋਯਾ ਗੁਰੂ ਜੀ ਕਿਸੇ ਨੂੰ ਨਹੀ ਸੀ ਦਿਖਲਾਂਉਂਦੇ, ਭਾਵੇਂ ਗ੍ਰਮੀ ਹੋਵੇ ਅਥਵਾ ਸਰਦੀ ਹੋ ਕੁੜਤਾ ਗਲ ਰਖਕੇ ਸਉਂਦੇ ਸਨ, ਅਤੇ ਕੁੜਤੇ ਸਨੇ ਹੀ ਅਸ਼ਨਾਂਨ ਕਰਦੇ ਸਨ, ਗੁਰੂ ਜੀ ਦੀ ਪਿਠ ਪੁਰ ਪੰਜਾ ਲਗਾ ਹੋਯਾ ਐਨ ਸੋਭਾ ਪਾ ਰੇਹਾ ਸੀ, ਬਾਬਾ ਬਰਨਦੇਵ, ਜੀ, ਬਾਬਾ ਜਿੰਦਾ ਜੀ ਤੇ ਜਲ ਸਾਂਈ ਭਗਵਾਨ ਜੀ ਏਹ ਤੀਨੋਂ ਨਾਮ ਇਕੋ ਹੀ ਹਨ, ਜਿਸਦੇ ਹੁਕਮ ਵਿਚ ਜਲ, ਵਾਯੂ, ਅਗਨੀ, ਮਿਟੀ, ਅਕਾਸ਼ ਚਲ ਰਹੈ ਹਨ, ਤੇ ਬ੍ਰੰਹ ਆਦੀ ਦੇਵਤੇ ਗਾਇਨ ਕਰ ਰਹੈ ਹਨ, ਏਹ ਸ੍ਰੀ ਬਰਨਦੇਵ ਜੀ ਸਦਾ ਹੀ ਅਜਰ, ਅਮਰ, ਅਤਲ, ਅਕਾਲ ਪੁਰਖਦੇ ਨਾਮੁ ਹਨ। ਸ੍ਰੀ ਗੁਰੂ ਨਾਨਕ ਜੀਦਾ ਮਿਲਾਪ ਗੁਰੂ ਹੰਦਾਲੁ ਜੀ ਨੂੰ ਹੁੰਦਾ ਦੇਖਨਾ ਹੋ ਤਾਂ ਨਿਰੰਜਨੀਆ ਜਨਮ ਸਾਖੀ ਮੇਂ ਪੰਨਾ ੬੯ ਦੇਖਹੁ।

Digitized by Panjab Digital Library | www.panjabdigilib.org

ਵੇਰ ਦੀਖਿਜ਼ਾ ਮੁਖੋ ਕਹਾਈ,

(ਦੀਖਿਆ ਮੁਖਵਾਕ ਸ੍ਰੀ ਬਰਨਦੇਵ ਜੀ)

ਕਹੁ ਹੰਦਾਲੁ ਆਦਿ ਸਚਿ, ਆਦਿ ਸਚਿ, ਜੁਗਾਦਿ ਸਚਿ, ਜੁਗਾਦਿ ਸਚਿ, ਹੈਭੀ ਸਚਿ, ਹੈਭੀ ਸਚਿ, ਹੋਸੀ ਭੀ ਸਚਿ, ਹੋਸੀ ਭੀ ਸਚਿ, ਸਚਿਨਾਮੁ ਕਰਤਾ ਪੁਰਖੁ, ਸਚੁਨਾਮੁ ਕਰਤਾ ਪੁਰਖੁ, ਨਿਰਭੈ ਨਿਰਵੈਰ, ਨਿਰਭੈ ਨਿਰਵੈਰ, ਅਕਾਲ ਮੂਰਤਿ ਅਕਾਲ ਮੂਰਤਿ, ਅਜੂਨੀ ਸੰਭਉ, ਅਜੂਨੀ ਸੰਭਉ, ਜਪੀਏ ਗੁਰਪ੍ਰਸਾਦਿ, ਜਪੀਏ ਗੁਰਪ੍ਰਸਾਦਿ ਜਪੀਏ ਨਿਰੰਕਾਰ, ਜਪੀਏ ਨਿਰੰਕਾਰ।

ਏਹ ਦੀਖਿਆ ਤੀਨਵੇਰ ਗੁਰੂ ਜੀਦੇ ਮੁਖੋਂ ਪੜਾਈ, ਤਬ ਸ੍ਰੀ ਸਤਿਗੁਰੂ ਜੀਨੇਂ ਬੰਦਨਾ ਪੰਚਾਂਗ ਡੰਡਉਤ ਕਰੀ, ਤਬ ਸ੍ਰੀ ਬਰਨਦੇਵ ਜੀ ਨੇ ਕਹਿਆ ਹੇ ਹੰਦਾਲੁ ਅਬ ਤੁਸੀਂ ਕਹੀਂ ਜੱਗਾ ਨਹੀ ਜਾਣਾ, ਮੰਜੀ ਪਾ ਕਰ ਬੈਠਹੁ, ਕੇਵਲ ਮੇਰੀ ਭਗਤੀ ਦਾ ਉਪਦੇਸ ਸੰਸਾਰੀ ਜੀਆਂ ਦਾ ਉਧਾਰ ਕਰਹੁ, ਅਬ ਏਧਰ ਓਧਰ ਦੇਸਾਂ ਦੇਸ਼ਾਤ੍ਰਾਂ ਮੇਂ ਨਹੀ ਜਾਣਾ, ਜਿਨਾ, ਸਾਧਾ, ਸੰਤਾ, ਰਿਖੀਆਂ, ਮੁਨੀਆਂ, ਭਗਤਾਂ ਦਾ ਦਰਸਨ ਕੀ ਚਾਹਾ ਤੁਝੇ ਉਪਜੇਗੀ, ਤਬ ਚਹੁ ਜੁਗਾਂ ਕੇ ਸੰਤ, ਰਿਖੀ, ਮੁਨੀ ਭਗਤ ਦੇਵਤਿਆਦਕ ਭੇਜਕੇ ਹੇ ਹੰਦਾਲੁ ਤੇਰੀ ਇਛਿਆ ਸਗਲ ਸੰਪੂਰਨ ਕਰੂਗਾ, ਇਤਾਦਿਕ ਬਚਨ ਕਹਿ ਕਰ ਸ੍ਰੀ *ਬਰਨਦੇਵ ਜੀ ਗੁਪਤ ਭਏ।

---

*ਸ੍ਰੀ ਬਰਨਦੇਵ ਜੀਨੇ ਦੀਖਿਆ ਸ੍ਰੀ ਗੁਰੂ ਜੀ ਕੋ ਦਿਤੀ ਹੈ ਨਿਰੰਜਨ ਪੰਥ ਮੇਂ ਏਹੀ ਮੂਲ ਮੰਤ੍ਰ ਆਪਨੇ ਸਿਖਾਂ ਸੰਤਾਂ ਨੂੰ ਗੁਰ ਦੀਖਿਆ ਮੂਲ ਮੰਤ੍ਰ ਜੋ ਗੁਰੂ ਗਦੀ ਪੁਰ ਬਿਰਾਜਮਾਨ ਹਨ ਏਹੀ ਗੁਰ ਮੰਤ੍ਰ ਦੇ ਕਰ ਉਪਦੇਸ਼ ਦੇ ਕਰ ਫਿਰ ਭਜਨ ਮੁਕਤੀ ਹੋਣੇ ਕਾ ਭਜਨ ਮੰਤ੍ਰ ਦੇਂਦੇ ਹਨ, ਦੀਖਿਆ ਪ੍ਰਸੰਗ ਦੇਖਹੁ ਨਿਰੰਜਨੀਆ ਜਨਮ ਸਾਖੀ ਸੇ ਪੜਹੁ ਪੰਨਾ ੬੫।

Digitized by Panjab Digital Library | www.panjabdigilib.org

੧ ੴ ਸਚੁਨਾਮੁ ਕਰਤਾ ਪੁਰਖੁ

ਦੋਹਰਾ— ਅੰਧਕਾਰ ਜਗ ਕੋ ਮਿਟੇ ਭਾਨ ਉਦੇ ਜਬ ਹੋਇ ॥
ਆਤਮ ਕੋ ਅਗਯਾਨ ਜੋ ਗੁਰ ਮਿਲ ਕਾਟੇ ਸੋਇ ॥

ਜੋਗ ਜੁਗਤਿ ਕਰ ਜੀਤੀਏ ਕਾਲ ਬਲੀ ਸਰਵੇਸ਼ ॥ ਨਿਪੁਨ ਹੋਇ ਸੋ ਜੋਗ ਮੇਂ ਗਹੇ ਜੋ ਗੁਰ ਉਪਦੇਸ਼ ॥ ਜੋਗ ਜੁਗਤਿ ਕੀ ਬਾਰਤਾ ਕਠਨ ਕਹੀ ਨਹੀਂ ਜਾਇ ॥ ਭਾਖੀ ਗੁਰ ਹੰਦਾਲੁ ਜਿਉਂ ਤਿਉਂ ਹਮ ਕਹੂੰ ਬਨਾਇ ॥ ਚੌਪਈ ॥ ਏਕ ਦਿਵਸ ਸਤਿਗੁਰੂ ਹੰਦਾਲੂ ॥ ਏਕਾ ਏਕੀ ਥੇ ਤਹਿ ਕਾਲ ॥ *ਬਿਧੀ ਚੰਦ ਗੁਰ ਸੁਤ ਬਿਗਯਾਨੀ ॥ ਆਏ ਗੁਰੂ ਕੋ ਬੰਦਨ ਠਾਨੀ ॥ ਪੁਨ ਬਿਨ ਵਿਯੋ ਗੁਰ ਪੈ ਕਰ ਜੋਰ ॥ ਹੇ ਸਤਿਗੁਰ ਪੂਰਨ ਪਿਤ ਮੋਰ ॥ ਜਬ ਤੁਮ ਗਏ ਘਰ ਤੇ ਤੱਪੁ ਸਾਧਨ ॥ ਪ੍ਰਮ ਬ੍ਰਹਮ ਕੋ ਲਗੇ ਅਰਾਧਨ ॥ ਚਰੰਕਾਲ ਕੀਨੋ ਤਪੁ ਤੋਹੀ ॥ ਖਾਂਨ ਪਾਂਨ ਕੀ ਕੈਸੇ ਹੋਈ ॥ ਮੋ ਪੈ ਪ੍ਰਗਟ ਕਹੋ ਗੁਰਦੇਵ ॥ ਜਹਿ ਬਿਧ ਤਪੁ ਕੀਨੋ ਸਭ ਭੇਵ ॥ ਤਬ ਬੋਲੇ ਸਤਿਗੁਰ ਹੰਦਾਲੁ ॥ ਬਿਧੀਚੰਦ ਕੋ ਭਗਤਿ ਗੋਪਾਲੁ ॥ ਯੇਹ ਬਾਤਾ ਕਹਨੇ ਕੀ ਨਾਹੀਂ ॥ ਪਰ ਤੂੰ ਪੂਛਤ ਹੈ ਹਮ ਪਾਹੀ ॥ ਇਸ ਕਾਰਨ ਤੁਝ ਦੇਉ ਬਤਾਇ ॥ ਸੁਨੋ ਪੂਤ ਤੁਮ ਸਰਵਨ ਲਗਾਇ ॥ ਭੂਖ ਤ੍ਰਿਖਾ ਪ੍ਰਾਣਾ ਕੋ ਲਾਗੇ ॥ ਜਿਉਂ ਵਹੁ ਹਲੇ ਤਿਵੇਂ ਬਹੁ ਲਾਗੇ ॥ ਸੁਖੋਪਤ ਮੇਂ ਜਿਉਂ ਲਗੇ ਨਾ ਭੂਖ ॥ ਤਿਉਂ ਸਮਾਧ ਮੇਂ ਹੋਇ ਨਾ ਦੂਖ ॥ ਪਉਨ ਰੋਕਿਆ ਹੋਵੈ ਆਪਤ ॥ ਖੁਲੇ ਸਮਾਧ ਭੂਖ ਤਬ ਬਿਆਪਤ ॥ ਪ੍ਰਾਣ ਮਨਿ ਚਿਤ ਬੁਧ ਹੰਕਾਰ ॥ ਲੀਨ ਹੋਇ ਆਤਮ ਮੇਂ ਸਾਰ ॥ ਤਾਂਤੇ ਭੂਖ ਨ ਲਾਗੇ ਤਹਿ ਸਮ ॥

---

*ਇਕ ਸਮੇਂ ਸ੍ਰੀ ਗੁਰੂ ਜੀਕਾ ਸਪੁਤ੍ਰ ਗੁਰੂ ਬਿਧੀ ਚੰਦ ਨੇ ਦੇਖਿਆ ਕਿ ਅਜ ਗੁਰੂ ਜੀ ਅਕੇਲੇ ਹੀ ਬੈਠੇ ਹਨ ਅਪਨਾ ਸ਼ੰਕਾ ਗੁਰੂ ਜੀ ਸੇ ਪੁਛ ਲੀਜੈ ਗੁਰੂ ਬਿਧੀਚੰਦ ਜੀ ਪੁਛ ਰਹੇ ਹੈਂ ਸ੍ਰੀ ਗੁਰੂ ਬਾਬਾ ਹੰਦਾਲੁ ਦਸੀ ਜਾਂਦੇ ਹਨ ।

Digitized by Panjab Digital Library | www.panjabdigilib.org

ਲਗੇ ਸਮਾਧ ਜੋਗੀ ਕੀ ਜਹਿ ਸਮ ॥ ਜੋਗੀ ਕੋ ਭੁਖ ਹੋਇ ਅਲਪ ਹੈ ॥ ਪ੍ਰਾਣ ਨਾ ਹਲੈ ਸਿਥਰ ਮਨੁ ਹੈ ਹੈ ॥ ਚਾਰ ਪ੍ਰਕਾਰ ਜੋਗ ਹੈ ਪੂਤ ॥ ਸੋ ਤੁਮ ਪੈ ਭਾਖੋਂ ਅਵਧੂਤ ॥ ਪ੍ਰਿਥਮੇਂ ਗਿਆਨ ਜੋਗ ਸੁਨ ਲੀਜੈ ॥ ਤਾਂਕੀ ਮਹਿਮਾਂ ਸੁਨਕਹਿ ਦੀਜੈ ॥ ਯਾਂ ਮੈਂ ਕਰਤਵ ਨਾਹੀਂ ਕੋਇ ॥ ਗਿਯਾਤਵ ਹੈ ਸੁਨ ਭਾਖੋ ਤੋਇ ॥ ਪੰਚ ਤਤੁ ਦਸ ਇੰਦ੍ਰੇ ਅੰਤਸ਼ਕਰਨ ॥ ਯੇਹ ਮਿਥਿਆ ਜਾਨੇ ਬਪੁ ਧਰਨ ॥ ਬਾਕੀ ਸਭੂਕੀ ਸੇਖ ਆਤਮਾ ਜਾਨੈ ॥ ਇਹ ਹੈ ਗਿਆਨ ਜੋਗ ਪਹਚਾਨੈ ॥ ਇਹ ਮਾਰਗ ਹੈ ਜਾਨ ਬਿਹੰਗਮ ॥ ਉਡਤਾ ਜਾਇ ਤਜੇ ਸਭਿ ਸੰਗਮ ॥ ਦੂਜਾ ਭਗਤਿ ਜੋਗ ਪਹਿਚਾਨ ॥ ਤਿਸਕਾ ਲਛਨ ਕਰੂ ਬਖਾਨ ॥ ਸਭਿ ਕਛੁ ਜਾਨੇ ਦੀਆ ਭਗਵਾਨ ॥ ਅਪਨੀ ਮੈਂ ਮਤੁ ਤਜੇ ਨਦਾਨ ॥ ਜੈਸਾ ਦੁਖ ਅਪਨੇ ਕੋ ਹੋਇ ॥ ਤੈਸਾ ਸਭੁਕਾ ਜਾਨੇ ਸੋਇ ॥ ਸੰਤ ਸੰਗ ਮਿਲ ਹਰਿ ਗੁਨ ਸੁਨੇ ॥ ਹਰਿ ਹਰਿ ਅੰਮ੍ਰਿਤੁ ਰਸਨਾ ਭਨੇ ॥ ਇਹ ਭਗਤਿ ਜੋਗ ਹੈ ਪੁਲਕਾ ਮਾਰਗ ॥ ਜੋ ਜਨ ਕਰੇਂ ਤਾਂਹਿ ਛਿਨ ਤਾਰਗ ॥ ਤੀਜੇ ਰਾਜ ਜੋਗ ਸੁਨ ਲੇਹ ॥ ਪ੍ਰਗਟ ਕਰੌ ਤੁਮ ਪੈ ਕਰ ਤੇਹ ॥ ਪਹਿਰ ਰਾਤ ਰਹਿੰਦੀ ਨਰ ਜਾਗੇ ॥ ਇਕਾਂਤ ਬਿਖੇ ਸਿਧ ਆਸਨ ਪਾਗੇ ॥ ਪ੍ਰਮਾਂਤਮੁ ਕਾ ਕਰੇ ਧਿਆਨ ॥ ਸੰਸਾਰ ਸੰਗ ਮੋਹ ਤਜੇ ਨਿਦਾਨ ॥ ਉਦਾਸੀਨ ਰਹੇ ਜਗ ਨਿਸ ਬਾਸਰ ॥ ਮਨਿ ਇੰਦ੍ਰੀਯ ਜਿਤੁ ਹੋਇ ਸੁਖਆਸਰ ॥ ਏਹ ਰਾਜ ਜੋਗ ਬੇੜੀ ਕਾ ਮਾਰਗ ॥ ਜੋ ਜਨਿ ਚੜ੍ਹੇ ਤਾਂਹਿ ਛਿਨ ਤਾਰਗ ॥ ਚੌਥੇ ਕਰਮੁ ਜੋਗ ਹੈ ਪੂਤ ॥ ਮੂਲ ਦੁਵਾਰ ਰੋਕੇ ਅਵਧੂਤ ॥ ਅਪਾਨ ਵਾਇ ਊਪਰਿ ਕੋ ਚੜ੍ਹੇ ॥ ਊਧਾ ਕੰਵਲ ਸੂਧਾ ਸੋ ਕਰੇ ॥ ਨਵੇਂ ਦੁਵਾਰੇ ਰੋਕੇ ਭਾਈ ॥ ਇੜਾ ਨਾੜੀ ਕਰਿ ਪਵਨ ਚੜਾਈ ॥ ਦੁਆਦਸ ਬਾਰ ਓਅੰਕਾਰ ਧਿਆਵੇ ॥ ਇੜਾ ਨਾੜੀ ਕੇ ਸੰਗਿ ਪੁਰਾਵੇ ॥ ਚੌਬੀਸ ਬਾਰ ਕੁੰਭਕ ਸੁਖ ਮਨੁ ਸੋ ॥ ਓਅੰਕਾਰ ਧਿਆਵੇ ਸੁੰਨ ਸੋ ॥ ਪਵਨ ਛੋਡੇ ਪਿੰਗਲਾਨਾੜੀ ਕਰ ॥ ਰੇਚਕ ਕਰੇ ਸੁਨੋ ਸੁਤ ਚਿਤ ਧਰ ॥ ਦੁਆਦਸ ਬਾਰ ਓਅੰਕਾਰ ਉਚਾਰੇ ॥ ਪੂਰਕ ਕਰੇ ਸੁਨੋ ਹਿਤ ਧਾਰੇ ॥ ਚਲੇ

Digitized by Panjab Digital Library | www.panjabdigilib.org

ਜੋ ਨਾੜੀ ਸੂਰਜ ਕਹੀਏ ॥ ਬੰਦ ਹੋਇ ਸੋ ਪਿੰਗਲ ਲਹੀਏ ॥ ਬੀਚ ਹੋਇ ਸੋ ਸੁਖਮਨ ਜਾਨ ॥ ਯੇਹ ਗੰਗਾ ਜਮਨਾ ਸੁਰਸਤੀ ਮਾਨ ॥ ਸੂਰਜ ਗੰਗਾ ਚੰਦਰ ਜਮਨਾ ॥ ਸੁਰਸਤੀ ਕਹੀਏ ਜੋ ਹੋਇ ਸੁਖਮਨਾ ॥ ਤਹਾਂ ਜਾਇ ਜੋ ਇਸ ਥਿਤੁ ਹੋਇ ॥ ਪ੍ਰਕਾਸ਼ ਰੂਪ ਕਾ ਸਤ ਹੈ ਤੋਹਿ ॥ ਤਿਸਤੇ ਆਗੈ ਦਸਵਾਂ ਦੁਵਾਰ ॥ ਤਹਿ ਸ਼ਬਦ ਅਨਾਹਦ ਕੀ ਝੁੰਨਕਾਰ ॥ ਤਹਾਂ ਅਸਟ ਸਿਧੀ ਕੀ ਪ੍ਰਾਪਤਿ ਹੋਇ ॥ ਸੁਨੋਂ ਪੂਤ ਭਾਸਤ ਹੋਂ ਤੋਹਿ ॥ (੧) ਅਣਮਾ ਸਿਧ ਪ੍ਰਾਪਤਿ ਹੋਇ ॥ ਸੂਖਮ ਹੋ ਜਾਈਏ ਅਤ ਸੋਇ ॥ (੨) ਮਹਿਮਾਂ ਬੜਾ ਹੋਇ ਜੋਗੀਸ੍ਵਰ ॥ (੩) ਗਰਮਾ ਭਾਰੀ ਹੋਇ ਤਪੀਸ੍ਵਰ ॥ (੪) ਲਘਮਾਂ ਹਲਕਾਂ ਹੋਵੇ ਸੋਇ ॥ (੫) ਪ੍ਰਾਪਤੀ ਸਭ ਕਛੁ ਪ੍ਰਾਪਤਿ ਹੋਇ ॥ (੬) ਪ੍ਰਾਕਮਿਆਂ ਕਾਮਨਾ ਪੂਰੇ ਜੋਗੇਸ਼ ॥ ਪ੍ਰਕਾਂਯਾ ਕਰਿ ਹੇ ਪ੍ਰਵੇਸ਼ ॥ (੭) ਏਸਤੋਂ ਈਸ੍ਵਰਜ ਪ੍ਰਾਪਤਿ ਜਾਨ ॥ (੮) ਵਸ ਤੇ ਵਸ਼ ਮੇਂ ਕਰੇ ਜਹਾਨ ॥ ਦੂਰ ਦ੍ਰਿਸ਼ਟ ਤਾਂਕੇ ਹੈ ਸਿਧ ॥ ਦੂਰ ਸ੍ਰਵਨ ਸੋ ਕਰੇ ਪ੍ਰਸਿਧ ॥ ਸਤੋ ਗੁਣੀ ਤਾਂਕੀ ਹੋਇ ਬੁਧੀ ॥ ਧਰਮ ਗਿਯਾਨ ਵੈਰਾਗ ਈਸ੍ਵਰਜ ਕੀ ਬ੍ਰਿਧੀ ॥ ਸੁਨੋ ਪੂਤ ਜੋ ਜੋਗੀ ਹੋਇ ॥ ਤਾਂਕੋ ਇਹ ਸਭਿ ਪ੍ਰਾਪਤਿ ਹੋਇ ॥ ਕਰਮ ਜੋਗ ਯੇਹ ਸੁਨਹੋ ਪੂਤ ॥ ਬਾਂਹੋ ਕੇ ਬਲ ਤਰੇ ਅਵਧੂਤ ॥ ਚਾਰ ਪ੍ਰਕਾਰ ਜੋਗ ਹਮ ਕਹਾ ॥ ਜੋ ਜਨ ਕਰੇ ਤਿਨੋਂ ਸੁਖ ਲਹਾ ॥ ਦੋਹਰਾ ॥ ਸੁਨੋ ਪੂਤ ਯਾ ਜੋਗ ਕੀ ਕਛਕ ਵ੍ਯਾਖਿਯਾ ਕੀਨ॥ ਸੀੜੀ ਸੀੜੀ ਜੋ ਚਲੇ ਪਾਵੈ ਸੁਖ ਪ੍ਰਬੀਨ ॥ ਪ੍ਰਿਥਮੇ ਸਾਧਨ ਚਾਰ ਜੋ ਕਰੇ ਸਾਧ ਹਿਤਧਾਰ ॥ ਪ੍ਰਮਪਦਾ ਪਾਵੇ ਸੋਈ ਕਿਤੂ ਨ ਆਵੈਹਾਰ ॥ ਚੌ: ਪ੍ਰਿਥਮੇਂ ਸਾਧਨ ਜਾਨ (੧) ਵਵੇਕ ॥ ਤਾਂਕੋ ਸੁਨੀਏ ਸਰਵਨ ਦੇਕ ॥ ਪਾਂਚ ਕੋਸ਼ ਕਾ ਜਾਨੇ ਮਰਮੁ ॥ ਤੀਨ ਅਵਸਥਾ ਤਿਨਕੇ ਧਰਮੁ ॥ ਪੁਨ ਸ਼ਰੀਰ ਸਥੂਲ ਅਰ ਸੂਖਮ ॥ ਕਾਰਨ ਸਰੀਰ ਰੂਪ ਪਰ ਕਿਰਤਮ ॥ ਔਰ ਸਰੀਰ ਜੋ ਹੋਵੇ ਤੁਰੀਆ ॥ ਬੀਚ ਸਮਾਧੀ ਜਾ ਸੰਗ ਜੁਰੀਆ ॥ ਤਾਂ ਸੋ ਆਤਮ ਭਿੰਨ ਪਛਾਨ ॥ ਕਰਤਾ ਭੋਗਤਾ ਤਾਂਕੋਮਾਨ ॥ ਦੂਸਰ ਸਾਧਨ ਜਾਨ

Digitized by Panjab Digital Library | www.panjabdigilib.org

(੨) ਵੈਰਾਗ ॥ ਅਸੱਤ ਬਾਤਕਾ ਕਰੀਏ ਤਿਆਗ ॥ ਤੀਸਰ ਸਾਧਨ ਸ਼ਟ (੩) ਸੰਪਤੀ ॥ ਤਾਂ ਮੈਂ (੧) ਸ਼ਮ (੨) ਦਮ ਅਰ (੩) ਉਪਰਤੀ ॥ (੪) ਤਤਿਖਸ਼ਾ (੫) ਸ਼ਰਧਾ ਹੈ (੬) ਸਮਾਂਧਾਨ ॥ ਯੇਹ ਖਟ ਸੰਪਤੀ ਸਾਧਨ ਜਾਨ ॥ ਚੋਥੇ ਸਾਧਨ ਮਮਖਸ਼ੂ (੪) ਸੁਜਾਨ ॥ ਮੁਕਤੀ ਕੇ ਸਾਧਨ ਪ੍ਰਮਾਨ ॥ ਭੂਖੇ ਕੋ ਜਿਉ ਬਾਝ ਰਸੋਈ ॥ ਲਗੈ ਕਾਜ ਅਛਾ ਨਹੀਂ ਕੋਈ ॥ ਤਾਂਕੇ ਸੰਗ ਚਾਰ ਅਨੁਬੰਦ ॥ ਸੁਨ ਪੂਤਾ ਤੋਹ ਹੋਇ ਅਨੰਦ ॥ ਸਾਧਨ ਕਰੇ ਜੋਉ ਸੰਗ ਜੁਗਤੀ ॥ ਹੋ (੧) ਅਧ ਕਾਰੀ ਪਾਵੇ ਮੁਕਤੀ ॥ ਬ੍ਰਹਮ ਸਾਥ ਜੋ ਕਰੇ (੨) ਸੰਬੰਧ ॥ ਦੂਸਰ ਯੇਹ ਜਾਨੋ ਅਨੂਬੰਧ ॥ ਵੇਦ ਸ਼ਾਸਤ੍ਰ ਕਾ ਵਿਸ਼ੇ ਬ੍ਰਹਮ ॥ ਹੋਇ (੩) ਵਿਸ਼ੈਈ ਪਾਵੇ ਤਜ ਭ੍ਰਮ ॥ ਪ੍ਰਮ ਅਨੰਦ ਮੁਕਤ ਕੋ ਪਾਵੇਂ ॥ (੪) ਪ੍ਰਯੋਜਨ ਅਨੁਬੰਧ ਕਹਾਵੇਂ ॥ ਪੁਨਾ ਚਤੁਸ਼ਟੇ ਸਰਵਨ ਕਹੀਏ ॥ (੧) ਸਰਵਨ (੨) ਮਨਨ (੩) ਨਿਧਜਾਸਨ ਲਹੀਏ ॥ (੪) ਸਾਖਜਾਤ ਕਾਰ ਸੋ ਲੇਹੁ ਪਛਾਨ ॥ ਜੀਵਨ ਮੁਕਤਿ ਪੁਰਖ ਸੁਜਾਨ ॥ ਪੁਨਾ ਸੁਭਾਵ ਤਾਸਕਾ ਐਸਾ ॥ ਮੈਤ੍ਰੀ ਕਰੁਨਾ ਮੁਦਤਾ ਜੈਸਾ ॥ ਔਰ ਉਪੇਖਜਾ ਕਰੇ ਸੁਜਾਨ ॥ ਮਿਤ੍ਰ ਸਤ੍ਰ ਤਹਿ ਏਕ ਸਮਾਨ ॥ ਸੁਨੋ ਪੂਤ ਤੁਮ ਕਰਕੇ ਧਿਆਨ ॥ ਲਛਨ ਜੋਗ ਕਾ ਕਰੂੰ ਬਖਾਨ ॥ ਮਨਿ ਅਪਨੇ ਕੋ ਕਰੇ ਪ੍ਰਬੋਧ ॥ ਚਿਤ ਬ੍ਰਿਤੀ ਕਾ ਕਰੇ ਨਿਰੋਧ ॥ ਸੁਨੋਂ ਪੂਤ ਤੁਮ ਕਹੌ ਨਸਾਂਗ ॥ ਵਰਨਨ ਕਰੋਂ ਯੋਗ ਅਸਟਾਂਗ ॥ ਪ੍ਰਿਥਮ ਅੰਗ ਯਮ ਹੈ ਸੁਰ ਗਿਆਨ ॥ ਪਾਂਚ ਯਮੋ ਕਾ ਕਰੂੰ ਬਖਾਨ ॥ ਅਹਿੰਸਾ ਪ੍ਰਿਥਮ ਸੁਨੋ ਹੋਇ ਸੂਖ ॥ ਮਨ ਬਚ ਕ੍ਰਮ ਕਿਸੇ ਦੇ ਨਾ ਦੂਖ ॥ ਦੁਤੀਏ ਸਤ ਬਚਨ ਮੁਖ ਬੋਲੇ ॥ ਮਨ ਅਰ ਬਚਨ ਅਸੱਤ ਨ ਖੋਲੇ ॥ ਤ੍ਰਿਤੀਏ ਅਸਤੇਜਾ ਸੁਨ ਮੀਤ ॥ ਪਰ ਵਸਤੂ ਸੋਂ ਰਹੈ ਅਤੀਤ ॥ ਚੌਥੇ ਬ੍ਰਹਮ ਚਰਯ ਪਹਿਚਾਨ ॥ ਇੰਦ੍ਰੀਯ ਜਿਤ ਹੋਵੈ ਸੁਰ ਗਿਆਨ ॥ ਪੰਚਮ ਅਪਰੀ ਗ੍ਰੈਹ ਸੁਨ ਲੇਹੁ ॥ ਦ੍ਵੈਸ਼ ਮੋਹ ਅਹੰਬੁਧ ਤਜ ਦੇਹੁ ॥ ਦੂਸ੍ਰ ਅੰਗ ਜੋਗ ਕਾ ਪੂਤ ॥ ਨਿਯਮ ਪਾਂਚ ਸੋ ਸੁਨੋ ਸਪੂਤ ॥ ਪ੍ਰਿਥਮੇ ਸੌਚ ਲੇਹੁ ਉਰਧਾਰੇ ॥

Digitized by Panjab Digital Library | www.panjabdigilib.org

ਸਤਸੰਗ ਮਨਿ ਤਨ ਜਲਹਿ ਸੁਧਾਰੈ ॥ ਦੁਤੀਏ ਸੰਤੋਖ ਕਰੋ ਸੁਖ ਕਾਰੀ ॥ ਤ੍ਰਿਤੀਏ ਤਪੁ ਕਰੋ ਮੋਖਦੁਵਾਰੀ ॥ ਚਉਥੇ ਜੋ ਕਹੀਏ ਸਵਾ ਧਿਆਏ ॥ ਮਿਲ ਸਤਿਸੰਗ ਸੋ ਹੋਇ ਅਮਾਹੇ ॥ ਪੰਚਮ ਈਸ੍ਵਰ ਪ੍ਰ ਨੀਧਾਨ ॥ ਤਨੁ ਮਨੁ ਸਭਿ ਕਰੇ ਈਸ੍ਵਰ ਅਰਪਨ ॥ ਤੀਸਰ ਅੰਗ ਜੋਗ ਕਾ ਕਹੀਏ ॥ ਸਿਥਰ ਹੋਇ ਸੁਖ ਆਸਨ ਬਹੀਏ ॥ ਚੌਥਾ ਅੰਗ ਜੋਗ ਕਾ ਨਾਮੁ ॥ ਤਾਕੋ ਕਹੀਏ ਪ੍ਰਾਣਾਯਾਮੁ ॥ ਚਾਰ ਪ੍ਰਕਾਰ ਤਾਸ ਕਉ ਕਰੀਏ॥ਤਨੁ ਮਨੁ ਕੀਕਸ ਮਲਪਰਹਰੀਏ॥ਪ੍ਰਿਥਮੇਂ ਬਾਹਰ ਰੋਕੇ ਸੁਵਾਸ॥ ਬਾਹੀਆ ਨਾਮ ਕਹੀ ਅਤ ਹੈ ਤਾਸ ॥ ਦੁਤੀਏ ਅੰਤ੍ਰਿ ਸੁਵਾਸ ਲੈ ਜਾਵੇ ॥ ਅਭਿੰਤ੍ਰ ਨਾਮ ਤਾਸਕਾ ਗਾਵੇ ॥ ਜਹਿ ਕਾ ਤਹਿ ਸੁਵਾਸ ਰੁਕ ਜਾਵੇ ॥ ਸਥੰਭ ਵਿਰਤੀ ਸੋ ਨਾਮ ਕਹਾਵੇ ॥ ਚਉਥੇ ਬਾਹੀਆ ਭਿਅੰਤ੍ਰ ਅਕਛੇਪੀ ॥ ਤਿਸਕੋ ਕਰਿ ਹੈ ਪੂਰਨ ਜੋਗੀ ॥ ਸੁਵਾਸ ਜਾਇ ਸੋ ਬਾਹਰ ਵਾਰ ॥ ਤਾਂਕੋ ਦੇਵੇ ਔਰ ਨਿਕਾਰ ॥ ਅਰ ਜੋ ਅੰਤ੍ਰ ਆਇ ਸਵਾਸ ॥ ਖੈਂਚਤ ਰਹੇ ਔਰ ਤਹਿ ਤਾਸ ॥ ਪੰਚਮ ਅੰਗ ਪ੍ਰਿਤਿਆ ਹਾਰ ॥ ਮਨ ਇੰਦ੍ਰਿਯ ਜੀਤੇ ਸੁਖ ਸਾਰ ॥ ਖਸ਼ਟਮ ਅੰਗ ਧਾਰਨਾ ਜਾਨੋਂ ॥ ਏਕ ਸਥਾਂਨ ਚਿਤ ਠਹਿਰਾਨੋਂ ॥ ਸਪਤਮ ਅੰਗ ਜੋਗ ਕਾ ਧਿਆਨ ॥ ਮਨਿ ਇੰਦ੍ਰਿਯਆਤਮ ਬਸ ਜਾਨ ॥ ਸਭਿ ਮਿਲ ਕਰ ਪਾਵੈ ਸਤਿ ਗਿਯਾਨ ॥ ਸਭ ਕਾ ਹੋਵੇ ਏਕ ਨਿਸ਼ਾਨ ॥ ਅਸ਼ਟਮ ਅੰਗ ਸਮਾਧੀ ਕੀਨ ॥ ਪ੍ਰਮਾਤਮ ਮੇਂ ਹੋਵੈ ਲੀਨ ॥ ਦੇਹ ਇੰਦ੍ਰਿਯ ਕੀ ਸੁਧਿ ਨ ਕੋਇ ॥ ਜੋਤਹਿ ਜੋਤ ਮਿਲੇ ਦੁਖ ਖੋਇ ॥ ਤਹਾਂ ਪੰਚ ਸ਼ਬਦ ਕੀ ਹੋਇ ਘਨਘੋਰ॥ ਅਨਹਦ ਸ਼ਬਦ ਬਾਜੇ ਨਿਸ ਭੋਰ ॥ ਕੋਟਿ ਸੂਰਸਮ ਤਹਾਂ ਉਜਾਰਾ ॥ ਤਾਂਹਿ ਜੋਤਿ ਸਾਧਾ ਨਿਰੰਕਾਰਾ ॥ ਹੈ ਜੋਗੀ ਜੋ ਪਾਵੈ ਜੁਗਤਿ ॥ ਮਹਾਂ-ਪੁਰਖੁ ਸੋ ਜੀਵਨ ਮੁਕਤਿ ॥ ਹੋਇ ਸੁ ਨੇਮੀ ਕਰੇ ਸਮਾਧੀ ॥ ਤਾਂਤੇ ਸਗਲੀ ਮਿਟੇ ਉਪਾਧੀ ॥ ਜਨਮ ਸੁਫਲ ਤਾਂਕਾ ਹੋ ਜਾਵੈ ॥ ਆਪੁ ਤਰੇ ਸੰਗ ਜਗਤਿ ਤਰਾਵੈ ॥ ਸੁਨੋ ਪੂਤ ਯੇਹ ਕਠਨ ਕੁਮਾਵਨ ॥ ਮਾਰਗ ਜੋਗ ਕਠਨ ਹੈ ਪਾਵਨ ॥ ਜਗ ਮੇਂ ਬਹੁ ਕਰਿ ਹੈ ਹਠ ਜੋਗ ॥ ਤਹਿ

Digitized by Panjab Digital Library | www.panjabdigilib.org

ਤਨੁ ਬਿਆਪਹਿ ਉਲਟਾ ਰੋਗ ॥ ਗੁਰ ਪੂਰਨ ਜਿਸ ਭੇਵ ਬਤਾਵੈ ॥ ਸੋ ਨਰ ਜੁਗਤਿ ਜੋਗ ਕੀ ਪਾਵੈ ॥ ਸਿਖ ਹੋਇ ਲੈ ਗੁਰ ਉਪਦੇਸ਼ ॥ ਤਾਂਕੇ ਮਿਟ ਹੈ ਪਾਂਚ ਕਲੇਸ਼ ॥ ਤੀਨ ਤਾਪੁ ਨਹੀ ਆਵੇ ਨੇਰੇ ॥ ਮਿਟੇ ਦੂਖ ਹੋਇ ਸੂਖ ਘਨੇਰੇ ॥ ਜੋ ਜਨ ਗੁਰ ਕੀ ਸੀਖ ਕੁਮਾਵੈ ॥ ਚਾਰ ਪਦਾਰਥ ਸੋ ਨਰ ਪਾਵੈ ॥ ਜੋ ਜਨ ਗੁਰ ਕੇ ਮਾਰਗ ਚਲੈ ॥ ਤਾਂ ਕੋ ਕਾਲ ਕਭੀ ਨਦਲੈ ॥ ਔਰ ਸੁਨੋ ਸੁਤ ਬਾਤ ਹਮਾਰੀ ॥ ਕਲਜੁਗ ਮੇਂ ਬਹੁ ਭੇਖਾ ਧਾਰੀ ॥ ਮਾਯਾ ਕਾਰਨ ਭੇਖ ਚਲਾਵੈਂ ॥ ਜਗ ਮਹਿ ਗੁਰੂ ਮਹੰਤ ਕਹਾਵੈਂ ॥ ਚੇਲੇ ਤਾਂਕੇ ਬਨੇ ਪਖੰਡੀ ॥ ਭਰਮਾਵੈ ਜਗ ਵੋਹੁ ਉਸ਼ਟੰਡੀ ॥ ਮੁਖ ਸੇ ਸੁਰਤਿ ਸ਼ਬਦ ਬਤਲਾਵੈਂ ॥ ਪ੍ਰਮ ਤਤੁ ਕਾ ਭੇਵ ਨਾ ਪਾਵੈਂ ॥ ਬਗ ਜਿਉ ਬੈਠੇਂ ਲਾਇ ਸਮਾਧੀ ॥ ਤਨੁ ਕੋ ਲਾਗੀ ਸਗਲ ਉਪਾਧੀ ॥ ਮਨਿ ਇੰਦ੍ਰੀਯ ਕਾ ਕਰੇਂ ਨ ਸੰਜਮ ॥ ਨਹਿ ਪਾਲਨ ਕਰ ਹੈ ਯਮ ਨਿਯਮ ॥ ਪ੍ਰਾਂਣਾ ਯਾਂਮ ਕੀ ਬਿਧੀਨਾ–ਜਾਨੈ ॥ ਜੁਗਤਿ ਜੋਗ ਕੀ ਨਹੀ ਪਛਨੈ ॥ ਚਿਤ ਬ੍ਰਿਤੀ ਦਹਦਿਸ ਕੋ ਧਾਵੈ ॥ ਧਾਰਨ ਧਿਆਨ ਨਹੀਂ ਬਨ ਆਵੈ ॥ ਤਪੁ ਨਹੀ ਸਾਧੇਂ ਭਗਤਿ ਨਾ ਕਰੈਂ ॥ ਫੋਕਟ ਬਚਨ ਮੁਖੋਂ ਵਹੁ ਰਰੈਂ ॥ ਨਿਜ ਆਤਮ ਕਾ ਭੇਵ ਨਾ ਜਾਨੈਂ ॥ ਅਹੰ ਬ੍ਰਹਮ ਸੇ ਮੁਖੋ ਬਖਾਨੈਂ ॥ ਅਹੰਕਾਰ ਵਸ ਦੇਹ ਅਭਮਾਨੀ ॥ ਬਨ ਬੇਠੇਂ ਬ੍ਰਹਮ ਸੇ ਅਗਯਾਨੀ ॥ ਡੂਬੇ ਆਪ ਸੰਗ ਜਗਤਿ ਡੁਬਾਵੈਂ ॥ ਗਿਯਾਨ ਹੀਨ ਮਾਰਗ ਨਹੀਂ ਪਾਵੈਂ ॥ ਬਿਨ ਪੇਖੇ ਵਹੁ ਕਰੇਂ ਬਖਾਨ ॥ ਅੰਧਕਾਰ ਮੇਂ ਪਰੇ ਨਦਾਨ ॥ ਭੂਲੇ ਆਪੁ ਨਾ ਮਾਰਗ ਪਾਵੈਂ ॥ ਜਗ ਕੋ ਕੈਸੇ ਮਗ ਦ੍ਰਸਾਵੇਂ ॥ ਨਾਕ ਕਾਨ ਮੂੰਦੇ ਕਈ ਮੂੜ ॥ ਲਾ ਧਿਆਨ ਬੈਠੇਂ ਵਹੁ ਕੂੜ ॥ ਜਗਪਤਿਆਵੇਂ ਭੇਵ ਨਾ ਪਾਵੈਂ ॥ ਲੋਗਨ ਅਪਨੇ ਜਾਲ ਫਸਾਵੈਂ ॥ ਕਹੇਂ ਹਮੂੰ ਪਾਯੋ ਹੈ ਬ੍ਰਹਮ ॥ ਸਰਬ ਪਛਾਨਿਓ ਹੈ ਹਮ ਮਰਮ ॥ ਨਕਟੋਂ ਜਿਉ ਵਹੁ ਭੇਖ ਚਲਾਵੈਂ ॥ ਕਰਿ ਕਰਿ ਬਾਤਾਂ ਜਗ ਭਰਮਾਵੈਂ ॥ ਬਨ ਬਨ ਬੈਠੇਂ ਸੋ ਅਭਿਯਾਸੀ ॥ ਕਹੇ ਹਮੀ ਪਾਯੋ ਅਬਨਾਸ਼ੀ ॥ ਕਰੇਂ ਕਪਟ ਜਗ ਡਿੰਭ ਦਿਖਾਵੈਂ॥ਸੋ ਭਈਆ ਕਿਮ ਮਾਰਗ ਪਾਵੈਂ॥ਕਈ ਜਾਪੁ

Digitized by Panjab Digital Library | www.panjabdigilib.org

ਕਰ ਜੁਗਤਿ ਸੁਨਾਵੈਂ ॥ ਜਿਹਬਾ ਬਕੇ ਨਾ ਮਨਿ ਸੰਮਝਾਵੈਂ ॥ ਤੋਤੇ ਜਿਉਂ ਰਟ ਹੈ ਬਾਨੀ ॥ ਸ਼ਬਦ ਗੁਰੂ ਕੀ ਮਿਤ ਨਹੀਂ ਜਾਨੀ ॥ ਤਾਂਤੇ ਭਗਤਿ ਹੀਨ ਨਰ ਜੋਈ ॥ ਪ੍ਰਮਾਤਮ ਪਾਵਤ ਨਹੀਂ ਸੋਈ ॥ ਗੁਰਸ਼ਬਦੀਂ ਮਨਿ ਕੋ ਸਮਝਾਵੈਂ ॥ ਸੋ ਨਰ ਸਹਜ ਪ੍ਰਮ ਪਦ ਪਾਵੈ ॥ ਸੁਨੋਂ ਪੂਤ ਤੁਮ ਪੂਛਿਓ ਮੋਪੈ ॥ ਪ੍ਰਗਟ ਕੀਓ ਭੇਵ ਹਮ ਤੋਪੈ ॥ ਕਹਨ ਸੁਨਣ ਤੇ ਪਰੇ ਕਮਾਵਨ ॥ ਜੀਵਨ ਮੁਕਤ ਹੋਇ ਸੁਖ ਪਾਵਨ ॥

ਦੋਹਰਾ—ਬਿਧੀ ਚੰਦ ਤਬ ਬਿਨਵਿਯੋ ਸਤਿਗੁਰ ਪੈ ਕਰ ਜੋਰ ॥
ਹੇ ਗੁਰ ਪੂਰਨ ਤਮ ਹਰਨ ਸੈਂਹਸਾ ਹਰੀਏ ਮੋਰ ॥

ਬੀਚ ਸਮਾਧੀ ਜੋਗ ਕੇ ਜੋਗੀ ਹੋਵੈ ਲੀਨ ॥ ਪਾਂਚ ਸ਼ਬਦ ਧੁਨ ਜੋ ਉਠੇ ਤਾਂਕੋ ਸੁਨੇ ਪ੍ਰਬੀਨ ॥ ਪਾਂਚ ਸ਼ਬਦ ਕੇ ਨਾਮੁ ਮੋਹ ਕਹੋ ਪ੍ਰਗਟਾਇ ॥ ਅਨਹਦ ਧੁਨ ਜਹਿ ਬਿਧ ਉਠੇ ਸੋ ਗੁਰ ਦੇਹੁ ਬਤਾਇ ॥ ਸੋਰਠਾ ॥ ਤਬ ਬੋਲੇ ਗੁਰਦੇਵ ਸੁਨੋਂ ਪੂਤ ਯੇਹ ਗੁਪਤ ਮਤਿ ॥ ਕਹੂੰ ਤੋਹਿ ਕਛੁ ਭੇਵ ਕਥਨ ਬਕਨ ਤੇ ਬਾਹਰਾ ॥ ਗੁੰਗੇ ਜਿਉਂ ਗੁੜਖਾਹ ਪ੍ਰਗਟ ਕਹੇ ਵੋਹ ਸੁਆਦ ਕਿਆ ॥ ਤਿਉਂ ਜੋਗੀ ਗੁਨ ਤਾਹਿ ਕਹੇ ਕੌਨ ਬਿਧ ਜਾਨੀਏ ॥ ਚੌਪਈ ॥ ਸੁਨੋ ਪੂਤ ਤੁਮ ਕਰਕੇ ਧਿਆਨ ॥ ਪਾਂਚ ਸ਼ਬਦ ਕਾ ਕਰੂੰ ਬਖਾਨ ॥ ਪ੍ਰਿਥਮੇਂ ਨਾਰੰਜਨ ਕੋ ਮਾਨ ॥ ਦੂਤੀਏ ਓਅੰਕਾਰ ਪਹਚਾਂਨ ॥ ਤ੍ਰਿਤੀਏ ਸੋਹੰ ਸ਼ਬਦ ਬਤਾਯਾ ॥ ਚਤਰਥ ਸਚਿਨਾਮੁ ਪ੍ਰਗਟਾਯਾ ॥ ਪੰਚਮ ਨਿਰੰਕਾਰ ਕੋ ਜਾਨ ॥ ਪਾਂਚ ਸ਼ਬਦ ਕਾ ਕੀਓ ਬਖਾਨ ॥ ਪਾਂਚ ਸ਼ਬਦ ਕੀ ਹੋਇ ਘਨਘੋਰ ॥ ਅਨਹਦ ਧੁੰਨ ਬਾਜੇ ਨਿਸ ਭੋਰ ॥ ਅਨਹਦ ਕੀ ਹੱਦ ਕੋਊ ਨਾ ਜਾਨੇ ॥ ਅਲਖ ਅਗਮ ਅਨੰਤ ਬਖਾਨੇ ॥ ਅਨੇਕ ਅਸੰਖ ਨਾਦ ਤਹਿ ਪੂਰੇ ॥ ਹੋਇ ਝੁਨਕਾਰ ਅਨਾਹਦ ਤੂਰੇ ॥ ਕੋਟ ਸੂਰ ਸਮ ਤਹਾਂ ਉਜਾਰ ॥ ਕੋਟ ਸ਼ਬਦ ਧੁੰਨ ਪਾਰ ਨ ਵਾਰ ॥ ਜਾਪ ਅਜਪਾ ਹੋਇ ਤਹਿ ਆਪੇ ॥ ਓਅੰ ਸੋਹੰ ਧੁੰਨ ਉਪਜਾਪੇ ॥ ਤਾਂਕੇ ਅੰਤ੍ਰ ਪਾਂਚੋ ਜਾਨ ॥ ਓਅੰਕਾਰ ਸਭਿ ਮੇਂ ਪ੍ਰਧਾਨ ॥ ਸੁਨੋ ਪੂਤ ਤ੍ਰਿਕੁਟੀ ਤੇ ਪਰੇ ॥ ਦਸਵੇਂ ਦੁਵਾਰ ਜਾਇ

Digitized by Panjab Digital Library | www.panjabdigilib.org

ਜਬ ਚੜ੍ਹੇ ॥ ਤੁਰੀਆ ਪਦ ਮੇਂ ਹੋਵੈ ਲੀਨ ॥ ਸੁੱਨੋ ਸੁੰਨ ਔਰ ਨਹੀਂ ਚੀਨ ॥ ਸਚੁਖੰਡ ਮੇਂ ਜਾਇ ਸਮਾਵੇ ॥ ਜੋਤਹ ਜੋਤ ਅਭੇਦ ਹੋਇ ਜਾਵੈ ॥ ਤਹਾਂ ਨਾ ਬਿਆਪੈ ਕਦਹੀ ਕਾਲ ॥ ਸੁਨੋ ਪੂਤ ਸੋ ਦੇਸ ਅਕਾਲ ॥ ਅਮਰਾਪੁਰ ਤਿਸਹੀ ਕੋ ਕਹੀਏ ॥ ਬੇਗਮ ਨਗਰੀ ਤਾਂਹ ਬਤਈਏ ॥ ਤਹਾਂ ਬਸੇ ਪੂਰਨ ਜੋਗੇਸ਼ ॥ ਤਾਂਕੇ ਸਗਲੇ ਮਿਟੇਂ ਕਲੇਸ਼ ॥ ਸੁਨੋ ਪੂਤ ਹਮ ਕਹਿਓ ਸੰਛੇਪ ॥ ਮਾਰਗ ਜੋਗ ਸ਼ਬਦ ਨਿਰਲੇਪ ॥ ਤਾਂਤੇ ਤੋਹਿ ਸੁਨਿਓ ਹਿਤਧਾਰ ॥ ਕਹਿਓ ਜੋਗ ਮਾਰਗ ਹਮਸਾਰ ॥

ਦੋਹਰਾ— ਬਿਧੀਚੰਦ ਤੂੰ ਧੰਨ ਹੈਂ ਹਮਰਾ ਸੁਤ ਸੁਰ ਗਿਯਾਨ ॥
ਜਾਂਕੇ ਅੰਤ੍ਰ ਬਿਮਲ ਬੁਧ ਪ੍ਰਗਟਿਓ ਜੋਗ ਧਿਯਾਨ ॥

ਜਦੱਪ ਤੂੰ ਸੁਰ ਗਿਆਨ ਹੈਂ ਤੱਦਪ ਸਿਖਕਾ ਧਰਮ ॥ ਗੁਰ ਪੂਰਨ ਕੋ ਪੂਛਲੇ ਜੋਗ ਜੁਗਤ ਕਾ ਮਰਮ ॥ ਸੋਰਠਾ ॥ ਗੁਰ ਭਾਖਿਓ ਸਭ ਭੇਵ ਜੁਗਤ ਜੋਗ ਅਸ਼ਟਾਂਗਕਾ ॥ ਜੋ ਹੋਵੈ ਗੁਰ ਸੇਵ ਕਰੇ ਤਰੇ ਸੰਸਾਰ ਨਿਧ ॥ ਸੁਨ ਗੁਰ ਤੇ ਉਪਦੇਸ਼ ਬਿਧੀਚੰਦ ਪਗਸੀਸ ਧਰ ॥ ਕਾਟੇ ਸਗਲ ਕਲੇਸ਼ ਗੋੜ ਬਾਤ ਪ੍ਰਗਟ ਕਰੀ ॥ ਧੰਨ ਸਤਿਗੁਰ ਹੰਦਾਲੁ ਜੋਗ ਜੁਗਤ ਜਾਨੀ ਜਿਨੂੰ ॥ ਸਰਨ ਪਰੇ ਜੋ ਦਿਆਲ ਜਨਮ ਮਰਨ ਦੁਖ ਕਟੀਏ ॥

ਦੋਹਰਾ— ਇਤ ਸ੍ਰੀ ਸਾਖੀ ਬਰਨ ਤੇ ਨਿਹਾਲਦਾਸ ਸਤ ਭਾਇ ॥
ਕਥਾ ਯੋਗ ਅਸ਼ਟਾਂਗਕੀ ਸਤਿਗੁਰ ਦਈ ਬਤਾਇ ॥

ਨਿ: ਜਨਮਸਾਖੀ ਚੋਂ ਪੰਨਾ ੨੪੫

Digitized by Panjab Digital Library | www.panjabdigilib.org

(੧ ੴ ਸਤਿਨਾਮੁਕਰਤਾਪੁਰਖੁ)

ਮਾਝੇ ਦੇਸ ਦੇ ਗੁਰਦਵਾਰਿਆਂ ਤੇ ਤੀਰਥਾਂ ਦਾ ਨਕਸ਼ਾ ॥



---

† ਏਥੇ ਗੁਰਦਵਾਰਾ ਸ੍ਰੀ ਗੁਰੂ ਨਾਨਕ ਦੇਵ ਦਾ ਹੈ।

* ਏਥੇ ਸ੍ਰੀ ਗੁਰੂ ਦੁਵਾਰਾ ਰਾਮਤੀਰਥ ਜੀ ਹੈ।

||| ਏਥੇ ਗੁਰੂ ਦੁਵਾਰਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਹੈ।

: ਏਥੇ ਗੁਰੂ ਦੁਵਾਰਾ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਹੈ।

? ਏਥੇ ਗੁਰੂ ਦੁਵਾਰਾ ਸ੍ਰੀ ਗੁਰੂ ਬਾਬਾ ਹੰਦਾਲ ਜੀ ਦਾ ਹੈ।

|| ਏਥੇ ਗੁਰੂ ਦੁਵਾਰਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਹੈ।

() ਏਥੇ ਗੁਰੂ ਦੁਵਾਰਾ ਸ੍ਰੀ ਗੁਰੂ ਅੰਮ੍ਰਦਾਸ ਸਾਹਿਬ ਜੀ ਦਾ ਹੈ।

{} ਏਥੇ ਗੁਰੂ ਦੁਵਾਰਾ ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਹੈ।

§ ਏਥੇ ਗੁਰੂ ਦੁਵਾਰਾ ਸ੍ਰੀ ਤੇਗ ਬਹਾਦਰ ਸਾਹਿਬ ਜੀ ਦਾ ਹੈ।

Digitized by Panjab Digital Library | www.panjabdigilib.org

੧ ਓ ਸਚੁਨਾਮੁ ਕਰਤਾ ਪੁਰਖੁ

(ਸਵਯੇ ਕ੍ਰਿਤ ਬਿਸ਼ਨਦਾਸ ਜੀ)

ਗਿਰਦੇ ਗੁਰੂ ਹੰਦਾਲੁ ਕੇ ਆਸਨ ਹੈ ਬਡ ਪੁਰਖਨਕੇ ਅਸਥਾਨਾ ॥
ਅਰਜਨ ਔ ਰਾਮਦਾਸ ਗੁਰੂ ਗੁਰ ਅੰਗਦ ਅਮਰ ਸਭੀ ਸੁਖ ਖਾਨਾ ॥
ਹਰਿ ਗੋਬਿੰਦ ਬਹਾਦਰ ਤੇਗ ਔ ਅਚਲ ਸਿਧ ਸਭ ਜੱਗ ਜਾਨਾ ॥
ਸ੍ਰੀ ਗੁਰ ਨਾਨਕ ਕੋ ਅਸਥਾਨ ਕੁ ਔ ਰਾਮਤੀਰਥ ਕੇ ਅਸ਼ਨਾਨਾ ॥

(ਸਵੈਯਾ)

ਗਿਰਦ ਸਭੀ ਗਦੀਆਂ ਗੁਰਕੇ ਗੁਰੂ ਨਾਨਕ ਕੇ ਸਭਹੀ ਯੇਹ ਬਾਲਾ ॥
ਅੰਮ੍ਰਿਤਸਰ ਔਰ ਤਾਰਨ ਤਰਨ ਖਡੂਰ ਸੁ ਗੋਇਦਵਾਲ ਬਕਾਲਾ ॥
ਅਚਲ ਸਿਧ ਗੋਬਿੰਦ ਪੁਰਾ ਹਰਿ ਡੇਹਰਾ ਗੁਰੂ ਗੁਰ ਨਾਨਕ ਵਾਲਾ ॥
ਮਧ ਹੰਦਾਲੁ ਬ੍ਰਾਜਤ ਹੈਂ ਗੁਰ ਆਸਨ ਹੈ ਕਹਿ ਮਧ ਜੰਡਿਆਲਾ ॥

(ਸਵੈਯਾ)

ਆਸਨ ਹੈ ਇਸਥਿਤ ਹੰਦਾਲੁ ਕਾ ਆਪ ਜਿਸੇ ਹਰਿਜੂਨੇਂ ਸੁਵਾਰਿਆ ॥
ਰਿਧ ਔ ਸਿਧ ਖੜੀ ਦਰ ਪੈਨਵ ਨਿਧ ਸੁ ਬ੍ਰਿਧੀ ਕੋ ਚੌਰਿ ਢੁਲਾਰਿਆ॥
ਬਰਾਤਿ ਬਿਖੇ ਭਗਵੰਤ ਕੀ ਪੂਰਨ ਹੈ ਭਰ ਪੂਰਨ ਯੋਗ ਮਝਾਰਿਆ ॥
ਗਿਆਨ ਕੋ ਭਾਨ ਦਿਖਾਇ ਜਿਨੇ ਜਗਿ ਅੰਧ ਅਗਿਆਨ ਤੇ ਪਾਰ ਉਤਾਰਿਆ ॥

(ਸਵੈਯਾ)

ਨਾਮੁ ਨਿਰੰਜਨ ਪੰਥ ਥਪਿਓ ਜਹਿ ਐਸੋ ਹੈ ਪੂਰਨ ਪੁਰਖ ਹੰਦਾਲਾ ॥
ਦੈ ਉਪਦੇਸ਼ ਤੌਹੀਦ ਕੋ ਵਾਹਦ ਔਰ ਉਪਾਹਦ ਕੋ ਮੁਖਕਾਲਾ॥
ਯਮ ਔਰ ਨਿਜਮ ਦ੍ਰਿੜਾਵਤ ਹੈਂ ਪੁਨ ਯੋਗ ਗਿਆਨ ਕੋ ਭਾਨ ਉਜਾਲਾ॥
ਐਸੇ ਭੈਈਆ ਜਿਨਕੇ ਗੁਰਦੇਵ ਹੈ ਦਾਸ ਬਿਸ਼ਨਕਟੇ ਜਮ ਜਾਲਾ ॥
੪ ॥ ਨਿਰੰਜਨੀਆ ਗੁਰੂ ਮਤ ਪ੍ਰਕਾਸ ਪੰਨਾ ੧੧੧

Digitized by Panjab Digital Library | www.panjabdigilib.org

੧ ੴ (ਸਤੁਨਾਮੁ ਕਰਤਾ ਪੁਰਖੁ)

(ਕੁਝ ਸ਼੍ਰੀ ਗੁਰੂ ਗ੍ਰੰਥ ਸਾਹਿਬੁ ਬਾਰੇ)

ਸ੍ਰੀ ਗੁਰੂ ਗ੍ਰੰਥ ਸਾਹਿਬੁ ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ ੧ ਪੋਥੀ ਲਿਖ ਪਹੁਚੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬੁ ੧੬੦੪ ਈ: ਸੰਮਤ ਵਿਚ ਤਿਆਰ ਕੀਤੇ ਗਏ, ਇਸ ਅੰਮਰ ਰਚਨਾ ਦੇ ਸੰਗ੍ਰਹਿ ਕਰਤਾ ਤੇ ਸੰਪਾਦਕ ਸ੍ਰੀ ਗੁਰੂ ਅਰਜਨਦੇਵ ਜੀ ਸਨ, ਇਸਦੀ ਲਿਖਾਈ ਅੰਮ੍ਰਿਤਸਰ ਦੇ ਕੋਲ, ਰਾਮਸਰ ਦੇ ਕੰਢੇ, ਭਾਈ ਗੁਰਦਾਸ ਜੀ ਤੋਂ ਕਰਾਈ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੁਲ ੫੮੯੪ ਕੁ ਸ਼ਬਦਾਂ ਵਿਚੋਂ ਲਗ ਭਗ ੪੯੫੭ ਸ਼ਬਦ ਗੁਰੂ ਸਾਹਿਬਾਂ ਦੇ ਉਚਾਰੇ ਹੋਏ ਹਨ ਅਤੇ ੯੩੭ ਕੁ ਸ਼ਬਦ ਭਗਤਿ ਬਾਂਣੀ ਦੇ ਹਨ, ਇਸ ਸਾਰੀ ਬਾਣੀ ਨੂੰ ਬੜੇ ਸੁਚੱਜੇ ਢੰਗ ਨਾਲ

ਤ੍ਰਤੀਬਿਆ ਗਿਯਾ ਹੈ, ਇਸਦਾ ਅਰੰਭ ਮੂਲ–ਮੰਤ੍ਰ–੧ ੴ ਸਤਿਨਾਮੁ ਕਰਤਾ ਪੁਰਖੁ ਨਿਰ ਭਉ ਨਿਰ ਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਨਾਲ ਹੁੰਦਾ ਹੈ ਵਾਰਤਕ ਵਿਚ ਇਕ ਪ੍ਰਕਾਰ ਦਾ ਮੰਗਲਾ ਚਰਨ ਹੈ। ਨਿਤਨੇਮ ਦੀਆਂ ਬਾਣੀਆਂ ਤੋ ਬਾਅਦ ੩੧ ਰਾਗਾਂ ਹੇਠ ਦਰਜ ਹੋਈ ਬਾਣੀ ਨਿਤਨੇਮ ਦੀਆਂ ਬਾਣੀਆਂ ਵਿਚ ਜਪੁਜੀ, ਰਹਿਰਾਸ, ਤੇ ਕੀਰਤਨ ਸੋਹਲੇ ਦੇ ਸ਼ਬਦ ਸ਼ਾਮਲ ਹਨ। ਰਾਗਾਂ ਵਿਚ ਦਰਜ ਬਾਂਣੀ ਦੀ ਤ੍ਰਤੀਬ ਬੜੀ ਮਿਹਨਤ ਤੇ ਸਿਆਨਪ ਨਾਲ ਵਿਉਤੀ ਗਈ ਹੈ, ਪਹਿਲੇ ਕਰਮ ਅਨੁਸਾਰ ਗੁਰੂ ਸਾਹਿਬਾਂ ਦੇ ਸ਼ਬਦ, ਫਿਰ ਅਸਟਪਦੀਆਂ ਉਪ੍ਰੰਤ ਕੋਈ ਵਿਸ਼ੇਸ਼ ਬਾਣੀ, ਉਸਤੋ ਬਾਅਦ ਛੰਤ ਤੇ ਫਿਰ ਉਸ ਰਾਗ ਵਿਚ ਲਿਖੀਆਂ ਵਾਰਾਂ ਦਰਜ ਹਨ। ਗੁਰ ਬਾਂਣੀ ਤੋਂ ਬਾਅਦ ਭਗਤਿ ਬਾਂਣੀ ਵੀ ਉਸੇ ਤ੍ਰਤੀਬ ਵਿਚ

Digitized by Panjab Digital Library | www.panjabdigilib.org

ਕਰਮ–ਅਨੁਸਾਰ–ਭਾਵ ਪਹਿਲੇ ਕਬੀਰ ਜੀ ਦੀ,ਫਿਰ ਨਾਮਦੇਵਜੀ ਦੀ, ਇਤਿਆਦਿ–ਸੰਗ੍ਰਹਿਤ ਹੈ,ਤ੍ਰਤੀਬ ਦੇਣ ਲਗਿਆਂ ਛੰਦ–ਭੇਦ ਤੇ ਸੁਰ–ਤਾਲ ਦਾ ਵੀ ਖਾਸਖਿਆਲ ਰਖਿਆ ਗਿਆ ਹੈ।ਭੋਗਦੀ ਬਾਂਣੀ ਦਾ ਵੇਰਵਾ ਇਉ ਹੈ,ਸਲੋਕ ਸਹਸਕ੍ਰਿਤੀ ਮਹਲਾ ੧, ਸਲੋਕ ਸਹਸ ਕ੍ਰਿਤੀ ਮ: ੫, ਗਾਥਾ ਮ: ੫,ਫੁਨੇਹ ਮ: ੫,ਚਉ ਬੋਲੇ ਮ: ੫,ਸਲੋਕ ਭਗਤਿ ਕਬੀਰ ਸਲੋਕ ਸ਼ੇਖ ਫਰੀਦ ਕੇ,ਸਵਯੇ ਸ੍ਰੀ ਮੁਖਵਾਕਯ,ਸਲੋਕ ਵਾਰਾਂ ਤੇ ਵਧੀਕ, ਸਲੋਕ ਮ: ੯, ਅਤੇ ਮੁੰਦਾਵਣੀ ਮ: ੫। ਅੰਤ ਵਿਚ ਰਾਗੁਮਾਲਾ ਹੈ।

ਗੁਰਬਾਣੀ ਦੇ ਸ਼ਬਦਾਂ ਸਲੋਕਾ ਦੀ ਅੰਤਲੀ ਤੁਕ ਵਿਚ, ਆਮ ਤੌਰ ਤੇ, ਨਾਨਕ ਨਾਂ ਦੀ ਮੁਹਰ ਹੁੰਦੀ ਹੈ, ਵਖ ਵਖ ਗੁਰ–ਵਿਅਕਤੀਆਂ ਦੀ ਬਾਂਣੀ ਨੂੰ ਨਿਖੇੜਨ ਲਈ ਮਹਲਾ ਸ਼ਬਦ ਦੇ ਨਾਲ ਸੰਬੰਧਤ ਗੁਰੂ ਸਾਹਿਬ ਦਾ ਗੱਦੀ–ਨੰਬ੍ਰ ਵੀ ਦਰਜ ਕੀਤਾ ਗਿਆ ਹੈ, ਜਿਵੇ ਸਲੋਕ ਮਹਲਾ ੫ ਤੋਂ ਭਾਵ ਸ੍ਰੀ ਗੁਰੂ ਨਾਨਕਦੇਵ ਜੀ ਦੇ ਪੰਜਵੇ ਸਰੂਪ, ਗੁਰੂ ਅਰਜਨਦੇਵ ਜੀ ਦਾ ਉਚਾਰਿਆ ਹੋਇਆ ਸਲੋਕ ਹੈ, ਭਗਤਿ ਬਾਂਣੀ ਵਿਚ ਹਰਿ ਭਗਤਾਂ ਦੀ ਰਚਨਾ ਅਰੰਭਨ ਤੋਂ ਪਹਿਲਾਂ ਸਿਰ੍ਨਾਵੇ ਵਿਚ ਹੀ ਰਾਗ ਦੇ ਨਾਲ ਸੰਬੰਧਤ ਭਗਤਿ ਜੀਦਾ ਨਾਂ ਦੇ ਦਿਤਾ ਗਿਆ ਹੈ, ਜਿਵੈ ਭੈਰਉ ਬਾਣੀ ਨਾਮਦੇਵ ਜੀਉ ਕੀ। ਸਾਰੀ ਬਾਂਣੀ ਦੇ ਸਬਦਾਂ ਸਲੋਕਾਂ ਤੇ ਪਉੜੀਆਂ ਆਦਿ ਨੂੰ ਅੰਕ ਲਾਏ ਗਏ ਹਨ, ਅਤੇ ਓਹਨਾਂ ਦੇ ਜੋੜ ਤੇ ਵਡੇ ਜੋੜ ਕਰਕੇ ਸਾਰੀ ਬਾਣੀ ਨੂੰ ਅਖ਼ੇਪ ਤੋਂ ਸੁਰਖਿਅਤ ਕਰ ਦਿਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੇਠ–ਲਿਖੇ ਮਹਾਂ ਪੁਰਸ਼ਾਂ ਦੀ ਮਨੋਹਰ ਰਚਨਾ ਦਰਜ ਹੈ:–ੳ, ਗੁਰੂ ਸਹਿਬਾਨ:–ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨਦੇਵ, ਗੁਰੂ ਤੇਗ ਬਹਾਦਰ। ਅ, ਭਗਤਿ ਸਹਿਬਾਨ:–ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਣ, ਬੇਣੀ, ਧੰਨਾ, ਜੈ ਦੇਵ, ਭੀਖਣ, ਸੈਣ, ਪੀਪਾ, ਸਧਨਾ, ਰਾਮਾਨੰਦ, ਪ੍ਰਮਾਨੰਦ, ਸੂਰਦਾਸ,

Digitized by Panjab Digital Library | www.panjabdigilib.org

ਫਰੀਦ।

ੲ. ਗੁਰੂ ਘਰਦੇ ਨਿਕਟ—ਵਰਤੀ:—

ਭਾਈ ਮਰਦਾਨਾ, ਸੱਤਾ, ਬਲਵੰਡ, ਬਾਬਾ ਸੁੰਦਰ। ਭੱਟ — ਕਲ੍ਹਸਹਾਰ, ਜਾਲਪ, ਕੀਰਤ, ਭਿਖਾ, ਸੱਲ, ਭਲ, ਨਲ, ਗਇੰਦ, ਮਥਰਾ, ਬੱਲ, ਹਰਿਬੰਸ। ਸੰਪਾਦਕ। ਅਮਰ ਬਾਣੀ ਚੌਂ

ਹਰਿਨਾਮ ਸਿੰਘ ਸ਼ਾਨ ਐਮ. ਏ.

ਸ੍ਰੀ ਗੁਰੂ ਨਾਨਕ ਜੀ

੧੪੬੯—੧੫੩੯ ਈ:

ਬਿ: ੧੫੨੬—ਬਿ: ੧੫੯੬

ਸ੍ਰੀ ਗੁਰੂ ਨਾਨਕ ਦੇਵਜੀ ਸਿਖ ਧਰਮ ਦੇ ਮੋਢੀ ਹਨ, ਇਨ੍ਹਾਂ ਦਾ ਜਨਮ ੧੫ ਅਪ੍ਰੈਲ ੧੪੬੯ ਈ: ਨੂੰ ਨਨਕਾਣਾ ਸਾਹਿਬ, ਜਿਲਾ ਸ਼ੇਖ਼ੂਪੁਰਾ, ਦੇ ਪਟਵਾਰੀ ਮਹਿਤਾ ਕਾਲੂ ਜੀ, ਦੇ ਘਰ ਹੋਇਆ। ਆਪ ਨੇਂ ਸਾਰਾ ਜੀਵਨ ਧਾਰਮਕ ਪ੍ਰਚਾਰ ਤੇ ਸਮਾਜਕ ਸੁਧਾਰ ਵਿਚ ਗੁਜ਼ਾਰਿਆ ਅਤੇ ਚਾਰ ਉਦਾਸੀਆਂ ਵਿਚ ਕਸ਼ਮੀਰ ਤੋਂ ਲੰਕਾ ਅਤੇ ਅਸਾਮ ਤੋਂ ਪਿਛਾਵਰ ਤੋਂ ਛੁੱਟ ਅਫਗਾਨੰਸਤਾਨ ਤੇ ਅਰਬ ਆਦਿਕ ਕਈ ਇਸਲਾਮੀ ਦੇਸ਼ਾਂ ਦਾ ਵੀ ਦਉਰਾ ਕੀਤਾ। ਗੁਰੂ ਜੀ ਨੇ ਇਕ ਵਾਹਿਗੁਰੂ ਦੀ ਪੂਜਾ, ਸਭ ਮਾਨੁਖਾਂ ਦੀ ਏਕਤਾ, ਸੇਵਾ ਅਤੇ ਪ੍ਰੇਮ ਦਾ ਉਪਦੇਸ਼ ਦਿਤਾ। ਆਪ ਕਰਤਾਰਪੁਰ ਵਿਚ ਜੋਤੀ ਜੋਤਿ ਸਮਾਏ। ਗੁਰੂ ਨਾਨਕਦੇਵ ਜੀ ਜਿਥੇ ਅਪਣੇ ਸਮੇਂ ਦੇ ਇਕ ਉਘੇ ਧਾਰਮਕ ਆਗੂ ਤੇ ਸਮਾਜਕ ਸੁਧਾਰਕ ਸਨ, ਉਥੇ ਮਹਾਨ ਕਵੀ ਵੀ ਸਨ, ਆਪਦੇ ਉਚਾਰੇ ਹੋਏ ਲਗ ਪਗ ੯੭੩ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਿੰਨ ਭਿੰਨ ਰਾਗਾਂ ਵਿਚ ਦਰਜ ਹੋਏ ਮਿਲਦੇ ਹਨ। ਜਪੁਜੀ, ਪਟੀ, ਆਸਾ ਦੀ ਵਾਰ, ਸਿਧ ਗੋਸਟ, ਮਾਝ ਦੀ ਵਾਰ, ਦੱਖਨੀ ਓਅੰਕਾਰ,

Digitized by Panjab Digital Library | www.panjabdigilib.org

ਤੇ ਬਾਰਹਮਾਹਾ, ਆਪ ਜੀਦੀਆਂ ਕੁਝਕੁ ਚੋਣਵੀਆਂ ਰਚਨਾਵਾਂ ਹਨ, ਗੁਰਦੇਵ ਜੀ ਦੀ ਬਾਂਣੀ ਇਕ ਅਮਰ ਕਾਵ ਹੈ, ਇਸ ਵਿਚ ਜੀਵਨ ਦੀਆਂ ਸਦੀਵੀ ਸਮਸਿਆਵਾਂ ਉਤੇ ਚਾਨਣਾ ਪਾਯਾ ਗਿਯਾ ਹੈ।

ਗੁਰੂ ਅੰਗਦ ਦੇਵ ਜੀ

੧੫੦੪–੧੫੫੨ ਈ:

ਬਿ: ੧੫੬੧–ਬਿ: ੧੬੦੯

ਗੁਰੂ ਅੰਗਦ ਦੇਵ ਜੀਦਾ ਪਹਿਲਾ ਨਾਮੁ ਭਾਈ ਲਹਿਣਾ ਸੀ, ਇਨ੍ਹਾਂ ਦਾ ਜਨਮ ਮੱਤੇ ਦੀ ਸਰਾਂ ਜਿਲਾ ਫਿਰੋਜਪੁਰ ਵਿਚ ਭਾਈ ਫੇਰੂ ਮੱਲ ਖੱਤ੍ਰੀ ਜੀਦੇ ਘਰ ੩੧ ਮਾਰਚ ੧੫੦੪ ਈ: ਨੂੰ ਹੋਇਆ। ਆਪ ਭਜਨ ਬੰਦਗੀ, ਨਿਸ਼ਕਾਂਮ ਸੇਵਾ, ਅਤੇ ਉਪਕਾਰ ਦਾ ਜੀਵਨ ਬਿਤਾਂਦਿਆਂ ਖਡੂਰ ਜਿਲਾ ਅੰਮ੍ਰਤਸਰ ਵਿਚ ਜੋਤੀ ਜੋਤਿ ਸਮਾਏ। ਗੁਰ ਬਾਣੀ ਅਤੇ ਸਿਖ ਇਤਿਹਾਸ ਦੀ ਸੰਭਾਲਨਾ ਉਦਮ ਅਰੰਭਣ ਦਾ ਦਾ ਸਿਹਰਾ ਇਨ੍ਹਾਂ ਦੇ ਹੀ ਸਿਰ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਤੇ ਜੀਵਨੀ ਨੂੰ ਲਿਖਵਾਇਆ, ਅਤੇ ਸਹਿਤ ਨੂੰ ਸੁਰੀਖਅਤ ਕਰਨ ਲਈ ਗੁਰਮੁਖੀ ਲਿਪੀ ਨੂੰ ਪ੍ਰਚੱਲਤ ਕੀਤਾ।

ਜਿਥੋਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪੰਜਾਬੀ ਰਚਨਾ ਦਾ ਸੰਬੰਧ ਹੈ, ਗੁਰੂ ਅੰਗਦਦੇਵ ਜੀ ਦੀ ਬਾਂਣੀ ਅਕਾਰ ਵਜੋਂ ਬਾਕੀ ਸਾਰੇ ਗੁਰੂ ਸਾਹਿਬਾਂ ਨਾਲੋਂ ਥੋੜੀ ਹੈ ॥ ਆਪਨੇ ਕੇਵਲ ਸਲੋਕ ਹੀ ਰਚੇ ਹਨ ਜੋ ਗਿਣਤੀ ਵਿਚ ਸਿਰਫ ੬੩ ਹਨ। ਏਨ੍ਹਾਂ ਦਾ ਕੇਂਦਰੀ ਭਾਵ ਆਦਰਸ਼ਕ ਮੁਰੀਦਾਂ ਦੀ ਰਹਿਣੀ ਬਹਿਣੀ ਦੀ ਵਿਆਖਿਆ ਹੈ।

ਸ੍ਰੀ ਗੁਰੂ ਅਮਰਦਾਸ ਜੀ

੧੪੭੯–੧੫੭੪ ਈ:

ਬਿ: ੧੫੩੬–੧੬੩੧ ਬਿ:

Digitized by Panjab Digital Library | www.panjabdigilib.org

ਗੁਰੂ ਅੰਮਰਦਾਸ ਜੀ ਬਾਸਰਕੇ ਜਿਲਾ ਅੰਮ੍ਰਿਤਸਰ ਦੇ ਵਸਨੀਕ ਸਨ, ਆਪ ਜੀ ਦਾ ਜਨਮ ੫ ਮਈ ੧੪੭੯ ਈ: ਨੂੰ ਸ੍ਰੀ ਤੇਜ ਭਾਨ ਜੀ ਦੇ ਘਰ ਹੋਇਆ, ਇਨ੍ਹਾਂ ਦੀ ਰੁਚੀ ਮੁਢ ਥੋ ਹੀ ਭਗਤੀ ਭਾਵ ਵੱਲ ਸੀ। ਬੁਢੇ ਵਾਰੇ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਏ ਅਤੇ ਟਹਿਲੁ ਥੋ ਮਹਿਲ ਪ੍ਰਾਪਤਿ ਕੀਤਾ। ਆਪ ਜੀ ਨੇ ਜਿਥੇ ਸਿੱਖ ਧਰਮ ਦੀ ਉੱਨਤੀ ਤੇ ਉਸਾਰੀ ਲਈ ਨਿਗਰ ਕੰਮ ਕੀਤਾ, ਉਥੇ ਇਕੋ ਪੰਗਤ ਵਿਚ ਭੋਜਨ ਛਕਨ ਦੀ ਰੀਤ ਚਲਾਕੇ ਭਗਤੀ ਭਾਵਦਾ ਅਮਲੀ ਆਦਰਸ਼ਕ ਦਸਿਆ। ਗੁਰੂ ਅਮਰਦਾਸ ਜੀ ਦੀ ਬਾਂਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ ਵੱਖ ਰਾਗਾਂ ਦੇ ੯੦੭ ਕੁ ਸ਼ਬਦਾਂ ਵਿਚ ਦਰਜ ਹੈ। ਆਪਨੇ ਗੁਰ ਬਾਂਣੀ ਦੀ ਉਤਮਤਾ ਦ੍ਰਿਢਾਂਣ (ਗਾਵਹੁ ਸੱਚੀ ਬਾਣੀ) ਅਤੇ ਮਨੁੱਖਤਾ ਦੀ ਸਮਾਨਤਾ ਦਰਸਾਣ (ਮਾਟੀ ਏਕ ਸਗਲ ਸੰਸਾਰਾ) ਲਈ ਡਾਢੀ ਸ਼ਰਧਾ ਪੂਰਤਾ ਰਚਨਾਂ ਕੀਤੀ ਹੈ। ਸਮਾਜ ਦੀਆਂ ਕੁਰੀਤੀਆਂ ਵਿਰੁਧ ਅਵਾਜ਼ ਉਠਾਈ ਹੈ, ਅਤੇ ਦੁਖੀ ਸੰਸਾਰ ਦੀ ਪੀੜਾਂ ਨੂੰ ਮਹਿਸੂਸਦੇ ਹੋਇਆਂ ਆਪਣੇ ਵਿਸ਼ਾਲ ਹਿਰਦੇ ਵਿਚੋਂ "ਜਗਤੁ ਜਲੰਦਾ ਰਖਿ ਲੈ ਆਪਣੀ ਕ੍ਰਿਪਾ ਧਾਰਿ। ਜਿਤੁ ਦੁਆਰੇ ਉਧਰੈ ਤਿਤੈ ਲੈਹੁ ਉਬਾਰਿ ॥ ਦੀ ਸਰੋਦੀ ਹੂਕ ਕੱਢੀ ਹੈ।

(ਬਾਬਾ ਸੁੰਦਰ ਜੀ)

ਬਾਬਾ ਸੁੰਦਰ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤ੍ਰ ਅਤੇ ਅਨੰਦ ਜੀ ਦੇ ਸਪੁੱਤ੍ਰ ਸਨ। ਬਾਬਾ ਜੀ ਦੀ ਰਚਨਾਂ ਕੇਵਲ (ਸਦੁ) ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬੁ ਦੇ ਰਾਗੁ ਰਾਮਕਲੀ ਵਿਚ ਦਰਜ ਹੈ।

ਸ੍ਰੀ ਗੁਰੂ ਰਾਮਦਾਸ ਜੀ

੧੫੩੪–੧੫੮੧ ਈ:

ਬਿ; ੧੫੯੧–ਬਿ; ੧੬੩੮

Digitized by Panjab Digital Library | www.panjabdigilib.org

ਕਿਸੇ ਨੂੰ ਕੀ ਪੱਤਾ ਸੀ ਕਿ ਗ੍ਰੀਬੀ ਵਿਚ ਜੰਮੇ ਤੇ ਯਤੀਮੀ ਵਿਚ ਪਲੇ, ਘੁੰਗਣੀਆਂ ਵੇਚਨ ਵਾਲੇ (ਜੇਠਾ) ਜੀ ਕਿਸੇ ਦਿਨ (ਧੰਨੁ ਧੰਨੁ ਰਾਮਦਾਸ ਗੁਰ ਜਿਨ ਸਿਰਿਆ ਤਿਨੇ ਸੁਵਾਰਿਆ) ਕਰਕੇ ਧਿਆਇ ਜਾਂਣਗੇ, ਆਪਦਾ ਜਨਮ ੨੪ ਸਤੰਬ੍ਰ ਸੰਨ ੧੫੩੪ ਈ: ਨੂੰ ਚੂਨਾ ਮੰਡੀ, ਲਹੌਰ ਦੇ ਇਕ ਸੋਢੀ ਘਰਾਣੇ ਵਿਚ ਹੋਯਾ, ਆਪ ਗੋਇੰਦਵਾਲ ਵਿਚ ਜੋਤੀ ਜੋਤਿ ਸਮਾਏ। ਸਿਖੀ ਦਾ ਕੇਂਦਰ, ਅੰਮ੍ਰਤਸਰ, ਉਨ੍ਹਾਂ ਦੀ ਅਮਰ ਯਾਦਗਾਰ ਹੈ। ਗੁਰੂ ਰਾਮਦਾਸ ਜੀਨੇਂ ਬਹੁਤ ਸਾਰੇ ਰਾਗਾਂ ਵਿਚ ਲਗ ਬਗ ੬੭੯ ਸ਼ਬਦ ਉਚਾਰੇ ਹਨ। ਇਨ੍ਹਾਂ ਦੇ ਫੁਟਕਲ ਸ਼ਬਦਾਂ ਸਲੋਕਾਂ ਤੋਂ ਛੁੱਟ ਘੋੜੀਆਂ, ਪਹਰੇ, ਕਰਹਲਾ ਤੇ ਵਣਜਾਰਾ ਆਦਿ ਸਿਰਲੇਖਾਂ ਹੇਠ ਵੀ ਅਕਾਲ ਪੁਰਖ ਦੀ ਉਪਮਾਂ ਗਾਇਨ ਕੀਤੀ ਹੈ। ੪੬ ਕੁ ਅਸ਼ਟਪਦੀਆਂ ਅਤੇ ੩੯ ਕੁ ਛੰਦ ਵੀ ਰਚੇ ਹਨ। ਛੰਤ ਉਨ੍ਹਾਂ ਦੀ ਚੋਣਵੀਂ ਕ੍ਰਿਤ ਹੈ ਆਪਜੀਦੀ ਸੱਮੁਚੀ ਬਾਂਣੀ ਦਾ ਵਿਸ਼ਾ ਇਕੋ ਪ੍ਰੇਮ ਹੀ ਪ੍ਰਤੀਤ ਹੁੰਦਾ ਹੈ।

ਭਾਈ ਗੁਰਦਾਸ ਜੀ

ੴ੧੫੫੯–੧੬੩੭ ਈ:

ਬਿ: ੧੬੧੫–ਬਿ: ੧੬੯੪

ਭਾਈ ਗੁਰਦਾਸ ਜੀਦਾ ਜਨਮ, ਬਾਸਰਕੇ, ਜਿਲਾ ਅੰਮ੍ਰਿਤਸ੍ਰ ਦੇ ਵਸਨੀਕ ਭਾਈ ਚੰਦ੍ਰਭਾਨ ਜੀਦੇ ਘਰ ਗੋਇੰਦਵਾਲ ਹੋਇਆ, ਆਪ ਗੁਰੂ ਅਮਰਦਾਸ ਜੀਦੇ ਭਤੀਜੇ ਤੇ ਗੁਰੂ ਅਰਜਨਦੇਵ ਜੀਦੇ ਮਾਮੇਂ ਸਨ, ਭਾਈ ਜੀ ੧੫੭੯ ਈ: ਵਿਚ ਸਿਖ ਬਣੇ ਅਤੇ ਸਿੱਖ ਸੰਸਾਰ ਵਿੱਚ ਉਹ ਸਥਾਂਨਿ ਪ੍ਰਾਪਤਿ ਕੀਤਾ ਜੋ ਹਿੰਦੂਆਂ ਵਿਚ ਰਿਸ਼ੀ ਵਿਆਸ, ਈਸਾਈਆਂ ਵਿਚ ਸੇਂਟਪਾਲ ਤੇ ਮੁਸਲਮਾਨਾਂ ਵਿਚ ਇਮਾਮ ਆਜ਼ਮ ਨੂੰ ਪ੍ਰਾਪਤਿ ਹੈ॥

ਭਾਈ ਗੁਰਦਾਸ ਸੀ ਆਪਣੇ ਸਮੇਂ ਦੇ ਮੰਨੇ ਪ੍ਰਮੰਨੇ ਵਿਦਵਾਨ

Digitized by Panjab Digital Library | www.panjabdigilib.org

ਉਘੇ ਪ੍ਰਚਾਰਕ ਤੇ ਉੱਚ ਚੋਟੀ ਦੇ ਕਵੀ ਸਨ, ਆਪ ਵਰਗਾ ਕੋਸ਼ ਕਾਰ ਅਤੇ ਟੀਕਾਕਾਰ ਹੋਰ ਕੋਈ ਨਹੀਂ ਹੋਇਆ, ਆਪ੍ਰ ਸੰਸਕ੍ਰਿਤ, ਫਾਰਸੀ, ਹਿੰਦੀ, ਤੇ ਪੰਜਾਬੀ ਆਦਿ ਕਈ ਬੋਲੀਆਂ ਅਤੇ ਉਨ੍ਹਾਂ ਦੇ ਸਹਿਤ ਤੋਂ ਚੰਗੀਤਰਾਂ ਜਾਣੂ ਸਨ, ਸਿਖ ਅਸੂਲਾਂ ਦੀ ਵਿਆਖਿਆ ਕ੍ਰਨ ਦੀ ਪਹਿਲ ਆਪਨੇਂ ਹੀ ਕੀਤੀ ਅਤੇ ਗੁਰ ਆਸ਼ੇ ਨੂੰ ਬੜੇ ਸੁਚੱਜੇ, ਤੇ ਸੁਖੈਨ ਢੰਗ ਨਾਲ ਬਿਆਨਿਆ। ਇਸ ਲਈ ਆਪ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ (ਕੁੰਜੀ) ਹੋਣ ਦਾ ਮਾਂਣ ਬਖਸ਼ਿਆ ਗਿਆ। ਆਦਿ ਬੀੜ ਦੇ ਲਿਖਾਰੀ ਵੀ ਤਾਂ ਆਪ ਹੀ ਸਨ।

ਭਾਈ ਗੁਰਦਾਸ ਜੀ ਨੇਂ ਹਿੰਦੀ ਵਿਚ ੫੫੬ ਕਬਿੱਤ ਪੰਜਾਬੀ ਵਿਚ ੩੯ ਵਾਰਾਂ ਰੱਚੀਆਂ, ਆਪ੍ਰ ਦੀਆਂ ਵਾਰਾਂ ਪੰਜਾਬੀ ਤੇ ਸਹਿੱਤ ਦਾ ਇਕ ਬਹੁਤ ਜਰੂਰੀ ਤੇ ਵਡਿ-ਮੁਲਾ ਹਿਸਾ ਹਨ। ਭਾਈ ਜੀਦੀ ਰੱਚਨਾ ਸਾਹਿਤੱਕ ਕਾਰੀਗਰੀ ਦਾ ਨਮੂਨਾ ਹੈ। ਆਪਨੇ ਡਾਢੀ ਟਕਸਾਲੀ ਤੇ ਢੁਕਵੀਂ ਬੋਲੀ ਵਰਤੀ ਹੈ।

(ਭੱਟ)

ਭਟ ਸ੍ਰੀ ਕ੍ਰਿਸ਼ਨ ਮਹਾਂਰਾਜ ਤੇ ਸ੍ਰੀ ਰਾਮਚੰਦਰ ਜੀ ਦੇ ਉਪਾਸਕ ਸਨ। ਏਹ ਗੁਰੂ ਅਰਜਨ ਦੇਵ ਜੀਦੇ ਗੁਰ–ਗੱਦੀ ਉਤੇ ਬਿਰਾਜਮਾਨ ਸਮੇਂ, ਸੰਨ ੧੫੯੭ ਈ: ਦੇ ਨੇੜੇ ਤੇੜੇ ਗੋਇੰਦਵਾਲ ਪੁਜੇ ਜਾਪਦੇ ਹਨ, ਇਨ੍ਹਾਂ ਦੀ ਰਚਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ (ਸਵਯੇ ਸ੍ਰੀ ਮੁਖਵਾਕਯ) ਦੇ ਸਿਰ ਲੇਖ ਹੇਠਾਂ ਦਰਜ ਹੈ। ਏਹ ਸਵੱਯੇ ਗੁਰੂ ਮਿਲਾਪ ਵੇਲੇ ਹੀ ਉਚਾਰੇ ਗਏ ਦੱਸੇ ਜਾਂਦੇ ਹਨ। ਗੁਰੂ ਜੀ ਨੇਂ ਇਨ੍ਹਾਂ ਨੂੰ ਗੁਰ ਆਸ਼ੇ ਅਨਕੂਲ ਖਿਆਲ ਦੇ ਹੋਇਆਂ ਅਪਨੇ ਸੱਵਈਆਂ ਨਾਲ ਦਰਜ ਕਰਾ ਦਿਤਾ।

ਭੱਟਾਂ ਦੇ ਸਵੱਯਈਆਂ ਦੀ ਗਿਣਤੀ ੧੨੩ ਹੈ ਪਰ ਇਹ ਸਾਰੇ ਦੇ ਸਾਰੇ ਸਵੱਯੀਏ ਦੇ ਪ੍ਰਚਲਤ ਰੂਪ ਵਿਚ ਨਹੀਂ ਹਨ। ਇਨ੍ਹਾਂ ਵਿਚ ਕਬਿੱਤ, ਸੋਰਠਾ, ਝੂਲਨਾ, ਤੇ ਛਪਾ ਆਦਿਕ ਛੰਦਾਂ ਵਿਚ ਗਾਇਨ

Digitized by Panjab Digital Library | www.panjabdigilib.org

ਕੀਤੀ ਗਈ ਰਚਨਾਂ ਵੀ ਸ਼ਾਮਲ ਹੈ। ਇਸ ਸਿਰ ਲੇਖਦਾ ਕਾਰਨ ਸਵੱਈਏ, ਛੰਦਾਂ ਦਾ ਆਮ ਤੌਰ ਤੇ ਵਡਿਆਈ ਕਰਨ ਲਈ ਵਰਤਿਆ ਜਾਣਾ ਹੋਣਾ ਹੈ, ਭੱਟ–ਬਾਂਣੀ ਦਾ ਮੰਤਵ, ਭੱਟਾਂ ਦੇ ਜਥੇਦਾਰ ਭੱਟ-ਕਲਸਹਾਰ ਜੀਦੇ ਆਪਣੇ ਸ਼ਬਦਾਂ ਵਿਚ ਗੁਰ ਉਪਮਾਂ ਹੈ । ਭੱਟਾਂ ਨੇ ਗੁਰੂ ਸਾਹਿਬਾਂ ਨੂੰ ਪਾਰਬ੍ਰਹਮ ਗੁਰ ਨਾਹੀਂ ਭੇਦ ਅਨੁਸਾਰ ਪ੍ਰਮਾਤਮਾਂ ਦੀ ਜਾਗਦੀ ਜੋਤਿ ਜਾਣਦਿਆਂ ਹੋਇਆਂ ਉਨ੍ਹਾਂ ਦਾ ਨਾਉਂ ਲੈ ਲੈਕੇ, ਉਨ੍ਹਾਂ ਦੀ ਉਸਤਤਿ ਗਾਵੀ ਹੈ। ਪਹਿਲਾਂ ਪੰਜ ਗੁਰੂਆਂ ਜੀਵਨ ਤੇ ਆਚਰਣ ਦੇ ਖਾਸ ਖਾਸ ਪ੍ਰਭਾਵਾਂ ਨੂੰ ਵੀ ਚਿਤ੍ਰਿਆ ਹੈ ਅਤੇ ਨਾਲ ਹੀ ਭਾਈ ਗੁਰਦਾਸ ਜੀ ਵਾਂਗ ਛੋਟੇ ਪੈਮਾਨੇ ਤੇ ਗੁਰਮਤ ਦੀ ਵਿਆਖਿਆ ਵੀ ਕੀਤੀ ਹੈ। ਭੱਟਾ ਦੀ ਬੋਲੀ ਨੂੰ ਭਟੱਈ ਭਾਖਾ ਹੀ ਕਿਹਾ ਜਾ ਸਕਦਾ ਹੈ। ਇਨ੍ਹਾਂ ਦਾ ਬਿਆਂਨ ਸੰਕੁੰਚਵਾਂ ਤੇ ਸ਼ਰਧਾ–ਪੂਰਤ ਹੈ। ਇਨ੍ਹਾਂ ਦੀ ਰੱਚਨਾਂ ਦੀ ਤਰਤੀਬ ਸੰਮੂਹ ਬਾਂਣੀ ਲਈ ਵਰਤੇ ਗਏ ਨਿਯਮ ਅਨੁਸਾਰ ਹੈ । ਹਰਿ ਗੁਰ-ਮਹਲ੍ਹੇ ਬਾਰੇ ਕੀਤੀ ਗਈ ਉਪਮਾਂ ਵਖ ਵਖ ਥਾਂ ਦਰਜ ਹੈ। ਜਿਵੇਂ ਸਵੱਯੀਏ ਮਹਲੇ ਤੀਜੇ ਕੇ ੩ ਦੇ ਸਿਰਨਾਵੇਂ ਹੇਠ ਕੇਵਲ ਓਹ ਸਵੱਯੀਏ ਦਰਜ ਹਨ, ਜੋ ਉਨ੍ਹਾਂ ਨੇ ਕੇਵਲ ਗੁਰੂ ਅਮਰਦਾਸ ਜੀ ਦੀ ਉਸਤਿਤੁ ਵਿਚ ਉਚਾਰੇ ਸਨ। ਭੱਟ ਬਾਂਣੀ ਦੀ ਵਿਆਕਰਣਕ ਰੀਤ ਵੀ ਓਹ ਹੈ ਜੋ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਗਈ ਹੈ।

Digitized by Panjab Digital Library | www.panjabdigilib.org

(ਭੱਟਾਂ ਗਿਆਰਾਂ ਦੇ ਨਾਉ)

ਭੱਟ *ਕਲਸਹਾਰ, ੧ ਭੱਟ ਜਾਲਪ ੨, ਭੱਟ ਕੀਰਤ ੩, ਭੱਟ ਭਿਖਾ ੪, ਭੱਟ ਸੱਲ ੫, ਭੱਟ ਭੱਲ ੬, ਭੱਟ ਨੱਲ੍ਹ ੭, ਭੱਟ ਗਇੰਦ ੮, ਭੱਟ ਮਥਰਾ ੯, ਭੱਟ ਬੱਲ੍ਹ ੧੦, ਭੱਟ ਹਰਿਬੰਸ ੧੧।

(ਬਲਵੰਡ ਅਤੇ ਸੱਤਾ)

†ਬਲਵੰਡ ਅਤੇ ਸੱਤਾ ਗੁਰੂ ਘਰ ਦੇ ਕੀਰਤਨੀਏ ਸਨ, ਇਨ੍ਹਾਂਦੇ ਸੰਸਾਰਕ ਰਿਸ਼ਤੇ ਬਾਰੇ ਕੋਈ ਭਰੋਸੇ ਦਾਰ ਗੁਵਾਹੀ ਨਹੀ ਮਿਲਦੀ, ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਇਕ ਦੀ ਧੀ ਦੇ ਵਿਆਹ ਤੇ ਗੁਰ ਦਰਬਾਰ ਤੋਂ ਮਨ-ਮਰਜੀ ਅਨੁਸਾਰ ਮਾਇਕ-ਸਹਾਇਤਾ ਨਾ ਮਿਲਣ ਕਰਕੇ ਇਨ੍ਹਾ ਨੇ ਹੰਕਾਰ ਵਿਚ ਆਕੇ ਗੁਰੂ ਘਰਦੀ ਬਿਅੱਦਬੀ ਕੀਤੀ। ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰ) ਅਨੁਸਾਰ ਫਿਟਕਾਰੇ ਗਏ। ਜਦ ਆਪਣੀ ਭੁਲ ਦਾ ਇਹਸਾਸ ਹੋਇਆ ਤਾਂ ਮਾਫੀ ਮੰਗਣ ਤੌਂ ਮੁੜ ਵਰੋਸਾਏ ਗਏ। ਇਨ੍ਹਾਂ ਦੀ ਸਾਂਝੀ ਕ੍ਰਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਕੀ ਵਾਰ ਰਾਏ ਸੱਤੇ ਬਲਵੰਡਿ ਸਤੇ ਡੂਮਿ ਆਖੀ ਦੇ ਸਿਰਨਾਵੇਂ ਹੇਠ ਦਰਜ ਹੈ। ਇਸਨੂੰ ਟਿਕੇ ਦੀ ਵਾਰ ਵੀ ਆਖਿਆ ਜਾਂਦਾ ਹੈ। ਇਸ ਦੀਆਂ ਕੇਵਲ ਅੱਠ ਪਉੜੀਆਂ ਹਨ। ਪਹਿਲੀ ਤੇ ਚਉਥੀ ਪਉੜੀ ਵਿਚ ਨਾਨਕ ਈਸਰਿ ਜਗ ਨਾਥ (ਦੀ ਉਪਮਾਂ) ਕੀਤੀ ਗਈ ਹੈ। ਦੂਜੀ, ਤੇ ਤੀਜੀ, ਤੇ ਪੰਜਵੀ ਪਉੜੀ ਗੁਰ ਅੰਗਦਦੇਵ ਜੀ ਦੀ ਉਸਤਿਤੁ ਵਿਚ ਰਚੀ ਗਈ ਹੈ।

ਛੇਵੀ ਵਿਚ ਗੁਰੂ ਅਮਰਦਾਸ ਜੀਦੀ, ਸਤਵੀ ਵਿਚ "ਧੰਨੁ ਧਨੁ ਰਾਮਦਾਸ ਗੁਰੂ ਜੀ ਦੀ, ਅਤੇ ਅੱਠਵੀ ਵਿਚ ਗੁਰੂ ਅਰਜਨਦੇਵ ਜੀਦੀ

---

*ਏਹ ਭੱਟ ਕਲਸਹਾਰ ਭਟਾਂ ਦਾ ਜਥੇਦਾਰ ਸੀ,

†ਬਲਵੰਡ ਅਤੇ ਸੱਤਾ ਏਹ ਰਬਾਬੀਆਂ ਦੇ ਆਗੂ ਸਨ ਅਤੇ ਏਹਨਾਂ ਦੇ ਨਾਲ ਹੋਰ ਭੀ ਰਬਾਬੀ (ਮੁਰਾਦ) ਆਦਿਕ ਹੋ ਸਨ, ਨਿਰੰਜਨੀਆਂ ਜਨਮ ਸਾਖੀ ਮੈਂ ਮੁਰਾਦ ਰਬਾਬੀ ਕਾ ਨਾਮ ਔਦਾ ਹੈ। ਗੁਰੂ ਹੰਦਾਲੁ ਜੀ ਕੀ ਜਨਮ ਸਾਖੀ ਨਿਰੰਜਨੀਆ ਕੂਕੇ ਸੱਦੀ ਦੀ ਹੈ, ਪੰਨਾ ੪੬,

Digitized by Panjab Digital Library | www.panjabdigilib.org

ਵਡਿਆਈ ਕੀਤੀ ਗਈ ਹੈ। ਇਹ ਵਾਰ ਇੱਕ ਸੁਚੱਜੀ ਹੁਨਰ-ਕ੍ਰਿਤ ਹੈ। ਇਸ ਵਿਚ ਇਕੋ ਕੇਂਦਰੀ ਖਿਆਲ-"ਜੋਤਿ ਉਹਾ ਜੁਗਤਿ ਸਾਇ, ਸਹਿ ਕਾਇਆਂ ਫੇਰ ਪਲਟੀਐ"-ਕੰਮ ਕਰ ਰਿਹਾ ਹੈ। ਵਾਰਦੀ ਸ਼ਲਦਾਵਲੀ ਡਾਢੀ ਰਸੀਲੀ, ਭਾਵ-ਪੂਰਤ ਤੇ ਅਲੰਕ੍ਰਿਤ ਹੈ। ਨਿੰਮ੍ਰਤਾ ਤੇ ਸ਼ਰਧਾ-ਭਾਵ ਡੁਲ੍ਹ ਡੁਲ੍ਹ ਪੈਂਦਾ ਹੈ।

ਸ੍ਰੀ ਗੁਰੂ ਅਰਜਨਦੇਵ ਜੀਦੇ, ਸੱਤਾ ਅਤੇ ਬਲਵੰਡ ਏਹ ਰਬਾਬੀ ਸਨ ਅਤੇ ਏਹਨਾ ਦੇ ਨਾਲ ਇਕ ਹੋਰ ਰਬਾਬੀ *(ਮੁਰਾਦ) ਆਦਿਕ ਵੀ ਸਨ। ਪ੍ਰੰਤੂ ਹੋਰਨਾਂ ਰਬਾਬੀਆ ਵਿਚੋਂ ਸੱਤਾ, ਬਲਵੰਡ, ਆਰੂ ਸਨ, ਅ੍ਰਥਾਤਿ ਜਥੇਦਾਰ ਆਦਿਕ ਮਸ਼ਹੂਰ ਸਨ।

ਗੁਰੂ ਅਰਜਨ ਦੇਵ ਜੀ

੧੫੬੩-੧੬੦੬ ਈ:

ਬਿ: ੧੬੨੦-ਬਿ: ੧੬੬੩

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ ਗੋਇੰਦਵਾਲ, ਜਿਲਾ ਅੰਮ੍ਰਿਤਸਰ, ਵਿਚ ਹੋਇਆ। ਆਪ ਆਤਮਕ-ਵਾਯੂ ਮੰਡਲ ਵਿਚ ਜੰਮੇ, ਪਲੇ ਤੇ ਪੜ੍ਹੇ, ਨਾਨਾ ਜੀ ਤੋਂ 'ਦੋਹਿਤਾ ਬਾਣੀ ਦਾ ਬੋਹਥਾ' ਦੀ ਅਸੀਸ ਪ੍ਰਾਪਤਿ ਕੀਤੀ ਅਤੇ ੧੮ ਕੁ ਸਾਲ ਦੀ ਉਮਰ ਵਿਚ ਗੁਰ ਗਦੀ ਉਤੇ ਬਿਰਾਜਮਾਨ ਹੋਏ। ਗੁਰੂ ਜੀ ਪ੍ਰਭੂ ਭਗਤੀ ਨਿਸ਼ਕਾਮ, ਸੇਵਾ ਅਤੇ ਅਦੁੱਤੀ ਕੁਰਬਾਨੀ ਦੇ ਸਾਕਾਰ ਰੂਪ ਸਨ। ਓਹਨਾਂ ਨੇਂ ਮੁਗਲ ਬਾਦਸ਼ਾਹ, (ਜਹਾਂਗੀਰ) ਦੇ ਹੁਕਮ ਨਾਲ ਦਿਤੇ ਗਏ ਅਸਹਿ ਤੇ ਅਕਹਿ

---

*ਮੁਰਾਦ ਰਬਾਬੀ ਨੇ ਸ੍ਰੀ ਗੁਰੂ ਅਰਜਨਦੇਵ ਜੀ ਪਾਸ ਇਕ ਸਮੇਂ ਬੇਨਤੀ ਕੀਤੀ ਕਿ ਪਤਾਲ ਕਿਤਨੇ ਹੈਂ ਪਾਤਾਲਾ ਦਾ ਵਰਤਾਰਾ ਮੈਨੇ ਕੋ ਸੰਮਝਾਈਐ ਤਾਂ ਸ੍ਰੀ ਗੁਰੂ ਅਰਜਨਦੇਵ ਜੀ ਨੇ ਕਿਹਾ ਕਿ ਇਕ ਪ੍ਰਭੂ ਦਾ ਭਗਤਿ ਹੰਦਾਲੁ ਸੰਤ ਤਪੁ ਕਰਕੇ ਅਜੇ ਮਗ ਮੇਂ ਆ ਰੇਹਾ ਹੈ ਓਹ ਸੰਤ ਜਾਗਿਆ ਹੋਯਾ ਪ੍ਰੀ ਪੂਰਨ ਹੈ ਓਸ ਪਾਸ ਜਾਕੇ ਨਿੰਮਸ਼ਾਰ ਕਰਕੇ ਪਾਤਾਲਾ ਕਾ ਵਰਤਾਰਾ ਪੁਛੋ ਓਹ ਪਾਤਾਲਾ ਕਾ ਵਰਤਾਰਾ ਸਭ ਸੰਮਝਾ ਦੇਵਨਗੇ ਦੇਖੋ ਨਿਰੰਜਨੀਆਂ ਜਨਮ ਸਖੀ ਪੰਨਾ ੪੬ ਸ, ੬। ਜੋ ਲਿਖਤ ਦੀ ਜਨਮ ਸਾਖੀ ਗੁਰੂ ਬਿਧੀ ਚੰਦ ਵਾਲੀ ਹੈ ਓਸ ਮੇਂ ਸਭ ਨਿਰਨਾ ਕੀਤਾ ਹੈ।

Digitized by Panjab Digital Library | www.panjabdigilib.org

ਕਸ਼ਟਾਂ ਦੀ ਪ੍ਰਵਾਹ ਨਾਂ ਕਰਦਿਆਂ ਹੋਇਆਂ ਪੂਰਨ ਸ਼ਾਂਨਤੀ ਨਾਲ ੩੦ ਮਈ ੧੬੦੬ ਈ: ਨੂੰ ਲਹੌਰ ਸ਼ਹਾਦਤ ਪਾਈ। ਗੁਰੂ ਅਰਜਨ ਦੇਵ ਜੀ ਪੰਜਾਬੀ ਬੋਲੀ ਤੇ ਸਾਹਿੱਤ ਦੇ ਮਹਾਂਨ ਉਸਰੱਈਆਂ ਵਿਚੋਂ ਹਨ। ਆਪ ਨੇਂ ਪਹਿਲੇ ਚਾਰ ਸਾਹਿਬਾਂ, ਘਰ ਦੇ ਨਿਕਟ ਵਰਤੀਆਂ ਅਤੇ ਪੰਦਰ੍ਹਾਂ ਹਿੰਦੂ ਮੁਸਲਮਾਨ ਭਗਤਾਂ ਦੀਆਂ ਮਨੋਹਰ ਰਚਨਾਵਾਂ ਨੂੰ ਇਕੱਤ੍ਰ ਕਰਕੇ ੧੬੦੪ ਈ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ। ਇਸ ਵਿਚ ਇਨ੍ਹਾਂ ਦੀ ਅਪਨੀ ਰਚਨਾ ਸਭ ਤੋਂ ਵਧੀਕ ਹੈ ਜਿਸ ਦੀ ਗਿਣਤੀ ੨੨੧੬ ਸ਼ਬਦਾਂ ਦੇ ਨੇੜੇ ਤੇੜੇ ਹੈ। ਫੁਟਕਲ ਸ਼ਬਦਾਂ, ਸਲੋਕਾਂ, ਤੋਂ ਛੁਟ ਬਾਰਹਮਾਹਾ, ਬਾਵਨ ਅੱਖਰੀ, ਸੁਖਮਨੀ, ਜੈਤ ਸ੍ਰਿ ਦੀ ਵਾਰ, ਡਖਣੇ, ਫੁਨਹੇ ਆਪ ਜੀ ਦੀਆਂ ਕੁਝਕੁ ਚੋਣਵੀਆਂ ਕ੍ਰਿਤਾਂ ਹਨ। ਸੁਖਮਨੀ ਤਾ ਮਾਨੋਂ ਆਪ੍ਰ ਜੀ ਦਾ ਸਾਹਾਕਾਰ ਹੈ। ਗੁਰੂ ਅਰਜਨ ਦੇਵ ਜੀ ਬੋਲੀ ਦੇ ਮਦਾਂਨ ਵਿਚ ਸਾਹਸਵਾਰ ਪ੍ਰਤੀਤ ਹੁੰਦੇ ਹਨ। ਕੇਵਲ ਇਕੋ ਰਚਨਾਂ—ਜੈਤ ਸ੍ਰੀ ਦੀ ਵਾਰ ਵਿਚ ਤਿੰਨ ਬੋਲੀਆਂ ਦੀ ਤ੍ਰਤੀਬ ਵਾਰ ਵਰਤੋਂ ਕਲਾ—ਪ੍ਰਬੀਨਤਾ ਦੀ ਗਵਾਹੀ ਭਰਦੀ ਹੈ।

ਸਮੁੱਚੀ ਬਾਂਣੀ ਉਤੇ ਆਪ੍ਰ ਜੀ ਦੇ ਨਿਜੀ ਤਰਜਰਬਿਆਂ ਦੀ ਮੋਹਰ ਲਗੀ ਹੋਈ ਹੈ।

ਅਮਰ ਬਾਂਣੀ ਚੋਂ ਹਰਨਾਮ ਸਿੰਘ ਸ਼ਾਂਨ ਐਮ. ਏ

Digitized by Panjab Digital Library | www.panjabdigilib.org

੧ ੴ ਸਤਿਨਾਮੁ ਕਰਤਾ ਪੁਰਖੁ

(ਨਿਰੰਜਨੀਏ ਗੁਰੂ ਸਾਹਿਬਾਂ ਦੇ ਅਵਤਾਰ ਧਾਰਨ ਜੋਤੀ ਜੋਤਿ) A.D

੧੬੩੦ ਸ੍ਰੀ ਸਤਿਗੁਰੂ ਬਾਬਾ ਹੰਦਾਲੂ ਜੀ ਪਾਤਿਸ਼ਾਹੀ ਪਹਿਲੀ ੧੭੦੫ 1648

੧੬੬੦ ਸ੍ਰੀ ਗੁਰੂ ਬਿਧੀਚੰਦ ਜੀ ਪਾਤਿਸ਼ਾਹੀ ਦੂਸਰੀ........੧੭੧੫ 1658

੧੬੯੫ ਸ੍ਰੀ ਗੁਰੂ ਦਯਦਾਸ ਜੀ ਪਾਤਿਸ਼ਾਹੀ ਤੀਸਰੀ........੧੭੩੬ 1679

੧੭੧੦ ਸ੍ਰੀ ਗੁਰੂ ਆਕਲਦਾਸ ਜੀ ਪਾਤਿਸ਼ਾਹੀ ਚੌਥੀ........੧੭੭੦ 1713

੧੭੨੬ ਸ੍ਰੀ ਗੁਰੂ ਦਰਸ਼ਨ ਦਾਸ ਜੀ ਪਾਤਿਸ਼ਾਹੀ ਪੰਜਵੀ...੧੭੭੮ 1721

੧੭੪੬ ਸ੍ਰੀ ਗੁਰੂ ਗੋਬਿੰਦ ਦਾਸ ਜੀ ਪਾਤਿਸ਼ਾਹੀ ਛੇਵੀਂ...੧੮੨੦ 1763

੧੭੯੭ ਸ੍ਰੀ ਗੁਰੂ ਮੇਹਰਵਾਨ ਦਾਸ ਜੀ ਪਾਤਿਸ਼ਾਹੀ ਸੱਤਵੀਂ ੧੮੧੨ 1755

੧੮੧੨ ਸ੍ਰੀਗੁਰੂ ਅਮੋਲਕਦਾਸ ਜੀ ਪਾਤਿਸ਼ਾਹੀ ਅੱਠਵੀਂ......੧੮੪੭ 1790

੧੮੩੧ ਸ੍ਰੀ ਗੁਰੂ *ਅਪਾਰਦਾਸ ਜੀ ਪਾਤਿਸ਼ਾਹੀ ਨੌਮੀ......੧੯੦੨ 1845

੧੮੬੦ ਸ੍ਰੀਗੁਰੂ ਹਰਿਕੇਸ਼ੋਦਾਸਜੀ।੧੯੧੨ ਸ੍ਰੀਗੁਰੂਹਰਕਿਸ਼ਨਦਾਸਜੀ 1855

ਪਾਤਿਸ਼ਾਹੀ ਦਸਵੀਂ, ਪਾਤਿਸ਼ਾਹੀ ਦਸਵੀਂ,

੧੮੭੯ ਸ੍ਰੀ ਗੁਰੂ ਗੋਪਾਲਦਾਸ ਜੀ ਪਾਤਿ: ੩ ਫਗਨ ਵਦੀ ੧੯੬੩ 1906

੧੮੮੨ ਸ੍ਰੀ ਗੁਰੂ ਨਿਹਾਲਦਾਸ ਜੀ ਪਾਤਿ: ੧੧ ਵੀ ੧੯੫੯ 1902

੧੮੯੧ ਸ੍ਰੀ ਗੁਰੂ ਚਤਰਦਾਸ ਜੀ ਪਾਤਿਸ਼ਾਹੀ ੧੧ ਵੀ ੧੯੬੧ 1904

---

*ਸ੍ਰੀ ਗੁਰੂ ਅਪਾਰਦਾਸ ਸਾਹਿਬ ਜੀ ਕੇ ਦੋ ਸਾਹਿਬਯਾਦੇ ਸਨ, ਗੱਦੀ ਬੈਠਨ ਦੇ ਵਕਤ ਪੁਰ ਗੁਰੂ ਹਰਿ ਕੇਛੋ ਦਾਸ ਜੀ ਗੁਰੂ ਹਰਿ ਕਿਛਨ ਦਾਸ ਇਨ ਦੋਨੋਂ ਭਾਈਓਂ ਕੀ ਆਪਸ ਮੇਂ ਗਦੀ ਬਾਰੇ ਖਟ ਪੱਟੀ ਹੋਨੇ ਸੇ ਏਥੋਂ ਗਦੀ ਦੋਂਹ ਥਾਈਂ ਹੋ ਗਈ। ਸ੍ਰੀਗੁਰੂਹਰਿਕਿਸ਼ਨ ਦਾਸ ਜੀ ਕੇ ਸ੍ਰੀ ਗੁਰੂ ਚਤਰ ਦਾਸ ਜੀ ਪਾਤਿ: ਗਿਆਰਵੀਂ ਸ੍ਰੀ ਗੁਰੂ ਹਰਿਕੇਸ਼ੋਦਾਸਜੀਕੇ ਸ੍ਰੀਗੁਰੂ† ਗੋਪਾਲਦਾਸਜੀ ਸ੍ਰੀਗੁਰੂ‡ ਨਿਹਾਲਦਾਸਜੀ

†ਪਾਤਿਸ਼ਾਹੀ ੧੧। ‡ਪਾਤਿਸ਼ਾਹੀ ੧੧। ਇਨ ਤੀਨੋਂ ਗੁਰੂਓਂ ਕੀ ਸੰਤਾਨ ਜੰਡਿਆਲਾ ਗੁਰੂ ਮੇਂ ਅਬਾਦ ਹੈ ਅਬ ੧੨ ਵੇਂ ੧੩ ਵੇਂ

Digitized by Panjab Digital Library | www.panjabdigilib.org

੧ਓ ਸਤਿਨਾਮੁ ਕਰਤਾਪੁਰਖੁ

ਤਿਥ ਅਵਤਾਰ ਧਾਰਨ ਦੇ ਗੁਰਪੁਰਬ ਵ ਸੰਮਤ	ਤਿਥ ਗੁਰ ਗੱਦੀ ਬੈਠਨ ਦੇ	ਦਸੋਂ ਗੁਰੂਓਂ ਕੇ ਨਾਮ	ਗੁਰਪੁਰਬ ਜੋਤੀ ਜੋਤਿ ਸੰਮਾਵਨ ਦੇ	ਵਾ ਸੰਮਤ ਬਿ:
੧੫੨੬ ਕਤਕਿ ਸੁਦੀ ਪੂਰਨ:	ਧਰਤੇ ਬੈਠੇ ਆਈ	ਸ੍ਰੀ ਗੁਰੂ ਨਾਨਕ ਦੇਵ ਜੀ	ਅਸੂਵਦੀ ੧੦	੧੫੯੬
੧੫੬੧ ਵਿਸਾਖ ਸੁਖੀ ੧	ਅਸੂ ਵਦੀ ੫......	ਸ੍ਰੀ ਗੁਰੂ ਅੰਗਦ ਦੇਵ ਜੀ	ਚੇਤ੍ਰ ਸੁਦੀ ੪-	੧੬੦੯
੧੫੨੬ ਵਿਸਾਖ ਸੁਦੀ ੧੪	ਚੇਤ੍ਰ ਸੁਦੀ ਏਕਮ...	ਸ੍ਰੀ ਗੁਰੂ ਅਮਰਦਾਸ ਜੀ	ਭਾਦੋਂ ਸੁਦੀ ੫-	੧੬੩੧
੧੫੯੧ ਕਤਕਿ ਵਦੀ ੨	ਭਾਦੋਂ ਸੁਦੀ ੧੩......	ਸ੍ਰੀ ਗੁਰੂ ਰਾਮਦਾਸ ਜੀ	ਭਾਦੋਂ ਸੁਦੀ ੩-	੧੬੩੮
੧੬੨੦ ਵਿਸਾਖ ਸੁਦੀ ੭	ਭਾਦੋਂ ਸੁਦੀ ੨......	ਸ੍ਰੀ ਗੁਰੂ ਅਰਜਨ ਦੇਵ ਜੀ	ਜੇਠ ਸੁਦੀ ੪-	੧੬੬੩
੧੬੫੨ ਹਾੜ ਵਦੀ ਏਕਮ	ਜੇਠ ਵਦੀ ੮.........	ਸ੍ਰੀ ਗੁਰੂ ਹਰਿਗੋਬਿੰਦ ਜੀ	ਚੇਤ੍ਰਸੁਦੀ ਪੰਚਮੀ	੧੬੯੫
੧੬੮੭ ਮਾਘ ਸੁਦੀ ੧੩	ਚੇਤ੍ਰ ਵਦੀ ੧੩........	ਸ੍ਰੀ ਗੁਰੂ ਹਰਿਰਾਇ ਜੀ	ਕਤਕਿ ਵਦੀ ੯	੧੭੧੮
੧੭੧੩ ਸਾਵਨ ਵਦੀ ੯	ਕਤਕਿ ਵਦੀ ੯.........	ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ	ਚੇਤ੍ਰ ਸੁਦੀ ੧੪	੧੭੨੧
੧੬੭੮ ਵਿਸਾਖ ਵਦੀ ੫	ਚੇਤ੍ਰ ਸੁਦੀ ੧੪........	ਸ੍ਰੀ ਗੁਰੂ ਤੇਗ ਬਹਾਦਰਜੀ	ਮਘਰ ਸੁਦੀ ੫-	੧੭੩੦
੧੭੨੩ ਪੋਹ ਸੁਦੀ ੭	ਮਘਰ ਸੁਦੀ ੩......	ਸ੍ਰੀ ਗੁਰੂ ਗੋਬਿੰਦ ਸਿੰਘ ਜੀ	ਕਤਕਿ ਸੁਦੀ ੫	੧੭੫੬
ਵਿਸਾਖ ਪਹਿਲੀ	... ...	ਖਾਲਸਾ ਪੰਥ ਪ੍ਰਗਟਿਆ	... ...	
ਭਾਦੋਂ ਸੁਦੀ ਏਕਮ	ਬੀੜ ਬਧੀ	ਸ੍ਰੀ ਗੁਰੂ ਗ੍ਰੰਥ ਸਾਹਿਬ	... ...	੧੬੬੧
ਦਸਾਂ ਗੁਰੂ ਸਾਹਿਬਾਂ ਦੇ	ਜਨਮ ਵਾ ਸੰਮਤ ਵਾ	ਗਦੀ ਉਤੇ ਬੈਠਨ	ਦੇ ਤਿਥਾਂਤੇ ਜੋਤੀ	ਜੋਤਿ ਸਮਾਵਨ ਸੰਮਤ ਦਸੇ ਗਏ ਹਨ

Digitized by Panjab Digital Library | www.panjabdigilib.org

੧ ੴ ਸਤਿਨਾਮੁਕਰਤਾਪੁਰਖੁ

ਪਾਠਕਾਂ ਦੇ ਪੜਨ ਹਿਤ ਸੌਖੇ ਢੰਗ ਸੇ ਰਾਗ ਤੇ ਰਾਗਾਂ ਦੀਆਂ ਰਾਗਨੀਆਂ ਇਸਤ੍ਰੀਆਂ ਓਹਨਾਂ ਦੇ ਪੁਤ੍ਰਾਂ ਦਾ ਨਕਸ਼ ਦਿਤਾ ਜਾਂਦਾ ਹੈ,

ਰਾਗ ਭੈਰਉ ਦੀਆਂ ੧ ਭੈਰਵੀ, ੨ਬਿਲਾਵਲੀ, ੩ ਪੁੰਨਿਆਂ ਕੀ, ੪ ਬੰਗਾਲੀ, ੫ ਅਸਲੇਖੀ। ਏਹ ੫ ਰਾਗਨੀਆ ਹੈਂ।	ਰਾਗ ਭੈਰਉਦੇ ਪੁਤਰ੮ਹੈਂ। ੧ ਪੰਚਮ, ੨ ਹਰਖ, ੩ ਦਿਸਾਖ, ੪ ਬੰਗਾਲ, ੫ ਮਧ, ੬ ਮਾਧਵ, ੭ ਲਲਤ, ੮ਬਿਲਾਵਲ ਹੈ।
੨ ਮਾਲਕਸਕ ਦੀਆਂ ਰਾਗਨੀਆ ੫ ਹੈਂ। ੧ ਗੌਡਕਰੀ, ੨ ਦੇਵਗੰਧਾਰੀ, ੩ ਗੰਧਾਰੀ, ੪ ਸੀਹੁਤੀ, ੫ ਧਨਾਸਰੀ। ਏਹ ਰਾਗਨੀਆਂ ੫ ਹੈਂ।	੧ਮਾਰੂ, ੨ ਮਸਤਾਂਗ, ੩ ਮੇਵਾਰ, ੪ ਪ੍ਰਬਲ, ੫ ਚੰਡਕਉਸਕ, ੬ ਖਉ, ੭ ਖਟ, ੮ ਭਉਰਾਨਦ। ਏਹ ਪੁਤਰ ੮ ਹੈਂ।
੩ ਰਾਗ ਹਿੰਡੋਲ ਦੀਆਂ ੧ ਤੇਲੰਗੀ, ੨ ਦੇਵਕਰੀ, ੩ ਬਸੰਤੀ, ੪ ਸੰਦੂਰੀ ੫ ਅਹੀਰੀ, ਏਹ ਰਾਗਨੀਆਂ ੫ ਹੈਂ।	੧ ਸੁਰਮਾਨੰਦ, ੨ ਭਾਸਕਰ, ੩ ਚੰਦ੍ਰਬਿੰਬ, ੪ ਮੰਗਲਨ, ੫ ਸੁਸਬਾਨ, ੬ ਬਿਨੋਦ, ੭ ਬਸੰਤ, ੮ ਕਮੋਦ, ਏਹ ਪੁਤ੍ਰ ੮ ਹੈਂ।
੪ ਦੀਪਕ ਰਾਗ ਦੀਆਂ ੧ ਕਛੇਲੀ, ੨ ਪਟਮੰਜਰੀ, ੩ ਟੋਡੀ,	੧ ਕਲੰਕਾ, ੨ ਕੁੰਤਲ, ੩ ਰਾਂਮਾ ੪ ਕਮਲਾ ਕੁਸਮ, ੫

Digitized by Panjab Digital Library | www.panjabdigilib.org

੪ ਕਮੋਦੀ, ੫ ਗੁਜਰੀ । ਏਹ ਰਾਗਨੀਆਂ ੫ ਹੈਂ ।

੫ ਸ੍ਰੀ ਰਾਗ ਦੀਆਂ

੧ ਬੈਰਾਗੀ, ੨ ਕਰਨਾਟੀ, ੩ ਗਵਰੀ, ੪ ਆਸਾਵਰੀ, ੫ ਸਿੰਧਵੀ, ਏਹ ਰਾਗਨੀਆਂ ੫ ਹੈਂ ।

ਰਾਗ ਮੇਘ ਦੀਆਂ

੧ ਸੋਰਠ, ੨ ਗੋਂਡ, ੩ ਮਲਾਰੀ, ੪ ਆਸਾ, ੫ ਸੂਹਉ। ਏਹ ਰਾਗਨੀਆਂ ੫ ਹੈਂ ।

ਚੰਪਕ, ੬ ਗਾਉਰਾ, ੭ ਕਾਨੜਾ, ੮ ਕਲਜਾਨਾ। ਏਹ ਪੁਤ੍ਰ ੮ ਹੈਂ ।

੧ ਸਾਲੂ, ੨ ਸਾਰੰਗ ੩ ਸਾਗਰਾ, ੪ ਗੌਡ, ੫ ਗੰਭੀਰ. ੬ ਗੁੰਡ, ੭ ਕੁੰਭ, ੮ ਹਮੀਰ। ਏਹ ਪੁਤ੍ਰ ੮ ਹੈਂ।

੧ ਬੈਰਾਧਰ, ੨ ਗਜਧਰ, ੩ ਕਿਦਾਰਾ, ੪ ਜਬਲੀਧਰ, ੫ ਨਟ, ੬ ਜਲਧਾਰਾ, ੭ ਸ਼ੰਕਰ, ੮ ਸਿਆਮਾਂ। ਏਹ ਪੁਤ੍ਰ ੮ ਹੈਂ ।

Digitized by Panjab Digital Library | www.panjabdigilib.org

ੴ ਸਤਿਨਾਮ ਕਰਤਾ ਪੁਰਖੁ

ਸ੍ਰੀ ਗੁਰੂ ਸਾਹਿਬਾਂ ਦੀ ਪਿਆਰੀ ਸਾਧ ਸੰਗਤਿ ਜੀ ਤੇ ਪਾਠਕ ਜਨੋ ਤੇ ਸ੍ਰੋਤੇ ਜਨੋ ਸ੍ਰੀ ਗੁਰੂ ਬਾਬਾ ਹੰਦਾਲੁ ਸਾਹਿਬ ਕੀ ਛੇਵੀ ਜੋਤਿ ਸ੍ਰੀ ਗੁਰੂ ਗੋਬਿੰਦਦਾਸ ਜੀ ਗਦੀ ਨਸ਼ੀਨ ਹੋਏ ਹਨ, ਏਹਨਾ ਦਾ ਛੋਟਾ ਭਾਈ ਬਾਬਾ ਨਿਹਚਲਦਾਸ ਜੀ ਜੰਡਿਆਲੇ ਦੇ ਰਾਜ ਧਾਨੀ ਜੋ ੯੪ ਪਿੰਡਾਂ ਦਾ ਮਾਲਕ ਹੋਯਾ, ਸ੍ਰੀ ਗੁਰੂ ਗੋਬਿੰਦਦਾਸ ਜੀ ਨੇ ਆਪਨੇ ਛੋਟੇ ਭਾਈ ਨਿਹਚਲਦਾਸ ਜੀ ਨੂੰ ਰਾਜਧਾਨੀ ਰੈਹਨ ਦਿਤੀ, ਅਤੇ ਫਕੀਰੀ ਦਾਵੇ ਗੁਰ ਗਦੀ ਦਾ ਕੰਮ ਅਪਨੇ ਵਡਿਆਂ ਸਤਿਗੁਰਾਂ ਕੀ ਤ੍ਰਾਂ ਸੰਗਤਾ ਨੂੰ ਨਾਮ ਜਪਾਉਂਦੇ ਤੇ ਆਪ ਜਪਦੇ ਤੇ ਖੁਲਾ ਲੰਗਰ ਚਲਾਉਂਦੇ ਰਹੈ, ਜਬ ਬਾਬਾ ਨਿਹਚਲਦਾਸ ਜੀ ਰਾਜਧਾਨੀ ਦਾ ਮਾਲਕ ਅੰਮਰਾ ਪੁਰਕੋ ਪਧਾਰ ਗਏ ਤਾਂ ਬਾਬਾ *ਨਿਹਚਲਦਾਸ ਜੀ ਦੇ ਦੋ ਸਪੁਤ੍ਰ ਬੜਾ ਬਾਬਾ ਦਿਯਾਲਦਾਸ ਜੀ ਤੇ ਛੋਟਾ ਬਾਬਾ ਕਿਰਪਾਲਦਾਸ ਜੀ ਹੋਏ, ਤਾਂ ਸ੍ਰੀ ਗੁਰੂ ਗੋਬਿੰਦਦਾਸ ਜੀਨੇ ਅਪਨੇ ਭਤੀਜੇ ਬਾਬਾ ਦਿਆਲਦਾਸ ਜੀ ਨੂੰ ਅਪਨੀ ਹਥੀ ਰਾਜਧਾਨੀ ਦਾ ਤਿਲਕ ਦਿਤਾ ਸੀ, ਤਾਂ ਗੁਰੂ †ਦਿਆਲ ਦਾਸ ਜੀ †ਕ੍ਰਿਪਾਲਦਾਸ ਜੀ ਨੇ ਦੋਹਾਂ ਭਰਾਵਾਂ ਨੇ ਜੰਡਿਆਲੇ ਦਾ ਰਾਜ ਬੜੇ ਸਲੂਕ ਨਾਲ ਕੀਤਾ, ਤੇ ਅਪਨੀ ਰਿਆਯਾ ਪ੍ਰਜਾਨੂੰ ਬਹੁਤ ਸੁਖ ਦਿਤਾ।

---

*ਗੁਰੂ ਨਿਹਚਲਦਾਸ ਕਿਆ ਨੂੰ ਭਾਵੇ ਗੁਰ ਗਦੀ ਨਹੀ ਸੀ, ਪ੍ਰੰਤੂ ਗੁਰ ਗਦੀ ਦੀ ਅੰਸਾ ਹੋਨ ਕਰਕੇ ਏਹਨਾ ਨੂੰ ਲੋਕ ਸਿਖ ਸੇਵਕ ਗੁਰੂਆਂ ਵਾਂਗੂ ਹੀ ਮੰਨ ਦੇ ਤੇ ਮੰਨਾਉਂਦੇ ਸਨ, ਜਿਸਤ੍ਰਾਂ ਸ੍ਰੀ ਗੁਰੂ ਨਾਨਕਦੇਵ ਜੀ ਦੀ ਗੁਰ ਗਦੀ ਨਸ਼ੀਨ ਥੋਂ ਅਹੈਲਦਾ ਸ਼ਾਖ ਕਰਤਾਰਪੁਰੀਆਂ ਗੁਰੂਆਂ ਦੀ ਹੋਈ ਹੈ, ਆਂਮੁ ਸਿਖ ਸੇਵਕ ਕਰਤਾਰਪੁਰੀਆਂ ਨੂੰ ਗੁਰੂ ਕਰ ਪੂਜਦੇ ਤੇ ਏਹਨਾਂ ਹੀ ਗੁਰੂਆਂ ਥੋਂ ਮੁਕਤੀ ਭੁਗਤੀ ਪਾਉਂਦੇ, ਤੇ ਹਰਿ ਇਕ ਮੁਰਾਦ ਹਾਸਲ ਹੁੰਦੀ ਰਹਿੰਦੀ ਹੈ,

(ਬਾਕੀ ਫੁਟਨੋਟ ਦੇਖੋ ਅਗੇਲੇ ਸਫੇ ਤੇ)

Digitized by Panjab Digital Library | www.panjabdigilib.org

ਤੇ ਸ੍ਰੀ ਗੁਰੂ ਦਿਆਲ ਦਾਸ ਜੀ ਨੇ ਬਹੁਤ ਹੀ ਰਾਜ ਦਾ ਕੰਮ ਕਾਰ ਅਮਦਾ ਚਲਾਉਂਦੇ ਰਹੇ, ਤੇ ਆਪਨੀ ਸਿਖੀ ਸੇਵਕੀ ਨੂੰ ਖੁਲੇ ਨਾਮੁ ਦੇ ਗਫੇ ਵਰਤਾਉਂਦੇ ਰਹੈ, ਅਤੇ ਅਪਨੇ ਨਿਰੰਜਨ ਪੰਥ ਦਾ ਮਾਰਗ ਪੂਰ ਨਿਜ ਸਿਖਾਂ ਸੇਵਕਾਂ ਨੂੰ ਪ੍ਰਚਾਰ ਕਰਕੇ, ਨਿਤਨੇਮ ਜੋ ਬਾਂਣੀ ਖਣ ਆਰਤੀਆਂ ਦਾ ਪ੍ਰਚਾਰ ਆਪ ਜਪਦੇ ਤੇ ਸਿਖਾਂ ਨੂੰ ਜਪਾਂਉਦੇ ਰਹੇ, ਤੇ ਏਸ ਗੁਰੂ ਸਾਹਿਬ ਦਿਆਲ ਦਾਸ ਜੀ ਦੇ ਮੁਖਵਾਕ ਭੀ ਪੂਰੇ ਹੁੰਦੇ ਰਹੇ, ਏਹ ਗੁਰੂ ਬੜੇ ਤੇਜ ਪ੍ਰਤਾਪ ਤਪੱਸੀ, ਤੇ ਸ਼ਾਸਤ੍ਰ ਵਿਦਿਯਾ ਵਿਚ ਆਹਲਾ ਦਰਜੇ ਦੇ ਮਾਹਰ ਸੇ, ਤੇ ਅਪਨੇ ਬਲ ਮੇਂ ਭੀ ਬਹੁਤ ਸੂਰ ਬੀਰ ਹੋਏ ਹਨ, ਫੇਰ ਏਹਨਾ ਦੀ ਸਿਖੀ ਸੇਵਕੀ ਤਾਂ ਬਹੁਤ ਸਾਰੀ ਹੈ, ਪ੍ਰੰਤੂ ਏਹਨਾਂ ਗੁਰਾਂ ਦਾ ਇਕ ਪਿੰਡ ਸਿਖ ਸੇਵਕਾਂ ਚੋਂ ਨਗਰ (ਬੇਪਾਰਾਇ) ਨਾਮੇ ਪਿੰਡ ਥਾ, ਏਸ (ਬੇਪਾਰਾਇ) ਪਿੰਡ ਨੂੰ ਲੁਟੇਰੇ ਤੇ ਡਾਕੂ ਅਮਨਚੈਨ ਨਾਲ ਨਹੀਂ ਸੀ ਵੱਸਨ ਦੇਂਦੇ,ਸ੍ਰੀਗੁਰੂਹਰਿਗੁਬਿੰਦ ਪੁਰੇ ਦਾ ਪਤਨ ਲੰਘਕੇ ਡਾਕੂ ਲੁਟੇਰੇ ਏਸ ਪਿੰਡ ਨੂੰ ਲੁਟ ਪੁਟ ਕੇ ਉਜਾੜ ਜਾਂਦੇ ਸਨ, ਤੇ ਏਹ ਵਿਚਾਰੇ ਓਸ ਮੌਕਿਯਾ ਭਜ ਨੱਸਕੇ ਲਾਂਹਬ ਦੇ ਪਿੰਡਾਂ ਵਿਚ ਜਾ ਕੇ ਦੋ ਦੋ ਤਿੰਨ ਤਿੰਨ ਮਹੀਨੇ ਰਹਿਕੇ ਗੁਜਾਰਾ ਕਰਦੇ

(ਪਿਛਲੇ ੧੬੫ ਸਫੇ ਦਾ ਬਾਕੀ ਫੁਟਨੋਟ)

ਇਸੀਤ੍ਰਾਂ ਗੁਰੂ ਨਿਹਚਲਦਾਸ ਜੀ ਕੀ ਜਿੰਨਾ ਚਿਰ ਸੰਸਾਰ ਵਿਚ ਸ਼ਾਖ ਰਹੀ ਤੇ ਆਂਮੁ ਸਿਖ ਸੇਵਕ ਗੁਰੂ ਕਰ ਹੀ ਮੰਨਦੇ ਮਨਾਉਦੇ ਰਹੇ ਤੇ ਮੁਕਤੀ ਭੁਗਤੀ ਪਾਉਦੇ ਰਹੇ, ਏਹ ਸ਼ਾਖ ਸੰਮਤ ੧੯੩੯ ਨੂੰ ਸੰਸਾਰ ਵਿਚੋ ਬੰਦ ਹੋ ਗਈ, । †ਬਾਬਾ ਕ੍ਰਿਪਾਲਦਾਸ ਜੀ ਲਾ ਵਲਦ ਗੁਜਰ ਗਏ। ‡ਗੁਰੂ ਦਿਆਲਦਾਸ ਜੀ ਸੰਮਤ ਬਿ: ੧੮੯੨ ਨੂੰ ਜਨਮ ਧਾਰਨ ਕੀਤਾ ਤੇ ਸੰਮਤ ਬਿ: ੧੯੨੭ ਮਿਤੀ ਫਗਨ ਸੁਦੀ ੧੧ ਮੰਗਲਵਾਰ ਨੂੰ ਜੋਤੀ ਜੋਤਿ ਸਮਾਏ, ੨੦ ਬਰਸ ਸਾਹਿਬਯਾਦਾ ਰਹੇ, ੨੫ ਬਰਸ ਰਾਜ ਤਿਲਕ ਪ੍ਰ ਬੈਠੇ । ਧਰਮ ਸਸ ਅਰਥਾਤਿ ਧਰਮ ਚੰਦ ਸੇਵਕ ਨੇ ਯਾਦ ਦਸਤ ਲਿਖੀ ਹੋਈ ਸੀ।

Digitized by Panjab Digital Library | www.panjabdigilib.org

ਤੇ ਝੱਟ ਲੰਘਾਂਦੇ ਸਨ, ਤਾਂ ਫਿਰ ਏਹਨਾਂ ਲੋਕਾਂ ਨੇ ਵਿਚਾਰਿਆ ਆਪਣੇ ਬਚਾਉ ਕਾਰਨ ਪਿੰਡ ਦੇ ਉਦਾਲੇ ਪੁਦਾਲੇ ਚਉਤ੍ਰਫੇ ਖਾਈ ਬੜੀ ਗਹਿਰੀ ਖੋਦੀ ਤੇ ਉਦਾਲੇ ਪੁਦਾਲੇ ਦਾ ਜੋ ਪਾਣੀ ਬਾਰਸ਼ ਦਾ ਹੁੰਦਾ ਸੀ, ਏਸ ਪਾਣੀ ਨਾਲ ਖਾਈ ਭਰੀ ਰਹਿੰਦੀ ਸੀ,ਤੇ ਸਾਰੇ ਪਿੰਡਦੇ ਦੋ ਰਸਤੇ ਆਂਹਮੋ ਸਾਹਮਣੇ ਰੱਖੇ, ਤੇ ਇਕ ਮੋਰੀ ਚੜ੍ਹਦੇ ਪਾਸੇ ਰੱਖੀ ਤੇ ਇਕ ਪਿਪਲ ਪਿੰਡ ਦੇ ਵਿਚ ਸੀ, ਓਸਦੇ ਉਤੇ ਇਕ ਨਉਬਤ ਬੰਨ ਰਖੀ ਤੇ ਇਕ ਆਦਮੀ ਉਸ ਨਉਬਤ ਲਾਗੇ ਬੈਠਾਇ ਦਿਤਾ, ਤੇ ਖਾਲੀ ਜੋ ਦੋ ਤਿੰਨ ਰਸਤੇ ਸੀ ਓਹਨਾਂ ਦੇ ਉਤੇ ਫੱਟੇ ਰੱਖ ਦਿਤੇ, ਤੇ ਫੱਟਿਆਂ ਦੇ ਉਤੋਂ ਦੀ ਲੰਘਕੇ ਪਿੰਡਕੇ ਲੋਕ ਬਾਹਰ ਅੰਦਰ ਜਾਂਦੇ ਆਉਂਦੇ ਸੀ, ਅਤੇ ਮਾਲ ਡੰਗਰ ਵੀ ਏਸੇਤਰਾਂ ਫੱਟਿਆਂ ਦੇ ਉਤੋਂ ਦੀ ਲੰਘਾਨ ਸਖਾਇ ਲੇਆ, ਪਿਪਲ ਦੇ ਉਤਲੇ ਆਦਮੀ ਨੇਂ ਦੂਰੋਂ ਦੇਖਣਾ ਕਿ ਔਹ ਡਾਕੂ ਲੁਟੇਰੇ ਔਂਦੇ ਹਨ ਤਾਂ ਓਸੇ ਵੇਲੇ ਨਉਬਤ ਨੂੰ ਡੱਗਾ ਲੌਣਾ ਤਾਂ ਮਾਲ ਡੰਗਰ ਸਭ ਮਨੁਖ ਤੇ ਵਾਗੀ ਬਾਰ੍ਹੋ ਇਕ ਦੰਮ ਪਿੰਡ ਵਿਚ ਆਨਕੇ ਖਾਈ ਦੇ ਤਿੰਨਾਂ ਹੀ ਰੱਸਤਿਆਂ ਉਤੋਂ ਖਿਚ ਲੈਣੇ ਤੇ ਅੰਦਰੀ ਵੜਕੇ ਗੁਜਾਰਾ ਕਰਨਾ, ਕਈ ਕੁ ਜੋ ਆਦਮੀ ਸੂਰਮੇਂ ਸੀ, ਓਹਨਾਂ ਲੁਟੇਰਿਆਂ ਨਾਲ ਬਾਹਰ ਹੀ ਦੋ ਦੋ ਹੱਥ ਕਰ ਲੇਆ ਕਰਦੇ ਸੀ, ਪ੍ਰੰਤੂ ਲੁਟੇਰੇ ਡਾਕੂ ਬਹੁਤ ਹੋਨ ਕਾਰਨ ਏਹਨਾਂ ਸੂਰਮਿਆਂ ਦੀ ਪੇਛ ਨਹੀਂ ਸੀ ਜਾਂਦੀ, ਪਰ ਜਿੰਨੇ ਕੁ ਜੋਗ ਸੂਰਮੇ ਸੀ, ਓਹਨਾਂ ਲੁਟੇਰਿਆਂ ਡਾਕੂਆਂ ਦੇ ਚੰਗੇ ਦੰਦ ਖੱਟੇ ਕਰਦੇ ਸੀ, ਕਈ ਕੁ ਵਾਰੀ ਏਹ ਪਿੰਡ ਉਜੜਿਆ ਤੇ ਬਹੁਤ ਸੱਖਤ ਤਕਲੀਫਾਂ ਉਠਾਈਆਂ । ਅਖੀਰ ਲਚਾਰ ਹੋਕੇ ਪਿੰਡਦੀ ਪੰਚੈਤ ਨੇ ਗੁਰਮੱਤਾ ਪਾਸ ਏਹ ਕੀਤਾ, ਕਿ ਸਾਡੇ ਗੂਰੂ ਜੰਡਿਆਲੇ ਜੋ ਗੁਰੂ ਦਿਆਲਦਾਸ ਜੀ ਬੜੇ ਸੂਰਮੇਂ ਤੇ ਬਹਾਦਰ ਤੇ ਕਰਾਮਾਤੀ ਅਰਥਾਤਿ ਅਜਮਤ ਵਾਲੇ ਹੈਨ, ਚਲੋ ਖਾਂ ਗੁਰੂ ਕਿਆਂ ਪਾਸ ਅਪਨੇ ਦੁਖ ਦੀ ਅਰਜੋਈ ਕਰੀਏ, ਪਿੰਡ ਦੇ ਚਾਰ ਪਾਂਚ ਆਦਿਕ ਸਿਖ ਸੇਵਕ ਜੰਡਿਆਲੇ ਗੁਰੂ ਸਾਹਿਬ ਦਿਆਲਦਾਸ ਜੀ ਪਾਸ ਆਕੇ

Digitized by Panjab Digital Library | www.panjabdigilib.org

ਤੇ ਜਥਾ ਜੋਗ ਭੇਟਾ ਧਰਕੇ ਪੰਚਾਂਗ ਡੰਡਉਤ ਗੁਰੂ ਸਾਹਿਬ ਦੇ ਚਰਨਾ ਪੁਰ ਨਿੰਮਸਕਾਰ ਕੀਤੀ, ਤੇ ਆਪਨਾ ਸਾਰਾ ਸਮਾਚਾਰ ਸਿਖਾਂ ਨੇ ਸੁਨਾਯਾ, ਤਾਂ ਗੁਰੂ ਜੀਨੇਂ ਸੋਚਿਆ ਕਿ ਸਾਡੇ ਸਿਖਾਂ ਨੂੰ ਐਸੀਯਾਂ ਐਸੀਯਾਂ ਤੱਕਲੀਫਾਂ ਹੋ ਰਹੀਆਂ ਹਨ, ਤਦੇ ਹੀ ਦੁਖੀ ਹੋਕੇ ਸਿਖ ਸਾਡੇ ਪਾਸ ਆਏ ਹਨ, ਤਾਂ ਗੁਰੂ ਜੀਨੇ ਨਿਜ ਦਿਲ ਮੇਂ ਬਿਚਾਰ ਕੀਤਾ ਕਿ ਏਹਨਾਂ ਸਿਖਾਂ ਦਾ ਦੁਖ ਨਵਿਰਤ ਕਰੀਏ, ਤਾਂ ਗੁਰੂ ਜੀਨੇ ਸਿਖਾਂ ਨੂੰ ਕਹਿਆਕਿ ਸਿਖੋ ਤੁਸੀਂ ਆਪਨੇਜੀ ਵਿਚ ਤਸੱਲੀ ਰਖੋਗੁਰੂਬਾਬਾ ਹੰਦਾਲੁ ਜੀ ਭਲੀ ਕਰਨਗੇ,ਗੁਰੂ ਜੀ ਨੇ ਲਾਂਗਰੀਆਂ ਨੂੰ ਕਹਿਆ ਕਿ ਏਹਨਾਂ ਸਿਖਾਂ ਨੂੰ ਅੰਨ ਪਾਨੀ ਸ਼ਕਾਓ, ਫੇਰ ਸਿਖਾਂ ਨੇਂ ਗਲ ਮੇਂ ਅੰਚਲਾ ਪਾਕੇ ਦੋ ਕਰਿ ਜੋਰ ਇਕ ਲੱਤ ਦੇ ਆਸਰੇ ਖੜੇ ਹੋਕੇ ਗੁਰੂ ਜੀ ਦੇ ਅਗੇ ਬੇਨਤੀ ਕੀਤੀ ਸਚੇ ਪਾਤਿਸ਼ਾਹ ਜੀ ਸਾਨੂੰ ਅੰਨਪਾਂਣੀ ਖਾਂਣਾ ਤਦੇ ਹੀਸੁਝੇਗਾ,ਸਾਨੂੰ ਜਿਸਤ੍ਰਾਂ ਹੋ ਸਕੇ ਲੁਟੇਰਿਆਂ ਡਾਕੂਆਂ ਥੋਂ ਬਚਾਓ, ਤਾਂ ਫੇਰ ਗੁਰੂ ਜੀਨੇਂ ਕੱਹਿਆ ਤੁਸੀਂ ਸ਼ਾਨਤੀ ਤੇ ਦਿਲ ਥਾਂਵੇਂ ਰਖੋ ਤੇ ਧੀਰਜ ਕਰੋ,ਸ੍ਰੀ ਗੁਰੂ ਹੰਦਾਲੁ ਜੀ ਭਲੀ ਕਰਨਗੇ, ਸਿਖੋ ਤੁਸੀ ਅੰਨ ਪਾਂਣੀ ਸ਼ਕੋ ਛਕਾਓ ਤਾਂ ਸਿਖਾਂ ਨੇ ਅੰਨ ਪਾਣੀ ਛੱਕਿਆ, ਤੇ ਅਪਨੇ ਜੀ ਵਿਚ ਸਿਖਾਂ ਨੇ ਗੁਰ ਬਚਨਾਂ ਪੁਰ ਪੱਕਾ ਨਿਹਚਾ ਕਰ ਭਰੋਸਾ ਧਰਿ ਸਿਖ ਮੁੜ ਘਰਿ ਬੋਪਾਰਾਇ ਨੂੰ ਆਏ, ਤਾਂ ਸਿਖਾਂ ਘਰੀ ਆਯਾਂ ਨੂੰ ਥੋੜੇ ਹੀ ਦਿਨ ਗੁਜਰੇ, ਤਾਂ ਫਿਰ ਸ੍ਰੀ ਹਰਿਗੁਬਿੰਦ ਪੁਰੇ ਦੇ ਪੱਤਨ ਵੱਲੋਂ ਕਾਲੀ ਘਟਿ ਵਾਂਗੂੰ ਕੱਟਕ ਚੜਿਆ ਆਂਵਦਾ ਦੇਖਕੇ ਪਿਪਲ ਉਤਲੇ ਨੇ ਨਉਬਤ ਨੂੰ ਡੱਗਾ ਲਾਇਆ।

ਤਾਂ ਘਟਿ ਘਟਿ ਦੀ ਜਾਨਣ ਵਾਲੇ ਸ੍ਰੀ ਗੁਰੂ ਦਿਆਲਦਾਸ ਜੀ ਭੀ ਪਿੰਡ ਦੇ ਵਿਚ ਕਾਹੇ ਘੋੜਾ ਆਂਨ ਖੜਾ ਕੀਤਾ, ਤੇ ਘੋੜੇ ਉਤੋ ਉਤ੍ਰ ਕੇ ਗੁਰੂ ਜੀ ਨੇ ਪਿੰਡ ਦੇ ਵਿਚ ਕਾਹੇ ਅਪਨਾ ਆਸਨ ਕਰ ਗੁਰੂ ਜੀ ਬੈਠ ਗਏ।

ਅਤੇ ਪਿੰਡ ਦੇ ਲੋਕਾਂ ਨੂੰ ਨਉਬਦ ਖੜਕਨ ਦਾ ਪੱਤਾ ਲੱਗਾ ਤਾਂ

Digitized by Panjab Digital Library | www.panjabdigilib.org

ਬਾਹਰੋ ਲੋਕ ਭੀ ਮਾਲ ਡੰਗਰ ਦਾ ਸੰਭਾਲਾ ਕਰਨ ਲੱਗੇ, ਤੇ ਪਿੰਡ ਦੇ ਲੋਕ ਬੀ ਬਾਹਰ ਕੋ ਨੱਸਨ ਲਗੇ, ਕਿ ਕਿਤੇ ਲਾਂਹਬ ਦੇ ਪਿੰਡਾਂ ਵਿਚ ਅਗੇ ਵਾਂਗੂੰ ਭੱਜ ਨਸਕੇ ਬੱਚ ਬਚਾਇ ਜਾਈਐ, ਤਾਂ ਇਕ ਸਿਖ ਜੋ ਅਖਾਂ ਥੋਂ ਹੀਣਾ ਅਥਾਤਿ ਅੰਧਾ ਸੀ, ਏਸ ਅੰਧੇ ਨੇ ਹਥਿ ਵਿਚ ਡੰਗੋਰੀ ਫੜੀ ਹੋਈ ਹੈ ਤੇ ਬਾਹਰ ਨੂੰ ਵਾਹੋ ਦਾਹੀ ਡੰਗੋਰੀ ਦੇ ਆਸਰੇ ਭੱਜਾ ਜਾਂਦਾ ਹੈ, ਜਾਂ ਏਹ ਅੰਧਾਂ ਗੁਰੂ ਸਾਹਿਬਾਂ ਦੇ ਅਗੋ ਦੀ ਲੰਘ ਤੁਰਿਆਂ, ਤਾਂ ਗੁਰੂ ਜੀ ਨੇ ਦੇਖਕੇ ਕਹਿਆ ਓ ਭਾਈ ਸਿਖਾ ਡੰਗੋਰੀ ਛੇਤੀ ਹਥੋਂ ਸੁਟ ਦੇਹ, ਤਾਂ ਅੰਧੇ ਨੇ ਡੰਗੋਰੀ ਹਥੋ ਨਾ ਛੱਡੀ, ਜਾ ਫੇਰ ਗੁਰੂ ਜੀਨੇ ਕਾਹਲੇ ਹੋਕੇ ਦੋ ਤਿੰਨ ਵੇਰੀ ਸਿਖ ਨੂੰ ਕਹਿਕੇ ਡੰਗੋਰੀ ਹਥੋ ਸੁਟਾ ਦਿਤੀ, ਜਾਂ ਅੰਧੇ ਨੇ ਭੱਜੇ ਭੱਜੇ ਜਾਂਦੇ ਹੀ ਗੁਰੂ ਜੀਦੇ ਕਹਣੇ ਅਨੁਸਾਰ ਡੰਗੋਰੀ ਸੁਟੀ, ਤਾਂ ਅੰਧਿਓ ਸੁਜਾਖਾ ਹੋਕੇ ਭੱਜਾ ਗਿਯਾ ਤਾਂ ਬਾਹਰ ਜਾਕੇ ਜੰਗਲਵਿਚ ਆਂਮੂ ਸਿਖਾਂਨੂੰਦਸਿਆ ਕਿ ਮੇਰੀ ਡੰਗੋਰੀ ਗੁਰੂ ਜੀਨੇ ਸੁਟਾ ਕੇ ਮੈਨੂੰ ਸੁਜਾਖਾ ਕਰ ਦਿਤਾ ਹੈ, ਤਾਂ ਸਭ ਸਿਖਾਂ ਨੂੰ ਓਸ ਸੁਜਾਖੇ ਨੇ ਆਖਿਆ ਕਿ ਗੁਰੂ ਸਾਹਿਬੁ ਜੀ ਪਿੰਡ ਵਿਚ ਆਏ ਹੋਏ ਹਨ, ਤਾਂ ਮੈ ਪਹਿਲੇ ਗੁਰੂ ਜੀ ਨੂੰ ਪਛਾਨ ਨਹੀ ਸਾਂ ਸੱਕਿਆ, ਏਸ ਕਰਕੇ ਪਹਿਲੇ ਮੈਂ ਗੁਰੂ ਜੀ ਦੇ ਕਹਿਨੇ ਡੰਗੋਰੀ ਨਹੀ ਸੀ ਸੁਟੀ, ਜਾਂ ਫੇਰ ਗੁਰੂ ਜੀ ਨੇ ਯੋਰ ਦੇਕੇ ਛੇਤੀ ਨਾਲ ਦੋ ਤਿੰਨ ਵੇਰੀ ਮੈਨੂੰ ਆਖਿਆ ਤਾਂ ਮੈ ਜੀ ਭਿਆਂਣੇ ਹੋਕੇ ਭੱਜੇ ਭੱਜੇ ਔਦਿਆਂ ਡੰਗੋਰੀ ਸੁਟੀ ਤਾਂ ਓਸੇ ਵੇਲੇ ਮੈ ਸੁਜਾਖਾ ਹੋ ਗਿਆ, ਤਾਂ ਮੈ ਸੋਚਿਆ ਕਿ ਏਹ ਸ੍ਰੀ ਗੁਰੂ ਦਿਆਲਦਾਸ ਜੀ ਜੰਡਿਆਲੀਏ ਆ ਗਏ ਹਨ, ਤੇ ਓਹਨਾਂ ਨੇ ਮੇਰੇ ਪ੍ਰ ਕਿਰਪਾ ਕੀਤੀ ਹੈ, ਤਾਂ ਮੈ ਸੁਜਾਖਾ ਹੋ ਗਿਯਾ ਹਾਂ, ਜਾਂ ਏਹ ਬਾਤਾ ਸਭਸ ਨੇ ਸੁਨੀਆਂ ਤਾਂ ਸਭ ਲੋਕ ਮਾਲ ਡੰਗਰ ਪਿੰਡ ਵਿਚ ਲਿਆਏ ਸੰਭਾਲ ਕੇ, ਤੇ ਸਾਰੇ ਪਿੰਡ ਦੇ ਸਿਖ ਸੇਵਕ ਹੁੰਮ ਹੁੰਮਾਕੇ ਗੁਰੂ ਜੀ ਦੀ ਚਰਨੀ ਆਨ ਡਿਗੇ, ਅਤੇ ਬਾਰੰਬਾਰ ਬੇਨਤੀਆਂ ਕੀਤੀਆਂ, ਕਿ ਸੱਚੇ ਪਾਤਿਸ਼ਾਹ ਜੀ ਕਿ ਏਹ ਜੇਹੜੀ ਧਾੜ ਡਾਕੂਆ ਲੁਟੇਰਿਆਂ ਦੀ ਕਾਲੀ ਘੱਟਿ ਵਾਂਗੂ ਚੜ੍ਹੀ

Digitized by Panjab Digital Library | www.panjabdigilib.org

ਆਂਵਦੀ ਹੈ, ਸਾਡੇ ਪ੍ਰ ਕਿਰਪਾ ਕਰੋ ਤੇ ਏਸ ਧਾੜ ਕਟਿਕ ਥੋਂ ਸਾਨੂੰ ਬਚਾਓ, ਤਾਂ ਗੁਰੂ ਜੀ ਨੇ ਆਖਿਆ ਸਿਖੋ ਤੁਸੀ ਰੰਚਕ ਚਿੰਤਾ ਭੀ ਨਾ ਕਰੋ, ਸ੍ਰੀ ਸਤਿ ਗੁਰੂ ਬਾਬਾ ਹੰਦਾਲੁ ਜੀ ਭਲੀ ਕਰਨਗੇ,

(ਗੁਰੂ ਜੀ ਵਾਚ)

ਏਹ ਜੋ ਧਾੜ ਕਟਿਕ ਆਯਾ ਹੈ ਚੜਿਆ ਆਊ ਤੇ ਲੱਥਾ ਜਾਊ, ਸਿਖੋ ਤੁਵਾਡਾ ਵਾਲ ਵਿੰਗਾ ਕਰਤਾ ਨਹੀ ਹੋਵਨ ਦੇਵੇਗਾ, ਹੌਸਲਾ, ਰਖੋ ਤੇ ਧੀਰਜ, ਰਖੋ, ਤਾਂ ਸਭ ਸਿਖਾਂ ਨੇ ਸਤਿਗੁਰੂ ਦੇ ਚਰਨਾਂ ਪੁਰ ਸੀਸ ਰਖਕੇ ਪੰਚਾਂਗ ਡੰਡਉਤ ਕਰਿ ਬੈਠ ਗਏ, ਤੇ ਓਧਰੋ ਮਾਰੋ ਮਾਰ ਕਰਦੇ ਡਾਕੂ ਲੁਟੇਰਿਆਂ ਦੀ ਧਾੜ ਜੋ ਦੂਰੋ ਕਾਲੀ ਘੱਟਿ ਵਾਂਗੂ ਕੱਟਕ ਚੜਿਆ ਆਂਵਦਾ ਸੀ, ਉਚਰਾਂ ਨੂੰ ਏਹ ਭੀ ਲਾਗੇ ਧਾੜ ਡਾਕੂਆਂ ਦੀ ਆ ਗਈ, ਜਾਂ (ਬੋਪਾਰਾਇ) ਦੀ ਹੱਦ ਦੇ ਸਮੀਪ ਆਏ, ਤਾਂ ਜੋ ਲੁਟੇਰਿਆਂ ਦੀ ਧਾੜ ਦਾ ਜੱਥੇਦਾਰ ਸੁਵਾਰ ਦਾ ਘੋੜਾ ਧਾੜਦੇ ਅੱਗੇ ਅੱਗੇ ਹੀ ਔਦਾ ਸੀ, ਜਾਂ (ਬੋਪਾਰਾਇ) ਦੀ ਹੱਦ ਯਾ ਜੂਹ ਵਿਚ ਘੋੜੇ ਨੇ ਪੈਰ ਪਾਇਆ, ਤਾਂ ੳੇਠੇ ਘੋੜਾ ਤੇ ਜੱਥੇਦਾਰ ਭੀ ਅੰਨ੍ਹਾਂ ਹੋ ਗਿਯਾ, ਅਗੇ ਰੱਸਤਾ ਭੀ ਨ ਮਿਲੇ ਕਿ ਕਿਦਰ ਜਾਣਾ ਹੈ, ਪਲ ਘੜੀ ਬਹੁਥੇਰਾ ਦੇਖ ਰੱਹੇ ਕਿ ਅੱਖੀ ਦਿਸੇ ਤਾਂ ਏਹ ਪਿੰਡ ਲੁਟੀਏ, ਘੋੜੇ ਪਿੰਡਦੀ ਹੱਦ ਅੰਦਰ ਆਵਨ ਤਾਂ ਇਕ ਦਮ ਅੰਧੇ ਹੁੰਦੇ ਹਨ, ਪਿੰਡਦੀ ਹਦੋਂ ਬਾਹਰ ਘੋੜੇ ਯਾ ਆਦਮੀ ਬਾਹਰ ਹੁੰਦੇ ਹਨ ਤਾਂ ਸੁਜਾਖੇ ਹੁੰਦੇ ਹਨ, ਫਿਰ ਲੁਟਨ ਦਾ ਇਰਾਦਾ ਕਰ ਪਿੰਡ ਦੀ ਹੱਦ ਅੰਦਰ ਪੈਰ ਰੱਖਦੇ ਹਨ, ਤਾ ਫੇਰ ਅੰਧੇ ਹੁੰਦੇ ਹਨ, ਹੱਦੋਂ ਬਾਹਰ ਹੁੰਦੇ ਹਨ ਤਾਂ ਸੁਜਾਖੇ ਹੁੰਦੇ ਹਨ, ਅਗੇ ਵਧਦੇ ਹਨ ਤਾਂ ਫੇਰ ਅੰਨੇ ਹੁੰਦੇ ਹਨ, ਏਸਤਰਾਂ ਕਰਦਿਆਂ ਨੂੰ ਅੱਧੀ ਰਾਤ ਵਿਹਾਇ ਗਈ, ਤਾਂ ਲੁਟੇਰਿਆਂ ਡਾਕੂਆਂ ਦੀ ਧਾੜ ਦੇ ਜੱਥੇਦਾਂਰ ਨੇਂ ਧਾੜ ਨੂੰ ਹੁਕਮ ਦਿਤਾ, ਕਿ ਇਥੇ

Digitized by Panjab Digital Library | www.panjabdigilib.org

ਕੋਈ ਔਲੀਆ ਰੱਬ ਦਾ ਪਿਆਰਾ ਤੇ ਕੋਈ ਮਹਾਂ ਪੁਰਖ ਹੈ, ਜਿਸ਼ ਕਰਕੇ ਸਾਡੇ ਉਤੇ ਏਹ ਕਉਤਕ ਵਰਤਿਆ ਹੈ, ਅਤੇ ਅਪਨਾ ਵੱਕਤ ਅਜਾਈ ਨ ਗੁਵਾਓ, ਚਲੋ ਅਗਾਹਾਂ ਨੂੰ ਚਲੀਏ, ਤਾਂ ਜੱਥੇਦਾਰ ਸਮੇਤ ਧਾੜ ਅੱਗੇ ਟਲਕੇ ਚਲੀ ਗਈ, ਤਾਂ ਫਿਰ ਗੁਰੂ ਜੀਨੇਂ ਸਿਖਾਂ ਨੂੰ ਕਹਿਆ ਕਿ ਦਿਲ ਥਾਵੇ ਰਖੋ, ਤੁਵਾਡੇ ਉਤੇ ਕੋਈ ਨਹੀਂ ਚੜਕੇ ਆਵੇਗਾ,ਜੇਕਰ ਚੜ੍ਹਕੇ ਆਵੇਗਾ, ਤਾਂ ਲੱਥਾ ਜਾਵੇਗਾ,(ਚੜ੍ਹਿਆ ਆਊ) (ਲੱਥਾ ਜਾਊ) ਤਾਂ ਫਿਰ ਸਤਿਗੁਰੂ ਜੀ ਨੇਂ ਕਹਿਆ ਕਿ ਕੋਈ ਦਿਨ ਪਾਕੇ ਨਿਸੰਗ ਜੋ ਪਿੰਡਦੇ ਉਦਾਲੇ ਦੀ ਖਾਈ ਹੈ ਸਭ ਪੂਰ ਦੇਓ ਤੇ ਜੋ ਪਿਪਲ ਉਤੇ ਨਉਬਤ ਰੱਖੀ ਹੋਈ ਤੇ ਬੱਧੀ ਹੋਈ ਹੈ ਏਹ ਭੀ ਲਾਹ ਦੇਓ, ਤਾਂ ਸਿਖਾਂ ਨੇ ਗੁਰੂ ਜੀਕਾ ਹੁਕਮ ਮੰਨਕੇ ਨਉਬਤ ਭੀ ਲਾਹ ਦਿਤੀ ਤੇ ਗੁਰੂ ਸਾਹਿਬਾਂ ਦੀ ਤਨੋ, ਮਨੋ, ਧਨੋ, ਹੋਕੇ ਜੱਥਾ ਸ਼ਕਤਿ ਸਿਖ ਸਿਖਨੀਆਂ ਨੇਂ ਸੇਵਾ ਕੀਤੀ, ਅਤੇ ਕਹਿਆ ਸਿਖਾਂ ਨੇ ਹੇ ਸਤਿ-ਗੁਰੂ ਜੀ ਤੁਸੀਂ ਸਾਨੂੰ ਏਥੇ ਹੀ ਰਹਿਕੇ ਦਰਸ਼ਨ ਦੇਓ, ਤਾਂ ਸਤਿਗੁਰੂ ਜੀ ਨੇਂ ਕਹਿਆ ਕਿ ਸਿਖੋ ਕਰਤਾਰ ਤੁਵਾਡੇ ਸਦਾ ਹੀ ਅੰਗ ਸੰਗ ਹੈ, ਅਬ ਤੁਸੀਂ ਰੰਚਕ ਭਰ ਫਿਕਰ ਨਾ ਕਰੋ, ਨਿਧੱੜਕ ਹੋਕੇ ਵਸੋ, ਤੇ ਦਸਾਂ ਨੌਹਵਾਂ ਦੀ ਕਿਰਤ ਕਰੋ ਆਪੁ ਛਕੋ ਤੇ ਸਾਧ ਸੰਗਤਿ ਨੂੰ ਭੀ ਛਕਾਓ, ਤਬ ਸਤਿਗੁਰੂ ਬਾਬਾ ਦਿਆਲਦਾਸ ਜੀਨੇਂ ਸਭ ਸਿਖਾਂ ਸੇਵਕਾਂ ਦੇ ਕਹਣੇ ਪਰ ਇਕ ਧਰਮਸਾਲ ਬਨਵਾਈ, ਜਿਥੇ ਪਹਿਲੇ ਦਿਨ ਗੁਰੂ ਜੀ ਨੇ ਚਰਨ ਆਨ ਟਿਕਾਯਾ ਸੀ, ਓਸੇ ਥਾਂ ਉਤੇ ਨਿਰੰਜਨੀਆਂ ਧਰਮ ਸਾਲ ਬਨਵਾਈ, ਤੇ ਇਕ ਅਪਨਾ ਮਸੰਦ ਜੋ ਨਿਰੰਜਨਪੰਥ ਦੀ ਮਰਯਾਦਾ ਜਾਨਦਾ ਸੀ, ਓਸ ਮਸੰਦ ਕੋ ਧਰਮਸਾਲਾ ਮੇਂ ਬੈਠਲਾਇ ਦਿਤਾ, ਤੇ ਸਿਖਾਂ ਨੂੰ ਕਹਿਆ ਕਿ ਸੇਰ ਮਣਦਾ ਫਸਲਾਣਾ ਜਿਸਤਰਾਂ ਅਗੇ ਹੀ ਭੇਜਦੇ ਹੋ, ਏਸੇਤਰਾਂ ਹੁਣ ਭੀ ਜੰਡਿਆਲੇ ਲੰਗਰ ਦੀ ਸੇਵਾ ਵਿਚ ਭੇਜਿਆ ਕਰੋ, ਅਤੇ ਮੱਝਦੇ ਸੂਏ ਦਾ ਢਾਈ ਸੇਰ ਘੀਉ ਅਤੇ ਗਊ ਦੇ ਸੂਏ ਦਾ ਪੰਜਪਾ ਘੀਉ ਲੰਗਰ ਮੇਂ

Digitized by Panjab Digital Library | www.panjabdigilib.org

ਪਾਇਆ ਕਰੋ ਤੇ (ਕਰਤਾ) ਤੁਵਾਨੂੰ ਲਵੇਰੇ ਦੀ ਕਦੇ ਭੀ ਤੋਟ ਨਹੀਂ ਹੋਵਨ ਦੇਵੇਗਾ। ਅਤੇ ਜਿਥੇ ਗੁਰੂ ਜੀਨੇ ਏਹ ਨਿਰੰਜਨੀਆ ਧਰਮਸਾਲ ਬਨਵਾਈ ਸੀ, ਏਸ ਧਰਮਸਾਲ ਮੇਂ ਕੋਈ ਚਿਰ ਸੇਵਕਾਂ ਦੇ ਕੈਹਨੇ ਕਰ ਗੁਰੂ ਜੀਨੇਂ ਆਪ ਰੈਹਿ ਕਰ ਸਿਖਾਂ ਸੇਵਕਾਂ ਪਾਸੋ:-(ਨਿਤ ਨੇਮ ਨਿਰੰਜਨੀਆਂ) ਜੋ ਤ੍ਰਿੰਨ ਖਣ ਆਰਤੀਆ ਨਾਮੇ ਕਰ ਮਛਹੂਰ ਹੈਂ, ਏਹ ਜਾਪ ਆਪ ਗੁਰੂ ਜੀਨੇ ਜਪਿਆ ਤੇ ਸਿਖਾਂ ਸੇਵਕਾਂ ਪਾਸੋਂ ਜਾਪ ਜਪਾਇਆ, ਅਤੇ ਸ਼ਾਮਾਂ ਨੂੰ ਅੰਨ ਪਾਣੀ ਸਭ ਸਿਖ ਸੇਵਕ ਸ਼ੱਕ ਕੇ ਧਰਮਸਾਲਾ ਮੇਂ ਅਕੱਤ੍ਰਹੋ ਕਰ ਸੋਤੇ ਵਕਤ ਕਾ ਮਾਰੂ ਖਣ ਆਰਤੀ ਪੜਦੇ ਹੁੰਦੇ ਸੀ, ਇਕ ਮਸੰਦ ਸਿਖ ਥੋਂ ਸਾਲਾਹ ਮੇਂ ਜੋ ਪ੍ਰਿਥਮੇ ਮੂਲ ਮੰਤ੍ਰ ਜੋ ਆਤਾ ਹੈ ਏਹ ਮੂਲ ਮੰਤ੍ਰ ੧੨ ਵੇਰੀ ਦ੍ਰੜਾਇ ਕਰ ਪੂਨ੍ਹਾ ਸਾਰੀ ਸਾਲਾਹ ਮਸੰਦ ਸਿਖਥੋਂ ਪੜਾਉਂਦੇਤੇ ਸਾਚਾ ਸਾਹਿਬ ਗੁਰੂਜੀ ਆਪ ਪੜਕੇਆਰਤੀ ਖਣ ਕਾ ਭੋਗ ਪਾਉਂਦੇ ਹੁੰਦੇ ਸਨ, ਜਬ ਚਾਲੀ ਪੰਜਾਹ ਸਿਖ ਸੇਵਕ ਅਕੱਤ੍ਰ ਹੋਇਕੇ ਏਸ ਧਰਮਸਾਲਾ ਮੇਂ ਪੜਦੇ ਹੁੰਦੇ ਸੀ, ਤਾਂ ਇਕ ਵੇਰਾਂ ਖਣਆਰਤੀ ਪੜਦਿਆਂ ਕੀ ਏਸ ਨਿਰੰਜਨੀਆਂ ਧਰਮਸਾਲਾ ਮੇਂ ਬੜੀ ਘਨਘੋਰ ਪੜਦਿਆਂ ਕੀ ਧੁਨ ਉਠਦੀ ਹੁੰਦੀ ਸੀ, ਜੋ ਬਤੌਰ ਸਿਕੇ ਦੇ ਅਜ ਤੱਕ ਭੀ ਜਾਹਰ ਖਣਆਰਤੀ ਪੜਦੇ ਹਨ, ਫੇਰ ਏਸ ਧਰਮਸਾਲਾ ਮੇਂ ਗੁਰੂ ਕੇ ਅਪਨਾ ਮਸੰਦ ਨਿਰੰਜਨ ਪੰਥ ਦਾ ਪ੍ਰਚਾਰ ਕਰਨ ਬਾਬਤ ਬਹਾਈ ਰਖਦੇ ਸਨ, ਚਾਹੇ ਜੰਡਿਆਲਿਓ ਗੁਰੂ ਕੇ ਮਸੰਦ ਭੇਜਨ ਚਾਹੇ ਪਿੰਡ ਏਸੇ ਦਾ ਜੋ ਸਿਖ ਸੇਵਕ ਲਾਇਕ ਹੋਵੇ ਓਸ ਨੂੰ ਏਸ ਧਰਮਸਾਲਾ ਮੇਂ ਛੱਡ ਦੇਂਦੇ ਸਨ, ਏਹ ਧਰਮਸਾਲ ਐਨ ਵਿਚਕਾਹੇ ਪਿੰਡ ਦੇ ਹੈ, ਏਹ ਧਰਮਸਾਲਾ ਨਿਰੰਜਨੀਏ ਗੁਰੂ ਸਾਹਿਬਾਂ ਦੀ ਯਾ ਨਿਰੰਜਨੀਏ ਗੁਰਸਿਖਾਂ ਦੀ ਕਰਕੇ ਸੱਦੀ ਦੀ ਹੈ, ਯਾ ਨਿਰੰਜਨੀਆਂ ਗੁਰ ਸਿਖਾਂ ਦਾ ਗੁਰਦੁਆਰਾ ਭੀ ਕਰਕੇ ਸੱਦਿਆ ਜਾਂਦਾ ਹੈ, ਤਾਂ ਸ੍ਰੀ ਗੁਰੂ *ਦਿਆਲ

*ਸ੍ਰੀ ਗੁਰੂ ਦਿਆਲ ਦਾਸ ਜੀ ਨੇ ਦਿਆਲੂ ਕ੍ਰਿਪਾਲੂ ਹੋ ਕਰ

(ਬਾਕੀ ਫੁਟ ਨੋਟ ਦੇਖੋ ਅਗਲੇ ਸਫੇ ਤੇ)

Digitized by Panjab Digital Library | www.panjabdigilib.org

ਦਾਸ ਜੀ ਨੇ ਭੀ ਗੁਰਸਿਖੀ ਕੀ ਮ੍ਰਯਾਦਾ ਚੰਗੀ ਤਰਾਂ ਅਪਨੇ ਵਡਿਆਂ ਸਤਿਗੁਰਾਂ ਵਾਂਗੂ ਨਿਰੰਜਨ ਪੰਥ ਦਾ ਪ੍ਰਚਾਰ ਕੀਤਾ, ਤੇ ਵਡਿਆਂ ਸਤਿਗੁਰਾਂ ਦੀ ਜੋ ਮ੍ਰਯਾਦਾ ਯਾ ਰੀਤ ਸੀ ਸੋ ਚਲਾਈ, ਸ੍ਰੀ ਗੁਰੂ ਦਿਆਲ ਜੀ ਨੇਂ ਰਾਜ ਕਰਦਿਆਂ ਹੋਯਾਂ ਭੀ ਨਿਰੰਜਨ ਪੰਥ ਦਾ ਬੜਾ ਸੋਹਨਾ ਪ੍ਰਚਾਰ ਕੀਤਾ, ਸ੍ਰੀ ਗੁਰੂ ਦਿਆਲ ਦਾਸ ਜੀ ਦਾ ਇਕ ਸਪੁਤ੍ਰ ਬਾਬਾ (ਸਰਨਦਾਸ) ਜੀ ਹੋਏ, ਏਹ ਬੜੇ ਸੂਰਬੀਰ ਤੇ ਬੜੇ ਬਹਾਦਰ ਦੇਗ ਤੇਗ ਦੇ ਧਨੀ ਹੋਏ ਹਨ, ਅਤੇ ਸ੍ਰੀ ਗੁਰੂ ਸਰਨਦਾਸ ਜੀ ਦੇ ਦੋ ਸਪੁਤ੍ਰ ਵੱਡਾ ਬਾਬਾ ਬਿਸੰਭਰਦਾਸ ਜੀ ਤੇ ਛੋਟਾ ਬਾਬਾ †ਅਮਰਦਾਸ ਜੀ ਹੋਏ, ਤੇ ਬਾਬੇ ਸਰਨਦਾਸ ਜੀ ਦੇ ਪਿਛੋਂ ਰਾਜ ਤਿਲਕ ਬਾਬੇ ਬਿਸੰਭਰ

(ਪਿਛਲੇ ੧੭੩ ਸਫੇ ਦੀ ਬਾਕੀ)

ਕੈਹਿਆ ਕਿ ਜੋ (ਬਬਾਰਲੀ) ਨਾਮੇਂ ਛੱਪੜ ਯਾ ਟੋਬਾ ਹੈ, ਏਸ ਟੋਬੇ ਯਾ ਏਸ ਛੱਪੜ ਨੂੰ ਜੋ ਗੁਰੂ ਕੇ ਜੰਡਿਆਲੇ ਮੇਂ ਨਾਥੋਂਆਣਾ ਸਰੋਵਰ ਹੈ, ਏਸ ਬਬਾਰਲੀ ਟੋਬੇ ਨੂੰ ਨਾਥੋਂਆਣਾ ਸਰੋਵਰ ਦਾ ਖਤਾਬ ਦਿਤਾ, ਅਤੇ ਆਖਿਆ ਜੇਹਾ ਜੰਡਿਆਲੇ ਨਾਥੋਂਆਣਾ ਸਰੋਵਰ ਹੈ, ਏਸ ਨਗਰ ਮੇਂ ਏਹੁ ਹੀ ਨਾਥੋਂਆਣਾ ਸਰੋਵਰ ਹੈ, ਜੋ ਭੀ ਏਸ ਸਰੋਵਰ ਵਿਚ ਅਸ਼ਨਾਨ ਕਰਨਗੇ, ਜੈਸੀ ਮੰਨਸਾ ਯਾਂ ਕੋਈ ਭੀ ਮੁਰਾਦ ਧਾਰ ਕੇ ਅਸ਼ਨਾਨ ਕਰਨਗੇ, ਓਸੀ ਹੀ ਮਨੋ ਕਾਂਮਨਾ ਪੂਰੀ ਹੋਗੀ, ਜੋ ਭੀ ਨਰ ਨਾਰੀਆਂ ਨਿਸਚਾ ਧਾਰ ਕੇ ਅਸ਼ਨਾਨ ਕਰਨਗੇ ਹਰਿਤਰਾਂ ਦੀ ਮੁਰਾਦ ਹਾਸਲ ਕਰਨਗੇ, ਅਜੇ ਭੀ ਮਾਈਆਂ ਬੀਬੀਆਂ ਦੇ ਸੁਕੇ ਬੱਚੇ ਬੱਚੀਆਂ ਕੋ ਨੁਵਾਲਦੇ ਹਨ ਤਾਂ ਬੱਚੇ ਬੱਚੀਆਂ ਹਰੇ ਭਰੇ ਹੋ ਜਾਂਦੇ ਹਨ, ਏਸ ਨਗਰ ਵਿਚ ਨਾਥੋਂਆਣਾ ਗੋਹਜ ਤੀਰਥ ਹੈ ਪ੍ਰਗਟ ਨਹੀਂ ਗੁਪਤ ਹੈ।

† ਬਾਬਾ ਅਮਰਦਾਸ ਜੀ ਦਾ ਕਿਲਾ (ਪਿੰਡ ਖਲਚੀਆਂ) ਵਿਚ ਸੀ, ਤੇ ਏਸੇ ਕਿਲੇ ਵਿਚ ਹੀ ਰਹਿੰਦੇ ਹੁੰਦੇ ਸੀ ਤੇ ਏਹ ਸਾਹਿਬ ਬਾਬਾ ਅਮਰਦਾਸ ਜੀ ਲਾਵਲਦ ਸੰਮਾਇ ਗਏ,

Digitized by Panjab Digital Library | www.panjabdigilib.org

ਦਾਸ ਜੀ ਨੂੰ ਹੋਯਾ, ਬਾਬਾ ‡ਬਿਸੰਭਰ ਦਾਸ ਜੀ ਤੇ ਬਾਬਾ ਅੰਮ੍ਰਦਾਸ ਜੀ ਏਹ ਦੋਨੋਂ ਭਾਈ ਆਪਸ ਮੇਂ ਫੱਟੇ ਰਹਿੰਦੇ ਸੇ, ਉਸ ਸਮੇਂ ਮੌਕਿਆ ਪਾ ਕੇ ਮਹਾਰਾਜਾ §ਫਤੇ ਸਿੰਘ ਆਹਲੂਵਾਲੀਏ ਨੇ ਜੰਡਿਆਲਾ ਗੁਰੂ ਕਾ ਦਬਾਇ ਲਿਆ, ਬਾਬਾ ਬਿਸੰਭਰ ਦਾਸ ਜੀ (ਮੁਛਲ) ਪਿੰਡ ਵਿਚ ਜਾ ਕੇ ਸੰਮਾਇ ਗਏ, ਬਾਬਾ ਬਿਸੰਭ੍ਰਦਾਸ ਜੀ ਦੇ ਸਪੁਤ੍ਰ ਬਾਬਾ ਹਰਿਚਰਨਦਾਸ ਜੀ ਹੋਏ ਜੋ ਸੰਮਤ ਬਿ: ੧੯੩੯ ਵਿਚ ਸੰਮਾ ਗਏ। ਜੋ ਰਾਜਧਾਨੀ ਦੀ ਸਾਖਾ ਸੀ ਰਾਜ ਤਾਂ ਜਾਂਦਾ ਰੇਹਾ ਬਾਬਾ ਬਿਸੰਭਰਦਾਸ ਜੀ ਪਾਸੋਂ, ਰਾਜਧਾਨੀ ਦੀ ਸਾਖਾ ਦੀ ਬੰਸਾਵਲੀ ਬਾਬਾ ਹਰਿਚਰਨਦਾਸ ਜੀ ਥੋਂ ਸੰਮਾਪਤੀ ਹੋਈ।

---

§ਫੇਰ ਮਹਾਂਰਾਜੇ ਫਤੇ ਸਿੰਘ ਜੀ ਪਾਸੋਂ ਜੰਡਿਆਲਾ ਮਹਾਂਹਾਜੇ ਰਣਜੀਤ ਸਿੰਘ ਜੀਨੇ ਲੈ ਲਿਆ, ਮਹਾਂਰਾਜੇ ਰਣਜੀਤ ਸਿੰਘ ਜੀ ਦੇ ਵੇਲੇ ਫੇਰ ਗੁਰੂ ਗਦੀ ਨਸ਼ੀਨ ਸ੍ਰੀ ਸਤਿਗੁਰੂ ਅਪਾਰਦਾਸ ਸਾਹਿਬ ਜੀ ਪਹਿਲੋਂ ਕੋਟਲੀ ਮਹਿਮਦ ਸਦੀਕ ਦੀ ਕਿਲੇ ਸੋਭਾ ਸਿੰਘ ਦੇ ਪਾਸ ਜਿਲੇ ਸਿਯਾਲ ਕੋਟ ਮੇਂ ਰਹਿੰਦੇ ਸਨ। (ਪਿੰਡ ਕੋਟਲੀ ਥੋਂ) ਆਦੀ ਜੱਗਾ ਜੰਡਿਆਲਾ ਗੁਰੂ ਮੇਂ ਆ ਗਏ ਸਨ। ਬਾਬਾ ‡ਬਿਸੰਭਰ ਦਾਸ ਜੀਨੇਂ ਹੀ ਇਕ ਸਾਹਲਿਆ, ਨਾਮੇ ਜੋ ਕੁਆਰੀ ਮੁਟਿਆਰ ਵੇਸਵਾ ਆਪਣੇ ਘਰਿ ਦੀਖਿਆ ਦੇ ਕਰ ਸਾਹਲਿਆਂ ਨੂੰ ਨਿਜ ਘਰਿ ਮੇਂ ਵਸਾਇ ਲਈ ਸੀ, ਤੇ ਫੇਰ ਇਸੀ ਸਾਹਲਿਆਂ ਦੇ ਪੇਟੋਂ ਬਾਬਾ ਹਰਿ ਚਰਨ ਦਾਸ ਜੀ ਹੋਏ ਜੋ ਸੰਮਤ ੧੯੩੯ ਬਿ: ਵਿਚ ਸੰਮਾਇ ਗਏ ਥੇ, ਤੇ ਰਾਜ ਸ਼ਾਖਦਾ ਖਾਤਮਾ ਕਰ ਗਏ ਹਨ, ਅਤੇ ਏਸ ਰਾਜ ਸ਼ਾਖਾ ਵਿਚੋਂ ਕੋਈ ਗੁਰੂ ਅਜ ਕੱਲ ਜੰਡਿਆਲਾ ਗੁਰੂ ਮੇਂ ਮਾਜੂਦ ਨਹੀਂ, ਏਹ ਜੋ ਵੇਸਵਾ ਸਾਹਲਿਆ, ਦੇ ਪੇਟੋਂ ਬਾਬਾ ਹਰਿ ਚਰਨਦਾਸ ਜੀ ਹੋਏ ਸਨ ਏਹ ਸੰਮਤ ਬਿ: ੧੯੩੯ ਮੇਂ ਹੀ ਸੰਮਾ ਗਏ ਸਨ ਏਹ ਸ਼ਾਖਾ ਬੰਦ ਹੋ ਗਈ ਹੈ। ਤੇ ਖਾਲਸਾ ਪੰਥ ਦਾ ਇਕ ਭਾਈ ਗਿਆਨੀ

(ਬਾਕੀ ਫੁਟਨੋਟ ਦੇਖੋ ਅਗਲੇ ਸਫੇ ਤੇ)

Digitized by Panjab Digital Library | www.panjabdigilib.org

(ਪਿਛਲੇ ੧੭੪ ਸਫੇ ਦੇ ਨੋਟ ਦੀ ਬਾਕੀ)

ਗਿਆਨ ਸਿੰਘ ਜੀਨੇ ਇਕ ਪੁਸਤਕ (ਪੰਥ ਪ੍ਰਕਾਸ) ਨਾਮੇ ਬਨਾਯਾ ਹੈ ਏਸ ਗਿਆਨੀ ਗਿਆਨ ਸਿੰਘ ਜੀ ਨੇ ਜੋ ਨਿਰੰਜਨ ਪੰਥ ਦੇ ਸ੍ਰਿਤਾਜ ਸ੍ਰੀ ਗੁਰੂ ਬਾਬਾ ਹੰਦਾਲ ਜੀ ਜੋ ਏਹ ਨਿਰੰਜਨੀਏ ਗੁਰੂ ਹੋਏ ਹਨ, ਏਹਨਾ ਨਿਰੰਜਨੀਆਂ ਗੁਰੂਆਂ ਦੀ ਗਿਆਨੀ ਗਿਆਨ ਸਿੰਘ ਜੀ ਨੇ ਨਿਰੰਜਨੀਆਂ ਗੁਰੂਆਂ ਦੀ ਬਹੁਤ ਸਾਰੀ ਨਿੰਦਿਆ ਤੇ ਹੱਤਕ ਤੇ ਇਹਨਾਂ ਨਿਰੰਜਨੀਆਂ ਗੁਰੂਆਂ ਦੀ ਮਹਿਮਾਂ ਘਟਾਨੇ ਕੇ ਲੀਏ ਜੋ ਗੁਰੂ ਬਾਬਾ ਹੰਦਾਲ ਜੀ ਦੇ ਸਪੁਤ੍ਰ ਗੁਰੂ ਬਿਧੀਚੰਦ ਜੀ ਜੋ ਨਿਰੰਜਨੀਆਂ ਦੀ ਗਦੀ ਪੁਟ ਦੂਜੇ ਥਾਂ ਸਨ, ਏਹਨਾ ਉਤੇ (ਪੰਥ ਪ੍ਰਕਾਸ) ਮੇਂ ਲਿਖ ਦਿਤਾ ਕਿ ਗੁਰੂ ਬਿਧੀ ਚੰਦ ਜੀ ਨੇ ਵੇਸਵਾ ਘਰ ਰੱਖੀ ਹੈ) ਕਿਥੇ ਗੁਰੂ ਬਿਧੀਚੰਦ ਜੀਦਾ ਜਮਾਨਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵੇਲੇ ਹੋਏ, ਤੇ ਕਿਥੇ ਮਹਾਂਰਾਜੇ ਰਣਜੀਤ ਸਿੰਘ ਜੀ ਦਾ ਜਮਾਨਾ ਜੋ ਅਸਾਂ ਪੈਹਲੇ ਹੀ ਵੇਸਵਾ ਰਖਨੇ ਵਾਲੇ ਯਾ ਜੋ ਉਸ ਵੇਸਵਾ ਦੇ ਪੇਟੋਂ ਹੋ ਕਰ ਜੋ ਸੰਮਤ ੧੯੩੯ ਵਿਚ ਸੰਮਾ ਗਏ ਹਨ ਓਹਨਾ ਰਾਜਧਾਨੀ ਵਾਲਿਆ ਵਿਚੋ ਕੋਈ ਨਹੀ ਰੇਹਾ ਸਾਖਾ ਬੰਦ ਹੈ। ਗੁਰੂ ਬਿਧੀਚੰਦ ਜੀ ਪੁਰ ਕੂੜ ਥੱਪਿਆ ਸੋ ਤੇ ਬੱਬੇ ਅਖਰ ਦੀ ਗਲਤੀ ਖਾਕੇ ਬਿਸੰਭਰਦਾਸ ਜੀ ਦੇ ਥਾਂ ਬਿਧੀਚੰਦ ਹੀ ਲਿਖ ਮਾਰਿਆ ਕਿਉ ਬੱਬਾ ਬਿਧੀਚੰਦ ਜੀ ਨੂੰ ਲਗਦਾ ਸੀ ਤੇ ਬੱਬਾ ਹੀ ਬਿਸੰਭਰਦਾਸ ਜੀ ਨੂੰ ਹੀ ਲਗਦਾ ਸੀ, ਸੋ ਏਸ ਗਿਆਨੀ ਗਿਆਨ ਸਿੰਘ ਨੇ ਭਾਰੀ ਗਲਤੀ ਖਾਧੀ ਤੇ ਝੂਠੋ ਮੂਠ ਹੀ ਬਿਨਾ ਸੋਚੇ ਸੰਮਝੇ ਬਿਨਾ ਵਿਚਾਰ ਕੀਤੀ ਬਗੈਰ ਬੱੜਾ ਅਨਰਥ ਥੱਪਿਆ ਗੱਪਾਂ ਮਾਰਕੇ ਪੰਥ ਪ੍ਰਕਾਸ਼ ਨੂੰ ਕਾਲਾ ਕੀਤਾ, ਅਗਰ ਗਿਆਨੀ ਗਿਆਨ ਸਿੰਘ ਜੀ ਪਹਿਲੇ ਜੰਡਿਆਲੇ ਜਾਕੇ ਪੜਤਾਲ ਕਰ ਕੇ ਲਿਖਦਾ ਤਾਂ ਐਸੀਆਂ ਗਲਤੀਆਂ ਨਾਲ ਪੰਥ ਪ੍ਰਕਾਸ਼ ਨੂੰ ਕਾਲਾ ਨ ਕਰਦਾ ਤੇ ਹੋਰਨਾਂ ਤ੍ਰੀਖਦਾਨਾ ਨੇ ਪੰਥ ਪ੍ਰਕਾਸ਼ ਥੋਂ ਹੀ ਨੋਟ ਕਰਕੇ ਅਨੇਕਾਂ ਹੀ

ਅਗਲੇ ਸਫੇ ਬਕਾਯਾ ਨੋਟ ਪੜੋ

Digitized by Panjab Digital Library | www.panjabdigilib.org

(ਪਿਛਲੇ ੧੭੫ ਸਫੇ ਦੀ ਬਾਕੀ)

ਤਵਾਰੀਖਾਂ ਵਿਚ ਲਿਖਦੇ ਗਏ ਹਨ, ਗੱਲਤੀ ਇਕ ਦੀ ਤੇ ਹਜਾਰਾਂ ਗਿਆਨੀਆਂ ਨੇ ਧੋਖਾ ਖਾਧਾ, ਤੇ ਜਿਨ੍ਹਾਂ ਦਿਨਾਂ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਲਿਖ ਕਰ ਛੱਪਵਾਯਾ ਸੀ, ਓਹਨਾ ਦਿਨਾਂ ਵਿਚ ਇਕ ਸਾਹਿਬਯਾਦਾ ਬਿਸ਼ਨਦਾਸ ਨਿਰੰਜਨੀਆਂ ਜੰਡਿਆਲੇ ਗੁਰੂ ਕੇ ਵਾਲੇ ਨੇ ਗਿਆਨੀ ਗਿਆਨ ਸਿੰਘ ਦੀ ਗਲਤੀਆਂ ਪੰਥ ਪ੍ਰਕਾਸ਼ ਵਿਚੋਂ ਪੜ੍ਹਕੇ ਪੰਥ ਪ੍ਰਕਾਸ਼ ਕੇ ਖੰਡਨ ਮੇਂ ਇਕ ਰਸਾਲਾ ਉਰਦੂ ਮੇਂ ਨੈਸਨਲ ਛਾਪਾ ਖਾਨਾਂ ਮੇ ਛਪਵਾਯਾ ਸੀ, ਜਿਸ ਰਸਾਲੇ ਕਾ ਨਾਮ ਭਾਈ ਗਿਯਾਨ ਸਿੰਘ ਕੀ ਅਗਿਯਾਨਤਾ ਦਾ ਫੋਟੋ ਰਖਿਯਾ ਸੀ, ਏਹ ਰਸਾਲਾ ਉਰਦੂ ਮੇ ਛਪਵਾ ਕਰ ਗਿਆਨੀ ਗਿਆਨ ਸਿੰਘ ਜੀ ਨੂੰ ਡਾਕ ਦੇ ਜਰੀਏ ਪਟਿਆਲੇ ਮੋਤੀ ਬਾਗ ਮੇਂ ਭੇਜ ਕਰ ਕਹਿਆ ਕਿ ਲੈ ਜੋ ਤੂੰ ਨੇ ਨਿਰੰਜਨੀਆਂ ਗੁਰਾਂ ਉਤੇ ਅਲਜਾਮ ਜਾਂ ਝੂਠੀ ਤੋਹਮਤਾਂ ਤੇ ਨਿੰਦਾ ਤੇ ਹੱਤਕ ਲਿਖੀ ਤੇ ਸ੍ਰੀ ਗੁਰੂ ਆਕਲ ਦਾਸ ਪੁਰ ਭੀ ਸਭ ਝੂਠੋ ਝੂਠ ਹੀ ਤੁਮਤਾਂ ਲਾਈਆਂ, ਜੋ ਭੀ ਨਿਰੰਜਨੀਆਂ ਗੁਰੂਆਂ ਬਾਬਤ ਪੰਥ ਪ੍ਰਕਾਸ਼ ਮੇ ਲਿਖਾ ਹੈ, ਓਹਨਾਂ ਬਾਤਾਂ ਦਾ ਜੁਬਾਬ ਪੂਰੇ ਤਉਰ ਪ੍ਰ ਇਸਥੋਂ ਪੜ ਲੈ। ਜੋ ਸਾਹਿਬਯਾਦਾ ਬਿਸ਼ਨਦਾਸ ਜੀ ਨੇ ਪੰਥ ਪ੍ਰਕਾਸ ਕੇ ਖੰਡਨ ਮੇਂ ਲਿਖਾ ਥਾ, ਉਸ ਰਸਾਲੇ ਕਾ ਨਾਂਮੁ ਭਾਈ ਗਿਆਨ ਸਿੰਘ ਕੀ ਅਗਿਯਾਂਨਤਾ ਕਾ ਫੋਟੋ ਰੱਖਿਯਾ ਸੀ। ਸ੍ਰੀ ਮਾਨ ਸੁਦਾਰ ਕਰਮ ਸਿੰਘ ਹਿਸਟੋਰੀਅਨ ਜੀ ਨੇ ਜੋ ਇਕ ਪੁਸਤੱਕ (ਕਤਕਿ ਵਿਸਾਖ) ਨਾਮੇਂ ਲਿਖਾ ਹੈ ਏਸ ਹਿਸਟੋਰੀਅਨ ਜੀ ਨੇ ਜੰਡਿਆਲੇ ਗੁਰੂ ਮੇਂ ਆਨਕੇ ਨਿਰੰਜਨੀਆ ਗੁਰੂਆਂ ਦੇ ਹਾਲਾਤ ਬੜੀ ਪੜਤਾਲ ਸੇ ਕਰਕੇ ਫੇਰ (ਕਤਕਿ ਵਿਸਾਖ) ਨਾਂਮੇ ਪੁਸਤੱਕ ਮੇਂ ਹਾਲਾਤ ਦਿਤੇ ਹਨ, ਅਗਰ ਗਿਆਨੀ ਗਿਆਨ ਸਿੰਘ ਭੀ ਇਸ ਹਿਸਟੋਰੀਅਨ ਵਾਂਗੂ ਪੜਤਾਲ ਕਰਕੇ ਪੰਥ ਪ੍ਰਕਾਸ਼ ਲਿਖਦਾ ਤਾਂ

ਅਗਲੇ ਸਫੇ ਬਕਾਯਾ ਨੋਟ ਪੜ੍ਹੋ

Digitized by Panjab Digital Library | www.panjabdigilib.org

ਜੋ ਅਸਲ ਗੁਰੂ ਗੱਦੀ ਨਸ਼ੀਨ ਛੇਵੀ ਪਾਤਿਸ਼ਾਹੀ ਸ੍ਰੀ ਸਤਿਗੁਰੂ ਗੋਬਿੰਦਦਾਸ ਜੀ ਸਨ, ਏਹਨਾਂ ਗੁਰਾਂ ਦੀ ਸੰਤਾਨ ਅੱਜ ਕੱਲ ਜੰਡਿਆਲਾ ਗੁਰੂ ਮੇਂ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਥੋਂ ੧੨ਵੀ ੧੩ਵੀ ਗੁਰ ਗਦੀ ਚਲ ਰਹੀ ਹੈ।

(ਪਹਿਲਾਂ ਮੈਨੂੰ ਪੜ੍ਹੋ)

ਪ੍ਰਿਯ ਜਨੋ ਨੇਂ ਦਾਸ ਕੋ ਇੰਞ ਕੱਹਾ ਕਿ ਦੇਖਹੁ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਕਈਆਂ ਭਗਤਾਂ ਦੀ ਬਾਣੀ ਹੈ ਇਸ ਪੁਸਤੱਕ ਮੇਂ ਭੀ ਕਿਸੇ ਨ ਕਿਸੇ ਭਗਤ ਦੀ ਬਾਣੀ ਜਰੂਰ ਹੋਣੀ ਚਾਹੀਏ ਤਬ ਦਾਸਨੇ ਕਹਿਆ ਜਿਸ ਭਗਤਿ ਜਨ ਦੀ ਆਖੋ ਉਸ ਭਗਤਿ ਜਨ ਦੀ ਬਾਣੀ ਲਿਖ ਦੇਂਦੇ ਹਾਂ, ਤਬ ਪਿਆਰੇ ਗੁਰਮੁਖਾਂ ਨੇਂ ਕਹਿਆ ਕਿ ਭਗਤਾਂ ਵਿਚੋਂ ਸ੍ਰੀ ਨਾਮਦੇਵ ਜੀ ਨੂੰ ੭੨ ਬਹੱਤ੍ਰ ਵੇਰਾਂ ਅਕਾਲ ਪੁਰਖੁ ਦਾ ਦਰਸ਼ਨ ਹੁੰਦਾ ਰਹਿਆ ਹੈ, ਤੁਸੀਂ ਸ੍ਰੀ ਨਾਮਦੇਵ ਦਾ ਕੋਈ ਪ੍ਰਸੰਗ ਲਿਖ ਦੇਓ, ਤਬ ਦਾਸ ਨੇ ਪਿਆਰੇ ਗੁਰਮੁਖਾਂ ਦੀ ਮਰਜੀ ਸੰਮਝਕੇ ਤਬ ਸ੍ਰੀ ਨਾਮਦੇਵ ਜੀ ਦਾ ਇਸ ਗ੍ਰੰਥ ਮੇਂ ਸੰਖੇਪ ਜੀਵਨ ਅਤੇ ਨਾਮਦੇਵ ਜੀਦੇ ਮੁਖਵਾਕ ਸ਼ਬਦ ਭੀ ਗੁਰਮੁਖਾਂ ਸਜਨਾਂ ਦੇ ਪੜਨ ਹਿਤ ਲਿਖ ਦਿਤੇ ਹਨ, ਸੋ ਉਮੇਦ ਹੈ ਕਿ ਗੁਰਮੁਖ ਸਜਨ ਪੜ੍ਹ ਸੁਣਕੇ ਇਸਥੋਂ ਲਾਭ ਉਠਾਨਗੇ।

(ਪਿਛਲੇ ੧੭੬ ਸਫੇ ਦੀ ਬਾਕੀ)

ਹਜਾਰਾਂਹ ਗਿਯਾਨੀਆਂ ਤੇ ਲੈਂਕਚਰਆਟਾਂ ਤੇ ਤਵਾਰੀਖਾਂ ਲਿਖਨ ਵਾਲਿਆਂ ਨੂੰ ਧੋਖਾ ਨਾ ਦੇਂਦਾ, ਜੇਹੜੇ ਚੰਗੇ ਤੇ ਵਿਦਵਾਂਨ ਗਿਆਨੀ ਹਨ, ਓਹ ਭੀ ਏਸ ਗਿਆਨ ਸਿੰਘ ਦੇ ਲੇਖ ਨੂੰ ਬੁਰਾ ਤੇ ਵਾਹਯਾਤ ਸੰਮਝਦੇ ਹਨ, ਨਿਰੰਜਨੀਆਂ ਗੁਰੂਆਂ ਤੇ ਬੜੇ ਬੜੇ ਹਮਲੇ ਤੇ ਕੂੜ ਤੇ ਅਨਰਥ ਥਪਿਆ, ਐਸੇ ਪੁਸਤਕ ਪੰਥ ਪ੍ਰਕਾਸ ਵਰਗੇ ਜੋ ਸਲੂਕ ਦੇ ਥਾਂ ਬੇ ਥਪਾਕੀ ਦਾ ਬੀਜ ਬੋਉਂਦੇ ਹਨ, ਐਸੇ ਪੁਸਤਕ ਝੂਠ ਦੇ ਭਰੇ ਹੋਏ ਸੁਖਨੇ ਮਾਤ੍ਰ ਨਾ ਪੜ੍ਹੋ।

Digitized by Panjab Digital Library | www.panjabdigilib.org

੧ ਓ ਸਚੁਨਾਮ ਕਰਤਾ ਪੁਰਖੁ

(ਸ੍ਰੀ ਭਗਤਿ ਨਾਮੁਦੇਉ ਜੀਕਾ ਸੰਖੇਪ ਜੀਵਨ)

ਅੰਮ੍ਰਿਤ ਬਚਨ

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ, ॥ ਮਾਇਆ ਚਿਤ੍ਰ ਬਿਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥ ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨ ਨਹੀਂ ਕੋਈ ॥ ਰਹਾਉ ॥ ਜਲ ਤਰੰਗ ਅਰੁਫੇਨ ਬੁਦ ਬੁਦਾ ਜਲਤੇ ਭਿੰਨ ਨ ਹੋਈ ॥ ਏਹ ਪਰਪੰਚ ਪਾਰ ਬ੍ਰਹਮੁ ਕੀ ਲੀਲਾ ਬਿਚਰਤ ਆਨ ਨ ਹੋਈ ॥ ਮਿਥਿਆ ਭਰਮੁ ਅਰ ਸੁਪਨ ਮਨੋਰਥ ਸਤਿ ਪਦਾਰਥ ਜਾਨਿਆ ॥ ਸੁਕ੍ਰਿਤ ਮੰਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥ ਕਹਤ ਨਾਮਦੇਉ ਹਰਿਕੀ ਰਚਨਾ ਦੇਖਹੁ ਰਿਦੈ ਬਿਚਾਰੀ ॥ ਘਟ ਘਟ ਅੰਤ੍ਰ ਸਰਬ ਨਿਰੰਤ੍ਰ ਕੇਵਲ ਏਕ ਮੁਰਾਰੀ ॥

(ਆਸਾ)

ਸ੍ਰੀ ਭਗਤਿ ਨਾਮਦੇਉ ਜੀ

ਜਨਮ ਕਤਕਿ ਸੁਦੀ ੧੧ ਸੰਮਤ ੧੩੨੭ ਬਿ:
ਪਿੰਡ ਨਰਸੀ ਬ੍ਰਾਮਨੀ ਜਿਲਾ ਸਤਾਰਾ (ਬੰਬਈ)
ਮਾਤਾ ਪਿਤਾ ਦਾਮਸੇਠੀ, ਮਾਤਾ ਗੋਨਾ ਬਾਈ,
ਨਿਵਾਸ..............................ਪੁੰਡਰਪੁਰ ॥
ਗੁਰ ਦੀਖਿਆ ਵਿਸ਼ੋਭਾਖੇਚਰ ਮਹਾਤਮਾਂ ਤੋਂ ।
ਵਿਵਾਹ ਗੋਬਿੰਦ ਸੇਠੀ ਦੀ ਪੁਤ੍ਰੀ ਰਾਜਾ ਬਾਈ ਨਾਲ ਹੋਇਆ ।

Digitized by Panjab Digital Library | www.panjabdigilib.org

ਦਿਹਾਂਤ.........ਸੰਮਤ ੧੪੦੭ ਬਿ:

ਕਾਂਡ ੧੦

ਜੀਵਨ ਭਗਤ ਨਾਮਦੇਉ ਜੀ

ਜਨਮ, ਬਾਲਪਨ ਤੇ ਅਰੰਭਕ ਜੀਵਨ

ਬੁਧ ਧਰਮ ਦੇ ਮਿਟ ਜਾਣ ਦੇ ਬਾਹਦ ਤੇ ਮੁਸਲਮਾਨ ਬਾਦਸ਼ਾਹਾਂ ਦੇ ਹਮਲਿਆਂ ਨਾਲ ਹਿੰਦੁਸਤਾਨ ਵਿਚ ਭਗਤੀ ਦੀ ਜੋ ਲਹਿਰ ਜਾਰੀ ਹੋਈ, ਇਹ ਦਰ ਅਸਲ ਦਖਣ ਚੋਂ ਉਠੀ। ਭਗਤੀ ਦਾ ਏਹ ਸੋਮਾ ਹੌਲੀ ਹੌਲੀ ਉਤਰੀ ਭਾਰਤ ਵਲ ਵਧਿਯਾ। ਰਾਜ ਨੀਤਕ ਪਰਿ ਵਰਤਨ ਦੇ ਕਾਰਨ ਸੁੰਨ ਪਏ ਹੋਏ ਜਨਤਾ ਦੇ ਹਿਰਦਿਆਂ ਵਿਚ ਇਸਨੂੰ ਪੂਰੀ ਥਾਂ ਮਿਲੀ। ਰਾਮਾਨੁਜ ਨੇਂ (ਸੰਮਤ ੧੦੭੩ ਵਿਚ) ਜਿਸ ਭਗਤੀ ਦਾ ਨਿਰੂਪਣ ਕੀਤਾ ਸੀ ਉਸ ਵਲ ਜਨਤਾ ਆਕਰਸ਼ਤ ਹੋਈ। ਗੁਜਰਾਤ ਪ੍ਰਾਂਤ ਵਿਚ ਮਾਧਵਾ ਚਾਰਯ ਨੇ (੧੨੫੪-੧੩੩੩ ਵਿਚ ਜੋ ਦ੍ਵੈਤ-ਵਾਦੀ ਵੈਸ਼ਨਵ ਸੰਪ੍ਰਦਾਇ ਚਲਾਈ, ਉਸ ਵਲ ਬਹੁਤ ਸਾਰੇ ਲੋਕ ਝੁਕ ਗਏ। *ਭਗਤੀ ਮਾਰਗ ਵਿਚ ਸਮਾਨਤਾ ਸੀ, ਇਸ ਲਈ ਮਹਾਂ ਰਾਸ਼ਟਰ ਵਿਚ ਤੇਰਵੀਂ ਸਦੀ ਵਿਚ ਭਗਤੀ ਮਾਰਗ ਦਾ ਜੋਰ ਹੋ ਗਿਯਾ। ਇਸ ਪ੍ਰਾਂਤ ਵਿਚ ਜੋ ਸੰਤ ਪੈਦਾ ਹੋਏ ਓਹ ਖਾਸ ਤੌਰਤੇ ਕਹਿਣ-ਮਾਤਰ ਨੀਵੀਆਂ ਜਾਤਾਂ ਵਿਚੋਂ ਸਨ। ਉਨ੍ਹਾਂ ਵਿਚੋਂ ਸ੍ਰੀ ਭਗਤ ਨਾਮਦੇਉ, ਗਿਆਨੇਸ਼੍ਵਰ ਮੁਕਤਾ ਬਾਈ, ਏਕ ਨਾਥ, ਜਨਾਰਧਨ, ਤ੍ਰਿੰਬਕ ਸਵਾਮੀ, ਮੁਦਗਲ, ਆਦਿਕ ਦੇ ਨਾਂ ਖਾਸ ਵਰਣਨ ਯੋਗ ਹਨ। ਮਹਾਂ ਰਾਸ਼ਟਰ ਵਿਚ ਧਰਮ ਪ੍ਰਚਾਰ, ਸਮਾਜਕ ਸੁਧਾਰ ਤੇ ਰਾਜ ਨੀਤਕ ਜਾਗ੍ਰਤੀ ਦਾ ਕੰਮ ਸੰਤ ਮੰਡਲ

---

*ਹਿੰਦੀ ਸਾਹਿਤ ਕਾ ਇਤਹਾਸ ਪੰਨਾ ੬੪।

Digitized by Panjab Digital Library | www.panjabdigilib.org

ਨੇਂ ਕੀਤਾ ਹੈ।*

ਸ੍ਰੀ ਨਾਮਦੇਉ ਜੀ ਮਹਾਂ ਰਾਸ਼ਟਰ ਦੇ ਪ੍ਰਸਿਧ ਭਗਤ ਹੋਏ ਹਨ। ਆਪਦਾ ਜਨਮ ਐਤਵਾਰ ਕਤਕ ਸੁਦੀ ੧੧ ਸੰਮਤ ੧੩੨੭ ਬਿਕ੍ਰਮੀ ਮੁਤਾਬਕ ੧੨੭੦ ਈਸਵੀ ਨੂੰ ਪਿੰਡ ਨਰਸੀ ਬਾਮਨੀ ਜਿਲਾ ਸਤਾਰਾ (ਬੰਬਈ) ਵਿਖੇ ਦਾਂਮ ਸੇਠੀ ਛੀਪੇ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਮ ਗੋਣਾ ਬਾਈ ਸੀ, ਜੋ ਇਕ ਦਰਜੀ ਦੀ ਸਪੁਤ੍ਰੀ ਸੀ। ਇਨ੍ਹਾਂ ਦਾ ਪਿੰਡ ਕਲਿਆਨ ਸੀ। ਨਾਮਦੇਓ ਜੀ ਦੇ ਮਾਤਾ ਪਿਤਾ ਭਗਤੀ ਭਾਵ ਵਾਲੇ ਸਨ।

ਸ੍ਰੀ ਨਾਮਦੇਓ ਜੀ ਦੇ ਸਬੰਧ ਵਿਚ ਇਕ ਸਾਖੀ ਇਹ ਵੀ ਹੈ ਕਿ ਦਾਮਾ ਸੇਠੀ ਤੇ ਗੋਣਾ ਬਾਈ ਦੇ ਕੋਈ ਸੰਤਾਂਨ ਨਹੀਂ ਸੀ। ਏਹ ਦੋਵੇਂ ਜੀਅ ਵਿਠੋਬਾ ਦੇਵ ਦੀ ਪੂਜਾ ਕਰਦੇ ਸਨ। ਇਕ ਦਿਨ ਭੀਮਾ ਨਦੀ ਤੇ ਅਸ਼ਨਾਨ ਕਰਕੇ ਵਾਪਿਸ ਆ ਰਹੇ ਸਨ ਕਿ ਇਨ੍ਹਾਂ ਨੂੰ ਬਾਰਾਂ ਵਰਿਹਾਂ ਦਾ ਇਕ ਮੁੰਡਾ ਮਿਲਿਆ, ਏਹ ਨਾਮਦੇਵ ਜੀ ਸਨ। †ਨਗਰ ਦੇ ਬਾਹਿਰ ਵਿਠੋਬਾ ਜੀ ਦਾ ਮੰਦਰ ਸੀ, ਉਥੇ ਦਾਮਾ ਸੇਠੀ ਨਿਤ ਪੂਜਾ ਪਾਠ ਕਰਨ ਜਾਇਆ ਕਰਦੇ ਸਨ। ਜਿਹੀ ਕੋਕੋ ਤਿਹੇ ਬੱਚੇ ਦੀ ਅਖੌਤ ਅਨੁਸਾਰ ਮਾਤਾ ਪਿਤਾ ਦੇ ਸ਼ੁਭ ਸੰਸਕਾਰਾਂ ਦਾ ਪ੍ਰਭਾਵ ਸ੍ਰੀ ਨਾਮਦੇਵ ਪ੍ਰ ਪਿਆ। ਓਹ ਬਚਪਨ ਤੋਂ ਹੀ ਰਬ ਦੀ ਭਗਤੀ ਵਲ ਲਗ ਪਏ। ਪੰਜ ਵਰ੍ਹੇ ਦੀ ਉਮਰ ਵਿਚ ਆਪ ਨੂੰ ਸਕੂਲੇ ਪੜਨ ਪਾਇਆ ਗਿਯਾ, ਪ੍ਰ ਇਨ੍ਹਾਂ ਨੇ ਪੜ੍ਹਾਈ ਵਲ ਕੋਈ ਖਾਸ ਧਿਆਨ ਨ ਦਿਤਾ। ਜੇ ਕਦੀ ਸਕੂਲ ਦਾ ਉਸਤਾਦ ਬਾਹਰ ਜਾਂਦਾ ਤਾਂ ਨਾਮਦੇਵ ਜੀ ਮੌਕੇ ਨੂੰ ਦੁਰਲਭ ਸੰਮਝ ਕੇ ਦੂਜੇ ਵਿਦਿਆਰਥੀਆਂ ਨੂੰ ਨਾਲ ਲੈਕੇ ਰਬ ਦੀ ਭਗਤੀ ਵਲ ਲਗ ਜਾਂਦੇ। ਆਪ ਸੁਰ ਤਾਲ ਨਾਲ ਈਸ਼੍ਵਰ ਦੇ ਗੀਤ ਗਾਂਉਦੇ ਤੇ ਸਾਥੀਆਂ ਨੂੰ ਭੀ ਗਉਣ ਦੀ ਪ੍ਰੇਰਨਾ ਕਰਦੇ।

ਜਦ ਰਤਾ ਵਡੀ ਉਮਰ ਦੇ ਹੋਏ ਤਾਂ ਸ੍ਰੀ ਨਾਮਦੇਵ ਜੀ ਦੀ ਸ਼ਾਦੀ

---

*ਮਰਾਠੀ ਇਤਿਹਾਸ ਪੰਨਾ ੮੬। †ਹਿੰਦੀ ਵਿਸ਼ਵ ਕੋਸ਼ ਭਾਗ ੧੧ ਪੰਨਾ ੬੪੫।

Digitized by Panjab Digital Library | www.panjabdigilib.org

ਗੋਬਿੰਦ ਸੇਠੀ ਦੀ ਲੜਕੀ (ਰਾਜਾ ਬਾਈ) ਨਾਲ ਹੋਈ। ਆਪਦੇ ਮਾਤਾ ਪਿਤਾ ਨੇ ਜਤਨ ਕੀਤਾ ਕਿ ਟਬਰਦਾਰ ਹੋਣ ਦੇ ਨਾਲ ਹੀ ਵਿਹਾਰ ਦੀ ਉਨਤੀ ਵੱਲ ਵੀ ਖਾਸ ਧਿਆਨ ਦੇਣ, ਪ੍ਰ ਉਨ੍ਹਾਂ ਨੂੰ ਇਸ ਗਲ ਵਿਚ ਸਫਲਤਾ ਨਾ ਹੋਈ। ਇਕ ਵੇਰ ਪਿਤਾ ਨੇ ਕੁਝ ਰੁਪੈਇ ਕਿਸੇ ਸ਼ਾਹੂਕਾਰ ਪਾਸੋਂ ਲੈਕੇ ਵਪਾਰ ਕਰਨ ਲਈ ਦਿਤੇ। ਆਪਨੇ ਓਹ ਰੁਪੈਇ ਫਕੀਰਾਂ ਨੂੰ ਖੁਆ ਦਿਤੇ। ਮਾਤਾ ਪਿਤਾ ਨੂੰ ਆਪਦੇ ਇਸ ਵਤੀਰੇ ਤੋ ਬੜੀ ਨਿਰਾਸਤਾ ਹੋਈ। ਜਿਸ ਮੰਦਰ ਵਿਚ ਸ੍ਰੀ ਨਾਮਦੇਵ ਜੀ ਪੂਜਾ ਪਾਠ ਕਰਨ ਜਾਂਦੇ ਸਨ, ਉਥੋਂ ਦੇ ਪੂਜਾਰੀਆਂ ਨੇ ਵੀ ਆਪ ਨੂੰ ਸਮਝਾਉਣ ਦਾ ਜਤਨ ਕੀਤਾ, ਪਰ ਇਨ੍ਹਾਂ ਦੀ ਵੀ ਕੋਈ ਪੇਸ਼ ਨਾ ਗਈ।

ਇਕ ਦਿਨ ਨਾਮਦੇਵ ਜੀ ਦਾ ਪਿਤਾ ਕਿਸੇ ਖਾਸ ਕੰਮ ਲਈ ਬਾਹਰ ਚਲਿਆ। ਉਸਨੇ ਆਪ ਜੀਨੂੰ ਬੁਲਾ ਕੇ ਕਿਹਾ, ਮੈ ਕਿਸੇ ਕੰਮ ਲਈ ਬਾਹਰ ਚਲਿਆ ਹਾਂ। ਤੂੰ ਮੇਰੇ ਪਿਛੋਂ ਮੇਰੀ ਥਾਵੇ ਮੰਦਰ ਵਿਚ ਜਾਕੇ ਠਾਕਰ ਦੀ ਪੂਜਾ ਸੇਵਾ ਕਰੀ। ਠਾਕਰ ਨੂੰ ਭੋਗ ਲਾਇ ਬਿਨਾਂ ਆਪ ਅੰਨਜਲ ਨਾ ਗ੍ਰਹਿਣ ਕਰੀ। ਨਾਮਦੇਵ ਜੀਨੇ ਉਤ੍ਰ ਦਿਤਾ, ਪਿਤਾ ਜੀ ਆਪ ਚਿੰਤਾ ਨ ਕਰੋ, ਮੈ ਬੜੇ ਪ੍ਰੇਮ ਨਾਲ ਠਾਕਰ ਜੀਦੀ ਸੇਵਾ ਪੂਜਾ ਕਰਾਂਗਾ। ਪਿਤਾ ਬੜੀ ਸਧਾਰਨ ਜੇਹੀ ਗਲ ਕਹਿਕੇ ਚਲਾ ਗਿਆ। ਦੂਜੇ ਦਿਨ ਸਵੇਰੇ ਨਾਮਦੇਵ ਨੇ ਅਸ਼ਨਾਨ ਕਰਕੇ ਗਊ ਦਾ ਦੁਧ ਚੋਇਆ ਤੇ ਬੜੇ ਪ੍ਰੇਮ ਨਾਲ ਉਹ ਦੁਧ ਲੈਕੇ ਠਾਕਰ ਨੂੰ ਭੋਗ ਲਵਾਨ ਲਈ ਮੰਦਰ ਵਿਚ ਪੁਜੇ। ਦੁਧ ਮੂਰਤੀ ਦੇ ਸਾਹਿਮਣੇ ਰਖਕੇ ਭਜਨ ਸਿਮ੍ਰਨ ਵਿਚ ਜੁਟਿ ਗਏ। ਢੇਰ ਚਿਰ ਹੋ ਗਿਆ ਪਰ ਮੂਰਤੀ ਨੇਂ ਦੁਧ ਨਾਂ ਪੀਤਾ,। ਸ੍ਰੀ ਨਾਮਦੇਵ ਜੀਨੂੰ ਸ਼ੱਕ ਪਿਆ ਕਿ ਠਾਕੁਰ ਮੇਰੇ ਪਿਤਾ ਦਾ ਦੁਧ ਤਾਂ ਪੀ ਲੈਂਦੇ ਹਨ ਪਰ ਮੇਰੇ ਵਿਚ ਕੁਝ ਕਸਰ ਹੈ, ਇਸਲਈ ਮੇਰਾ ਦੁਧ ਨਹੀਂ ਪੀਂਦੇ। ਭੋਲੇ ਭਾ ਵਿਚ ਆਪ ਨੇ ਮੂਰਤੀ ਅਗੇ ਬੜੇ ਤਰਲੇ ਕੀਤੇ ਪਰ ਨਿਤੀਜਾ ਕੋਈ ਨਾ ਨਿਕਲਿਆ। ਭੋਲੇ ਨਾਮਦੇਵ ਨੂੰ ਕੀ ਪਤਾ ਸੀ ਕਿ ਜੜ ਪ੍ਰਿਤਮਾਂ ਨੇ ਕਦੀ ਦੁਧ ਨਹੀਂ ਪੀਤਾ।

Digitized by Panjab Digital Library | www.panjabdigilib.org

ਉਸਨੇ ਪਿਤਾ ਦੇ ਬਚਨ ਮੰਨਕੇ ਸਿਰ ਧੜ ਦੀ ਬਾਜੀ ਲਾ ਦਿਤੀ। ਨਾਮਦੇਵ ਜੀਨੇ ਦਿਲ ਵਿਚ ਪ੍ਰਣ ਕਰਿ ਲਿਆ ਕਿ ਜਦ ਤੀਕ ਠਾਕੁਰ ਦੁਧ ਨਹੀਂ ਪੀਂਦੇ, ਉਦੋਂ ਤੀਕ ਮੈਂ ਵੀ ਕੁਝ ਨਹੀਂ ਖਾਂਣਾ ਪੀਣਾ। ਮਨੁਖ ਦਾ ਦ੍ਰਿੜ੍ਹ ਸੰਕਲਪ ਤੇ ਅਟਲ ਵਿਸ਼ਵਾਸ਼ ਕਈਵੇਰ ਅਣਹੋਣੀ ਗਲ ਨੂੰ ਕਰ ਦਿੰਦਾ ਹੈ। ਭਗਤ ਮਾਲ ਤੇ ਹੋਰ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਨਾਮਦੇਵ ਜੀ ਦੀ ਪ੍ਰੇਮ-ਭਗਤੀ ਨੂੰ ਦੇਖਕੇ ਮੂਰਤੀ ਨੇ ਉਹ ਦੁਧ ਪੀ ਲਿਆ। ਭਾਈ ਗੁਰਦਾਸ ਜੀ ਲਿਖਦੇ ਹਨ:–

ਕੰਮ ਕਿਤੇ ਪਿਉ ਚਲਿਆ ਨਾਮਦੇਵ ਨੂੰ ਆਖਿ ਸਿਧਾਯਾ॥
ਠਾਕਰ ਦੀ ਸੇਵਾ ਕਰੀਂ ਦੁਧ ਪੀਆਵਣ ਕਹਿ ਸੰਮਝਾਯਾ॥
ਨਾਮਦੇਵ ਅਸ਼ਨਾਨ ਕਰ ਕਪਲ ਗਾਇ ਦੁਹਿਕੈ ਲੈ ਆਯਾ॥
ਠਾਕੁਰ ਨੂੰ ਨ੍ਹਵਾਲਕੈ ਚਰਣੋਦਕ ਲੈ ਤਿਲਕ ਚੜ੍ਹਾਯਾ॥
ਹਥ ਜੋੜ ਬਿਨਤੀ ਕਰੇ ਦੁਧ ਪੀਹੁ ਜੀ ਗੋਵਿੰਦ ਗਾਯਾ॥
ਨਿਹਚੌਂ ਕਰ ਅਰਾਧਿਆ ਹੋਇ ਦਿਆਲ ਦਰਸ ਦਿਖਲਾਯਾ॥
ਭਰੀ ਕਟੋਰੀ ਨਾਮਦੇਵ ਲੈ ਠਾਕੁਰ ਨੁ ਦੁਧ ਪੀਆਯਾ॥
ਗਾਇ ਮੁਈ ਜੀਵਾਲੀਅਨ ਨਾਮਦੇਵ ਦਾ ਛਪਰ ਛਾਯਾ॥
ਫੇਰ ਦੇਹੁਰਾ ਰਖਿਓਨ ਚਾਰ ਵਰਨ ਲੈ ਪੈਰੀ ਪਾਯਾ॥
ਭਗਤਿ ਜਨਾਂ ਦਾ ਕਰੇ ਕਰਾਯਾ॥ (ਵਾਰ ੧੦–੧੧)

ਸ੍ਰੀ ਨਾਮਦੇਵ ਜੀ ਇਸ ਘਟਨਾਂ ਬਾਰੇ ਆਪ ਫੁਰਮਾਉਂਦੇ ਹਨ– ਦੂਧ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ॥ ੧॥ ਦੂਧ ਪੀਉ ਗੋਬਿੰਦ ਰਾਇ॥ ਨਾਹੀਂ ਤ ਘਰ ਕੋ ਬਾਪੁ ਰਿਸਾਇ॥ ਰਹਾਉ॥ ਸੋਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥ ਏਕੁ ਭਗਤਿ ਮੇਰੇ ਹਿਰਦੈ ਬਸੈ ॥ ਨਾਮੇ ਦੇਖਿ ਨਾਰਾਇਣ ਹਸੈ॥ ਦੂਧ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ। (ਭੈਰਉ ੪–੩)

Digitized by Panjab Digital Library | www.panjabdigilib.org

ਅਸੀਂ ਇਸ ਘਟਨਾਂ ਦਾ ਭਾਵ ਇਹ ਸੰਮਝਦੇ ਹਾਂ ਕਿ ਮੂਰਤੀ ਨੂੰ ਦੁਧ ਪਿਲਾਣ ਦੇ ਭੋਲੇ ਭਾ ਨੇਂ ਹੀ ਨਾਮਦੇਵ ਜੀ ਦੇ ਅੰਤ੍ਰੀਵ-ਆਤਨੇਂ ਸ੍ਰਬ ਵਿਆਪਕ ਈਸ਼੍ਵਰ ਦੇ ਗਿਯਾਨ ਦਾ ਪ੍ਰਕਾਸ਼ ਕੀਤਾ। ਉਨ੍ਹਾਂ ਨੇ ਇਕ ਜੜ ਮੂਰਤੀ ਵਿਚ ਜੋ ਈਸ਼੍ਵਰ, ਭਾਵਨਾਂ ਕਲਪਤ ਕੀਤੀ ਹੋਈ ਸੀ, ਉਹ ਨਸ਼ਟ ਹੋ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਨਾਮਦੇਵ ਜੀ ਦੀ ਬਾਂਣੀ ਵਿਚ ਔਂਦਾ ਹੈ:-, ਦੂਧ ਪੀਆਇ ਭਗਤੁ ਘਰਿ ਗਿਯਾ। ਨਾਮੇਂ ਹਰਿਕਾ ਦਰਸ਼ਨ ਭਇਯਾ। ਇਸਤੋਂ ਸਪਸ਼ਟ ਹੁੰਦਾ ਹੈ ਹਰਿ ਦਰਸ਼ਨ ਮੂਰਤੀ ਦੇ ਦਰਸ਼ਨ ਨਾਲੋਂ ਕੋਈ ਵੱਖਰੀ ਚੀਜ਼ ਸੀ। ਮੂਰਤੀ ਦੇ ਦਰਸ਼ਨ ਤਾਂ ਰੋਜ ਕਰਦੇ ਹੀ ਸਨ। ਇਸ ਲਈ ਉਸ ਵਿਚ ਈਸ਼੍ਵਰ ਦੀ ਭਾਵਨਾ ਕਲਪਤ ਕਰਕੇ ਦੁਧ ਪਿਆਲਣ ਬੈਠੇ ਸਨ। ਜੋ ਇਹ ਕਿਹਾ ਜਾਵੇ ਕਿ ਮੂਰਤੀ ਵਿਚੋਂ ਹਰਿਦਰਸ਼ਨ ਹੋਵੇ ਤਾਂ ਇਹ ਗਲ ਨਾਮਦੇਵ ਜੀ ਦੀ ਬਾਂਣੀ ਵਿਚ ਕਥਨ ਕੀਤੇ ਗਏ ਨਿਸਚਿਆਂ ਦੇ ਉਲਟ ਹੈ। ਆਪ੍ਰ ਫੁਰਮਾਉਂਦੇ ਹਨ:-ਏਕੈ ਪਾਥਰ ਕੀਜੈ ਭਾਉ॥ ਦੂਜੇ ਪਾਥਰ ਧਰੀਐ ਪਾਉ॥ ਜੇ ਓਹ ਦੇਉ ਤ ਓਹ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ॥ (ਗੁਜਰੀ)

ਭਾਵ-ਇਕ ਪਥਰ ਨੂੰ ਰਬਦੀ ਮੂਰਤੀ ਸੰਮਝਕੇ ਉਸ ਨਾਲ ਪ੍ਰੇਮ ਕਰਦੇ ਹਾਂ ਤੇ ਦੂਜੇ ਪੱਥਰ ਤੇ ਪੈਰ ਰਖਦੇ ਹਾਂ। ਜੇ ਇਕ ਪੱਥਰ ਦੇਵਤਾ ਹੈ ਤਾਂ ਦੂਜਾ ਕਿਉਂ ਨਹੀਂ, ਇਸ ਲਈ ਨਾਮਦੇਵ ਨਿਰਾਕਾਰ ਈਸ਼੍ਵਰ ਦੀ ਸੇਵਾ ਵਿਚ ਲਗਾ ਹੈ।

ਸ੍ਰੀ ਨਾਮਦੇਵ ਜੀ ਦੇ ਜੀਵਨ ਵਿਚ ਲਿਖਿਆ ਹੈ, ਕਿ ਇਕ ਪਿੰਡ ਵਿਚ ਨਾਗ-ਨਾਥ ਦਾ ਮੰਦਰ ਸੀ, ਉਸ ਵਿਚ ਇਕ ਤਤ੍ਵ ਵੇਤਾ ਸਾਧੂ, ਵਿਸ਼ੋਭਾ ਖੇਚਰ, ਰਹਿੰਦਾ ਸੀ। ਆਪਨੇ ਉਸਦੀ ਮਹਿਮਾਂ ਸੁਣੀ ਹੋਈ ਸੀ, ਇਸ ਲਈ ਉਸਦਾ ਦਰਸ਼ਨ ਕਰਨ ਗਏ।

ਜਾਕੇ ਦੇਖਿਆ ਕਿ ਨਾਗ-ਨਾਥ ਦੇ ਮੰਦਰ ਵਿਚ ਇਕ ਡਰਾਉਨੀ ਸ਼ੱਕਲ ਵਾਲਾ ਤੇ ਮਲੀਨ ਮਨੁਖ, ਸ਼ਿਵ ਦੀ ਮੂਰਤੀ ਪੁਰ ਪੈਰ ਰਖ ਕੇ

Digitized by Panjab Digital Library | www.panjabdigilib.org

ਬੈਠਾ ਹੈ। ਏਹ ਵੇਖਕੇ ਬੜੇ ਹੈਰਾਨ ਹੋਏ ਤੇ ਉਸ ਪਾਸੋ ਪੁਛਨ ਲਗੇ।

(ਸ੍ਰੀ ਭਗਤਿ ਨਾਮਦੇਵ ਜੀ ਨੂੰ ਗੁਰ ਦੀਖਿਆ)

ਸ੍ਰੀਨਾਮਦੇਵ–ਤੂੰ ਮੂਰਤੀ ਪ੍ਰ ਪੈਰ ਕਿਓ ਰਖੇ ਹਨ। ਸਾਧੂ–ਕਿਥੇ ਰਖਾਂ, ਨਾਮਦੇਵ–ਹੋਰ ਕੋਈ ਥਾਂ ਪੈਰ ਰਖਨ ਲਈਨਹੀ, ਸਾਧੂ–ਜਿਥੇ ਰਬ ਨਹੀ, ਤੂੰਓਥੇ ਮੇਰੇ ਪੈਰ ਰੱਖ ਦੇਹ–ਅੰਤ ਵਿਚ ਨਾਮਦੇਵ ਜੀ ਨੂੰ ਪਤਾ ਲਗਾ ਕਿ ਏਹ ਤਾਂ ਤਤ੍ਵੇਤਾ ਸਾਧੂ ਵਿਸ਼ੋਭਖੇਚਰ ਹੈ। ਆਪ ਨੇ ਓਸਨੂੰ ਚਰਨ ਸੇਵਕ ਬਨਾਂਨ ਦੀ ਪ੍ਰਾਰਥਨਾ ਕੀਤੀ। (ਵਿਸ਼ੋਭਾ ਖੇਚਰ) ਨੇ ਆਪਦੇ ਪ੍ਰੇਮ ਨੂੰ ਦੇਖਕੇ ਗੁਰਦੀਖਿਆਂ ਦਿਤੀ।

ਸ੍ਰੀ ਨਾਮਦੇਵ ਜੀ ਕੁਝ ਮਹੀਨੇ ਉਸ ਪਾਸ ਟਿਕੇ ਤੇ ਗਿਯਾਨ ਗੋਸ਼ਟ ਕਰਕੇ ਆਤਮਕ ਸਿਖਿਆ ਲੈਂਦੇ ਰਹੇ। ਇਕ ਵੇਰ ਸ੍ਰੀ ਨਾਮਦੇਵ ਜੀ ਇਕ ਮੰਦਰ ਵਿਚ ਗਏ। ਉਥੇ ਆਪਨੇ ਦੇਖਿਆ ਕਿ ਇਕ ਪੁਜਾਰੀ ਠਾਕੁਰ ਨੂੰ ਭੋਗ ਲਵਾਂਦਾ ਹੈ ਤੇ ਲਾਗੇ ਇਕ ਗ੍ਰੀਬ ਇਸਤ੍ਰੀ ਦੀ ਗੋਦ ਵਿਚ ਉਸਦਾ ਭੁਖਾ ਬੱਚਾ ਤੜਫਦਾ–ਆਪ ਨੇ ਉਸ ਪਾਸੋਂ ਪੁਛਿਆ ਕਿ ਬੱਚਾ ਕੀ ਚਾਹੁੰਦਾ ਹੈ, ਇਸਤ੍ਰੀ ਨੇ ਕੈਹਾ ਭੁਖਾ ਹੋਨ ਕਰਕੇ ਕੁਝ ਖਾਣ ਲਈ ਮੰਗਦਾ ਹੈ। ਇਹ ਸੁਣਕੇ ਨਾਮਦੇਵ ਜੀ ਬੜੇ ਦੁਖੀ ਹੋਏ, ਇਸ ਲਈ ਕਿ ਮੰਦਰ ਦਾ ਪੁਜਾਰੀ ਇਕ ਜੱੜ੍ਹ ਮੂਰਤੀ ਨੂੰ ਭੋਗ ਲਵਾਉਨ ਵਿਚ ਤਾਂ ਪੁੰਨ ਸੰਮਝਦਾ ਸੀ, ਪ੍ਰ ਸਾਹਮਣੇ ਇਕ ਭੁਖ ਨਾਲ ਤੜਪ ਰਹੇ ਮਨੁਖ ਦੇ ਬੱਚੇ ਨੂੰ ਪ੍ਰਸ਼ਾਦਿ ਦੇਣ ਤੋਂ ਝਿਝਕਦਾ ਸੀ। ਏਹ ਨਜਾਰਾ ਦੇਖਕੇ ਆਪ ਪਾਸੋਂ ਰਹਾ ਨ ਗਿਆ। ਜਦ ਮੰਦਰ ਵਿਚ ਦਾਖਲ ਹੋਣ ਲੱਗੇ, ਤਾਂ ਕੁਝ ਅਭਿਮਾਨੀ ਪੰਡਤਾਂ ਨੇ ਆਪ ਨੂੰ ਸ਼ੂਦਰ ਸੰਮਝਕੇ ਘਿਰਨਾ ਕੀਤੀ। ਉਨ੍ਹਾਂ ਨੇ ਰਾਉਲਾ ਪਾ ਦਿਤਾ ਕਿ ਇਕ ਸ਼ੂਦਰ ਨੇ ਸਾਡਾ ਮੰਦਰ ਅੱਪਵਿਤ੍ਰ ਕਰ ਦਿਤਾ ਹੈ, ਇਹ ਸੁਣਕੇ ਬਹੁਤ ਸਾਰੇ ਲੋਕ ਅਕੱਠੇ ਹੋ ਗਏ ਤੇ ਉਨ੍ਹਾਂ ਨਾਮਦੇਵ ਜੀ ਨੂੰ ਧੱਕੇ ਮਾਰਕੇ ਮੰਦਰੋ ਬਾਹਰ ਕੱਢਨ ਦਾ ਜਤਨ ਕੀਤਾ।

ਸ੍ਰੀ ਨਾਮਦੇਵ ਜੀ ਪੰਡਰ ਪੁਰ ਵਿਖੇ ਵਿਠਲ ਦੇ ਮੰਦਰ

Digitized by Panjab Digital Library | www.panjabdigilib.org

ਦੇ ਦਰਸ਼ਨ ਕਰਨ ਗਏ, ਇਹ ਟਿਕਾਣਾ, ਪੁੰਡਾਰਕ, ਨਾਵੇਂ ਇਕ ਕ੍ਰਿਸ਼ਨ ਭਗਤ ਦੀ ਯਾਦਗਾਰ ਸੀ। ਇਸ ਸਬੰਧੀ ਏਹ ਕਥਾ ਪ੍ਰਸਿਧ ਹੈ, ਕਿ ਕ੍ਰਿਸ਼ਨ ਜੀ ਇਕ ਵੇਰ ਪੁੰਡਾਰਕ ਨੂੰ ਦੁਵਾਰਕਾ ਵਿਖੇ ਮਿਲਨ ਆਏ, ਅਗੋਂ ਓਹ ਮਾਂ ਪਿਉ ਦੀ ਸੇਵਾ ਵਿਚ ਲਗਾ ਹੋਯਾ ਸੀ। ਉਸਨੇ ਕ੍ਰਿਸ਼ਨ ਜੀਨੂੰ ਬੈਠਨ ਲਈ ਇਕ ਇਟ ਪੇਸ਼ ਕੀਤੀ ਆਪ ਕੰਮ ਵਿਚ ਰੁਝਾ ਰੇਹਾ। ਕ੍ਰਿਸ਼ਨ ਜੀ ਇਟ ਪਰ ਬੈਠ ਤਾ ਗਏ, ਪਰ ਪੁੰਡਾਰਕ ਨੂੰ ਸੇਵਾ ਵਿਚ ਰੁਝਿਆ ਦੇਖਕੇ ਬਹੁਤਾ ਚਿਰ ਨਾ ਠਹਿਰੇ ਤੇ ਚਲਦੇ ਬਣੇ। ਇਸ ਯਾਦਗਾਰ ਵਿਚ ਜੋ ਮੂਰਤੀ ਬਨਾਈ ਗਈ, ਉਸ ਵਿਚ ਕ੍ਰਿਸ਼ਨ ਜੀ ਨੂੰ ਇਕ ਇਟ ਪਰ ਬੈਠੇ ਦਰਸਾਯਾ ਗਿਆ ਹੈ ਤੇ ਇਸੇ ਦਾ ਨਾਮ, ਵਿਠਲ ਕਰਕੇ ਪ੍ਰਸਿਧ ਹੈ, ਪੁੰਡਾਰਕ ਦੇ ਨਾਮ ਪੁਰ ਹੀ ਪ੍ਰਸਿਧ ਹੋਇਆ ਸੀ। ਇਸ ਟਿਕਾਣੇ ਸ੍ਰੀ ਨਾਮਦੇਵ ਜੀ ਦੀ ਮੁਲਾਕਾਤ ਇਕ ਲੜਕੀ ਜੈਨਾਬਾਈ ਨਾਲ ਹੋਈ ਜੋ ਮਾਪਿਆਂ ਦੇ ਘਰਿ, ਵਿਠਲ, ਦੇ ਦਰਸ਼ਨ ਕਰਨ ਆਈ ਸੀ ਤੇ ਭਗਤੀ ਰੰਗ ਵਿਚ ਰੰਗੇ ਜਾਣ ਕਰਕੇ ਮੁੜ ਘਰਿ ਵਾਪਸ ਜਾਣ ਦਾ ਨਾਂ ਨਹੀਂ ਲੈਂਦੀ ਸੀ। ਜੈਨਾਬਾਈ ਨੇ ਕਈ ਕਹਾਣੀਆਂ ਤੇ ਕਵਿਤਾ ਲਿਖੀਆਂ ਹਨ। ਉਨ੍ਹਾਂ ਵਿਚੋਂ ਕਈ ਸਿਰਫ ਨਾਮਦੇਵ ਜੀ ਦੇ ਜੀਵਨ ਸਬੰਧੀ ਹੀ ਹਨ।

ਪੁੰਡਰ ਪੁਰ ਵਿਚ ਨਾਮਦੇਵ ਜੀ ਕੁਝ ਸਮਾਂ ਠਹਿਰੇ, ਰਾਜਾ ਬਾਈ ਭੀ ਨਾਲ ਹੀ ਸੀ। ਪਿੰਡ ਵਿਚ ਇਕ (ਪਰਸਾ) ਨਾਮੇਂ ਪ੍ਰਸਿਧ ਬ੍ਰਹਮਣ ਰਹਿੰਦਾ ਸੀ। ਰਬਾਨੀ ਭਗਤੀ ਕਰਕੇ ਇਸਨੇ ਪਾਰਸ ਪ੍ਰਾਪਤਿ ਕੀਤਾ ਸੀ, ਇਸ ਲਈ ਇਸਦਾ ਨਾਮ ਪਰਸਾ ਕਰਕੇ ਲੋਕਾਂ ਵਿਚ ਮਸ਼ਹੂਰ ਸੀ। ਮਰਹਟੀ ਪੁਸਤਕਾਂ ਵਿਚ ਲਿਖਿਆ ਹੈ ਕਿ ਇਕ ਦਿਨ ਪਰਸੇ ਦੀ ਇਸਤ੍ਰੀ ਦਰਿਆ ਤੋਂ ਪਾਣੀ ਲੈਣ ਗਈ, ਉਥੇ ਉਸਨੂੰ ਨਾਮਦੇਵ ਜੀ ਦੀ ਸਪੱਤਨੀ ਰਾਜਾ ਬਾਈ ਮਿਲ ਪਈ, ਗਲਾਂ ਬਾਤਾਂ ਕਰਦਿਆਂ ਰਾਜਾ ਬਾਈ ਨੇ ਉਸ ਅਗੇ ਘਰਿ ਦੀ ਗ਼ਰੀਬੀ ਦਾ ਦੁਖ ਰੋਇਆ। ਪਰਸੇ ਦੀ ਵਹੁਟੀ ਨੇ ਦੁਖ ਭਰੀ ਵਿਥਿਆ ਸੁਣਕੇ ਕਿਹਾ, ਸਾਡੇ ਪਾਸ ਇਕ

Digitized by Panjab Digital Library | www.panjabdigilib.org

ਪਾਰਸ ਹੈ, ਜੋ ਮੇਰੇ ਪਤੀ ਨੇ ਬੜੀ ਘਾਲਣਾ ਕਰਕੇ ਪ੍ਰਾਪਤਿ ਕੀਤਾ ਹੈ। ਤੂੰ ਉਹ ਮੇਰੇ ਪਾਸੋਂ ਲੈ ਜਾਵੀਂ ਤੇ ਲੋੜ ਅਨੁਸਾਰ ਸੋਨਾ ਬਨਾ ਕੇ ਮੋੜ ਦੇਵੀਂ। ਘਰਿ ਆਕੇ ਰਾਜਾ ਬਾਈ ਨੇ ਪਾਰਸ ਲਿਆਂਦਾ। ਜਦ ਸ੍ਰੀ ਨਾਮਦੇਵ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਪਾਰਸ ਲੈਕੇ ਨਦੀ ਵਿਚ ਸੁਟ ਦਿਤਾ। ਜਦ ਇਸ ਗਲ ਦਾ ਪਰਸੇ ਤੇ ਉਸਦੀ ਵਹੁਟੀ ਨੂੰ ਪਤਾ ਲਗਾ, ਤਾਂ ਆ ਦੁਆਲੇ ਹੋਏ, ਸ੍ਰੀ ਨਾਮਦੇਵ ਜੀ ਨੂੰ ਪੁਛਨ ਲਗੇ, 'ਪਾਰਸ ਕਿਥੇ ਸੁਟਿਆ ਈ।

ਆਪਨੇ ਕਿਹਾ, ਐਸ ਨਦੀ ਵਿਚ ਸੁਟਿਆ ਸੀ, ਤੁਸੀਂ ਟੁਭੀ ਮਾਰਕੇ ਲਭ ਲਓ। ਕਹਿੰਦੇ ਹਨ ਕਿ ਜਦ ਟੁਭੀਆਂ ਮਾਰੀਆਂ ਗਈਆਂ, ਤਾਂ ਥਲਿਓਂ ਜਿਤਨੀਆਂ ਗੀਟੀਆ ਕਢੀਆਂ ਜਾਣ ਉਹ ਸਾਰੀਆਂ ਇਕੋ ਰੂਪ ਦੀਆਂ ਹੋਣ ਤੇ ਪਤਾ ਨ ਲਗੇ ਕਿ ਇਨ੍ਹਾਂ ਚੋਂ ਪਾਰਸ ਕੇਹੜਾ ਹੈ ਤੇ ਪੱਥਰ ਕੇਹੜਾ ਹੈ, ਉਸ ਸਮੇਂ ਸ੍ਰੀ ਨਾਮਦੇਵ ਜੀ ਨੇ ਉਪਦੇਸ਼ ਕੀਤਾ, ਮੇਰੇ ਮਿਤ੍ਰੋ ਤੁਸੀ ਇਕ ਪੱਥਰ ਦੀ ਤਲਾਸ਼ ਵਿਚ ਟਕਰਾਂ ਪਏ ਮਾਰਦੇ ਹੋ, ਜਿਸਨੇ ਜੜ੍ਹਾਂ ਨੂੰ ਸੋਨਾ ਕਰਨਾ ਹੈ, ਪਰ ਉਹ ਪਾਰਸ (ਵਾਹਿਗੁਰੂ) ਲਭਾ ਹੈ, ਜੋ ਮਨੁੱਖਾਂ ਦੇ ਜੀਵਨ ਨੂੰ ਬਲ ਦੇਂਦਾ ਹੈ। ਇਹ ਸੁਣਕੇ ਲੋਕਾਂ ਨੇ ਸੰਮਝਾਇਆ ਕਿ ਸ੍ਰੀ ਨਾਮਦੇਵ ਜੀਦੀ ਭਗਤੀ ਸਚੀ ਤੇ ਨਿਸ਼ਕਾਮ ਹੈ।

ਇਕ ਵੇਰ ਸ੍ਰੀ ਨਾਮਦੇਵ ਜੀ ਕਿਤੇ ਬਾਹਰ ਗਏ ਹੋਏ ਸਨ, ਪਿਛੋਂ ਹਨੇਰੀ ਆ ਗਈ। ਹਨੇਰੀ ਨਾਲ ਆਪਦੀ ਛੱਪਰੀ ਡਿੱਗ ਪਈ। ਈਸ਼੍ਵਰ ਨੇ ਕਿਸੇ ਨੇਕ ਮਨੁਖ ਨੂੰ ਪ੍ਰੇਰਨਾ ਕੀਤੀ। ਉਸ ਨੇ ਭਗਤਿ ਜੀ ਦੀ ਗੈਰ ਹਾਜਰੀ ਵਿਚ ਛੱਪਰੀ ਬਣਾ ਦਿਤੀ। ਜਦ ਪਰਤ ਕੇ ਵਾਪਿਸ ਆਏ ਤਾਂ ਵਾਹਿਗੁਰੂ ਦਾ ਧੰਨਵਾਦ ਕਰਦੇ ਹਨ। ਇਕ ਗੁਆਂਢਨ ਛਪਰੀ ਦੀ ਸੁੰਦ੍ਰਤਾ ਵੇਖਕੇ ਪੁਛਦੀ ਹੈ, ਏਹ ਕਿਸ ਨੇ ਬਣਾਈ ਹੈ, ਉਸਨੂੰ ਉਤ੍ਰ ਦਿੰਦੇ ਹਨ:

Digitized by Panjab Digital Library | www.panjabdigilib.org

ਪਾੜ ੧ ਪੜੋਸਣ ਪੂਛਿ ਲੇ ਨਾਮਾ ਕਾਪਹਿ ਛਾਨ ਛਵਾਈ ਹੋ॥ ਤੋ ਪਹਿ ਦੁਗਣੀ ਮੰਜੂਰੀ ਦੈ ਹਉ ਮੋ ਕਉ ਬੇਢੀ ੨ ਦੇਹੁ ਬਤਾਈ ਹੋ ॥ ਰੀਬਾਈ ੩ ਬੇਢੀ ਦੇਨੁ ਨ ਜਾਈ। ਦੇਖ ਬੇਢੀ ਰਹਿਓ ਸਮਾਈ ॥ ਰਹਾਉ ॥ ਬੇਢੀ ਪ੍ਰੀਤਿ ਮੰਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥ ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥ ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤ੍ਰ ਸਭ ਠਾਂਈ ਹੋ ॥ ਗੂੰਗੇ ਮਹਾਂ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥ ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ੪ ਬਾਂਧਿ ਧ੍ਰੂ ਥਾਪਿਓ ਹੋ ॥ ਨਾਮੇ ਕੇ ਸੁਆਮੀ ਸੀਆ ਬਹੋਰੀ ੫ ਲੰਕ ਬਭੀਖਣ ਆਪਿਓ ਹੋ ॥ (ਸੋਰਠ)

ਪੂੰਡਰਪੁਰ ਵਿਖੇ ਗਿਆਨਦੇਵ ਵਿਦਾਂਤੀ ਸਾਧੂ ਸ੍ਰੀ ਨਾਮਦੇਵ ਜੀ ਨੂੰ ਮਿਲਿਆ, ਇਹ (ਵਸ਼ੋਭਾ ਖੇਚਰ) ਦਾ ਸਿਖ ਸੀ। ਗਿਆਨਦੇਵ ਵਿਦਾਂਤੀ ਹੋਣ ਕਰਕੇ ਬਹੁਤਾ ਗਿਯਾਨ ਪਰ ਨਿਸਚਾ ਰੱਖਦਾ ਸੀ। ਪ੍ਰ ਸ੍ਰੀ ਨਾਮਦੇਵ ਜੀ ਪ੍ਰੇਮ-ਭਗਤੀ ਨੂੰ ਮੁਖ ਮੰਨਦੇ ਸਨ। ਦੋਹਾਂ ਦੀ ਗਿਯਾਨ ਗੋਸ਼ਟ ਹੁੰਦੀ ਰਹੀ। ਉਪ੍ਰੰਤ ਦੋਵੇਂ ਤੀਰਥ ਯਾਤ੍ਰਾ ਨੂੰ ਤੁਰ ਪਏ। ਫਿਰਦੇ ਫਿਰਦੇ ਹਸਤਨਾਪੁਰ (ਦਿਲੀ) ਪੁਜੇ। ਉਨ੍ਹਾਂ ਦਿਨਾਂ ਵਿਚ ਉਥੋਂ ਦਾ ਬਾਦਸ਼ਾਹ ਮੁਹੰਮਦ ਬਿਨ ਤੁਗਲਕ ਸੀ। ਜਦ ਉਸਨੇ ਲੋਕਾਂ ਕੋਲੋਂ ਸ੍ਰੀ ਨਾਮਦੇਵ ਜੀ ਬਾਬਤ ਬਹੁਤ ਅਸਚਰਜ ਗਲਾਂ ਸੁਣੀਆਂ ਤਾਂ ਆਪ ਨੂੰ ਪਕੜ ਮੰਗਾਇਆ ਤੇ ਕਿਹਾ ਕਿ ਜੇ ਤੂੰ ਸਚਾ ਭਗਤ ਹੈਂ, ਤਾਂ ਕਰਾਮਾਤ ਦਸ। ਇਤਿਹਾਸਾਂ ਵਿਚ ਲਿਖਿਆ ਹੈ ਕਿ ਮੋਈ ਗਊ ਸ੍ਰੀ ਨਾਮਦੇਵ ਜੀ ਦੇ ਅਗੇ ਲਿਆ ਰੱਖੀ ਤੇ ਬਾਦਸ਼ਾਹ ਨੇ ਕਿਹਾ, ਤੂੰ ਇਸ ਨੂੰ ਜਿੰਦਾ ਕਰ। ਨਾਮਦੇਵ ਜੀ ਨੇ ਉਤ੍ਰ ਦਿਤਾ, ਬਾਦਸ਼ਾਹ, ਰਬ ਜੋ ਕੁਝ ਕਰਦਾ ਹੈ, ਉਹੀ ਹੁੰਦਾ ਹੈ। ਮੇਰੇ ਆਖੈ ਗਊ ਜਿੰਦਾ ਕਿਵੇ ਹੋਵੇ। ਇਹ ਉਤ੍ਰ ਸੁਣਕੇ ਬਾਦਸ਼ਾਹ ਨੂੰ ਬਹੁਤ ਕ੍ਰੋਧ ਆਇਆ। ਉਸਨੇ ਹੁਕਮ

---

੧ ਪਾਸ ਗੁਆਂਢਣ। ੨ ਤ੍ਰਖਾਣ। ੩ ਐ ਮਾਈ। ੪ ਸਮੁੰਦ੍ਰ ਨੂੰ ਬਧਾ। ੫ ਸੀਤਾ ਮੋੜਕੇ ਲਿਆਂਦੀ ਤੇ ਲੰਕਾ ਬਭੀਖਣ ਨੂੰ ਦਿਤੀ।

Digitized by Panjab Digital Library | www.panjabdigilib.org

ਦਿਤਾ ਕਿ ਨਾਮੁਦੇਵ ਜੀ ਨੂੰ ਹਥਕੜੀਆਂ ਬੇੜੀਆਂ ਲਾਕੇ ਬੰਦੀ ਖਾਂਨੇ ਪਾ ਦੇਓ।

ਜਦ ਸ੍ਰੀ ਨਾਮਦੇਵ ਜੀ ਤੇ ਇਨ੍ਹਾਂ ਗਲਾਂ ਦਾ ਕੋਈ ਅਸਰ ਨ ਹੋਇਆ, ਤਾਂ ਬਾਦਸ਼ਾਹ ਨੇ ਉਨ੍ਹਾਂ ਨੂੰ ਹਾਥੀ ਅਗੇ ਸੁਟਣ ਦਾ ਹੁਕਮ ਦਿਤਾ। ਪਰ ਜਦ ਭਗਤਿ ਜੀ ਨੂੰ ਹਾਥੀ ਅਗੇ ਸੁਟਿਆ ਗਿਆ, ਤਾਂ ਉਸ ਨੇ ਚੋਟ ਨ ਕੀਤੀ। ਇਹ ਵੇਖਕੇ ਕਈ ਲੋਕਾਂ ਨੇ ਕਿਹਾ ਕਿ ਨਾਮਦੇਵ ਜੀ ਦੇ ਬਰਾਬਰ ਤੋਲਕੇ ਸੋਨਾ ਲੈ ਲੀਤਾ ਜਾਵੇ ਤੇ ਇਸ ਨੂੰ ਛੋਡ ਦਿਤਾ ਜਾਵੇ ਪ੍ਰ ਬਾਦਸ਼ਾਹ ਨੇ ਇਹ ਗਲ ਨ ਮੰਨੀ। ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ। ਦੇ ਕਥਨ ਅਨੁਸਾਰ ਬਾਦਸ਼ਾਹ ਨੂੰ ਉਸਦੀ ਕਰਨੀ ਦਾ ਫਲ ਮਿਲਿਆ। ਜਦ ਉਹ ਮਹਿਲਾਂ ਵਿਚ ਗਿਆ, ਤਾਂ ਬੀਮਾਰ ਹੋ ਗਿਯਾ। ਵਜ਼ੀਰਾਂ ਉਮਰਾਵਾਂ ਨੇ ਉਸਨੂੰ ਕਿਹਾ ਕਿ ਇਹ ਨਾਮਦੇਵ ਵਰਗੇ ਭਗਤ ਪਰ ਜ਼ੁਲਮ ਕਰਨ ਦਾ ਫਲ ਹੈ। ਇਹ ਸੁਣਕੇ ਬਾਦਸ਼ਾਹ ਨੇ ਨਾਮਦੇਵ ਜੀਨੂੰ ਰਿਹਾ ਕਰਨ ਦਾ ਹੁਕਮ ਦਿਤਾ। ਪੁਰਾਣੇ ਗ੍ਰੰਥਾਂ ਵਿਚ ਇਹ ਭੀ ਲਿਖਿਆ ਹੈ ਕਿ ਸ੍ਰੀ ਨਾਮਦੇਵ ਜੀਨੇਂ ਰਬ ਅਗੇ ਗਊ ਜਿੰਦਾ ਕਰਨ ਦੀ ਅਰਦਾਸ ਕੀਤੀ, ਜੋ ਪ੍ਰਵਾਂਨ ਹੋਈ॥ ਸ੍ਰੀ ਨਾਮੁਦੇਵ ਜੀਨੇ ਇਸ ਬ੍ਰਿਰਤਾਂਤ ਨੂੰ ਇਸ ਸ਼ਬਦ ਵਿਚ ਕਥਨ ਕੀਤਾ ਹੈ:—

ਸੁਲਤਾਂਨ ਪੂਛੈ ਸੁਨ ਬੇ ਨਾਮਾ। ਦੇਖਉ ਰਾਮ ਤੁਮਾਰੇ ਕਾਂਮਾ।
ਨਾਮਾ ਸੁਲਤਾਨੇ ਬਾਧਿਲਾ। ਦੇਖਉ ਤੇਰਾਂ ਹਰਿ ਬੀਠਲਾ॥ ਰਹਾਉ॥
ਬਿਸਮਿਲ ਗਊ ਦੇਹੁ ਜੀਵਾਇ। ਨਾਤਰ ਗਰਦਨਿ ਮਾਰਉ ਠਾਇ।
(ਭੈਰਉ)

ਸ੍ਰੀ ਨਾਮਦੇਵ ਤੇ ਗਿਆਨ ਦੇਵ ਨੇ ਮਿਲਕੇ ਕਈ ਤੀਰਥਾਂ ਦੀ ਯਾਤ੍ਰਾ ਕੀਤੀ। ਕਾਸ਼ੀ, ਪ੍ਰਾਗ ਅਜੁਧਿਆ, ਗਯਾ, ਮਥੁਰਾ, ਬਿੰਦ੍ਰਾਬਨ, ਜਗਨ ਨਾਥ, ਤੇ ਦਿਵਾਰਕਾ ਆਦਿ ਅਸਥਾਨਾਂ ਪਰ ਗਏ। ਉਨ੍ਹਾਂ ਰਾਮੇਸ਼੍ਵਰ ਤੇ ਓਅੰਕਾਰ ਦਾ ਮੰਦਰ ਭੀ ਦੇਖਿਆ। ਜਦ ਨਾਮਦੇਵ ਜੀ

Digitized by Panjab Digital Library | www.panjabdigilib.org

ਜੀ ਕਲਪਧਾਰਾ ਵਿਖੇ ਪੁਜੇ ਤਾਂ ਉਥੇ ਮੰਦਰ ਵਿਚ ਗਏ। ਆਪ ਬੜੇ ਪ੍ਰੇਮ ਨਾਲ ਰਬ ਦਾ ਭਜਨ ਤੇ ਕੀਰਤਨ ਕਰਨ ਲਗੇ। ਆਪਦੇ ਸ਼ਬਦ ਸੁਣਕੇ ਬਹੁਤ ਸਾਰੇ ਲੋਕ ਅਕੱਠੇ ਹੋ ਗਏ। ਪਾਂਡਿਆਂ ਨੂੰ ਇਹ ਗਲ ਬੁਰੀ ਲਗੀ। ਮੰਦਰ ਦੇ ਪੂਜਾਰੀਆਂ ਨੇ ਨਾਮਦੇਵ ਜੀਨੂੰ ਕਿਹਾ, ਇਥੋਂ ਚਲਿਆ ਜਾ, ਛੋਟੀ ਜਾਤ ਦਾ ਹੋਕੇ ਸਾਡੇ ਮੰਦਰ ਨੂੰ ਅਪਵਿਤ੍ਰ ਨ ਕਰ। ਨਾਮਦੇਵ-ਰਬਦੇ ਘਰ ਵਿਚ ਕੋਈ ਊਚ ਨੀਚ ਨਹੀਂ। ਪਰ ਪੁਜਾਰੀ ਕਦ ਮੰਨਣ ਵਾਲੇ ਸਨ, ਉਨ੍ਹਾਂ ਨੇ ਨਾਮਦੇਵ ਜੀਨੂੰ ਧਿੰਙੋ ਜੋਰੀ ਮੰਦਰ ਤੋਂ ਬਾਹਰ ਕਢ ਦਿਤਾ, ਆਪ ਮੰਦਰ ਦੇ ਪਿਛਵਾੜੇ ਜਾ ਬੈਠੇ, ਤੇ ਵਾਹਿਗੁਰੂ ਪਾਸ ਇਹ ਬੇਨਤੀ ਕੀਤੀ:—ਮੋਕਉ ਤੂੰ ਨ ਬਿਸਾਰੇ, ਤੂੰ ਨ ਬਿਸਾਰੇ ਰਾਮਈਆ ॥ ਰਹਾਉ ॥ ਆਲਵੰਤੀ ਇਹੁ ਭ੍ਰਮ ਜੋਹੇ, ਮੁਝ ਊਪਰਿ ਸਭਿ ਕੋਪਲਾ। ਸੂਦ ਸੂਦ ਕਰ ਮਾਰ ਉਠਾਇਓ, ਕਹਾ ਕਰਉ ਬਾਪ ਬੀਠਲਾ। ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੇ ਕੋਇਲਾ। ਏ ਪੰਡੀਆ ਮੋਕਉ ਢੇਢ ਕਹਿਤ ਤੇਰੀ ਪੈਜ ਪਿਛਉਡੀ ਹੋਇਲਾ। (ਮਲਾਰ)

ਹਸਤ ਖੇਲਤ ਤੇਰੇ ਦੇਹੁਰੇ ਆਇਆ। ਭਗਤਿ ਕਰਤਿ ਨਾਮਾ ਪਕਰਿ ਉਠਾਇਆ। ਹੀਨੜੀ ਜਾਤ ਮੇਰੀ ਜਾਦਮ ਰਾਇਆ। ਛੀਪੇ ਕੇ ਜਨਮ ਕਾਹੇ ਕਉ ਆਇਆ ॥ ਰਹਾਉ ॥ ਲੈ ਕਮਲੀ ਚਲਿਓ ਪਲਟਾਇ। ਦੇਹੁਰੇ ਪਾਛੈ ਬੈਠਾ ਜਾਇ। ਜਿਉਂ ਜਿਉਂ ਨਾਮਾ ਹਰਿਗੁਣ ਉਚਰੈ। ਭਗਤਿ ਜਨਾਂ ਕਾ ਦੇਹੁਰਾ ਫਿਰੈ।

(ਭੈਰਉ)

ਸ੍ਰੀ ਨਾਮਦੇਵ ਜੀ ਮੰਦਰ ਦੇ ਪਿਛਲੇ ਪਾਸੇ ਜਾ ਬੈਠੇ। ਕਹਿੰਦੇ ਹਨ, ਭਗਵਾਨ ਦਾ ਮੂੰਹ ਉਧਰ ਹੋ ਗਿਆ। ਲੋਕੀ ਭੀ ਉਧਰ ਉਲਟ ਭਏ।

ਦੁਵਾਰਕਾ ਵਿਚ ਇਕ ਪਠਾਣ ਨੇਂ ਭਗਤਿ ਨਾਮਦੇਵ ਜੀਨੂੰ ਵਿਗਾਰੀ ਪਕਰ ਲਿਆ। ਉਸਨੇ ਆਪਦੇ ਸਿਰ ਤੇ ਭਾਰ ਚੁਕਾਇਆ।

Digitized by Panjab Digital Library | www.panjabdigilib.org

ਆਪ ਪਰ ਸਖਤੀ ਕੀਤੀ, ਇਸ ਗਲ ਨੂੰ ਵਾਹਿਗੁਰੂ ਦੀ ਰਜਾ ਮੰਨਕੇ ਆਪ ਨੇ ਇਹ ਸ਼ਬਦ ਉਚਾਰਨ ਕੀਤਾ:-ਹਲੇਯਾਰਾਂ ਹਲੇਯਾਰਾਂ ਖੁਸ਼ ਖਬਰੀ। ਬਲਿਬਲਿ ਜਾਊ ਹਉ ਬਲਿ ਬਲਿ ਜਾਊਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ॥ ਰਹਾਉ॥ ਕੁਜਾ ਆਮਦ ਕੁਜਾ ਰਫਤੀ ਕੁਜਾ ਮੇਰਵੀ॥ਦ੍ਵਾਰਕਾ ਨਗਰੀ ਰਾਸ ਬੁਗੋਈ॥ ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ। ਦੁਵਾਰਕਾ ਨਗਰੀ ਕਾਹੇ ਕੇ ਮਗੋਲ। ਚੰਦੀ ਹਜਾਰ ਆਲਮ ਏਕ ਲਖਾਨਾ। ਹਮਚਿੰਨੀ ਪਾਤਿਸਾਹ ਸਾਵਲੇ ਬਰ-ਨਾ। ਅਸਪਤਿ ਗਜਪਤਿ ਨਰਹਿ ਨਰਿੰਦ। ਨਾਮੇ ਕੇ ਸ੍ਵਾਮੀ ਮੀਰ ਮੁਕੰਦ।

(ਤਿਲੰਗ)

ਭਾਵ-ਹੇ ਮਿਤ੍ਰ, ਹੇ ਸਜਨ, ਆਪਣੀ ਪ੍ਰਸਿੰਨਤਾ ਦੀ ਖਵਰ ਦੇਉ। ਖੁਛ ਹੋ, ਮੈ ਤੈਥੋਂ ਕੁਰਬਾਨ ਜਾਂਦਾ ਹਾਂ। ਤੇਰੀ ਬਿਗਾਰ ਬੜੀ ਚੰਗੀ (ਨੀਕੀ) ਹੈ। ਤੇਰਾ ਨਾਮ ਬੜਾ ਵਡਾ (ਆਲੀ) ਹੈ। ਕੁਜਾ ਆਦਮ-ਕਿਥੋਂ ਆਏ ਹੋ, ਕੁਜਾ ਰਫਤੀ-ਕਿਥੇ ਗਿਆ ਸੀ, ਕੁਜਾ ਮੇਰਵੀ-ਕਿਧਰ ਚਲਿਆ ਹੈਂ। ਇਹ ਦਵਾਰਕਾ ਨਗਰੀ ਹੈ, ਇਥੇ ਸਚ (ਰਾਸ ਬਗੋਈ) ਦਸੀਂ। ਮੁਗਲ ਗਾਹਲਾਂ ਕਢ ਰਿਹਾ ਸੀ, ਨਾਮਦੇਵ ਜੀ ਉਸਨੂੰ ਕਹਿੰਦੇ ਹਨ:-ਤੇਰੀ ਪਗੜੀ ਕੇਹੀ ਸੋਹਣੀ ਹੈ, ਤੇਰੇ ਬੋਲ ਮਿਠੇ ਹਨ। ਦੁਵਾਰਕਾ ਵਿਚ ਮੁਗਲ ਕਿਥੋਂ, ਤੂੰ ਤਾਂ ਹਰੀ ਦਾ ਰੂਪ ਹੈਂ। ਚੰਦੀ ਹਜਾਰ ਆਲਮ-ਹਜਾਰਾਂ ਭਾਵਨਾ ਦਾ ਮਾਲਕ ਤੇ ਕ੍ਰਿਸ਼ਨ ਰੂਪ ਹੈ। ਤੂੰ ਅਸਪਤਿ-ਘੋੜਿਆਂ ਦਾ ਮਾਲਕ ਸੂਰਜ ਹੈ। ਤੂੰ ਹੀ ਗਜ ਪਤਿ-ਹਾਥੀਆਂ ਦਾ ਮਾਲਕ ਇੰਦਰ ਹੈਂ। ਨਰਹਿ ਨਰਿੰਦ-ਮਨੁਖਾਂ ਦਾ ਰਾਜਾ ਬਰਮਾ ਤੇ ਤੂਹੀ ਮੇਰੇ ਸੁਦਾਰ ਮੁਕੰਦ (ਮੁਕਤੀ ਦੇਨ ਵਾਲਾ) ਹੈ।

(ਸ੍ਰੀ ਨਾਮਦੇਵ ਜੀ ਦੀ ਬਾਂਣੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਿ ਨਾਮਦੇਵਜੀ ਦੇ ੬੨ ਸ਼ਬਦ ਹਨ। ਇਨ੍ਹਾਂ ਦੀ ਬੋਲੀ ਆਮ ਤਉਰ ਤੇ ਹਿੰਦੀ ਹੈ। ਕਈ ਸ਼ਬਦ

Digitized by Panjab Digital Library | www.panjabdigilib.org

ਮਰਾਠੀ ਭਾਸ਼ਾ, ਪ੍ਰਾ ਕ੍ਰਿਤ, ਸੰਸਕ੍ਰਿਤ ਤੇ ਫਾਰਸੀ ਦੇ ਭੀ ਮਿਲਦੇ ਹਨ। ਆਪਦੀ ਕ੍ਰਿਤ, ਨਾਮਦੇਵ ਗਾਥਾ, ਨਾਮੇ ਪੁਸਤੱਕ (ਮਰਾਠੀ) ਵਿਚ ਹੈ। ਇਸ ਵਿਚ ਕੁਝ ਹਿੰਦੀ ਭਾਸ਼ਾ ਦੇ ਸ਼ਬਦ ਵੀ ਹਨ। ਇਨ੍ਹਾਂ ਸਾਰਿਆਂ ਨੂੰ ਅਭੰਗ, ਕਹਿੰਦੇ ਹਨ। ਮਹਾਂ ਰਾਸ਼ਟਰ ਵਿਚ ਸ੍ਰੀ ਨਾਮਦੇਵ ਜੀ ਦੀ ਬਾਣੀ ਹੁਣ ਤੀਕ ਬੜੇ ਪ੍ਰੇਮ ਨਾਲ ਪੜ੍ਹੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੇਹੜੇ ਸ਼ਬਦ ਆਏ ਹਨ, ਉਨ੍ਹਾਂ ਦੀ ਰਚਨਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਨਾਮਦੇਵ ਜੀ ਨ ਜੋ ਦੇਸ਼ਾਂਟਨ ਕੀਤਾ, ਉਸਦਾ ਪ੍ਰਭਾਵ ਓਹਨਾਂ ਦੀ ਬੋਲੀ ਤੇ ਭੀ ਪਿਆ। ਉਹ ਹਿੰਦੀ ਵਿਚ ਅਪਨੇ ਮਨੋ ਭਾਵਾਂ ਨੂੰ ਕਥਨ ਕਰਨ ਲਗ ਪਏ, ਜਿਸ ਨੂੰ ਕਿ ਮਹਾਂਰਾਸ਼ਟ੍ਰ ਤੋਂ ਬਾਹਰਿ ਵੀ ਲੋਕੀ ਸੰਮਝ ਸਕਦੇ ਹਨ।

ਸ੍ਰੀ ਨਾਮਦੇਵ ਜੀ ਬਾਣੀ ਵਿਚ ਪ੍ਰੇਮ ਭਗਤੀ ਦੀ ਪ੍ਰਧਾਂਨਤਾ ਹੈ। ਕਿਤੇ ਕਿਤੇ ਬੈਸ਼ਨਉ ਪ੍ਰਭਾਵ ਮਿਲਦਾ ਹੈ। ਇਸਤੋਂ ਸਿਧ ਹੁੰਦਾ ਹੈ ਕਿ ਆਪਕਾ ਅਰੰਭਕ ਜੀਵਨ ਮੂਰਤੀ ਪੂਜਾ ਤੇ ਅਵਤਾਰਿ ਪੂਜਾ ਤੋ ਛੁਰੂ ਹੋਇਆ। ਇਕੀਸ਼੍ਵਰ ਦੀ ਪੂਜਾ ਤੇ ਸ੍ਰਬ ਵਿਆਪਕਤਾ ਤੇ ਆਕੇ ਸੰਪੂਰਨ ਹੋਇਆ। ਕਿਸੇ ੨ ਸ਼ਬਦ ਵਿਚ ਕੋਈ ਜੀਵਨ ਘਟਨਾਂ ਭੀ ਦਰਜ ਹੈ। ਭਗਤੀ, ਗਿਆਨ ਤੇ ਵੈਰਾਗ ਮਿਲਦੇ ਹਨ। ਕਈ ਥਾਂਈ ਮੂਰਤੀ ਪੂਜਾ, ਫੋਕੇ ਕਰਮ ਕਾਂਡ, ਸਿਮਰਤੀ ਦੇ ਬੰਧਨਾਂ, ਹਿੰਦੂਆਂ ਤੇ ਮੁਸਲਮਾਨਾ ਦੇ ਵਤੀਰੇ ਦਾ ਖੰਡਨ ਕੀਤਾ ਹੈ। ਕਬੀਰ ਜੀ ਵਾਂਗੂ ਕੁਝ ਸ਼ਬਦ ਆਪਦੀ ਬਾਂਣੀ ਵਿਚ ਬਿਖਮ ਵੀ ਮਿਲਦੇ ਹਨ। ਜਿਨ੍ਹਾਂ ਦੀ ਬੋਲੀ ਤੇ ਭਾਵ ਰਤਾ ਕਠਨ ਹੈ। ਉਦਾਹਰਣ ਲਈ ਕੁਝ ਸ਼ਬਦ ਪੇਸ਼ ਕਰਦੇ ਹਾਂ:-(੧) (ੳ) ਦੇਵਾ ਪਾਹਨ ਤਾਰੀਅਲੇ। ਰਾਮ ਕਹਤ ਜਨ ਕਸ ਨ ਤਰੇ। ਰਹਾਉ। ਤਾਰੀਲੇ ਗਨਕਾ ਬਿਨੁ ਰੂਖ ਕੁਬਜਾ ਬਿਆਧਿ ਅਜਾਮਲ ਤਾਰੀਅਲੇ। ਚਰਨ ਬਧਿਕ ਜਨ ਤੇਊ ਮੁਕਤਿ ਭਏ। ਹਉ ਬਲਿ ਬਲਿ ਜਿਨ ਰਾਮ ਕਹੇ। (ਗਉੜੀ ਚੇਤੀ)

(ਅ) ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ।

Digitized by Panjab Digital Library | www.panjabdigilib.org

ਜੈਸੀ ਮੂੜ ਕੁਟੰਬ ਪ੍ਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ। ਸ੍ਰੀ ਨਾਮਦੇਵ ਜੀ ਦੀ ਪ੍ਰੇਮ ਭਗਤੀ ਪ੍ਰਸਿਧ ਹੈ ਕਿ ਕਈ ਪੁਰਾਤਨ ਇਤਿਹਾਸਕਾਰ ਲਿਖਦੇ ਹਨ ਕਿ ਉਨ੍ਹਾਂ ਨੂੰ ੭੨ ਵੇਰ ਈਸ਼ੂਰ ਦੇ ਦ੍ਰਸਨ ਹੋਏ।

(੨) ਸਰਬ ਵਿਆਪਕਤਾ:—

ਆਨੀਲੇ ੧ ਕੁੰਭ ੨ ਭਰਾਈਲੇ ਉਦਕ ੩ ਠਾਕੁਰ ਕਉ ਇਸ਼ਨਾਨ ਕਰਉ। ਬਆਲੀਸ ਲਖ ਜੀ ਜਲ ਮਹਿ ਹੋਤੇ ਬੀਠਲ ਭੈਲਾ ੪ ਕਾਇ ਕਰਉ। ਜਤ੍ਰ ਜਾਉ ਤਤ ਬੀਠਲ ਭੈਲਾ। ਮਹਾਂ ਅਨੰਦ ਕਰੇ ਸਦ ਕੇਲਾ।

(ਆਸਾ ੪-੨)

(੨) ਸਭਾ ਘਟ ਰਾਮੁ ਬੋਲੈ, ਰਾਮ ਬਿਨਾ ਕੋ ਬੋਲੇ ਰੇ।

(੩) ਦੇਵਪੂਜਾ ਦਾ ਖੰਡਨ:—

ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨ ਉਹੁ ਛਾਰ ਉਡਾਵੈ॥ ਹਉ ਤਉ ਏਕ ਰਮਈਆ ਲੈ ਹਉ॥ ਆਨਦੇਵ ਬਦਲਾਵਨ ਦੈ ਹਉ ॥੧॥ ਰਹਾਉ॥ ਸਿਵ ਸਿਵ ਕਰਤੇ ਜੋ ਨਰ ਧਿਆਵੈ॥ ਬਲਦ ਚਢੇ ਡਉਰੂ ਢਮਕਾਵੈ॥ ੨ ॥ ਮਹਾਂ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰ ਹੋਇ ਅਉਤਰੈ ॥੩॥ ਤੂੰ ਕਹੀਅਤ ਹੀ ਆਦਿ ਭਵਾਨੀ ॥ ਮੁਕਤ ਕੀ ਬਰੀਆ ਕਹਾ ਛਪਾਨੀ॥ ਗੁਰਮਤ ਰਾਮ ਨਾਮ ਗਹੁ ਮੀਤਾ॥ ਪ੍ਰਣਵੈ ਨਾਮਾ ਇਉਂ ਕਹੈ ਗੀਤਾ॥ (ਗੋਂਡ ੫-੨-੬)

(੪) ਪਾਖੰਡ ਦੀ ਨਿਖੇਧੀ:—

ਸਾਪੁ ਕੁੰਚ ਛੋਡੈ ਬਿਖ ਨਹੀਂ ਛਾਡੈ ਉਦਕ ਮਹਿ ਜੈਸੇ ਬਗੁ ਧਿਆਨ ਮਾਡੈ॥ ਕਾਹੇ ਕਉ ਕੀਜੇ ਧਿਆਨ ਜਪੰਨਾ॥ ਜਬਤੇ ਸੁਧ ਨਹੀਂ ਮਨੁ ਅਪਨਾ ॥੧॥ (ਆਸਾ)

(੫) ਕਰਮ ਕਾਂਡ ਦਾ ਵਰੋਧ:—

ਬਨਾਰਸੀ ਤਪ ਕਰੈ ਉਲਟ ਤੀਰਥ ਮਰੈ॥ ਅਗਨਿ ਦਹੈ

---

੧ ਲਿਆਕੇ, ੨ ਘੜਾ, ੩ ਪਾਣੀ। ੪ ਭਾਈ,

Digitized by Panjab Digital Library | www.panjabdigilib.org

ਕਾਂਇਆ ਕਲਪ ਕੀਜੈ ॥ ਅਸਮੇਧ ਜਗ ਕੀਜੈ ॥ ਸੋਨਾ ਗ੍ਰਭ ਦਾਨ ਦੀਜੈ ॥ ਰਾਮ ਨਾਮ ਸਰਿ ਤਊ ਨ ਪੂਜੈ ॥

ਨਾਮ ਸਰਿ ਤਊ ਨਾ ਪੂਜੈ ॥ (ਰਾਮਕਲੀ)

(੬) ਵੈਸ਼ਨਵ ਪ੍ਰਭਾਵ:–

(੧) ਧੰਨਿ ਧੰਨਿ ਓ ਰਾਮ ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ ॥ ਰਹਾਉ ॥ ਧਨਿ ਧਨਿ ਮੇਘਾ ਰੋਮਾਵਲੀ ॥ ਧਨਿ ਧਨਿ ਕ੍ਰਿਸ਼ਨ ਓਢੈ ਕਾਬਲੀ ॥ ਧਨਿ ਧਨਿ ਤੂੰ ਮਾਤਾ ਦੇਵਕੀ ॥ ਜਿਹ ਗ੍ਰਿਹ ਰਮਈਆ ਕਵਲਾ ਪਤੀ ॥ ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥ ॥ ਜਹਿ ਖੇਲੈ ਸ੍ਰੀ ਨਾਰਾਇਨਾ ॥ ਬੇਨ ਬਜਾਵੈ ਗੋਧਨ ਚਰੈ ॥ ਨਾਮੇ ਕਾ ਸੁਆਮੀ ਆਨੰਦ ਕਰੈ ॥ (ਮਾਲੀ ਗਉੜਾ)

(੨) ਮੁਹੰਮਦ ਤੁਗਲਕ ਨੇ ਜਿਸ ਵਕਤ ਨਾਮਦੇਵ ਜੀ ਨੂੰ ਕਿਹਾ ਕਿ ਮੋਈ ਹੋਈ ਗਊ ਜਿੰਦਾ ਕਰੋ ਜਾਂ ਮੌਤ ਪ੍ਰਵਾਨ ਕਰੋ, ਉਸ ਵਕਤ ਆਪ ਈਸ਼੍ਵਰ ਦਾ ਸਿਮਰਨ ਕਰਦੇ ਹਨ । ਜਿਸ ਰੂਪ ਵਿਚ ਭਗਵਾਨ ਨੇ ਬਹੁੜੀ ਕੀਤੀ ਉਸਦਾ ਵਰਨਣ ਇਉਂ ਕਰਦੇ ਹਨ:-

ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਨ ਧਨੀ । ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜੇ ਗੋਬਿੰਦ ਆਇਲਾ ॥ (ਭੈਰਉ)

ਇਕ ਥਾਂ ਫੇਰ ਕਹਿੰਦੇ ਹਨ:–

(੩) ਸੰਖ ਚਕ੍ਰ ਮਾਲਾ ਤਿਲਕੁ ਬ੍ਰਾਜਿਤ ਦੇਖਿ ਪ੍ਰਤਾਪਿ ਜਮੁ ਡਰਿਓ ॥ ਨਿਰਭਉ ਭਏ ਰਾਮ ਬਲ ਗਰਜਿਤ ਜਨਮ ਜਨਮ ਸੰਤਾਪ ਹਿਰਿਓ ॥ ਅੰਬਰੀਕ ਕੋ ਦੀਓ ਅਭੈ ਪਦੁ ਰਾਜੁ ਬਭੀਖਨ ਅਧਿਕ ਕਰਿਓ ॥ ਭਗਤਿ ਹੇਤੁ ਮਾਰਿਓ ਹਰਨਾਖਸੁ ਬਸ ਕੇਸਵ ਅਜਹੂੰ ਬਲ ਕੇ ਦੁਆਰ ਖਰੋ ॥ (ਮਾਰੂ)

ਏਹ ਸ਼ਬਦ ਵੈਸ਼ਨਵ ਭਾਵ ਪ੍ਰਗਟ ਕਰਦੇ ਹਨ। ਪਰ ਇਹ ਸ੍ਰੀ ਨਾਮਦੇਵ ਜੀ ਦੀ ਪਹਿਲੀ ਅਵਸਥਾ ਦੇ ਲਖਾਇਕ ਹਨ। ਬਾਹਦ ਵਿਚ

Digitized by Panjab Digital Library | www.panjabdigilib.org

ਉਹ ਅਵਤਾਰ ਪੂਜਾ ਤੋਂ ਉਚੇ ਉਠ ਕੇ ਇਕੀਸ਼੍ਵਰ ਵਾਦੀ ਹੋ ਗਏ ਸਨ।

(੭) ਕਠਨ ਸ਼ਬਦ:-

ਅਣ ਮੜਿਆ ਮੰਦਲੁ ਬਾਜੈ ॥ ਬਿਨੁਸਾਵਣ ਘਨਹਰੁ ਗਾਜੈ ॥ ਬਾਦਲਿ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥ ਮੋਕਉ ਮਿਲਿਓ ਰਾਮੁ ਸੁਨੇਹੀ ॥ ਜਿਹ ਮਿਲੀਐ ਦੇਹ ਸੁ ਦੇਹੀ ॥ ਰਹਾਉ ॥ ਮਿਲ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥ ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥ ਜਲ ਭੀਤਰਿ ਕੁੰਭ ਸਮਾਨਿਆ ॥ ਸਭੁ ਰਾਮੁ ਏਕ ਕਰਿ ਜਾਨਿਆ ॥ ਗੁਰ ਚੇਲੇ ਹੈ ਮਨਿ ਮਾਨਿਆ ॥ ਜਨ ਨਾਮੇ ਤਤੁ ਪਛਾਨਿਆ ॥ (ਸੋਰਠ)

ਭਾਵ:-ਈਸ਼੍ਵਰ ਦੀ ਪ੍ਰਾਪਤੀ ਨਾਲ ਮੇਰੇ ਮਨੁ ਵਿਚ ਅਣ ਮੜਿਆ ਢੋਲ (ਮੰਦਲ) ਵਜ ਰਿਹਾ ਹੈ। ਸਾਵਣ ਤੋਂ ਬਿਨਾ ਬਦਲ ਗਜਦਾ ਹੈ। ਬਦਲ ਤੋਂ ਬਿਨਾਂ ਬਰਖਾ ਹੋ ਰਹੀ ਹੈ। ਜੇ ਕੋਈ ਇਸ ਤਤ੍ਵ ਨੂੰ ਵਿਚਾਰੇ। ਵਾਹਿਗੁਰੂ ਦੀ ਪ੍ਰਾਪਤੀ ਨਾਲ ਦੇਹੀ ਸ਼੍ਰੇਸ਼ਟ ਹੋ ਗਈ ਹੈ। ਮੂਹ ਤੇ ਮਨ ਵਿਚ ਨਾਮ ਰੂਪੀ ਰਤਨ ਪਰੋ:ਲਿਆ ਹੈ । ਸਮੁੰਦਰ ਵਿਚ ਘੜਾ ਸਮਾ ਗਿਆ, ਭਾਵ ਜੀਵ ਈਸ਼੍ਵਰ ਵਿਚ ਲੀਨ ਹੋ ਗਿਆ। ਰਾਮੁ ਨੂੰ ਸਰਬ ਵਿਆਪਕ ਕਰਕੇ ਜਾਂਣਿਆ। ਚੇਲੇ ਦਾ ਗੁਰੂ ਤੇ ਮਨੁ ਮੰਨ ਗਿਆ। ਹੁਣ ਮੇਰੇ ਹਿਰਦੇ ਵਿਚ ਹਉਮੈ ਨਹੀਂ ਰਹੀ। ਇਸ ਤਤ ਨੂੰ ਪਛਾਣ ਲਿਆ ਹੈ।

ਪਹਿਲ ਪੁਰੀਏ ਪੁੰਡਰਕ ਵਨਾ। ਤਾਂਚੇ ਹੰਸਾ ਸਗਲੇ ਜਨਾ। ਕ੍ਰਿਸ਼ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ । ਪਹਿਲ ਪੁਰਸਾ ਬਿਰਾ । ਅਥੋਨ ਪੁਰਸਾ ਦਮਰਾ। ਅਸਗਾ ਅਸ ਉਸਗਾ। ਹਰਿਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥ ਰਹਾਉ॥ ਨਾਚੰਤੀ ਗੋਪੀ ਜੰਨਾ। ਨਈਆ ਤੇ ਬੈਰੇ ਕੰਨਾ। ਤਰਕੁ ਨ ਚਾ । ਭ੍ਰਮੀਆ ਚਾ । ਕੇਸ਼ਵਾ ਬਚਉਨੀ ਅਈਏ ਮਈਏ ਏਕ ਆਨ ਜੀਉ।ਪਿੰਧੀ ਉਭਕਲੇ ਸੰਸਾਰਾ। ਭ੍ਰਮਿ ਭ੍ਰਮਿ ਆਏ ਤੁਮਚੇ ਦੁਆਰਾ। ਤੂ ਕੁਨ ਰੇ ਮੈ ਜੀ ਨਾਮਾ । ਹੋ

Digitized by Panjab Digital Library | www.panjabdigilib.org

ਜੀ ਆਲਾ ਤੇ ਨਿਵਾਰਣਾ ਜਮ ਕਾਰਣਾ

(ਧਨਾਸਰੀ)

ਭਾਵਾਰਥ—ਪਹਿਲੇ ਸ੍ਰਿਸ਼ਟੀ (ਪੁਰੀਏ) ਕਵਲਾਂ (ਪੁੰਡਰੀਕ) ਦਾ ਵਣ ਸੀ, ਪ੍ਰਕ੍ਰਿਤੀ ਬੜੀ ਸੁੰਦਰ ਸੀ। ਉਸ ਤੋਂ ਜੀਵ (ਹੰਸ) ਹੋਏ। ਇਹ ਸ੍ਰਿਸ਼ਟੀ ਰਚਨਾਂ ਕਿਸੇ ਖਿਚਣ ਵਾਲੇ (ਕ੍ਰਿਸ਼ਨਾਂ) ਹਰੀ ਦੀ ਨਾਚੀ (ਨਾਚਨਾ) ਹੈ। ਕ੍ਰਿਸ਼ਨ ਗੋਪੀਆਂ ਨੂੰ ਨਚਾਂਦੇ ਸਨ, ਇਸ ਲਈ ਇਹ ਤਸ਼ਦੀਹ ਦਿਤੀ ਹੈ। ਪਹਿਲੇ ਹਰੀ ਪ੍ਰਗਟ ਪੁਰਸ਼ ਸੀ। ਪਿਛੋਂ (ਅਥੋਨ) ਈਸ਼੍ਵਰ ਤੋਂ ਮਾਇਆ ਹੋਈ।*ਅਸਗਾ—ਇਸ ਮਾਇਆ ਦਾ (ਆਸ) ਹੈ ਤੇ ਉਸਗਾ—ਉਸ ਪ੍ਰਮਾਤਮਾਂ ਦਾ ਇਹ ਸੰਸਾਰ ਬਗੀਚਾ ਹੈ। ਹਰੀ ਸਭ ਵਿਚ ਇਸਤਰਾਂ ਵਿਆਪਕ ਹੈ, ਜਿਵੇਂ ਟਿੰਡਾਂ (ਪਿੰਧੀ) ਵਿਚ ਜਲ ਹੁੰਦਾ ਹੈ। ਜੀਵ ਰੂਪੀ ਗੋਪੀਆਂ ਨਿਰਤ ਕਰ ਰਹੀਆਂ ਹਨ। ਉਸ ਵਾਹਿਗੁਰੂ ਰੂਪ ਨਾਇਕ (ਨਈਆ) ਤੋਂ ਬਿਨਾਂ (ਬੇਰੇ) ਹੋਰ ਕੋਈ ਨਹੀਂ। ਇਸਤੇ ਤਰਕ ਨਾ ਕਰ। ਇਹ ਭ੍ਰਮਵਾਲੀ ਹੈ। ਇਹ ਹਰੀ ਦਾ (ਕੇਸ਼ਵ ਬਚਉਨੀ) ਬਚਨ ਹੈ ਕਿ ਇਹ ਸੰਸਾਰ (ਅਈਏ) ਤੇ ਮੈਂ (ਮਈਏ) ਇਕ ਰੂਪ ਹਾਂ। ਜੀਵ ਰੂਪ ਟਿੰਡਾਂ ਸੰਸਾਰ ਰੂਪ ਖੂਹ ਵਿਚ ਹੇਠਾ ਉਤੇ ਹੁੰਦੀਆਂ ਰਹਿੰਦੀਆਂ ਹਨ। ਐ ਈਸ਼੍ਵਰ ਬਹੁਤ ਥਾਂਈ ਭਟਕ ਕੇ ਤੇਰੇ ਦੁਆਰੇ ਤੇ ਆਯਾ ਹਾਂ। ਈਸ਼੍ਵਰ ਕਹਿੰਦਾ ਹੈ, ਤੂੰ ਕਉਣ ਹੈਂ। ਜੀ ਮੈ ਨਾਮਾ ਹਾਂ। ਮੈਨੂੰ ਇਸ ਘਰਿ (ਆਲਯ) ਮਾਇਆ ਦੇ ਜਾਲ ਤੋਂ ਬਚਾਓ, ਜੋ ਮੌਤ ਦਾ ਕਾਰਨ ਹੈ।

(੯) ਤਿਆਗ:—

ਜੋ ਰਾਜੁ ਦੇਹ ਤ ਕਵਨ ਵਡਾਈ। ਜੋ ਭੀਖ ਮੰਗਾਵਹਿ ਤ ਕਿਆ ਘਟਿ ਜਾਈ। (ਗੁਜਰੀ)

(੨) ਪਰ ਧਨ ਪਰ ਦਾਰਾ ਹਰੀ। ਤਾਂਕੇ ਨਿਕਟਿ ਬਸੈ ਨਰਿ

---

*੧ਪੁਰਸਾ ਬਿਰਾ। ਪੁਰਸ਼, ਆਬਰਾ, ਪਹਿਲੇ ਹਰੀ ਪ੍ਰਗਟ ਪੁਰਸ਼ ਸੀ। ੨ ਪੁਰਸਾਦਮਰ ਪੁਰਸ਼ਾਤ ਆਮਰਾ, ਹਰੀ ਪੁਰਸ਼ ਤੋਂ ਮਾਇਆ ਹੋਈ।

Digitized by Panjab Digital Library | www.panjabdigilib.org

ਹਰੀ। (ਭੈਰਉ)

ਸ੍ਰੀ ਨਾਮਦੇਵ ਜੀ ਦੀ ਸੰਤਾਂਨ
ਸਚ ਖੰਡ ਪਧਾਰਨਾ

ਸ੍ਰੀ ਨਾਮਦੇਵ ਜੀ ਬਹੁਤ ਆਦਰਸ਼ਕ ਗ੍ਰਿਹਸਤੀ ਸਨ। ਦਸਾਂ ਨੌਹਾਂ ਦੀ ਕ੍ਰਿਤ ਕਰਕੇ ਨਿਰਬਾਹ ਕਰਦੇ ਸਨ। ਆਪੁਦਾ ਜੀਵਨ ਬੜਾ ਸੰਤੋਖੀ ਸੀ। ਦਿਲਦੇ ਬਹੁਤ ਹੀ ਕੋਮਲ ਸਨ। ਆਪ ਜੀ ਦੇ ਚਾਰ ਲੜਕੇ ਸਨ। ਜਿਨ੍ਹਾਂ ਦੇ ਨਾਂ ਇਹ ਹਨ:—ਨਾਰਾਇਨ, ਮਹਾਂਦੇਵ, ਗੋਬਿੰਦ, ਤੇ ਵਿਠਲ। ਇਕ ਸਪੁਤ੍ਰੀ ਵੀ ਸੀ, ਜਿਸਦਾ ਨਾਮ ਲਿੰਬਾ ਬਾਈ ਸੀ।

ਮਰਾਠੀ ਤਵਾਰੀਖਾਂ ਵਿਚ ਲਿਖਿਆ ਹੈ ਕਿ ਸ੍ਰੀ ਨਾਂਮੁਦੇਵ ਜੀ ਅਤਯੰਤ ਪਵਿੱਤ੍ਰ ਤੇ ਭਗਤੀ ਵਾਲਾ ਜੀਵਨ ਬਤੀਤ ਕਰਦੇ ਹੋਏ ਅਸੂ ਵਦੀ ੧੩ ਸੰਮਤ ੧੪੦੭ ਬਿਕ੍ਰਮੀ (੧੩੫੦ ਈ:) ਨੂੰ ਸਚਖੰਡ ਪਧਾਰੇ। ਸ੍ਰੀ ਨਾਮਦੇਵ ਜੀ ਦੀ ਆਪਣੀ ਰਚਨਾਂ ਤੋਂ ਇਹ ਮਾਲੂੰਮ ਹੁੰਦਾ ਹੈ ਕਿ ਆਪੁ ਜੀਦੇ ਸਾਥੀ ਗਿਯਾਨਦੇਵ ਦਾ ੧੩੦੫ ਈਸਵੀ ਦੇ ਲਗ ਪਗ ਪ੍ਰਲੋਕ ਵਾਸ ਹੋਇਆ। *ਆਪਨੇ ਉਸਤੋਂ ਕਾਫੀ ਚਿਰ ਬਾਹਦ ਚਲਾਣਾ ਕੀਤਾ। ਪਿਛੋਂ ਸਰਧਾਲੂਆ ਨੇ ਪੁੰਡਰ ਪੁਰ ਵਿਚ ਵਿਛੋਬਾ ਖੇਚਰ ਦੇ ਮੰਦਰ ਅਗੇ ਸ੍ਰੀ ਨਾਮਦੇਵ ਜੀ ਦਾ ਸਿਰ ਬਣਾਕੇ ਰਖਿਆ ਹੋਇਆ ਹੈ। ਲੋਕ ਉਸਨੂੰ ਪੂਜਦੇ ਹਨ।

ਨਾਮਦੇਵ ਨੀਲਾਰੀ ਇਕ ਜਾਤੀ ਹੈ ਜੋ ਹੁਬਲੀ ਆਦਿਕ ਜਿਲਿਆਂ ਵਿਚ ਅਬਾਦ ਹੈ। ਇਹ ਜਾਤੀ ਪੁੰਡਰ ਪੁਰ ਤੇ ਗੋ ਕਰਣ ਦੇ ਮੰਦਰ ਨੂੰ ਆਪਣੇ ਪੂਜਨੀਕ ਅਸਥਾਂਨ ਮੰਨਦੀ ਹੈ। ਇਸਤ੍ਰਾਂ ਨਾਮਦੇਵ ਸਿੰਪੀ ਇਕ ਜਾਤੀ ਹੈ ਜੋ ਸ੍ਰੀ ਨਾਮਦੇਵ ਜੀਨੂੰ ਆਪਣਾ ਵਡੇਰਾ ਮੰਨਦੀ ਹੈ। ਇਹ ਸ਼੍ਰੇਣੀ †ਦਰਜੀਆਂ ਦਾ ਕੰਮ ਕਰਦੀ ਹੈ। ਇਹ ਲੋਕ ਬੜੇ ਧਾਰਮਿਕ ਜੀਵਨ ਵਾਲੇ ਤੇ ਆਹਿੰਸਕ ਹੁੰਦੇ ਹਨ। ਪੁੰਡਰਪੁਰ ਵਿਚ

---

*ਹਿੰਦੀ ਵਿਸ਼ਵ ਕੋਸ਼। †ਇਨ੍ਹਾਂ ਨੂੰ ਅਜਕਲ ਟਾਂਕ ਛੱਤ੍ਰੀ ਭੀ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

ਵਿਠਲ ਦੇ ਮੰਦਰ ਤੇ ਚਾਰ ਇਕਾਦਸ਼ੀਆਂ ਤੇ ਮੇਲੇ ਲਗਦੇ ਹਨ। ਚੇਤਰ, ਹਾੜ, ਕਤਕ, ਮਘਰ, ਵਿਚ ਮੇਲੇ ਹੁੰਦੇ ਹਨ। ਹਜਾਰਾਂ ਲੋਕੀ ਇਥੇ ਇਕਤ੍ਰ ਹੁੰਦੇ ਹਨ। ਭਜਨ, ਕੀਰਤਨ ਕਰਦੇ ਹਨ। ਵਰਤ ਰਖਦੇ ਹਨ। ਕਤਕ ਦੇ ਮੇਲੇ ਤੇ ਕੋਈ ਦੋ ਤਿੰਨ ਲਖ ਆਦਮੀ ਇਕਤ੍ਰ ਹੁੰਦਾ ਹੈ‡ਜਲੂਸ ਨਿਕਲਦਾ ਹੈ। ਪੰਜਾਬ ਵਿਚ ਸ੍ਰੀ ਨਾਮਦੇਵ ਜੀ ਦੀ ਯਾਦਗਾਰ ਵਿਚ ਘੁਮਾਣ ਪਿੰਡ ਜਿਲਾ ਗੁਰਦਾਸਪੁਰ ਵਿਚ ਇਕ ਮੰਦਰ ਬਣਿਆ ਹੋਇਆ ਹੈ। ਦਸਿਆ ਜਾਂਦਾ ਹੈ ਕਿ ਇਸਦੀ ਇਮਾਰਤ ਸ੍ਰ: ਜਸਾ ਸਿੰਘ ਜੀ ਰਾਮਗੜ੍ਹੀਆਂ ਨੇ ਬਣਵਾਈ ਸੀ। ਇਥੇ ਹਰਿ ਸਾਲ ਸਿਆਲ ਵਿਚ ਮਾਘ ਦੀ ਸੰਗ੍ਰਾਂਦ ਬੜਾ ਭਾਰੀ ਮੇਲਾ ਹੁੰਦਾ ਹੈ। ਜਿਸ ਤੇ ਕੇਵਲ ਨਾਮਾ ਬੰਸੀ ਹੀ ਨਹੀਂ ਆਉਂਦੇ, ਬਲਕਿ ਹਜ਼ਾਰਾਂ ਸਿਖ, ਹਿੰਦੂ ਤੇ ਮੁਸਲਮਾਨ ਇਕੱਤ੍ਰ ਹੁੰਦੇ ਹਨ ॥ਇਤਿ॥

(ਪੋਥੀ ਭਗਤ ਦਰਸ਼ਨ ਪੰਨਾ ੧੦੩ ਸੇ ੧੨੭ ਤੱਕ)

੧ ੴ ਸਚੁਨਾਮੁਕਰਤਾਪੁਰਖੁ

ਸਾਲਾਹ ਮਹਲਾ ੧

ਅਰਥਾਤਿ

(ਨਿਰੰਜਨੀਆਂ ਗੁਰ ਸਿਖਾਂ ਦਾ ਅਰਦਾਸਾ)

ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ,ਹੋਸੀ ਸਚੁ ਸਦੁਨਾਮੁ ਕਰਤਾ ਪੁਰਖੁ, *ਨਿਰਭੈ ਨਿਰਵੈਰ, ਅਕਾਲ ਮੂਰਤਿ ਅਜੂਨੀ ਸੰਭਉ, ਜਪੀਏ ਸਤਿਗੁਰ †ਬਾਬੇ ਹੰਦਾਲੁ ਜੋਧੇ ਦੇ ਪ੍ਰਸਾਦਿ, ਜਪੀਐ ਨਿਰੰਕਾਰੁ ॥

---

‡ਇਲਸਟ੍ਰਡ ਵੀਕਲੀ ੩-੧੧-੩੫

*ਨਿਰਭੈ ਪਦ ਆਤਾ ਹੈ ਵੇਖਹੁ ਪੁਸਤਕ ਨਿਰੰਜਨੀਆਂ ਗੁਰੂ ਮੱਤ ਪ੍ਰਕਾਸ਼ ਪੰਨਾ ੯੦ ਸਾਲਾਹ ਸਤਰ ੨ ਮੇਂ। †ਬਾਬੇ ਹੰਦਾਲੁ ਜੋਧੇ ਦੇ ਇਹ ਪੰਗਤੀ ਦੂਸਰੀ ਪਾਤਿਸ਼ਾਹੀ ਸਤਿਗੁਰੂ ਬਿਧੀਚੰਦ ਜੀ ਨਿਰੰਜਨੀਆਂ ਗੁਰ ਗਦੀ ਨਸ਼ੀਨ ਜੀਨੇ ਪਾਈ ਹੈ। (ਬਾਬੇ ਹੰਦਾਲੁ ਜੋਧੇ ਦੇ) ਏਹ ਪੰਗਤੀ ਮੂਲ ਮੰਤ੍ਰ ਗੁਰ ਦੀਖਿਆ ਮੇਂ ਨਹੀਂ ਹੈ। ਸਾਲਾਹਿ ਅਰਥਾਤਿ ਅਰਦਾਸੇ ਮੇਂ ਏਹ ਪੰਗਤੀ ਹੈ।

Digitized by Panjab Digital Library | www.panjabdigilib.org

ਅਬਰਬਨ ਅਫੁਰ ਬੇਪ੍ਰਵਾਹ ॥ ਬੇਮੁਹਤਾਜ ਬਿਅੰਤੁ ਬੇਸ਼ੁਮਾਰ ॥ ਗਹਿਰ ਗੰਭੀਰ ਅਲਖੁ ਆ ਾਰ ॥ ਦਾਨਾ ਬੀਨਾ ਸਾਹਿਬੁ ਸੁਜਾਨੁ ॥ ਸਾਹਿਬੁ ਪਾਕ ਬਿਐਬ ਅਸਚਰਜ ਰੂਪ ਭਗਵਾਨੁ ॥ ਅਡਿਗ ਅਡੋਲ ਅਗਮੁ ਅਥਾਹ ॥ ਪਾਕਨੂੰਰ ਆਦਲ ਅਜ ਆਲਮਪਨਾਹ ॥ ਜਗਤਿ ਗੁਰ ਪਦਾਇਸ਼ ਕੇ ਪਾਤਿਸ਼ਾਹ ॥ ਖੰਡਾਂ ਬ੍ਰਹਮੰਡਾਂ ਕੇ ਪਾਤਿਸ਼ਾਹ ॥ ਪਤਾਲਾਂ ਪੁਰੀਆਂ ਕੇ ਪਾਤਿਸ਼ਾਹ ॥ ਦੀਪਾਂ ਲੋਆਂ ਕੈ ਪਾਤਿਸ਼ਾਹ ॥ਭਾਣੈ ਕੁਦਰਤਿ ਕੇ ਪਾਤਿਸ਼ਾਹ ॥ ਅਪਨੀ ਪਦਾਇਸ਼ ਕੇ ਪਾਤਿਸ਼ਾਹ ॥ ਪਾਤਿਸ਼ਾਹ ਕੇ ਪਾਤਿਸ਼ਾਹ ॥ ਸਚੇ ਪਾਤਿਸ਼ਾਹ ॥ ਨਿਰੰਜਨ ਨਿਰਭੈ ਨਿਰਵੈਰ ॥ ਨਿਰਲੇਪ ਨਿਰਦੋਖੁ ਨਿਰੰਕਾਰ ॥ ਅਪਰ ਅਪਾਰ ਅਪਰੰਮੇਵ ਅਪੂੰਪੁਗ॥ ਪਰੇਥੀ ਪਰੇ ਕਰਤਾ ਬਿਹਦ ਬੇਸ਼ੁਮਾਰੁ॥ ਵਡਾ ਸਾਹਿਬੁ ਸਚਾ ਪਾਤਿਸ਼ਾਹ ॥ ਗਹਿਰ ਗੰਭੀਰ ਗਹਿਰ ਗੰਭੀਰ ॥ ਸਚੁਨਾਮ *ਨਿਰੰਕਾਰੁ ॥

(ਬੇਨਤੀ)

ਹੇ ਜੋਤੀ ਸ੍ਵੈਰੂਪ ਨਿਟੰਕਾਰ ਅਕਾਲ ਮੂਰਤਿ ਜੀਕਾ ਧਿਆਨ ਧਰ ਬੋਲਹੁ ਜੀ ਸਚੁਨਾਮੁ ਨਿਰੰਕਾਰ ੩ ਪੰਥਿ ਨਿਰੰਜਨੀਆਂ ਦੇ ਸਾਜਣ ਹਾਰੇ ਪ੍ਰਮ ਸ੍ਰੀ ਸਤਿਗੁਰੂ ਬਾਬਾ ਹੰਦਾਲੁ ਜੀ ਕੇ ਚਰਨੁ ਕਵਲੁ ਕਾ ਧਿਆਨ ਧਰ ਬੋਲਹੁ ਜੀ ਸਚੁਨਾਮੁ ਨਿਰੰਕਾਰ ੩ ॥ ਸੰਤਾਂ ਮਹੰਤਾਂ, ਹੱਠੀਆਂ, ਜੱਪੀਆਂ, ਤੱਪੀਆਂ, ਭਗਤਾਂ, ਸ਼ਹੀਦਾਂ, ਮੁਰੀਦਾਂ, ਚਿਤਾਂ, ਗੁਪਤਾਂ, ਸਚਿਆਰਿਆਂ, ਪਿਆਰਿਆਂ, ਦੇਸ ਧਰਮੀਆਂ, ਕੀ ਕਮਾਈ ਕਾ ਧਿਆਨ ਧਰ ਬੋਲਹੁ ਜੀ, ਸਚੁਨਾਮ ਨਿਰੰਕਾਰ ੩ ॥ ਸੰਮੂਹ ਮਹਾਂ ਪੁਰਖਾਂ ਦੀ, ਕਮਾਈ ਕਾ ਧਿਆਨ ਧਰ ਬੋਲਹੁ ਜੀ ਸਚੁਨਾਮ ਨਿਰੰਕਾਰ ੩ ॥ ਸ੍ਰੀ ਸਰੋਵਰ ਨਾਥੋਂਆਣਾ ਸਾਹਿਬੁ, ਸ੍ਰੀ ਨਨਕਾਂਣਾ ਸਾਹਿਬੁ ਸ੍ਰੀ ਹਜੂਰ ਸਾਹਿਬੁ, ਸੰਮੂਹ ਗੁਰਦੁਆਰਿਓ ਤੀਰਥੋਂ ਧਾਮੋਂ ਨਿਸ਼ਾਨੋਂ ਦਰਸ਼ਨ ਦਿਦਾਰ ਕਾ ਧਿਆਨ ਧਰ ਬੋਲਹੁ ਜੀ ਸਚੁਨਾਮੁ ਨਿਰੰਕਾਰ ੩॥ ਭਜਨ ਕਾ ਪ੍ਰਤਾਪੁ,

*ਨਿਰਕਾਰ ਏਥੇ ਅਰਦਾਸਾ ਸੰਮਾਪਤੰ ਹੈ, ਅਗੇ ਬੇਨਤੀ ਹੈ ॥

Digitized by Panjab Digital Library | www.panjabdigilib.org

ਦੂਖ ਕਲੇਸ਼ ਕਾ ਨਾਸ ॥ ਏਸ ਗ੍ਰੰਥ ਲਿਖਨੇ ਕੀ ਅਤੇ ਸੰਮਾਪਤੀ ਹੋਣੇ ਕੀ ਅਰਦਾਸ, ਭੁਲਚੁਕ ਮਾਫ, ਆਪਕੇ ਚਰਨੁ ਕਵਲਾਂ ਪਾਸ, ਦੇਹ ਅਰੋਗ ਸਰਬ ਕਾਰਜੋਂ ਮੋਂ ਸਹਾਇਤਾ ਬਖਸ਼ਨੀ, ਅੰਗ ਸੰਗ ਸਹਾਈ ਹੋਣਾ, ਸ੍ਰੀ ਸਤਿਗੁਰੂ ਬਾਬਾ ਹੰਦਾਲੁ ਸਾਹਿਬ ਜੀ ਆਪ ਕੇ ਭਾਣੇ ਸ੍ਰਬਤ ਕਾ ਭਲਾ, ਸ੍ਰਬਤ ਮਾਈ ਭਾਈ ਪੜ੍ਹਦੇ ਸੁਣਦੇ ਬੋਲਹੁ ਜੀ ਸਚੁਨਾਮ ਨਿਰੰਕਾਰ, ਜੋ ਬੋਲੇ ਸੋ ਨਿਹਾਲੋ ਨਿਹਾਲ,

ਸਚੁਨਾਮੁ ਨਿਰੰਕਾਰ ॥ ਇਤਿ ॥

ਅਰਦਾਸ ਬੇਨਤੀ, ਸਹਿਤ ਸੰਮਾਪਤੰ ॥

ਦਾਸ:—ਮਸੰਦ ਸੁੰਦਰ ਸਿੰਘ (ਪੰਜਾਬ)

(੧ ਓ ਸਚੁਨਾਮ ਕਰਤਾ ਪੁਰਖੁ)

(ਇਸ ਪੁਸਤੱਕ ਛਪਾਉਨੇਕੇ ਬਾਰੇ ਮੇਂ ਦਾਂਨ ਦੇਣੇ ਵਾਲੇ ਦਾਂਨੀਓਕੇਨਾਂਮੁ)

੨੦) ਸ੍ਰ: ਆਤਮਾ ਸਿੰਘ ਕੰਬੋਇਜ ਚੱਕ ਨੰ: ੪੯ ਉਨੰਜਾ ਜੀ: ਬੀ: ਡਾਕ ਘ੍ਰ ਰਾਂਮੁ ਸਿੰਘਪੁਰਾ।

੧੦) ਸ੍ਰ: ਗੁਰਦਿਤ ਸਿੰਘ ਨੰਬ੍ਰਦਾਰ ਕੰਬੋਇਜ ਚੱਕ ਨੰ: ੪੯ ਉਨੰਜਾ ਜੀ: ਬੀ: ਡਾ: ਰਾਮ ਸਿੰਘ ਪੁਰਾ।

੨) ਸ੍ਰ: ਤੇਜਾ ਸਿੰਘ ਕੰਬੋਇਜ ਚੱਕ ਨੰ: ਪੀ: ਐਸ: ਡਾਕ: ਮੰਡੀ ਰਾਇ ਸਿੰਘ ਨਗਰ।

੫) ਭਾਨ ਸਿੰਘ, ਗਿਆਨ ਸਿੰਘ, ਹਰਿਬੰਸ ਸਿੰਘ ਕੰਬੋਇਜ ਚੱਕ ਨੰ: ੭ ਐਸ ਡਾਕ ਘਰ ਮੰਡੀ ਕੇਸਰੀ ਸਿੰਘ ਪੁਰਾ।

੨) ਸ੍ਰ:ਨਰੈਨ ਸਿੰਘ ਕੰਬੋਇਜ ਚੱਕ ਨੰ: ੧ ਵੀ. ਯੂ. ਡਾਕ: ਕੇਸ੍ਰੀ ਸਿੰਘ ਪੁਰਾ।

੨) ਸ੍ਰ: ਗੁਰਬਖਸ਼ ਸਿੰਘ ਕਪੂਰ ਸਿੰਘ ਜਿਮੀਦਾਰ ਚੱਕ ਨੰ:

Digitized by Panjab Digital Library | www.panjabdigilib.org

੧ ਯੂ. ਡਾਕ: ਕੇਸੂ ਸਿੰਘ ਪੁਰਾ।

੧) ਸ੍ਰ: ਪ੍ਰੀਤਮ ਸਿੰਘ ਜਿਮੀਂਦਾਰ ਚੱਕ ਨੰ: ੨੫ ਐਚ, ਡਾਕ: ਚੱਕ ਨੰ: ੨੮ ਐਚ।

੫) ਸ੍ਰ: ਘਸੀਟਾ ਸਿੰਘ ਕੰਬੋਇਜ ਚੱਕ ਨੰ: ੩੧ ਐਚ, ਡਾਕ: ਚੱਕ ਨੰ: ੨੮ ਐਚ,

੩) ਸ੍ਰ: ਸੁੰਦਰ ਸਿੰਘ ਕੰਬੋਇਜ ਚੱਕ ਨੰ: ੩੧ ਐਚ ਡਾਕ: ਚੱਕ ਨੰ: ੨੮ ਐਚ,

੨) ਸ੍ਰ: ਗੁਰਦਿਆਲ ਸਿੰਘ ਨੰਬਦਾਰ ਚੱਕ ਨੰ: ੩੧ ਐਚ ਡਾਕ ੨੮ ਐਚ,

੩੦) ਹਰਿਨਾਮੁ ਕੌਰ ਸਪੱਤਨੀ ਮਸੰਦ ਸਾਂਈ ਦਾਸ ਉਰਫ ਸੁੰਦਰ ਸਿੰਘ,

੫) ਪਟਵਾਰੀ ਮਲਕੀਤ ਸਿੰਘ (ਬੋਪਾਰਾਇ) ਖਾਸ, ਜਿਲਾ ਕਪੂਰਥੱਲਾ,

੧੦) ਸੂਦਾਰ ਨਥਾ ਸਿੰਘ ਜੰਡਿਆਲਾ ਗੁਰੂ ਮੁਹੱਲਾ ਨਾਥੋਂਆਨਾ ਜਿਲਾ ਅਮ੍ਰਿਤਸਰ,

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮਿਲਣ ਦਾ ਪਤਾ
ਮਹੰਤ ਸੁਰਜੀਤ ਸਿੰਘ ਪਿੰਡ ਬੋਪਾਰਾਇ (ਖਾਸ)
ਵਾਇਆ ਕਰਤਾਰਪੁਰ ਜ਼ਿਲਾ ਕਪੂਰਥਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1566

Digitized by Panjab Digital Library | www.panjabdigilib.org

Digitized by Panjab Digital Library | www.panjabdigilib.org